
RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only
37-44

Buy or Sell real estate in California
Roseville, Sacramento, Elk Grove & surrounding areas.
CENTURY 21
Committed to Excellent Service
Cell: 916-847-8920
E-mail: hsingh@c21mm.com
Century 21 MM-Roseville
973 Pleasant Grove Blvd., Suite# 150, Roseville, CA 95678
EQUAL HOUSING OPPORTUNITY
MLS


Harpreet Singh
Realtor
CalDRE# 02049809


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 39, September 29, 2018
20451 N. Plum Grove Rd., Palatine, IL 60074
Ph:847-359-0746, Fax:847-705-9388

# ਪੰਚਾਇਤੀ ਚੋਣਾਂ ਵਿਚ ਕਾਂਗਰਸ ਦੀ ਝੰਡੀ

**ਚੰਡੀਗੜ੍ਹ:** ਪੰਜਾਬ 'ਚ 22 ਜ਼ਿਲ੍ਹਾ ਪ੍ਰੀਸ਼ਦਾਂ ਅਤੇ 150 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਵਿਚ ਕਾਂਗਰਸ ਨੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ। ਇਹ ਚੋਣਾਂ ਇਸ ਪੱਖੋਂ ਵੀ ਇਤਿਹਾਸਕ ਬਣ ਗਈਆਂ ਕਿ ਇਸ 'ਚ ਵਿਰੋਧੀ ਧਿਰ ਦਾ ਇਕ ਤਰ੍ਹਾਂ ਨਾਲ ਸਫਾਇਆ ਹੀ ਹੋ ਗਿਆ। ਵਿਧਾਨ ਸਭਾ ਚੋਣਾਂ 'ਚ 20 ਸੀਟਾਂ ਲੈ ਕੇ ਮੁੱਖ ਵਿਰੋਧੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ (ਆਪ) ਤਾਂ ਪੂਰੀ ਤਰ੍ਹਾਂ ਮਾਂਜੀ ਗਈ ਤੇ ਇਸ ਧਿਰ ਨੂੰ ਜ਼ਿਲ੍ਹਾ ਪ੍ਰੀਸ਼ਦ ਚੋਣ 'ਚ ਇਕ ਵੀ ਸੀਟ ਨਾ ਮਿਲੀ।

22 ਜ਼ਿਲ੍ਹਾ ਪ੍ਰੀਸ਼ਦਾਂ ਦੇ 353 ਜ਼ੋਨਾਂ ਦੇ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਦੇ 331 ਉਮੀਦਵਾਰ ਜੇਤੂ ਰਹੇ, ਜਦਕਿ 'ਆਪ' ਦਾ ਕੋਈ ਉਮੀਦਵਾਰ ਨਾ ਜਿੱਤਿਆ, ਸ਼੍ਰੋਮਣੀ ਅਕਾਲੀ ਦਲ ਦੇ 18, ਭਾਜਪਾ ਦੇ 2 ਅਤੇ ਆਜ਼ਾਦ ਤੇ ਹੋਰ 2 ਜੇਤੂ ਰਹੇ। ਇਸੇ ਤਰ੍ਹਾਂ 150 ਪੰਚਾਇਤ ਸਮਿਤੀਆਂ ਦੇ 2899 ਜ਼ੋਨਾਂ 'ਚੋਂ ਕਾਂਗਰਸ ਦੇ 2351 ਉਮੀਦਵਾਰ ਜੇਤੂ ਰਹੇ ਜਦਕਿ 'ਆਪ' ਦੇ 20, ਸ਼੍ਰੋਮਣੀ ਅਕਾਲੀ ਦਲ ਦੇ 353 ਅਤੇ ਆਜ਼ਾਦ ਅਤੇ ਹੋਰ 107 ਜੇਤੂ ਰਹੇ। ਇਨ੍ਹਾਂ ਪੰਚਾਇਤੀ ਰਾਜ ਸੰਸਥਾਵਾਂ 'ਤੇ ਕਾਂਗਰਸ ਪਾਰਟੀ ਦਾ ਝੰਡਾ ਪੂਰੇ ਦਸ ਸਾਲਾਂ ਬਾਅਦ ਝੁੱਲਿਆ ਹੈ। 2008 ਤੇ 2013 ਵਿਚ ਹੋਈਆਂ ਚੋਣਾਂ ਦੌਰਾਨ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੀ ਜੇਤੂ ਰਹੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਆਪਣੇ ਗੜ੍ਹ ਮੁਕਤਸਰ, ਫਿਰੋਜ਼ਪੁਰ, ਫਰੀਦਕੋਟ, ਬਠਿੰਡਾ ਅਤੇ ਮਾਨਸਾ ਵਿਚ ਵੀ ਕਾਂਗਰਸ ਦੀ ਫਤਿਹ ਅਕਾਲੀ ਦਲ ਲਈ ਵੱਡਾ ਝਟਕਾ ਹੈ। ਹਾਲਾਂਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਨੇ ਅਕਾਲੀ ਵਰਕਰਾਂ ਦਾ ਮਨੋਬਲ ਚੁੱਕਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਸੀ ਤੇ ਚੋਣਾਂ ਵਾਲੇ ਦਿਨ ਖੁਦ ਮੈਦਾਨ ਵਿਚ ਨਿੱਤਰੇ ਸਨ।

## ਅਕਾਲੀ ਦਲ ਅਤੇ 'ਆਪ' ਦਾ ਸਫਾਇਆ



### ਤੈਅ ਸੀ ਅਕਾਲੀ ਦਲ ਦੀ ਹੋਣੀ

ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਭਾਵੇਂ ਨਮੋਸ਼ੀ ਭਰੀ ਹਾਰ ਲਈ ਕਾਂਗਰਸੀਆਂ ਵੱਲੋਂ ਕੀਤੀ 'ਧੱਕੇਸ਼ਾਹੀ' ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ ਪਰ ਸਿਆਸੀ ਮਾਮਲਿਆਂ ਨਾਲ ਜੁੜੇ ਮਾਹਿਰ ਇਸ ਤਰਕ ਨਾਲ ਸਹਿਮਤ ਨਹੀਂ ਹਨ। ਅਸਲ ਵਿਚ ਅਕਾਲੀ ਦਲ ਦੀ ਹੋਣੀ ਪਹਿਲਾਂ ਹੀ ਤੈਅ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਵਿਚ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਆਉਣ ਪਿੱਛੋਂ ਪੈਦਾ ਹੋਏ ਲੋਕ ਰੋਹ ਨੇ ਪਹਿਲਾਂ ਹੀ ਸੰਕੇਤ ਦੇ ਦਿੱਤੇ ਸਨ ਕਿ ਅਕਾਲੀਆਂ ਦੇ ਪੈਰ ਛੇਤੀ ਲੱਗਣ ਵਾਲੇ ਨਹੀਂ।

ਚੋਣ ਪ੍ਰਚਾਰ ਦੌਰਾਨ ਥਾਂ-ਥਾਂ ਅਕਾਲੀਆਂ ਦਾ ਵਿਰੋਧ ਹੋਇਆ। ਕਈ ਥਾਈਂ ਰੈਲੀਆਂ ਵਿਚੇ ਛੱਡ ਕੇ ਭੱਜਣਾ ਪਿਆ। ਇਸ ਤੋਂ ਬਾਅਦ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਪਹਿਲਾਂ ਹੀ ਰੌਲਾ ਪਾ ਦਿੱਤਾ ਕਿ ਕਾਂਗਰਸ ਧੱਕੇਸ਼ਾਹੀ ਨਾਲ ਚੋਣਾਂ ਜਿੱਤਣ ਦੀ ਤਿਆਰੀਆਂ ਵਿਚ ਹੈ। ਚੋਣਾਂ ਵਾਲੇ ਦਿਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖੁਦ ਬੂਥਾਂ ਉਤੇ ਛਾਪੇ ਮਾਰਦੇ ਰਹੇ। ਇਥੋਂ ਤੱਕ ਕੁਝ ਕਾਂਗਰਸੀ ਆਗੂਆਂ ਦੀ ਕੁੱਟਮਾਰ ਕਰਨ ਲਈ ਸੁਖਬੀਰ ਨੇ ਯੂਥ ਬ੍ਰਿਗੇਡ ਦੀ ਅਗਵਾਈ ਕੀਤੀ। ਜਿਸ ਦੀ ਵੀਡੀਓ ਵੀ ਵਾਇਰਲ ਹੋਈ ਹੈ। ਪਰ ਇਹ ਕੋਸ਼ਿਸ਼ਾਂ ਵੀ ਅਕਾਲੀ ਦੇ ਕੰਮ ਨਾ ਆਈਆਂ।

ਚੋਣਾਂ ਦੌਰਾਨ ਖਾਸ ਕਰਕੇ ਮਾਲਵਾ ਖਿੱਤੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਦਾ ਮੁੱਦਾ ਭਾਰੂ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਬੇਅਦਬੀ ਕਾਂਡ 'ਤੇ ਹੋਈ ਬਹਿਸ ਤੋਂ ਬਾਅਦ ਬਦਨਾਮੀ ਦੇ ਦਾਗ ਧੋਣ ਲਈ ਚੋਣਾਂ ਨੂੰ ਲੁਕਵਾਂ ਨਿਸ਼ਾਨਾ ਬਣਾ ਕੇ ਮਾਲਵਾ ਖੇਤਰ ਵਿਚ ਖੁੱਸਿਆ ਵੱਕਾਰ ਬਹਾਲ ਕਰਨ ਲਈ ਅਬੋਹਰ ਅਤੇ ਫਰੀਦਕੋਟ ਵਿਚ ਰੈਲੀਆਂ ਵੀ ਕੀਤੀਆਂ। ਅਬੋਹਰ ਇਲਾਕੇ ਵਿਚ ਤਾਂ ਅਕਾਲੀ ਦਲ ਅਤੇ ਭਾਜਪਾ ਖਾਤਾ ਖੋਲ੍ਹਣ ਵਿਚ ਕਾਮਯਾਬ ਰਹੇ ਜਦੋਂ ਕਿ ਫਰੀਦਕੋਟ ਜ਼ਿਲ੍ਹੇ 'ਚ ਪੰਥਕ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਇਨ੍ਹਾਂ ਚੋਣਾਂ ਨਾਲ ਅਕਾਲੀਆਂ ਦਾ ਦਿਹਾਤੀ ਵੋਟ ਬੈਂਕ ਖਿਸਕਦਾ ਵੀ ਦਿਖਾਈ ਦੇ ਰਿਹਾ ਹੈ। ਸੂਬੇ ਦੇ ਕਈ ਸਿਆਸਤਦਾਨਾਂ ਨੇ ਆਪਣੇ ਧੀਆਂ-ਪੁੱਤਾਂ ਨੂੰ ਵੀ ਇਨ੍ਹਾਂ ਚੋਣਾਂ ਦੌਰਾਨ ਸਾਹਮਣੇ ਲਿਆਂਦਾ ਸੀ ਅਤੇ ਕੁਝ ਸਿਆਸਤਦਾਨਾਂ ਨੂੰ ਇਸ ਵਿਚ ਕਾਮਯਾਬੀ ਵੀ ਮਿਲੀ। ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾ ਪੁੱਤਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਦੀ ਲੜਕੀ ਜਿੱਤਣ ਵਿਚ ਕਾਮਯਾਬ ਰਹੇ। ਮਾਝੇ ਵਿਚ ਗੁਰਦਾਸਪੁਰ ਜ਼ਿਲ੍ਹੇ ਅੰਦਰ ਅਕਾਲੀਆਂ ਨੂੰ ਨਮੋਸ਼ੀ ਝੱਲਣੀ ਪਈ। ਮਾਲਵੇ ਵਿਚ ਪਟਿਆਲਾ ਸਮੇਤ ਕਈ ਹੋਰ ਜ਼ਿਲ੍ਹੇ ਵੀ ਅਕਾਲੀਆਂ ਲਈ ਨਿਰਾਸ਼ਾਜਨਕ ਰਹੇ। ਇਨ੍ਹਾਂ ਚੋਣਾਂ ਨੂੰ ਅਕਾਲੀ ਦਲ ਨੇ ਵੱਕਾਰੀ ਬਣਾਉਂਦਿਆਂ ਵਿਧਾਨ ਸਭਾ ਚੋਣਾਂ ਦੀ ਨਮੋਸ਼ੀ ਖਤਮ ਕਰਨ ਦਾ ਰਾਹ ਲੱਭਿਆ ਸੀ ਪਰ ਅਕਾਲੀ ਦਲ ਨੂੰ ਇਸ ਵਿਚ ਕਾਮਯਾਬੀ ਨਹੀਂ ਮਿਲੀ। ਮਾਝੇ ਵਿਚ ਗੁਰਦਾਸਪੁਰ ਅਤੇ ਪਠਾਨਕੋਟ ਵਿਚ ਕਾਂਗਰਸ ਨੂੰ ਸ਼ਾਨਦਾਰ ਜਿੱਤ ਮਿਲੀ। ਮਾਲਵੇ ਵਿਚ ਵੀ ਜ਼ਿਲ੍ਹਾ ਪ੍ਰੀਸ਼ਦਾਂ 'ਤੇ ਕਾਂਗਰਸ ਕਾਬਜ਼ ਹੋਈ ਹੈ ਪਰ ਪੰਚਾਇਤ ਸਮਿਤੀਆਂ ਵਿਚ ਜ਼ਰੂਰ ਅਕਾਲੀਆਂ ਤੇ 'ਆਪ' ਨੂੰ ਸੀਟਾਂ ਮਿਲੀਆਂ ਹਨ।

# ਬੇਮੌਸਮੇ ਮੀਂਹ ਨੇ ਬੱਸ ਕਰਾਈ

**ਚੰਡੀਗੜ੍ਹ:** ਮੀਂਹ ਨੇ ਪੰਜਾਬ ਸਮੇਤ ਭਾਰਤ ਦੇ ਕਈ ਸੂਬਿਆਂ ਵਿਚ ਭਾਰੀ ਤਬਾਹੀ ਮਚਾਈ ਹੈ। ਮੌਸਮ ਵਿਭਾਗ ਅਨੁਸਾਰ 40 ਸਾਲਾਂ 'ਚ ਪਹਿਲੀ ਵਾਰ ਸਤੰਬਰ ਮਹੀਨੇ ਵਿਚ ਇੰਨਾ ਮੀਂਹ ਪਿਆ ਹੈ। ਪੰਜਾਬ ਵਿਚ ਮੀਂਹ ਕਾਰਨ ਦਰਜਨ ਦੇ ਕਰੀਬ ਲੋਕਾਂ ਦੀ ਮੌਤ ਹੋਈ ਹੈ। ਭਾਰੀ ਬਾਰਸ਼ ਕਾਰਨ ਨਰਮੇ ਤੇ ਕਪਾਹ ਦੀ ਫਸਲ ਬਰਬਾਦ ਹੋ ਗਈ ਤੇ ਝੋਨੇ ਦੀ ਫਸਲ ਖੇਤਾਂ 'ਚ ਵਿਛੀ ਪਈ ਹੈ। ਫਸਲ ਡਿੱਗਣ ਨਾਲ ਝਾੜ 'ਤੇ ਅਸਰ ਪੈਣਾ ਸੁਭਾਵਕ ਹੈ। ਜ਼ਿਕਰਯੋਗ ਹੈ ਕਿ ਸਾਲ 1996 ਤੋਂ ਬਾਅਦ ਪਹਿਲੀ ਵਾਰ ਸਤੰਬਰ ਮਹੀਨੇ 'ਚ ਮੀਂਹ ਦਾ ਅੰਕੜਾ 200 ਮਿਲੀਮੀਟਰ ਤੋਂ ਪਾਰ ਗਿਆ ਹੈ।


ਪਹਿਲੀ ਅਕਤੂਬਰ ਤੋਂ ਪੰਜਾਬ ਦੀ ਦੂਜੀ ਮੁੱਖ ਫਸਲ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋਣੀ ਸੀ ਪਰ ਬਾਰਸ਼ ਕਾਰਨ ਖਰੀਦ ਵੀ ਪੱਛੜ ਕੇ ਰਹਿ ਜਾਵੇਗੀ। ਸਿਰਫ ਝੋਨਾ ਹੀ ਨਹੀਂ, ਇਹ ਮੀਂਹ ਸਾਉਣੀ ਦੀਆਂ ਹੋਰ ਫਸਲਾਂ ਕਪਾਹ, ਮੱਕੀ ਤੇ ਗੰਨਾ ਆਦਿ ਲਈ ਵੀ ਬੇਹੱਦ ਖਤਰਨਾਕ ਹੈ। ਸੂਬੇ ਵਿਚ ਤਕਰੀਬਨ 2.84 ਲੱਖ ਹੈਕਟੇਅਰ ਰਕਬੇ ਵਿਚ ਲੱਗੀ ਨਰਮੇ ਦੀ ਫਸਲ ਖੇਤਾਂ ਵਿਚ ਪਾਣੀ ਭਰਨ ਕਾਰਨ ਸਭ ਤੋਂ ਵੱਧ ਮਾਰ ਝੱਲ ਰਹੀ ਹੈ। ਤਕਰੀਬਨ ਸਾਢੇ 30 ਲੱਖ ਹੈਕਟੇਅਰ ਰਕਬੇ ਉਤੇ ਬੀਜੇ ਝੋਨੇ ਵਿਚੋਂ ਸਵਾ ਪੰਜ ਲੱਖ ਹੈਕਟੇਅਰ ਛੇਤੀ ਪੱਕਣ ਵਾਲੇ ਬਾਸਮਤੀ ਚੌਲ ਹਨ, ਜਿਨ੍ਹਾਂ ਦੀ ਵਾਢੀ ਜਾਰੀ ਸੀ, ਪਰ ਮੀਂਹ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ।

ਬਾਸਮਤੀ ਦੀ 1509 ਕਿਸਮ ਤਕਰੀਬਨ ਤਿੰਨ ਮਹੀਨਿਆਂ ਵਿਚ ਪੱਕ ਜਾਂਦੀ ਹੈ ਤੇ ਇਸੇ ਕਿਸਮ ਦੇ ਝੋਨੇ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ। ਮਾਲਵੇ ਦੇ ਪਟਿਆਲਾ ਤੇ

(ਬਾਕੀ ਸਫਾ 6 ਉਤੇ)

Ad Space Available
Please Call
Ph: 847-359-0746


Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ


Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਸਿੱਧੂ ਦਮਦਮੀ ਦਾ ਬੁੱਕ ਕਾਰਨਰ ਪਟਿਆਲਾ ਯੂਨੀਵਰਸਿਟੀ ਵਿਚ

**ਪਟਿਆਲਾ (ਬਿਊਰੋ):** ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਤੇ ਉਘੇ ਲੇਖਕ ਸਿੱਧੂ ਦਮਦਮੀ ਦੇ ਨਾਂ 'ਤੇ ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭਾਈ ਕਾਹਨ ਸਿੰਘ ਨਾਭਾ ਲਾਇਬਰੇਰੀ (ਮੁੱਖ ਲਾਇਬਰੇਰੀ) ਵਿਚ ਇਕ ਬੁੱਕ ਕਾਰਨਰ ਸਥਾਪਤ ਕੀਤਾ ਗਿਆ ਹੈ। ਇਸ ਕਾਰਨਰ ਲਈ ਸ੍ਰੀ ਸਿੱਧੂ ਨੇ ਆਪਣੀ ਸਾਰੀ ਨਿੱਜੀ ਲਾਇਬਰੇਰੀ ਦਾਨ ਦਿੱਤੀ ਹੈ।




ਕਾਰਨਰ ਦਾ ਉਦਘਾਟਨ ਕਰਦਿਆਂ ਉਪ ਕੁਲਪਤੀ ਬ. ਸ. ਘੁੰਮਣ ਨੇ ਕਿਹਾ ਕਿ ਉਹ ਵਿਦਵਾਨ ਲੇਖਕ ਦੇ ਇਸ ਭਰਵੇਂ ਕਿਤਾਬ-ਦਾਨ ਲਈ ਧੰਨਵਾਦੀ ਹਨ। ਇਹ ਕਿਤਾਬ ਖਜਾਨਾ ਵਿਦਿਆਰਥੀਆਂ ਤੇ ਖੋਜਾਰਥੀਆਂ ਦੇ ਕੰਮ ਆਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਵਲੋਂ ਦਾਨ ਦਿਤੀਆਂ ਗਈਆਂ ਕਿਤਾਬਾਂ ਦੀ ਵਿਵਦਤਾ ਵੀ ਉਨ੍ਹਾਂ



ਵਲੋਂ ਆਪਣੇ ਜੀਵਨਕਾਲ ਵਿਚ ਨਿਭਾਈਆਂ ਸਿਰਜਣਾਤਮਕ, ਮੀਡੀਆ ਤੇ ਸੰਪਾਦਕੀ ਜਿੰਮੇਵਾਰੀਆਂ ਦੇ ਸਮਾਨ ਹੈ।

ਇਸ ਮੌਕੇ ਬੋਲਦਿਆਂ ਲਾਇਬਰੇਰੀ ਦੇ ਪ੍ਰੋਫੈਸਰ ਇੰਚਚਾਰਜ ਡਾ. ਜਗਤਾਰ ਸਿੰਘ ਨੇ ਕਿਹਾ ਕਿ ਭਾਰਤ ਦੇ ਉਤਰੀ ਖਿਤੇ ਵਿਚ ਭਾਈ ਕਾਹਨ ਸਿੰਘ ਨਾਭਾ ਲਾਇਬਰੇਰੀ ਪੰਜਾਬੀ ਭਾਸ਼ਾ, ਸਾਹਿਤ, ਇਤਿਹਾਸ, ਕਲਾ ਤੇ ਸਿਖਿਆ ਨਾਲ ਸਬੰਧਤ ਕਿਤਾਬਾਂ ਦਾ ਵਿਲੱਖਣ ਜ਼ਖੀਰਾ ਹੈ, ਜਿਸ ਤੋਂ ਵੱਡੀ ਗਿਣਤੀ ਵਿਚ ਪਾਠਕ ਲਾਭ ਉਠਾ ਰਹੇ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਸਾਹਿਤਕ ਰਸਾਲਿਆਂ ਦੀ ਸੰਭਾਲ ਦੇ ਪਾਜੈਕਟ ਤਹਿਤ ਯੂਨੀਵਰਸਿਟੀ ਜਲਦੀ ਹੀ ਪੰਜਾਬੀ ਸਾਹਿਤ ਦੇ ਚਰਚਿਤ ਦੋ-ਮਾਸਕ ਰਸਾਲੇ 'ਸੰਖ' ਦੇ ਪੁਰਾਣੇ ਅੰਕ ਡਿਜ਼ੀਟਲ ਕਰਨ ਦਾ ਕੰਮ ਵੀ ਮੁਕੰਮਲ ਕਰ ਲਏਗੀ, ਜਿਸ ਉਪਰੰਤ ਇਹ ਦੁਨੀਆਂ ਭਰ ਦੇ ਪਾਠਕਾਂ ਦੀ ਪਹੁੰਚ ਵਿਚ ਆ ਜਾਵੇਗਾ।

# ਨਿਊ ਯਾਰਕ ਸਪੋਰਟਸ ਕਲੱਬ ਨੇ ਕਰਵਾਇਆ ਕਬੱਡੀ ਕੱਪ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਸਪੋਰਟਸ ਕਲੱਬ ਵਲੋਂ ਪੰਜਾਬੀ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਇਥੇ ਕਬੱਡੀ ਕੱਪ ਕਰਵਾਇਆ ਗਿਆ ਜਿਸ ਦੌਰਾਨ ਕਬੱਡੀ ਤੋਂ ਇਲਾਵਾ ਰੱਸਾਕਸ਼ੀ ਦੇ ਮੁਕਾਬਲੇ ਤੇ ਹੋਰ ਪੰਜਾਬੀ ਖੇਡਾਂ ਹੋਈਆਂ। ਕਬੱਡੀ ਦੀਆਂ ਨਾਮੀ ਟੀਮਾਂ ਨੇ ਕਬੱਡੀ ਦੇ ਜੌਹਰ ਦਿਖਾਏ। ਖਾਸੀਅਤ ਇਹ ਰਹੀ ਕਿ ਗੱਬਰੂਆਂ ਦੇ ਨਾਲ ਨਾਲ ਇਸ ਕਬੱਡੀ ਕੱਪ 'ਚ ਮੁਟਿਆਰਾਂ ਨੇ ਵੀ ਹਿੱਸਾ ਲਿਆ। ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਆਈਆਂ ਟੀਮਾਂ ਨੂੰ ਇਨਾਮ ਦਿੱਤੇ ਗਏ।

ਖੇਡ ਮੇਲੇ ਉਪਰੰਤ ਚੱਲੇ ਗੀਤ-ਸੰਗੀਤ ਦੇ ਦੌਰ ਦੌਰਾਨ ਮਿਸ ਪੂਜਾ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਸਤਿੰਦਰ ਸੱਤੀ ਨੇ ਵੀ ਆਪਣੀ ਗਾਇਕੀ ਦੇ ਰੰਗ ਬਖੇਰੇ।

ਨਿਊ ਯਾਰਕ ਸਪੋਰਟਸ ਕਲੱਬ ਦੇ ਪ੍ਰਬੰਧਕ ਹੈਰੀ ਪਵਾਰ ਅਤੇ ਕਲੱਬ ਦੇ ਹੋਰ ਮੈਂਬਰਾਂ ਨੇ ਖੇਡ





ਮੇਲੇ ਨੂੰ ਕਾਮਯਾਬ ਕਰਨ ਲਈ ਆਪੋ ਆਪਣੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਈ। ਉਨ੍ਹਾਂ ਅਨੁਸਾਰ ਇਸ ਕਬੱਡੀ ਕੱਪ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰਫੁਲਿਤ ਕਰਨ ਦੇ ਨਾਲ ਨਾਲ ਆਪਣੇ ਵਿਰਸੇ ਨਾਲ ਜੋੜਨਾ ਸੀ, ਜਿਸ ਨੂੰ ਨਿਊ ਯਾਰਕ ਵਾਸੀਆਂ ਨੇ ਖੂਬ ਪਿਆਰ ਦਿੱਤਾ।






*ਤਸਵੀਰਾਂ: ਬਲਦੇਵ ਸਿੰਘ ਬੀ ਜੇ ਸਟੂਡੀਓ*

# ਭਾਰਤ ਵੱਲੋਂ ਰਾਤ ਨੂੰ ਮਿਜ਼ਾਈਲ ਦਾਗਣ ਦਾ ਸਫਲ ਤਜਰਬਾ

**ਬਾਲਾਸੌਰ:** ਉੜੀਸਾ ਦੇ ਸਮੁੰਦਰੀ ਤੱਟ ਤੋਂ ਭਾਰਤ ਨੇ ਇੰਟਰਸੈਪਟਰ ਮਿਜ਼ਾਈਲ ਦਾ ਸਫਲ ਤਜਰਬਾ ਕਰਕੇ ਦੋ ਪਰਤੀ ਬਲਿਸਟਿਕ ਮਿਜ਼ਾਈਲ ਰੱਖਿਆ ਪ੍ਰਬੰਧ ਵਿਕਸਤ ਕਰਨ ਦਾ ਨਵਾਂ ਕੀਰਤੀਮਾਨ ਸਥਾਪਤ ਕਰ ਦਿੱਤਾ ਹੈ। ਇਹ ਮਿਜ਼ਾਈਲ ਏਕੀਕ੍ਰਿਤ ਮਿਜ਼ਾਈਲ ਰੇਂਜ ਦੇ ਅਬਦੁੱਲ ਕਲਾਮ (ਵੀਲ੍ਹਰ) ਟਾਪੂ ਤੋਂ ਰਾਤ ਅੱਠ ਵੱਜ ਕੇ ਪੰਜਾ ਮਿੰਟ ਉੱਤੇ ਦਾਗੀ ਗਈ।

Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.



Free Buffet over 100 gallons
open 6am to midnight
Phone: 765-478-6300

LOOKING FOR THE LOWEST FARES ?
BOOK INTERNATIONAL
FLIGHTS, HOTELS, CARS
Price From NewYork To Delhi
Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਸ਼ੈਰੀਡਨ ਜੇਲ੍ਹ 'ਚ ਬੰਦ ਪੰਜਾਬੀਆਂ ਸਣੇ 123 ਨੌਜਵਾਨ ਜ਼ਮਾਨਤ 'ਤੇ ਰਿਹਾ

**ਸ਼ੈਰੀਡਨ, ਓਰੇਗਾਨ (ਬਿਊਰੋ):** ਅਮਰੀਕਾ ਦੀ ਸਰਹੱਦ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਨ ਵਾਲੇ 52 ਭਾਰਤੀ ਪੰਜਾਬੀਆਂ ਸਣੇ 123 ਦੇ ਕਰੀਬ ਇਥੇ ਸ਼ੈਰੀਡਨ ਜੇਲ੍ਹ 'ਚ ਪਿਛਲੇ ਕਾਫੀ ਮਹੀਨਿਆਂ ਤੋਂ ਬੰਦ ਨੌਜਵਾਨਾਂ ਨੂੰ ਬੀਤੇ ਸੈਲਮ ਦੇ ਵਿਸ਼ੇਸ਼ ਉਪਰਾਲੇ ਸਦਕਾ ਅਤੇ ਕੰਪਨੀ ਨਾਲ ਦੋ ਭਾਸ਼ੀਏ ਦਾ ਕੰਮ ਕਰਨ ਵਾਲੀ ਭਾਰਤੀ ਮੂਲ ਦੀ ਨਵਨੀਤ ਕੌਰ ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਇਸ ਸਬੰਧੀ ਸ. ਬਹਾਦਰ ਸਿੰਘ ਸੈਲਮ



*ਰਿਹਾ ਹੋਏ ਨੌਜਵਾਨ ਬਹਾਦਰ ਸਿੰਘ (ਖੱਬਿਓਂ ਛੇਵੇਂ) ਨਾਲ*

ਦਿਨ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਹੈ। ਕੁਝ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਪਹਿਲਾਂ ਹੀ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਸੀ। ਹੁਣ ਇਹ ਅਮਰੀਕਾ 'ਚ ਰਹਿ ਕੇ ਆਪਣਾ ਕੇਸ ਲੜ ਸਕਣਗੇ ਅਤੇ ਕਾਨੂੰਨੀ ਤਰੀਕੇ ਨਾਲ ਕੰਮ-ਕਾਰ ਵੀ ਕਰ ਸਕਣਗੇ।

'ਇਨੋਵੇਸ਼ਨ ਲਾਅ ਲੈਬ' ਦੇ ਵਕੀਲਾਂ ਨੇ ਮੁਫਤ 'ਚ ਇਨ੍ਹਾਂ ਨੌਜਵਾਨਾਂ ਦੀਆਂ ਫਾਈਲਾਂ ਤਿਆਰ ਕਰਕੇ ਜੱਜ ਅੱਗੇ ਪੇਸ਼ ਕੀਤੀਆਂ ਸਨ, ਜੋ ਮਾਣਯੋਗ ਜੱਜ ਨੇ ਮਨਜ਼ੂਰ ਕਰ ਲਈਆਂ।

'ਇਨੋਵੇਸ਼ਨ ਲਾਅ ਲੈਬ' ਦੇ ਫਾਊਂਡਰ ਮਿਸਟਰ ਸਟੀਫਨ ਨੇ ਇਕ ਸ਼ਾਨਦਾਰ ਪਾਰਟੀ ਕੀਤੀ, ਜਿਸ ਵਿਚ 123 ਨੌਜਵਾਨਾਂ ਦੀ ਰਿਹਾਈ 'ਤੇ ਖੁਸ਼ੀ ਪ੍ਰਗਟ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਇੱਥੋਂ ਦੇ ਪ੍ਰਸਿੱਧ ਕਾਰੋਬਾਰੀ ਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਅਤੇ ਓਰੇਗਾਨ ਦੀ ਸਿੱਖ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਸ. ਬਹਾਦਰ ਸਿੰਘ ਨੇ ਪੰਜਾਬ 'ਚ ਵੱਸਦੇ ਸਮੂਹ ਮਾਪਿਆਂ ਨੂੰ ਪੁਰ-ਜ਼ੋਰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਰਾਸਤੇ ਅਮਰੀਕਾ ਭੇਜਣ ਤਾਂ ਕਿ ਉਹ ਕਿਸੇ ਕੇਸ 'ਚ ਫਸ ਕੇ ਜੇਲ੍ਹ ਦੀ ਹਵਾ ਨਾ ਖਾਣ।

# ਨਵਾਜ਼ ਸ਼ਰੀਫ ਤੇ ਮਰੀਅਮ ਦੀਆਂ ਸਜ਼ਾਵਾਂ ਮੁਲਤਵੀ

**ਇਸਲਾਮਾਬਾਦ:** ਪਾਕਿਸਤਾਨੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਉਨ੍ਹਾਂ ਦੀ ਧੀ ਤੇ ਜਵਾਈ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਸੁਣਾਈਆਂ ਸਜ਼ਾਵਾਂ ਮੁਲਤਵੀ ਕਰ ਦਿੱਤਾ ਹੈ। ਇਸਲਾਮਾਬਾਦ ਹਾਈ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ 68 ਸਾਲਾ ਸ਼ਰੀਫ਼, ਧੀ ਮਰੀਅਮ ਤੇ ਜਵਾਈ ਕੈਪਟਨ (ਸੇਵਾ ਮੁਕਤ) ਮੁਹੰਮਦ ਸਫ਼ਦਰ ਵੱਲੋਂ ਲੰਡਨ ਵਿਚ ਲਗਜ਼ਰੀ ਫਲੈਟ ਖਰੀਦਣ ਨਾਲ ਸਬੰਧਤ ਕੇਸਾਂ ਵਿਚ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਣ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਉਤੇ ਸੁਣਵਾਈ ਕੀਤੀ।

ਐਵਨਫੀਲਡ ਸੰਪਤੀਆਂ ਦੇ ਇਸ ਕੇਸ ਵਿਚ ਸ਼ਰੀਫ਼, 44 ਸਾਲਾ ਮਰੀਅਮ ਤੇ 54 ਸਾਲਾ ਸਫ਼ਦਰ ਨੂੰ ਕ੍ਰਮਵਾਰ 11 ਸਾਲ, 8 ਸਾਲ ਤੇ ਇਕ ਸਾਲ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ ਸਨ। ਦੋ ਜੱਜਾਂ ਦੇ ਬੈਂਚ ਨੇ ਤਿੰਨਾਂ ਨੂੰ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚੋਂ ਰਿਹਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਕੌਮੀ ਜਵਾਬਦੇਹੀ ਬਿਊਰੋ ਵੱਲੋਂ ਅਪੀਲਾਂ ਦਾਖ਼ਲ ਕਰਨ ਦੀ ਵੈਧਤਾ ਬਾਰੇ ਫੈਸਲਾ ਦੇਣ ਦੀ ਬੇਨਤੀ ਰੱਦ ਕਰ ਦਿੱਤੀ।

# ਸਿੱਖ ਕਤਲੇਆਮ ਦੇ ਗਵਾਹਾਂ ਨੂੰ ਧਮਕੀਆਂ ਦਾ ਸਿਲਸਿਲਾ ਜਾਰੀ

**ਨਵੀਂ ਦਿੱਲੀ:** ਨਵੰਬਰ 1984 ਸਿੱਖ ਕਤਲੇਆਮ ਨਾਲ ਸਬੰਧਤ ਕੇਸ ਦੀ ਮੁੱਖ ਗਵਾਹ ਨੂੰ ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਗਵਾਹ ਪੋਪਲੀ ਕੌਰ ਹੈ, ਜੋ ਤਿਲਕ ਨਗਰ ਵਿਚ ਰੇਹੜੀ ਲਾਉਂਦੀ ਹੈ।

ਉਸ ਦੀ ਰੇਹੜੀ ਵਾਲੀ ਥਾਂ 'ਤੇ ਇਕ ਦੁਕਾਨ ਦੀ ਕੰਧ ਉਤੇ ਚਿੱਟੇ ਰੰਗ ਦੇ ਕਾਗਜ਼ ਉਪਰ ਹੱਥ ਨਾਲ ਲਿਖਿਆ ਹੋਇਆ ਸੀ ਕਿ ਉਹ ਗਵਾਹੀ ਬਦਲ ਲਵੇ। ਕਾਗਜ਼ 'ਤੇ ਹਿੰਦੀ ਵਿਚ ਲਿਖਿਆ, 'ਏਕ ਕੋ ਤੋ ਭਗਵਾਨ ਨੇ ਲੇ ਲੀਆ ਦੂਸਰੇ ਕੋ ਕਿਆ ਜਾਨ ਸੇ ਮਰਵਾਨਾ ਚਾਹਤੀ ਹੋ, ਗਵਾਹੀ ਬਦਲ ਡਾਲ'। ਇਹ ਔਰਤ ਤਿਲਕ ਨਗਰ ਵਿਚ ਸ਼ਾਮ ਨੂੰ ਮੀਟ ਦੀ ਦੁਕਾਨ ਲਾ ਕੇ ਪਰਿਵਾਰ ਦਾ ਗੁਜ਼ਾਰਾ ਕਰਦੀ ਹੈ। ਉਹ ਤਿਲਕ ਵਿਹਾਰ ਵਿਚ ਰਹਿੰਦੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਮੁਤਾਬਕ ਪਹਿਲਾਂ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਮੁਕੱਦਮਿਆਂ ਦੇ ਗਵਾਹਾਂ ਨੂੰ ਸਰਕਾਰੀ ਸੁਰੱਖਿਆ ਮਿਲੀ ਹੋਈ ਸੀ, ਪਰ ਫਿਰ ਕੇਂਦਰ ਸਰਕਾਰ ਨੇ ਵਾਪਸ ਲੈ ਲਈ। ਬੀਤੇ ਸਮੇਂ ਤੋਂ ਦਿੱਲੀ ਕਮੇਟੀ ਵੱਲੋਂ ਉਨ੍ਹਾਂ ਨੂੰ ਟਾਸਕ ਫੋਰਸ ਦਿੱਤੀ ਹੋਈ ਹੈ। ਪੰਥਕ ਸੇਵਾ ਦਲ ਦੇ ਬੁਲਾਰੇ ਹਰਮਿੰਦਰ ਸਿੰਘ ਆਹਲੂਵਾਲੀਆ ਨੇ ਮੰਗ ਕੀਤੀ ਹੈ ਕਿ ਅਜਿਹੇ ਗਵਾਹਾਂ ਦੀ ਜਾਨ-ਮਾਲ ਦੀ ਸੁਰੱਖਿਆ ਪੰਥ ਮਿਲ ਕੇ ਕਰੇ ਤਾਂ ਕਿ ਉਹ ਬਿਨਾਂ ਡਰ ਦੇ ਆਪਣੀਆਂ ਗਵਾਹੀਆਂ ਮੁਕੰਮਲ ਕਰ ਸਕਣ।

# ਮਲੇਸ਼ੀਆ ਦਾ ਸਾਬਕਾ ਪ੍ਰਧਾਨ ਮੰਤਰੀ ਗ੍ਰਿਫਤਾਰ

**ਕੁਆਲਾਲੰਪੁਰ:** ਮਲੇਸ਼ੀਆ ਦੀ ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਨੇ ਸਰਕਾਰ ਦੇ ਨਿਵੇਸ਼ ਫੰਡ 'ਚ ਲੱਖਾਂ ਡਾਲਰ ਦਾ ਗਬਨ ਕਰਨ ਦੇ ਦੋਸ਼ਾਂ ਤਹਿਤ ਸਾਬਕਾ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਨੂੰ ਅਦਾਲਤ 'ਚ ਹੋਰਨਾਂ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪਵੇਗਾ। ਏਜੰਸੀ ਨੇ ਦੱਸਿਆ ਕਿ ਨਜੀਬ ਨੂੰ ਉਨ੍ਹਾਂ ਦੇ ਦਫਤਰ 'ਚੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਨਜੀਬ 'ਤੇ ਅਪਰਾਧਿਕ ਵਿਸ਼ਵਾਸਘਾਤ, ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੂੰ ਸਫੇਦ ਕਰਨ ਦੇ ਦੋਸ਼ ਲੱਗੇ ਸਨ।

# Matrimonials

## ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ, ਕਲੀਨ ਸ਼ੇਵਨ, ਉਮਰ 26 ਸਾਲ, ਕੱਦ 5'-9", ਮਾਸਟਰ ਡਿਗਰੀ ਇਨ ਕੰਪਿਊਟਰ ਸਾਇੰਸ, ਸੌਫਟਵੇਅਰ ਇੰਜੀਨੀਅਰ ਲਈ ਅਮੈਰੀਕਨ ਸਿਟੀਜ਼ਨ/ ਇੰਮੀਗਰਾਂਟ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਸੈਟਲ। ਸੰਪਰਕ ਕਰੋ, ਫੋਨ: 660-473-1039 or email: gillsa2690@ gmail.com 39-42

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39

*wwwpunjabtimesusa.com*

## ਲੜਕੀ ਦੀ ਲੋੜ ਹੈ

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

# 'ਲਵਰਾਤਰੀ' ਸਬੰਧੀ ਸਲਮਾਨ ਖਿਲਾਫ ਐਫ. ਆਈ.ਆਰ. ਦਰਜ

**ਮੁਜ਼ੱਫਰਪੁਰ:** ਬਾਲੀਵੁੱਡ ਅਦਾਕਾਰ ਸਲਮਾਨ ਖਾਨ ਅਤੇ ਹੋਰਨਾਂ ਖਿਲਾਫ਼ ਨਵੀਂ ਆ ਰਹੀ ਫਿਲਮ 'ਲਵਰਾਤਰੀ' ਸਬੰਧੀ ਐਫ.ਆਈ.ਆਰ. ਦਰਜ ਕੀਤੀ ਗਈ। ਕੁਝ ਦਿਨ ਪਹਿਲਾਂ ਹੀ ਇਸ ਫਿਲਮ ਦਾ ਨਾਂ ਬਦਲ ਕੇ 'ਲਵਯਾਤਰੀ' ਕੀਤਾ ਗਿਆ ਹੈ।

ਸਬ ਡਵੀਜਨਲ ਮੈਜਿਸਟ੍ਰੇਟ ਸ਼ੈਲੇਂਦਰ ਰਾਏ ਦੇ ਆਦੇਸ਼ ਤਹਿਤ ਇਥੇ ਮਿਠਾਨਪੁਰ ਪੁਲਿਸ ਸਟੇਸ਼ਨ 'ਚ ਐਫ.ਆਈ.ਆਰ. ਦਰਜ ਕੀਤੀ ਗਈ। ਇਸ ਵਿਚ ਦੋਸ਼ ਲਾਇਆ ਸੀ ਕਿ ਫਿਲਮ ਦੇ ਨਾਂ 'ਚ ਨਵਰਾਤਰੀ ਦੇ ਪਵਿੱਤਰ ਉਤਸਵ ਦਾ ਮਜ਼ਾਕ ਬਣਾਇਆ ਗਿਆ ਹੈ।


Khalsa USA Inc.

We are hiring owner operators and (CDL) Drivers

*All 48 States *We Pay Weekly

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



Please Call: 708-690-6498
847-477-9988
Fax: 888-443-6990
email: khalsausa55@gmail.com

ਤੰਦੂਰੀ ਸ਼ੈਫ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀ ਸ਼ੈਫ ਅਤੇ ਵੇਟਰ ਦੀ ਫੌਰੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

37-39

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



*Gurdip Singh Sandhu*

*Live on Jas TV*
Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568

Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਈਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

# ਗੁੰਡਾਗਰਦੀ ਦੀ ਮਿਸਾਲ ਬਣੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ

**ਬਠਿੰਡਾ:** ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਇਸ ਵਾਰ ਗੁੰਡਾਗਰਦੀ ਦੀ ਮਿਸਾਲ ਬਣੀਆਂ। ਚੋਣਾਂ ਦੇ ਐਲਾਨ ਤੋਂ ਲੈ ਕੇ ਇਹ ਅਮਲ ਮੁਕੰਮਲ ਹੋਣ ਤੱਕ ਸਿਆਸੀ ਧਿਰਾਂ ਜ਼ਬਾਨੀ ਹਮਲਿਆਂ ਦੇ ਨਾਲ-ਨਾਲ ਖੁੱਲ ਕੇ ਇਕ-ਦੂਜੇ ਦੇ ਸਾਹਮਣੇ ਹੋਈਆਂ। ਚੋਣਾਂ ਵਾਲੇ ਦਿਨ ਖੁੱਲ ਕੇ ਵੱਢ-ਟੁੱਕ ਹੋਈ। ਕਈ ਪੋਲਿੰਗ ਬੂਥਾਂ ਉਤੇ ਕਬਜ਼ੇ ਹੋਏ, ਇਕ ਦੂਜੇ ਦੇ ਵਰਕਰਾਂ ਨਾਲ ਕੁੱਟਮਾਰ ਕੀਤੀ ਗਈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਖੁਦ ਕਾਂਗਰਸੀਆਂ ਨੂੰ 'ਸਬਕ' ਸਿਖਾਉਣ ਲਈ ਮੈਦਾਨ ਵਿਚ ਉਤਰੇ। ਉਨ੍ਹਾਂ ਦੀ ਇਕ ਵੀਡੀਓ ਵਾਇਰਲ ਹੋਈ ਹੈ ਜਿਸ ਵਿਚ ਉਨ੍ਹਾਂ ਦੀ ਹਾਜ਼ਰੀ ਵਿਚ ਕਾਂਗਰਸੀ ਆਗੂਆਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ।



ਪੰਜਾਬ ਪੁਲਿਸ ਨੇ ਸਿਰਫ ਮਾਲਵਾ ਖਿੱਤੇ ਵਿਚ ਚੋਣ ਹਿੰਸਾ ਦੇ ਮਾਮਲੇ ਵਿਚ ਕਰੀਬ ਪੌਣੇ ਦੋ ਸੌ ਵਿਅਕਤੀਆਂ ਖਿਲਾਫ ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਗਿੱਦੜਬਾਹਾ ਦੇ ਹਲਕਾ ਇੰਚਾਰਜ ਹਰਦੀਪ ਸਿੰਘ ਢਿੱਲੋਂ ਉਰਫ ਡਿੰਪੀ ਢਿੱਲੋਂ ਵੀ ਸ਼ਾਮਲ ਹਨ। ਬਠਿੰਡਾ ਰੇਂਜ ਅਤੇ ਫਿਰੋਜ਼ਪੁਰ ਰੇਂਜ ਅਧੀਨ ਪੈਂਦੇ ਥਾਣਿਆਂ ਵਿਚ ਚੋਣ ਹਿੰਸਾ ਨਾਲ ਸਬੰਧਤ ਕਰੀਬ 17 ਕੇਸ ਦਰਜ ਕੀਤੇ ਗਏ ਹਨ। ਥਾਣਾ ਲੰਬੀ ਵਿਚ ਸਾਬਕਾ ਉਪ ਮੁੱਖ ਮੰਤਰੀ ਬਾਦਲ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਦੋਂਕਿ ਹਲਕਾ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਹਲਕਾ ਇੰਚਾਰਜ ਡਿੰਪੀ ਢਿੱਲੋਂ, ਸੰਨੀ ਢਿੱਲੋਂ, ਉਨ੍ਹਾਂ ਦੇ ਪੀਏ ਜਗਤਾਰ ਸਿੰਘ ਤੋਂ ਇਲਾਵਾ 45 ਦੇ ਕਰੀਬ ਅਣਪਛਾਤੇ ਵਿਅਕਤੀਆਂ 'ਤੇ ਥਾਣਾ ਗਿੱਦੜਬਾਹਾ ਵਿਚ ਕੇਸ ਦਰਜ ਕੀਤਾ ਗਿਆ ਹੈ।

ਇਸੇ ਤਰ੍ਹਾਂ ਥਾਣਾ ਕੋਟਭਾਈ ਵਿਚ ਡਿੰਪੀ ਢਿੱਲੋਂ, ਸੰਨੀ ਢਿੱਲੋਂ ਆਦਿ ਸਮੇਤ ਕਰੀਬ 25 ਅਣਪਛਾਤੇ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ। ਸਭ ਤੋਂ ਜ਼ਿਆਦਾ ਕੇਸ ਜ਼ਿਲ੍ਹਾ ਮੁਕਤਸਰ ਵਿਚ ਦਰਜ ਹੋਏ ਹਨ, ਜਿਨ੍ਹਾਂ ਦੀ ਗਿਣਤੀ 12 ਬਣਦੀ ਹੈ।

ਬਠਿੰਡਾ ਜ਼ਿਲ੍ਹੇ ਵਿਚ ਥਾਣਾ ਦਿਆਲਪੁਰਾ ਵਿਚ ਪਿੰਡ ਦਿਆਲਪੁਰਾ ਮਿਰਜ਼ਾ ਦੇ ਕਰੀਬ ਦਰਜਨ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਜ਼ਿਲ੍ਹਾ ਪਰਿਸ਼ਦ ਦੇ ਬੁਰਜ ਗਿੱਲ ਜ਼ੋਨ ਤੋਂ ਅਕਾਲੀ ਉਮੀਦਵਾਰ ਜਸਪਾਲ ਸਿੰਘ ਵੀ ਸ਼ਾਮਲ ਹਨ। ਪਿੰਡ ਦਿਆਲਪੁਰਾ ਮਿਰਜ਼ਾ ਵਿਚ ਪਹਿਲਾਂ ਬੂਥਾਂ 'ਤੇ ਕਬਜ਼ੇ ਹੋਏ ਸਨ ਅਤੇ ਉਸ ਮਗਰੋਂ ਬੈਲੇਟ ਬਕਸੇ ਚੁੱਕ ਕੇ ਵੋਟਾਂ ਨੂੰ ਅੱਗ ਲਾਈ ਗਈ ਸੀ। ਇਸ ਕੇਸ ਵਿਚ 40 ਦੇ ਕਰੀਬ ਅਣਪਛਾਤੇ ਵਿਅਕਤੀ ਵੀ ਨਾਮਜ਼ਦ ਕੀਤੇ ਹਨ। ਦੱਸਣਯੋਗ ਹੈ ਕਿ ਬਿਜਲੀ ਮੰਤਰੀ ਗੁਰਪ੍ਰੀਤ ਕਾਂਗੜ ਦੇ ਹਲਕੇ ਵਿਚ ਪੈਂਦੇ ਪਿੰਡ ਦਿਆਲਪੁਰਾ ਮਿਰਜ਼ਾ ਅਤੇ ਦੁੱਲੇਵਾਲਾ ਵਿੱਚ ਕਾਫੀ ਗੜਬੜ ਹੋਈ ਸੀ ਤੇ ਹਵਾਈ ਫਾਇਰਿੰਗ ਵੀ ਹੋਈ ਸੀ। ਚੋਣ ਕਮਿਸ਼ਨ ਨੇ ਪਿੰਡ ਦਿਆਲਪੁਰਾ ਮਿਰਜ਼ਾ ਅਤੇ ਕਣਕਵਾਲ ਦੇ ਬੂਥ 'ਤੇ ਦੁਬਾਰਾ ਚੋਣ ਕਰਾਉਣ ਦੇ ਹੁਕਮ ਦਿੱਤੇ ਗਏ। ਵੇਰਵਿਆਂ ਅਨੁਸਾਰ ਮਾਨਸਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਚੋਣ ਹਿੰਸਾ ਦਾ ਕੋਈ ਵੀ ਕੇਸ ਦਰਜ ਨਹੀਂ ਹੋਇਆ ਹੈ। ਜ਼ਿਲ੍ਹਾ ਮੋਗਾ ਵਿਚ ਦੋ ਕੇਸ ਦਰਜ ਕੀਤੇ ਗਏ ਹਨ।

## ਸੁਖਬੀਰ ਬਾਦਲ ਵਿਰੁੱਧ ਫੌਜਦਾਰੀ ਕੇਸ ਦਰਜ

**ਲੰਬੀ:** ਮੰਡੀ ਕਿੱਲਿਆਂਵਾਲੀ ਵਿਚ ਕਾਂਗਰਸ ਉਮੀਦਵਾਰ ਦੇ ਸਮਰਥਕ ਰਾਜਿੰਦਰ ਸਿੰਘ ਦੀ ਮਾਰ-ਕੁੱਟ ਮਾਮਲੇ 'ਚ ਸੁਖਬੀਰ ਸਿੰਘ ਬਾਦਲ ਤੇ ਹੋਰ ਅਣਗਿਣਤ ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਲੰਬੀ ਪੁਲਿਸ ਨੇ ਜਤਿੰਦਰ ਸਿੰਘ ਵਾਸੀ ਚੱਕ ਮਿੱਡੂ ਸਿੰਘਵਾਲਾ ਦੀ ਸ਼ਿਕਾਇਤ ਉਤੇ ਧਾਰਾ 323/341/506/148/149 ਅਤੇ 427 ਤਹਿਤ ਪਰਚਾ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਕਿੱਲਿਆਂਵਾਲੀ ਤੋਂ ਕਾਂਗਰਸ ਉਮੀਦਵਾਰ ਰਵਿੰਦਰਪਾਲ ਸਿੰਘ ਰੰਮੀ ਦਾ ਸਕਾ ਭਰਾ ਹੈ। ਸਾਬਕਾ ਉਪ ਮੁੱਖ ਮੰਤਰੀ ਖਿਲਾਫ ਕੇਸ ਦਰਜ ਹੋਣ ਵਿਚ ਕਾਂਗਰਸੀ ਆਗੂ ਗੁਰਜੰਟ ਸਿੰਘ ਬਰਾੜ ਦੀ ਕੋਠੀ 'ਚ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਦਾ ਅਹਿਮ ਰੋਲ ਰਿਹਾ।

# ਇਕ-ਦੂਜੇ ਦੇ ਹਲਕਿਆਂ 'ਚ ਆਹਮੋ ਸਾਹਮਣੇ ਹੋਣਗੇ ਅਕਾਲੀ ਤੇ ਕਾਂਗਰਸੀ

**ਲੰਬੀ:** ਜ਼ਿਲ੍ਹਾ ਪਰਿਸ਼ਦ ਬਲਾਕ ਸਮਿਤੀ ਚੋਣਾਂ 'ਚ ਜਿੱਤ-ਹਾਰ ਮਗਰੋਂ ਕਾਂਗਰਸ ਅਤੇ ਅਕਾਲੀ ਦਲ ਦੇ ਆਗੂ ਸੂਬੇ 'ਚ ਰੈਲੀਆਂ ਜ਼ਰੀਏ ਇਕ-ਦੂਜੇ ਨੂੰ ਢਾਹੁਣ 'ਚ ਜੁਟ ਗਏ ਹਨ। ਅਕਾਲੀ ਦਲ 7 ਅਕਤੂਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਸ਼ਹਿਰ ਪਟਿਆਲਾ ਵਿਚ ਸੂਬਾ ਪੱਧਰੀ ਰੈਲੀ ਕਰ ਕੇ ਕਾਂਗਰਸ ਸਰਕਾਰ ਵੱਲੋਂ ਚੋਣਾਂ 'ਚ ਨਾਮਜ਼ਦਗੀਆਂ ਤੋਂ ਵੋਟਾਂ ਅਤੇ ਗਿਣਤੀ ਕੀਤੀਆਂ ਸਮੂਹ ਧੱਕੇਸ਼ਾਹੀਆਂ ਦਾ ਚਿੱਠਾ ਖੋਲ੍ਹੇਗਾ।

ਇਸ ਸਬੰਧੀ ਫੈਸਲਾ ਪਿੰਡ ਬਾਦਲ ਵਿਖੇ ਬਾਦਲਾਂ ਦੀ ਰਿਹਾਇਸ਼ ਉਤੇ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਕੋਰ ਕਮੇਟੀ ਦੇ ਬਹੁਗਿਣਤੀ ਮੈਂਬਰਾਂ ਨੇ ਹਿੱਸਾ ਲਿਆ।

ਦੂਜੇ ਪਾਸੇ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੇ ਕਾਰਜ ਤੋਂ ਫਾਰਗ ਹੋਣ ਮਗਰੋਂ ਸੱਤਾ ਪੱਖ ਕਾਂਗਰਸ ਨੇ ਬੇਅਦਬੀ ਦੇ ਮੁੱਦਿਆਂ 'ਤੇ ਅਕਾਲੀਆਂ ਦਾ ਕੱਚਾ ਚਿੱਠਾ ਖੋਲ੍ਹਣ ਲਈ 7 ਅਕਤੂਬਰ ਨੂੰ ਲੰਬੀ ਹਲਕੇ 'ਚ ਰੈਲੀ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ।

ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਹੋਈ ਜਿਸ ਵਿਚ ਸਮੂਹ ਲੀਡਰਸ਼ਿਪ ਨੇ ਸੂਬੇ ਭਰ ਵਿਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਚੋਣਾਂ ਉਤੇ ਕਾਂਗਰਸ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਕੀਤੀਆਂ ਧਾਂਦਲੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਕੋਰ ਕਮੇਟੀ ਨੇ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਿਭਾਈ ਗਈ ਭੂਮਿਕਾ ਨੂੰ ਵੀ ਬੇਹੱਦ ਗੈਰ-ਜ਼ਿੰਮੇਵਾਰਾਨਾ ਅਤੇ ਕਾਂਗਰਸ ਸਰਕਾਰ ਨਾਲ ਮਿਲੀਭੁਗਤ ਵਾਲੀ ਕਾਰਵਾਈ ਕਰਾਰ ਦਿੱਤਾ।

# ਹੁਣ ਸਿਆਸੀ ਵਾਰਸਾਂ ਵਾਸਤੇ ਚੇਅਰਮੈਨੀਆਂ ਲਈ ਛਿੜੇਗਾ ਘਮਸਾਨ

**ਬਠਿੰਡਾ:** ਕੈਬਨਿਟ ਵਜ਼ੀਰਾਂ ਤੇ ਵਿਧਾਇਕਾਂ ਦੇ ਲਾਡਲੇ ਹੁਣ ਚੇਅਰਮੈਨੀਆਂ ਲਈ ਸਿਆਸੀ ਦੰਗਲ ਲੜਨਗੇ। ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਵਿਚ ਤਾਂ ਜਿੱਤ ਹਾਸਲ ਹੋ ਗਈ ਹੈ, ਪਰ ਹੁਣ ਵਿਧਾਇਕ ਤੇ ਵਜ਼ੀਰ ਆਪਣੇ ਸਿਆਸੀ ਵਾਰਸਾਂ ਨੂੰ ਚੇਅਰਮੈਨੀਆਂ ਦਿਵਾਉਣ ਲਈ ਸਿਆਸੀ ਜੰਗ ਲੜਨਗੇ। ਮਾਨਸਾ ਪਰਿਸ਼ਦ ਦੀ ਚੇਅਰਮੈਨੀ ਲਈ ਵੱਡਾ ਘਮਸਾਨ ਪਵੇਗਾ।

ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਬਿਕਰਮ ਮੋਫਰ, ਸਾਬਕਾ ਮੰਤਰੀ ਸ਼ੇਰ ਸਿੰਘ ਗਾਗੋਵਾਲ ਦਾ ਪੋਤਾ ਅਰਸ਼ਦੀਪ ਸਿੰਘ ਤੇ ਸਾਬਕਾ ਮੰਤਰੀ ਬਲਦੇਵ ਸਿੰਘ ਖ਼ਿਆਲਾ ਦਾ ਪੋਤਰਾ ਬੱਬਲਜੀਤ ਸਿੰਘ ਜ਼ਿਲ੍ਹਾ ਪਰਿਸ਼ਦ ਦੀ ਚੋਣ ਜਿੱਤ ਗਏ ਹਨ। ਮਾਨਸਾ ਪਰਿਸ਼ਦ ਦੀ ਚੇਅਰਮੈਨੀ ਪਿਛਲੀ ਵਾਰ ਜਨਰਲ ਵਰਗ ਲਈ ਸੀ। ਕਾਂਗਰਸੀ ਨੇਤਾ ਪਹਿਲਾਂ ਚੇਅਰਮੈਨੀ ਨੂੰ ਜਨਰਲ ਕਰਾਉਣ ਲਈ ਤਰਲੋਮੱਛੀ ਹੋਣਗੇ। ਚੇਅਰਮੈਨੀ ਲਈ ਸਾਬਕਾ ਵਿਧਾਇਕ ਅਜੀਤਇੰਦਰ ਮੋਫਰ ਦੇ ਪੁੱਤ ਬਿਕਰਮ ਮੋਫਰ ਤੇ ਸਾਬਕਾ ਮੰਤਰੀ ਗਾਗੋਵਾਲ ਦੇ ਪੋਤਰੇ ਅਰਸ਼ਦੀਪ ਸਿੰਘ ਦਰਮਿਆਨ ਚੇਅਰਮੈਨੀ ਲਈ ਸਿਆਸੀ ਖਿੱਚ-ਧੂਹ ਹੋਣ ਦੀ ਸੰਭਾਵਨਾ ਹੈ। ਮੁਕਤਸਰ ਪਰਿਸ਼ਦ ਦੀ ਚੇਅਰਮੈਨੀ ਲਈ ਵਿਧਾਇਕ ਪ੍ਰੀਤਮ ਕੋਟਭਾਈ ਆਪਣੀ ਪਤਨੀ ਪਰਮਜੀਤ ਕੌਰ ਨੂੰ ਕੁਰਸੀ 'ਤੇ ਬਿਠਾਉਣ ਲਈ ਜ਼ੋਰ-ਅਜ਼ਮਾਈ ਕਰਨਗੇ। ਦੂਜੀ ਪਾਸੇ, ਮੁਕਾਬਲੇ ਵਿਚ ਵਿਧਾਇਕ ਰਾਜਾ ਵੜਿੰਗ ਆਪਣੇ ਨੇੜਲੇ ਨਰਿੰਦਰ ਸਿੰਘ ਕਾਉਣੀ ਲਈ ਵਾਹ ਲਾਏਗਾ।

ਫਿਰੋਜ਼ਪੁਰ ਪਰਿਸ਼ਦ ਦੀ ਚੇਅਰਮੈਨੀ ਪਿਛਲੀ ਵਾਰ ਪੱਛੜੀ ਸ਼੍ਰੇਣੀ ਲਈ ਰਾਖਵੀਂ ਸੀ। ਹੁਣ ਵਿਧਾਇਕਾ ਸਤਿਕਾਰ ਕੌਰ ਦੇ ਪਤੀ ਲਾਡੀ ਗਹਿਰੀ ਚੋਣ ਜਿੱਤੇ ਗਏ ਹਨ, ਜਿਸ ਕਰ ਕੇ ਵਿਧਾਇਕਾ ਵੱਲੋਂ ਚੇਅਰਮੈਨੀ ਐਤਕੀਂ ਐਸਸੀ ਵਰਗ ਲਈ ਰਾਖਵੀਂ ਕਰਾਉਣ ਲਈ ਜ਼ੋਰ ਲਾਇਆ ਜਾਵੇਗਾ ਤਾਂ ਜੋ ਗਹਿਰੀ ਚੇਅਰਮੈਨ ਦੀ ਕੁਰਸੀ ਉਤੇ ਬੈਠ ਸਕਣ। ਜ਼ਿਲ੍ਹਾ ਕਾਂਗਰਸ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਢੀਂਡਸਾ ਚੋਣ ਹਾਰ ਗਏ ਹਨ, ਜਿਸ ਕਰ ਕੇ ਵਿਧਾਇਕਾ ਦੇ ਰਾਹ ਸੁਖਾਲੇ ਹੋ ਗਏ ਹਨ। ਫਾਜ਼ਿਲਕਾ ਪਰਿਸ਼ਦ ਦੀ ਚੇਅਰਮੈਨੀ ਲਈ ਸਾਬਕਾ ਮੰਤਰੀ ਮਹਿੰਦਰ ਸਿੰਘ ਰਿਣਵਾਂ ਤੇ ਹੰਸ ਰਾਜ ਜੋਸ਼ਨ ਵਿਚਾਲੇ ਮੁਕਾਬਲਾ ਹੋਣਾ ਹੈ, ਕਿਉਂਕਿ ਦੋਵੇਂ ਆਗੂਆਂ ਦੇ ਪੁੱਤ ਚੋਣ ਜਿੱਤ ਗਏ ਹਨ। ਫਾਜ਼ਿਲਕਾ ਪਰਿਸ਼ਦ ਦੀ ਚੇਅਰਮੈਨੀ ਪਿਛਲੀ ਵਾਰ ਜਨਰਲ ਵਰਗ ਦੀ ਔਰਤ ਲਈ ਰਾਖਵੀਂ ਸੀ। ਪਟਿਆਲਾ ਪਰਿਸ਼ਦ ਦੀ ਚੋਣ ਵਿਚ ਬਿਨਾ ਮੁਕਾਬਲਾ ਹੀ ਵਿਧਾਇਕ ਮਦਨ ਲਾਲ ਜਲਾਲਪੁਰ ਦਾ ਪੁੱਤਰ ਗਗਨਦੀਪ ਅਤੇ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਦਾ ਪੁੱਤਰ ਸਤਨਾਮ ਸਿੰਘ ਜੇਤੂ ਰਹੇ ਹਨ। ਪਟਿਆਲਾ ਪਰਿਸ਼ਦ ਦੀ ਚੇਅਰਮੈਨੀ ਪਿਛਲੀ ਵਾਰ ਜਨਰਲ ਵਰਗ ਦੇ ਪੁਰਸ਼ ਲਈ ਰਾਖਵੀਂ ਸੀ। ਹੁਣ ਦੋਵੇਂ ਵਿਧਾਇਕ ਹੀ ਆਪੋ-ਆਪਣੇ ਲਾਡਲੇ ਨੂੰ ਚੇਅਰਮੈਨ ਦੀ ਕੁਰਸੀ ਉਤੇ ਬਿਠਾਉਣ ਲਈ ਮੈਦਾਨ ਵਿਚ ਨਿੱਤਰਨਗੇ। ਕੈਬਨਿਟ ਮੰਤਰੀ ਸੁੱਖ ਸਰਕਾਰੀਆ ਦਾ ਭਤੀਜਾ ਦਿਲਰਾਜ ਸਰਕਾਰੀਆ ਵੀ ਅੰਮ੍ਰਿਤਸਰ ਪਰਿਸ਼ਦ ਦੀ ਚੋਣ ਜਿੱਤ ਗਿਆ ਹੈ, ਜਿਸ ਦੀ ਅੱਖ ਹੁਣ ਚੇਅਰਮੈਨੀ 'ਤੇ ਹੋਵੇਗੀ।

ਵਿਧਾਇਕ ਸੁਖਪਾਲ ਸਿੰਘ ਭੁੱਲਰ ਦਾ ਵੱਡਾ ਭਰਾ ਅਨੂਪ ਸਿੰਘ ਭੁੱਲਰ ਪਹਿਲਾਂ ਹੀ ਤਰਨ ਤਾਰਨ ਪ੍ਰੀਸ਼ਦ ਦੀ ਚੋਣ ਬਿਨਾ ਮੁਕਾਬਲਾ ਜਿੱਤ ਗਿਆ ਹੈ। ਵੱਡਾ ਦੰਗਲ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਵੇਗਾ, ਜਿਥੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਪੁੱਤਰ ਰਵੀਨੰਦਨ ਸਿੰਘ ਬਾਜਵਾ, ਵਿਧਾਇਕ ਫਤਹਿਜੰਗ ਸਿੰਘ ਬਾਜਵਾ ਦਾ ਪੁੱਤਰ ਅਰਜਨ ਪ੍ਰਤਾਪ ਸਿੰਘ ਬਾਜਵਾ ਤੇ ਵਿਧਾਇਕ ਬਲਵਿੰਦਰ ਸਿੰਘ ਦੀ ਪਤਨੀ ਸਰਬਜੀਤ ਕੌਰ ਚੋਣ ਜਿੱਤ ਗਏ ਹਨ। ਗੁਰਦਾਸਪੁਰ ਪ੍ਰੀਸ਼ਦ ਦੀ ਚੇਅਰਮੈਨੀ ਲਈ ਹੁਣ ਦੋ ਵਿਧਾਇਕਾਂ ਅਤੇ ਇਕ ਵਜ਼ੀਰ ਵਿਚਾਲੇ ਮੁਕਾਬਲਾ ਹੋਵੇਗਾ। ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਦਾ ਜਵਾਈ ਵੀ ਚੋਣ ਜਿੱਤ ਗਿਆ ਹੈ ਅਤੇ ਸਾਬਕਾ ਵਿਧਾਇਕ ਕਵਲਜੀਤ ਲਾਲੀ ਦਾ ਬੇਟਾ ਮਹਿਤਾਬ ਸਿੰਘ ਵੀ ਚੋਣ ਜਿੱਤਿਆ ਹੈ। ਆਉਂਦੇ ਦਿਨਾਂ ਵਿਚ ਸਿਆਸੀ ਵਾਰਸ ਚੇਅਰਮੈਨੀ ਲਈ ਅਖਾੜਾ ਭਖਾ ਲੈਣਗੇ। ਉਸ ਤੋਂ ਪਹਿਲਾਂ ਉਹ ਚੇਅਰਮੈਨੀਆਂ ਦੇ ਰਾਖਵੇਂਕਰਨ ਸਬੰਧੀ 'ਤੇ ਜੋੜ-ਤੋੜ ਲਾਉਣਗੇ।

# ਪੰਜਾਬ ਸਰਕਾਰ ਨੇ ਕਰਜ਼ਾ ਲੈਣ ਲਈ ਲਾਇਆ ਨਵਾਂ ਜੁਗਾੜ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਪੰਜਾਬ ਮਾਲੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ-2003 ਦੇ ਨਿਯਮਾਂ ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ ਜਿਸ ਨਾਲ ਰਾਜ ਸਰਕਾਰ ਨੂੰ 1200 ਕਰੋੜ ਦਾ ਕਰਜ਼ਾ ਮਿਲ ਜਾਵੇਗਾ। ਰਾਜ ਸਰਕਾਰ ਨੇ ਬਜਟ ਦੇ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਲਈ ਕੇਂਦਰ ਸਰਕਾਰ ਕੋਲ ਕਈ ਵਾਰ ਪਹੁੰਚ ਕੀਤੀ ਸੀ ਪਰ ਸਫਲਤਾ ਨਹੀਂ ਸੀ ਮਿਲੀ ਤੇ ਇਸ ਫੈਸਲੇ ਨਾਲ ਸੰਕਟ ਵਿਚ ਘਿਰੀ ਕੈਪਟਨ ਸਰਕਾਰ ਨੂੰ ਕੁਝ ਰਾਹਤ ਮਿਲੇਗੀ।

ਵਜ਼ਾਰਤ ਨੇ ਸ਼ਾਹਪੁਰ ਕੰਢੀ ਡੈਮ ਦਾ ਕੰਮ ਮੁੜ ਸ਼ੁਰੂ ਕਰਨ, ਆਨੰਦਪੁਰ ਤੇ ਨੈਣਾ ਦੇਵੀ ਰੋਪਵੇਅ ਪ੍ਰੋਜੈਕਟ, ਸਾਉਣੀ ਦੀ ਖਰੀਦ ਲਈ ਸੀਸੀ ਲਿਮਟ ਅਤੇ ਖਰੀਦ ਪ੍ਰਬੰਧਾਂ ਤੇ ਬਠਿੰਡਾ ਏਮਜ਼ ਨੂੰ ਜ਼ਮੀਨ ਦੇਣ ਦੇ ਫੈਸਲਿਆਂ 'ਤੇ ਮੋਹਰ ਲਾ ਦਿੱਤੀ ਹੈ। ਮੁੱਖ ਮੰਤਰੀ ਦੇ ਓ.ਐਸ.ਡੀ. ਨੂੰ ਮਕਾਨ ਕਿਰਾਇਆ ਭੱਤਾ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਵਜ਼ਾਰਤ ਨੇ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਦੇ ਕੰਮ ਨੂੰ ਤੁਰਤ ਸ਼ੁਰੂ ਕਰਨ ਲਈ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਮੁੱਖ ਸਕੱਤਰਾਂ ਅਤੇ ਕਮਿਸ਼ਨਰ ਇੰਡਸ ਭਾਰਤ ਸਰਕਾਰ ਵੱਲੋਂ ਕੀਤੇ ਸਮਝੌਤੇ ਉਤੇ ਮੋਹਰ ਲਾ ਦਿੱਤੀ ਹੈ। ਵਜ਼ਾਰਤ ਦੀ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਪ੍ਰੋਜੈਕਟ ਤਿੰਨ ਸਾਲ ਵਿਚ ਮੁਕੰਮਲ ਕੀਤਾ ਜਾਵੇਗਾ ਤੇ 206 ਮੈਗਾਵਾਟ ਵਾਧੂ ਪਣ ਬਿਜਲੀ ਪੈਦਾ ਕਰੇਗਾ। ਇਸ ਦੇ ਬਣਨ ਨਾਲ ਸਾਲਾਨਾ 852.73 ਕਰੋੜ ਰੁਪਏ ਦਾ ਸਿੰਜਾਈ ਤੇ ਬਿਜਲੀ ਦਾ ਫਾਇਦਾ ਹੋਵੇਗਾ।

ਜੰਮੂ-ਕਸ਼ਮੀਰ ਸਰਕਾਰ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਵਿਚੋਂ ਆਪਣੇ ਹਿੱਸੇ ਦਾ ਪਾਣੀ ਪ੍ਰਾਪਤ ਕਰੇਗਾ। ਵਜ਼ਾਰਤ ਨੇ ਅਹਿਮ ਫੈਸਲਾ ਲੈਂਦਿਆਂ ਪੰਜਾਬ ਮਾਲੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ, 2003 ਨੂੰ ਲਾਗੂ ਕਰਨ ਉਤੇ ਮੋਹਰ ਲਾ ਦਿੱਤੀ ਹੈ ਜਿਸ ਦਾ ਵਿੱਤੀ ਉਦੇਸ਼ ਨਿਸ਼ਚਤ ਸਮੇਂ ਵਿਚ ਵਿਸ਼ੇਸ਼ ਵਿੱਤੀ ਟੀਚਾ ਪ੍ਰਾਪਤ ਕਰਨਾ ਹੈ। ਵਿੱਤ ਮੰਤਰੀ ਨੇ ਦੱਸਿਆ ਇਸ ਐਕਟ ਨੂੰ ਲਾਗੂ ਕਰਨ ਲਈ ਨਿਯਮ ਬਣਾਉਣੇ ਜ਼ਰੂਰੀ ਹਨ ਕਿਉਂਕਿ ਰਾਜ ਸਰਕਾਰ ਨੇ ਏਸ਼ੀਅਨ ਡਿਵੈਲਪਮੈਂਟ ਬੈਂਕ ਨਾਲ ਸਮਝੌਤਾ ਕੀਤਾ ਹੈ ਜਿਸ ਅਧੀਨ ਰਾਜ ਸਰਕਾਰ ਨੂੰ 20 ਕਰੋੜ ਡਾਲਰ (ਲਗਭਗ 1200 ਕਰੋੜ ਰੁਪਏ) ਦਾ ਕਰਜ਼ਾ ਪ੍ਰਾਪਤ ਹੋਵੇਗਾ। ਵਜ਼ਾਰਤ ਨੇ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਰਹੀ ਝੋਨੇ ਦੀ ਖਰੀਦ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਵਾਰ ਝੋਨੇ ਦੀ ਤਕਰੀਬਨ 200 ਲੱਖ ਮੀਟਰਿਕ ਟਨ ਖਰੀਦ ਲਈ ਪ੍ਰਬੰਧ ਕੀਤੇ ਹਨ।

ਸਰਕਾਰੀ ਖਰੀਦ ਏਜੰਸੀਆਂ ਵੱਲੋਂ 190 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਕਰਨ ਲਈ ਕੁੱਲ 40,300 ਕਰੋੜ ਰੁਪਏ ਦੇ ਨਗਦ ਹੱਦ ਕਰਜ਼ੇ ਦੀ ਸਰਕਾਰੀ ਖਰੀਦ ਏਜੰਸੀਆਂ ਲਈ ਲੋੜ ਹੈ। ਪੰਜਾਬ ਮੰਡੀ ਬੋਰਡ ਵੱਲੋਂ 1834 ਖਰੀਦ ਕੇਂਦਰ ਨੋਟੀਫਾਈ ਕੀਤੇ ਗਏ ਹਨ, ਜਿਸ ਅਨੁਸਾਰ ਖਰੀਦ ਏਜੰਸੀਆਂ ਵਿਚਕਾਰ ਮੰਡੀਆਂ ਦੀ ਅਲਾਟਮੈਂਟ ਸਾਉਣੀ ਸੀਜ਼ਨ 2018-19 ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਜਾਵੇਗੀ। ਐਫ.ਸੀ.ਆਈ. ਨੇ ਝੋਨੇ ਦੀ ਖਰੀਦ ਕਰਨ ਲਈ ਬਾਰਦਾਨਾ, ਹੋਰ ਸਾਜ਼ੋ-ਸਾਮਾਨ, ਵਿੱਤੀ ਪ੍ਰਬੰਧ ਅਤੇ ਭੰਡਾਰਨ ਲਈ ਪ੍ਰਬੰਧ ਆਪਣੇ ਪੱਧਰ 'ਤੇ ਕੀਤਾ ਹੈ।

# ਕੈਪਟਨ ਸਰਕਾਰ ਵਿੱਤੀ ਸੁਧਾਰਾਂ ਦੀ ਗੱਡੀ ਲੀਹੇ ਪਾਉਣ 'ਚ ਨਾਕਾਮ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਸੂਬੇ ਦੀ ਵਿੱਤੀ ਹਾਲਤ ਸੁਧਾਰਨ ਲਈ ਵਾਰ-ਵਾਰ ਦਾਅਵੇ ਕੀਤੇ ਜਾ ਰਹੇ ਹਨ ਪਰ ਸਥਿਤੀ ਵਿਚ ਅਜੇ ਮਾਮੂਲੀ ਸੁਧਾਰ ਹੀ ਹੋਇਆ ਹੈ ਜੋ ਰਾਜ ਸਰਕਾਰ ਵੱਲੋਂ ਨਿਰਧਾਰਤ ਬਜਟ ਅਨੁਮਾਨਾਂ ਤੋਂ ਕਿਤੇ ਪਿੱਛੇ ਹੈ। ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ ਦਸ ਫੀਸਦੀ ਵਧੀਆਂ ਹਨ ਪਰ ਪਹਿਲੀ ਤਿਮਾਹੀ ਦੇ ਬਜਟ ਅਨੁਮਾਨਾਂ ਮੁਤਾਬਕ ਚਾਰ ਹਜ਼ਾਰ ਕਰੋੜ ਰੁਪਏ ਤੋਂ ਘੱਟ ਹਨ। ਰਾਜ ਸਰਕਾਰ ਦਾ ਮਾਲੀ ਖਰਚਾ ਪਿਛਲੇ ਸਾਲ ਦੇ ਮੁਕਾਬਲੇ 1958 ਕਰੋੜ ਰੁਪਏ ਵਧ ਗਿਆ ਹੈ। ਪੂੰਜੀਗਤ ਖਰਚੇ ਵਿਚ ਵੀ 39 ਫੀਸਦੀ ਵਾਧਾ ਹੋਇਆ ਹੈ।

ਵਰਣਨਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੋਦੀ ਸਰਕਾਰ ਵੱਲੋਂ ਜੀ.ਐਸ.ਟੀ. ਲਾਗੂ ਕਰਨ ਦੇ ਫੈਸਲੇ ਦਾ ਗਜ ਵੱਜ ਕੇ ਸਵਾਗਤ ਕੀਤਾ ਸੀ ਕਿਉਂਕਿ ਇਨ੍ਹਾਂ ਨੂੰ ਆਸ ਸੀ ਕਿ ਹਰੇਕ ਸਾਲ 14 ਫੀਸਦੀ ਵਾਧਾ ਪੰਜ ਸਾਲ ਤੱਕ ਮਿਲਣਾ ਹੈ ਤੇ ਇਸ ਨਾਲ ਸੂਬਾ ਸਰਕਾਰ ਵਿੱਤੀ ਸੰਕਟ ਵਿਚੋਂ ਬਾਹਰ ਆ ਜਾਵੇਗੀ ਪਰ ਉਸ ਦਿਸ਼ਾ ਵਿਚ ਆਸ ਅਨੁਸਾਰ ਵਾਧਾ ਨਹੀਂ ਹੋ ਸਕਿਆ। ਕੇਂਦਰ ਸਰਕਾਰ ਤੋਂ ਗ੍ਰਾਂਟ ਇਨ ਏਡ ਵਿਚ ਪਿਛਲੇ ਸਾਲ ਦੇ ਮੁਕਾਬਲੇ 39 ਫੀਸਦੀ ਦੀ ਕਮੀ ਆਈ ਹੈ ਤੇ ਇਸ ਦੇ ਨਾਲ ਸੂਬੇ ਦਾ ਆਪਣਾ ਕਰ ਮਾਲੀਆ ਪਿਛਲੇ ਸਾਲ ਦੇ ਮੁਕਾਬਲੇ ਪੰਜ ਫੀਸਦੀ ਘਟਿਆ ਹੈ ਜਿਹੜਾ ਬਜਟ ਅਨੁਮਾਨਾਂ ਤੋਂ 2108 ਕਰੋੜ ਰੁਪਏ ਘੱਟ ਹੈ।

ਕੈਪਟਨ ਸਰਕਾਰ ਲਈ ਰਾਹਤ ਦੀ ਵੱਡੀ ਗੱਲ ਇਹ ਹੈ ਕਿ ਸਰਕਾਰ ਦੇ ਪੈਨਸ਼ਨ ਅਤੇ ਰਿਟਾਇਰਮੈਂਟ ਫਾਇਦਿਆਂ ਦੇ ਬਿਲ ਵਿਚ 622 ਕਰੋੜ ਰੁਪਏ ਦੀ ਕਮੀ ਆਈ ਹੈ। ਇਸ ਦੇ ਨਾਲ ਸਿੰਚਾਈ ਵਿਚ 33 ਕਰੋੜ ਰੁਪਏ, ਸੜਕ ਟਰਾਂਸਪੋਰਟ ਵਿਚ ਸੱਤ ਕਰੋੜ, ਪਬਲਿਕ ਵਰਕਸ ਵਿਚ 13 ਕਰੋੜ ਦੀ ਕਮੀ ਦਰਜ ਕੀਤੀ ਗਈ ਹੈ ਤੇ ਇਸ ਨੂੰ ਛੱਡ ਕੇ ਲਗਭਗ ਸਾਰੇ ਖਰਚੇ ਵਧੇ ਹਨ।

ਤਨਖਾਹਾਂ ਵਿਚ ਹੀ ਪਿਛਲੇ ਸਾਲ ਦੇ ਮੁਕਾਬਲੇ 178 ਕਰੋੜ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਸਰਕਾਰ ਨੇ ਬਿਜਲੀ ਸਬਸਿਡੀ ਦੇ 1282 ਕਰੋੜ, ਮੁਲਾਜ਼ਮਾਂ ਦੀ ਸੇਵਾ ਮੁਕਤੀ ਦੇ 533 ਕਰੋੜ, ਜੀ.ਪੀ.ਐਫ. ਦੇ 252 ਕਰੋੜ, ਤਨਖਾਹਾਂ ਦੇ ਏਰੀਅਰ ਦੇ 491 ਕਰੋੜ, ਗਰਾਂਟ ਇਨ ਏਡ ਦੇ 295 ਕਰੋੜ, ਮੁੱਖ ਕੰਮਾਂ ਦੇ 291 ਕਰੋੜ ਰੁਪਏ ਅਦਾ ਕਰਨ ਹਨ ਤੇ ਇਹ ਰਕਮ 3432 ਕਰੋੜ ਰੁਪਏ ਬਣਦੀ ਹੈ।

ਬਜਟ ਅਨੁਮਾਨਾਂ ਅਨੁਸਾਰ ਪਹਿਲੀ ਤਿਮਾਹੀ ਵਿਚ ਹੀ ਆਮਦਨ ਵਿਚ ਚਾਰ ਹਜ਼ਾਰ ਕਰੋੜ ਤੋਂ ਵੱਧ ਦਾ ਫਰਕ ਹੈ ਤੇ ਜੇ ਇਸ ਵਿਚ 3432 ਕਰੋੜ ਰੁਪਏ ਦੇ ਬਿਲਾਂ ਦੇ ਰੋਕੇ ਪੈਸੇ ਵੀ ਜਮ੍ਹਾਂ ਕਰ ਲਏ ਜਾਣ ਤਾਂ ਕੁੱਲ ਰਕਮ ਸਾਢੇ ਸੱਤ ਹਜ਼ਾਰ ਕਰੋੜ ਤੋਂ ਵਧ ਬਣ ਜਾਂਦੀ ਹੈ। ਇਸ ਖੱਪੇ ਨੂੰ ਕਿਵੇਂ ਦੂਰ ਕੀਤਾ ਜਾਵੇਗਾ। ਰਾਜ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਪੱਤਰ ਲਿਖ ਕੇ ਸਥਿਤੀ ਸੁਧਾਰਨ ਲਈ ਕਿਹਾ ਸੀ ਪਰ ਤਿੰਨ ਚਾਰ ਵਿਭਾਗਾਂ ਨੂੰ ਛੱਡ ਕੇ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ।

# ਬੇਅਦਬੀ ਕਾਂਡ: ਸਿੱਖ ਜਥੇਬੰਦੀਆਂ ਵੱਲੋਂ 'ਪੰਥਕ ਅਸੈਂਬਲੀ' ਸੱਦਣ ਦਾ ਫੈਸਲਾ

**ਅੰਮ੍ਰਿਤਸਰ:** ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਬੇਅਦਬੀ ਅਤੇ ਬਰਗਾੜੀ ਮਾਮਲੇ 'ਤੇ ਸਮੂਹਿਕ ਰੂਪ ਵਿਚ ਵਿਚਾਰ ਕਰਨ ਲਈ 'ਪੰਥਕ ਅਸੈਂਬਲੀ' ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਇਹ ਪੰਥਕ ਅਸੈਂਬਲੀ ਪੰਜਾਬ ਅਸੈਂਬਲੀ ਦੀ ਤਰਜ਼ 'ਤੇ ਹੋਵੇਗੀ, ਜਿਸ ਦੇ 117 ਮੈਂਬਰ ਹੋਣਗੇ।

ਇਹ ਖੁਲਾਸਾ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਤੋਂ ਬਾਅਦ ਕੀਤਾ ਗਿਆ ਹੈ। ਮੀਟਿੰਗ ਵਿਚ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਫਾਰਗ ਕੀਤੇ ਪੰਜ ਪਿਆਰਿਆਂ ਵਿਚੋਂ ਭਾਈ ਸਤਨਾਮ ਸਿੰਘ ਖੰਡਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਐਡਵੋਕੇਟ ਜਸਵਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਸਿੱਖ ਜਥੇਬੰਦੀਆਂ ਵੱਲੋਂ ਸਿੱਖ ਮਾਮਲਿਆਂ ਨੂੰ ਵਿਚਾਰਨ ਲਈ ਪੰਥਕ ਅਸੈਂਬਲੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦਾ ਪਹਿਲਾ ਇਜਲਾਸ ਇਥੇ ਅੰਮ੍ਰਿਤਸਰ ਵਿਚ 20 ਅਤੇ 21 ਅਕਤੂਬਰ ਨੂੰ ਹੋਵੇਗਾ, ਜਿਸ ਵਿਚ ਬਰਗਾੜੀ ਅਤੇ ਬੇਅਦਬੀ ਮਾਮਲਿਆਂ ਦੀ ਮੌਜੂਦਾ ਸਥਿਤੀ ਉਤੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਪੰਥਕ ਅਸੈਂਬਲੀ ਵੱਲੋਂ ਮਾਮਲੇ ਨੂੰ ਵਿਚਾਰਨ ਮਗਰੋਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਲੋੜ ਮੁਤਾਬਕ ਲੋਕਾਂ ਅਤੇ ਸਰਕਾਰ ਕੋਲ ਰੱਖਿਆ ਜਾਵੇਗਾ। ਇਹ ਪੰਥਕ ਅਸੈਂਬਲੀ ਸਿੱਖਾਂ ਦੇ ਦਬਾਅ ਗਰੁੱਪ ਵਜੋਂ



ਕੰਮ ਕਰੇਗੀ।

ਪੰਥਕ ਅਸੈਂਬਲੀ ਲਈ ਇਕ ਜਥੇਬੰਦਕ ਕਮੇਟੀ ਬਣਾਈ ਗਈ ਹੈ, ਜਿਸ ਵਿਚ ਦਸ ਮੈਂਬਰ ਸ਼ਾਮਲ ਕੀਤੇ ਗਏ ਹਨ। ਇਹ ਜਥੇਬੰਦਕ ਕਮੇਟੀ ਹੀ ਪੰਥਕ ਅਸੈਂਬਲੀ ਦੇ 117 ਮੈਂਬਰਾਂ ਨੂੰ ਨਾਮਜ਼ਦ ਕਰੇਗੀ। ਇਸ ਤੋਂ ਪਹਿਲਾਂ ਇਹ ਕਮੇਟੀ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਚੋਣ ਸਬੰਧੀ ਨਿਯਮ ਤੈਅ ਕਰੇਗੀ। ਕਿੰਨਾ ਸਿੱਖ ਮੁੱਦਿਆਂ 'ਤੇ ਚਰਚਾ ਹੋਵੇਗੀ, ਅਸੈਂਬਲੀ ਦੇ ਮੈਂਬਰ ਕੌਣ ਹੋਣਗੇ ਅਤੇ ਮੁੱਦਿਆਂ ਸਬੰਧੀ ਚਰਚਾ ਦੇ ਢੰਗ ਤਰੀਕੇ ਆਦਿ ਦਾ ਫੈਸਲਾ ਵੀ ਇਹ ਕਮੇਟੀ ਹੀ ਕਰੇਗੀ। ਇਹ ਅਸੈਂਬਲੀ ਇਤਿਹਾਸਕ ਗੁਰਮਤੇ ਦੀ ਪਰੰਪਰਾ ਨੂੰ ਵੀ ਮੁੜ ਜਿਉਂਦਾ ਕਰਨ ਲਈ ਯਤਨ ਕਰੇਗੀ। ਪਹਿਲੀ ਅਸੈਂਬਲੀ ਦੌਰਾਨ ਬੇਅਦਬੀ ਮਾਮਲਿਆਂ ਦੀ ਜਾਂਚ ਸਬੰਧੀ ਬਣੇ ਤਿੰਨਾਂ ਕਮਿਸ਼ਨਾਂ ਦੀ ਜਾਂਚ ਰਿਪੋਰਟ 'ਤੇ ਵੀ ਚਰਚਾ ਕੀਤੀ ਜਾਵੇਗੀ। ਇਸ ਤੋਂ ਕੀ ਪ੍ਰਾਪਤ ਹੋਇਆ ਅਤੇ ਕੀ ਨਹੀਂ ਹੋਇਆ, ਇਸ ਦੇ ਮੁੱਦੇ ਹੋਣਗੇ।

ਮੁਤਵਾਜ਼ੀ ਜਥੇਦਾਰ ਵੀ ਇਸ ਅਸੈਂਬਲੀ ਦਾ ਬਤੌਰ ਪੰਥਕ ਸਿੱਖ ਵਜੋਂ ਮੈਂਬਰ ਹੋ ਸਕਦੇ ਹਨ। ਇਸ ਦੌਰਾਨ ਇਨ੍ਹਾਂ ਨੁਮਾਇੰਦਿਆਂ ਨੇ ਬਰਗਾੜੀ ਧਰਨੇ ਦੌਰਾਨ ਰੱਖੀਆਂ ਗਈਆਂ ਮੰਗਾਂ ਦਾ ਸਮਰਥਨ ਕੀਤਾ ਹੈ। ਇਹ ਪੰਥਕ ਅਸੈਂਬਲੀ ਭਵਿੱਖ ਵਿਚ ਸਿੱਖਾਂ ਨਾਲ ਸਬੰਧਤ ਧਾਰਮਿਕ ਅਤੇ ਰਾਜਨੀਤਕ ਸਮੇਤ ਸਮੂਹ ਸਿੱਖ ਸਰੋਕਾਰਾਂ ਬਾਰੇ ਵਿਚਾਰ ਕਰੇਗੀ। ਇਸ ਪੰਥਕ ਅਸੈਂਬਲੀ ਨੂੰ ਸੱਦਣ ਦੀ ਲੋੜ ਬਾਰੇ ਸਿੱਖ ਆਗੂਆਂ ਨੇ ਆਖਿਆ ਕਿ ਹੁਣ ਤੱਕ ਬਰਗਾੜੀ ਅਤੇ ਬੇਅਦਬੀ ਮਾਮਲੇ ਵਿਚ ਅਕਾਲੀ ਅਤੇ ਕਾਂਗਰਸ ਸਰਕਾਰ ਦੋਵਾਂ ਨੇ ਹੀ ਅਮਲੀ ਰੂਪ ਵਿਚ ਕੁਝ ਨਹੀਂ ਕੀਤਾ ਹੈ। ਤਿੰਨ ਜਾਂਚ ਕਮਿਸ਼ਨ ਬਣੇ ਹਨ ਪਰ ਉਨ੍ਹਾਂ ਦੀਆਂ ਰਿਪੋਰਟਾਂ 'ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਕਮਿਸ਼ਨ ਦੀ ਰਿਪੋਰਟ ਨੂੰ ਦੇਖੇ ਬਿਨਾਂ ਹੀ ਰੱਦ ਕਰ ਦਿੱਤਾ ਹੈ। ਦਿੱਲੀ ਕਮੇਟੀ ਵੀ ਇਨ੍ਹਾਂ ਪੈੜਾਂ 'ਤੇ ਹੀ ਚੱਲ ਰਹੀ ਹੈ। ਬਰਗਾੜੀ ਵਿਚ ਬੈਠੇ ਸਿੱਖਾਂ ਨੂੰ ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਦੀ ਮੁਹਿੰਮ ਵੀ ਸਫਲ ਨਹੀਂ ਹੋ ਸਕੀ ਹੈ। ਇਸੇ ਲਈ ਨਿਰਾਸ਼ ਹੋ ਰਹੇ ਸਿੱਖਾਂ ਦੀ ਮੰਗ ਤੇ ਪੰਥਕ ਅਸੈਂਬਲੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ।

### ਪੰਥਕ ਅਸੈਂਬਲੀ ਸੱਦਣਾ ਹਾਸੋਹੀਣਾ: ਲੌਂਗੋਵਾਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਖੁਦ ਨੂੰ ਧਰਮ ਦੇ ਰਾਖੇ ਅਤੇ ਸਿਆਸਤ ਤੋਂ ਕੋਹਾਂ ਦੂਰ ਦੱਸਣ ਵਾਲੇ ਕੁਝ ਲੋਕਾਂ ਵੱਲੋਂ ਬੇਅਦਬੀ ਦੇ ਮੁੱਦੇ 'ਤੇ ਪੰਥਕ ਅਸੈਂਬਲੀ ਸੱਦਣਾ ਹਾਸੋਹੀਣਾ ਜਾਪ ਰਿਹਾ ਹੈ। ਉਨ੍ਹਾਂ ਆਖਿਆ ਕਿ ਉਹ ਲੋਕ ਆਪਣੀ ਗੁਆਚੀ ਸਾਖ ਨੂੰ ਬਚਾਉਣ ਲਈ ਤਰਲੋਮੱਛੀ ਹੋ ਰਹੇ ਹਨ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਆਪਣੇ 100 ਸਾਲ ਪੂਰੇ ਕਰਨ ਜਾ ਰਹੇ ਸ਼੍ਰੋਮਣੀ ਅਕਾਲੀ ਦਲ ਵਿਚ ਜਿਹੜੇ ਲੋਕ ਕਈ-ਕਈ ਸਾਲ ਵੱਖ-ਵੱਖ ਅਹੁਦਿਆਂ 'ਤੇ ਰਹੇ, ਉਹ ਅੱਜ ਆਪਣੇ ਨਿੱਜੀ ਮੁਫਾਦਾਂ ਲਈ ਬੇਅਦਬੀ ਕਾਂਡ ਨੂੰ ਆਧਾਰ ਬਣਾ ਕੇ ਨਿੱਤ ਦਿਨ ਅਖਬਾਰੀ ਸੁਰਖੀਆਂ ਬਟੋਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਸਿੱਖ ਕਤਲੇਆਮ ਦੀ ਗਵਾਹ ਨੂੰ ਖਰੀਦਣ ਦੀ ਕੋਸ਼ਿਸ਼

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਮਾਮਲੇ 'ਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ਼ ਗਵਾਹ ਚਾਮ ਕੌਰ ਨੂੰ ਗਵਾਹੀ ਨਾ ਦੇਣ ਬਦਲੇ 10 ਲੱਖ ਰੁਪਏ ਦੇਣ ਦੀ ਪੇਸ਼ਕਸ਼ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੇਸ਼ਕਸ਼ ਨਾ ਮੰਨਣ 'ਤੇ ਅੰਜਾਮ ਭੁਗਤਣ ਦੀ ਧਮਕੀ ਵੀ ਦਿੱਤੀ ਗਈ ਹੈ। ਸੁਲਤਾਨਪੁਰੀ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਜੈ ਕਿਸ਼ਨ ਦੀ ਸਮਰਥਕ ਇਕ ਮਹਿਲਾ ਵੱਲੋਂ ਇਸ ਸਬੰਧੀ ਚਾਮ ਕੌਰ ਨਾਲ ਸੰਪਰਕ ਕਰਨ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਕਤ 'ਚ ਆ ਗਈ ਹੈ। ਕਮੇਟੀ ਵੱਲੋਂ ਪਟਿਆਲਾ ਹਾਊਸ ਕੋਰਟ 'ਚ ਬੀਬੀ ਚਾਮ ਕੌਰ ਦੀ ਸੁਰੱਖਿਆ ਲਈ ਅਰਜ਼ੀ ਦਾਇਰ ਕੀਤੀ ਗਈ ਹੈ।

1984 'ਚ ਸੁਲਤਾਨਪੁਰੀ ਵਿਚ ਮਾਰੇ ਗਏ 300 ਸਿੱਖਾਂ ਵਿਚੋਂ ਇਕ ਮਾਮਲੇ 'ਚ ਬੀਬੀ ਚਾਮ ਕੌਰ ਦੀ ਪਟਿਆਲਾ ਹਾਊਸ ਕੋਰਟ 'ਚ ਗਵਾਹੀ ਹੋਣੀ ਸੀ। ਉਸ ਤੋਂ ਪਹਿਲਾਂ ਚਾਮ ਕੌਰ ਦੀ ਜਾਣਕਾਰ ਮਹਿਲਾ ਨੇ ਉਸ ਨੂੰ ਸੁਲਤਾਨਪੁਰੀ 'ਚ ਕਿਸੇ ਤੋਂ ਉਸ ਦੀ ਪੋਤਰੀ ਦੇ ਵਿਆਹ ਲਈ ਸਹਾਇਤਾ ਦਿਵਾਉਣ ਦੀ ਗੱਲ ਕੀਤੀ। ਜਦੋਂ ਚਾਮ ਕੌਰ ਤਿਲਕ ਵਿਹਾਰ ਤੋਂ ਆਪਣੀ ਲੜਕੀ ਦੇ ਘਰ ਸੁਲਤਾਨਪੁਰੀ ਗਈ ਤਾਂ ਉਕਤ ਮਹਿਲਾ ਨੇ ਚਾਮ ਕੌਰ ਨੂੰ ਪੈਸੇ ਬਦਲੇ ਗਵਾਹੀ ਨਾ ਦੇਣ ਦੀ ਪੇਸ਼ਕਸ਼ ਕੀਤੀ। ਚਾਮ ਕੌਰ ਵੱਲੋਂ ਇਨਕਾਰ ਕਰਨ ਮਗਰੋਂ ਉਸ ਨੇ ਬਾਹਰ ਗੱਡੀ 'ਚ ਬੈਠੇ ਜੈ ਕਿਸ਼ਨ ਨਾਲ ਮੁਲਾਕਾਤ ਕਰਨ ਲਈ ਜ਼ੋਰ ਦਿੱਤਾ, ਪਰ ਚਾਮ ਕੌਰ ਨੇ ਇਨਕਾਰ ਕਰ ਦਿੱਤਾ। ਇਸ ਬਾਰੇ ਅਦਾਲਤ ਕੰਪਲੈਕਸ 'ਚ ਮੌਜੂਦ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਜਾਣਕਾਰੀ ਦਿੰਦੇ ਹੋਏ ਸੱਜਣ ਕੁਮਾਰ ਤੇ ਉਸ ਦੇ ਸਾਥੀਆਂ ਉਤੇ 3 ਗਵਾਹਾਂ ਨੂੰ ਧਮਕਾਉਣ ਦਾ ਦੋਸ਼ ਲਗਾਇਆ।

ਸ੍ਰੀ ਜੌਲੀ ਨੇ ਕਿਹਾ ਕਿ ਜੋਗਿੰਦਰ ਸਿੰਘ, ਪੋਪਰੀ ਕੌਰ ਤੋਂ ਬਾਅਦ ਹੁਣ ਚਾਮ ਕੌਰ ਨੂੰ ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਚਾਮ ਕੌਰ ਨੂੰ ਧਮਕਾਉਣ ਅਤੇ ਲਾਲਚ ਦੇਣ ਦੀ ਪੇਸ਼ਕਸ਼ ਕਰਨ ਵਾਲੀ ਮਹਿਲਾ ਜੈ ਕਿਸ਼ਨ ਦੀ ਸਮਰਥਕ ਦੱਸੀ ਜਾਂਦੀ ਹੈ, ਜਿਸ ਨੇ ਚਾਮ ਕੌਰ ਦੇ ਨਾਲ ਹੀ 1984 ਦੀ ਲੜਾਈ ਲੜ ਰਹੇ ਗੁਰਦੁਆਰਾ ਕਮੇਟੀ ਦੇ ਪੈਰੋਕਾਰਾਂ ਸਣੇ ਵਕੀਲਾਂ ਨੂੰ ਵੀ ਵੇਖ ਲੈਣ ਦੀ ਧਮਕੀ ਦਿੱਤੀ ਹੈ।

## ਦਿੱਲੀ 'ਚ ਸਥਾਪਤ ਹੋਣਗੇ 3 ਸਿੱਖ ਜਰਨੈਲਾਂ ਦੇ ਬੁੱਤ

**ਚੰਡੀਗੜ੍ਹ:** ਸਿੱਖ ਇਤਿਹਾਸ ਦੇ ਭੁੱਲੇ-ਵਿੱਸਰੇ ਅਧਿਆਏ ਬਾਰੇ ਦਿੱਲੀ ਦੇ ਲੋਕਾਂ ਨੂੰ ਜਾਣੂ ਕਰਾਉਣ ਲਈ ਗਵਾਲੀਅਰ ਆਧਾਰਤ ਪ੍ਰਭਾਤ ਮੂਰਤੀ ਕਲਾ ਕੇਂਦਰ ਵੱਲੋਂ ਤਿੰਨ ਸਿੱਖ ਜਰਨੈਲਾਂ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਕਾਂਸੀ ਦੇ ਬੁੱਤਾਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ, ਜੋ ਇਥੇ ਸਥਾਪਤ ਕੀਤੇ ਜਾਣੇ ਹਨ। ਇਨ੍ਹਾਂ ਤਿੰਨਾਂ ਜਰਨੈਲਾਂ ਦੀ ਅਗਵਾਈ ਹੇਠਲੀਆਂ ਸਿੱਖ ਫੌਜਾਂ ਨੇ 1783 'ਚ ਮੁਗਲ ਬਾਦਸ਼ਾਹ ਸ਼ਾਹ ਆਲਮ-ਦੂਜੇ ਨੂੰ ਹਰਾ ਕੇ ਦਿੱਲੀ ਉਤੇ ਕਬਜ਼ਾ ਕੀਤਾ ਸੀ ਤੇ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾਇਆ ਸੀ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਬੁੱਤ ਬਣਾਉਣ ਦਾ ਆਰਡਰ ਦਿੱਤਾ ਗਿਆ ਹੈ ਤੇ ਕਮੇਟੀ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਦਿੱਲੀ ਫਤਹਿ ਦਿਵਸ ਸਮਾਗਮ ਵੀ ਮਨਾਏ ਜਾ ਰਹੇ ਹਨ। ਕਮੇਟੀ ਦੇ ਜਨਰਲ ਸਕੱਤਰ ਅਤੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ, 'ਤਿੰਨਾਂ ਬੁੱਤਾਂ 'ਚੋਂ ਹਰ ਇਕ ਦੀ ਉਚਾਈ 12 ਫੁੱਟ ਤੇ ਭਾਰ 1200 ਤੋਂ 1400 ਕਿਲੋ ਹੈ। ਇਹ ਬੁੱਤ ਅਗਲੇ ਮਹੀਨੇ ਪੱਛਮੀ ਦਿੱਲੀ ਦੇ ਸੁਭਾਸ਼ ਨਗਰ ਮੈਟਰੋ ਸਟੇਸ਼ਨ ਅਤੇ ਨਜਫਗੜ੍ਹ ਰੋਡ ਦੇ ਸਾਹਮਣੇ ਪਾਰਕ 'ਚ ਸਥਾਪਤ ਕੀਤੇ ਜਾਣਗੇ। ਇਥੋਂ ਰੋਜ਼ਾਨਾ 20 ਲੱਖ ਦੇ ਕਰੀਬ ਲੋਕ ਲੰਘਦੇ ਹਨ। ਰਾਜੌਰੀ ਗਾਰਡਨ ਦੇ ਵਿਧਾਇਕ ਨੇ ਕਿਹਾ, 'ਦਿੱਲੀ ਦੇ ਬਹੁਤੇ ਲੋਕ ਸਿੱਖ ਵਿਰਾਸਤ ਤੋਂ ਅਣਜਾਣ ਹਨ। 'ਤੀਸ ਹਜ਼ਾਰੀ ਅਦਾਲਤ' ਦਾ ਨਾਂ ਬਾਬਾ ਬਘੇਲ ਸਿੰਘ ਦੇ 30 ਹਜ਼ਾਰ ਜਵਾਨਾਂ ਦੀ ਫੌਜ ਵੱਲੋਂ ਇਸ ਇਲਾਕੇ 'ਚ ਠਹਿਰਾਅ ਕਰਨ ਕਾਰਨ ਪਿਆ ਸੀ। 'ਪੁਲ ਮਿਠਾਈ' ਉਹ ਥਾਂ ਹੈ ਜਿਥੇ ਸਿੱਖ ਫੌਜੀ ਲੋਕਾਂ ਨੂੰ ਮਠਿਆਈ ਵੰਡਦੇ ਸੀ ਤੇ ਮੋਰੀ ਗੇਟ ਦਾ ਨਾਂ ਸਿੱਖ ਫੌਜੀਆਂ ਵੱਲੋਂ ਲਾਲ ਕਿਲ੍ਹੇ ਅੰਦਰ ਦਾਖਲ ਹੋਣ ਲਈ ਕੰਧ 'ਚ ਲਾਈ ਗਈ ਸੰਨ੍ਹ ਕਾਰਨ ਪਿਆ।

ਪਿਛਲੇ ਸਾਲ ਅਗਸਤ 'ਚ ਸ੍ਰੀ ਸਿਰਸਾ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਲਾਲ ਕਿਲ੍ਹੇ 'ਚ ਸਿੱਖ ਜਰਨੈਲਾਂ ਬਾਰੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇ ਤੇ ਇੱਥੇ ਇਨ੍ਹਾਂ ਸਿੱਖ ਜਰਨੈਲਾਂ ਦੇ ਬੁੱਤ ਸਥਾਪਤ ਕੀਤੇ ਜਾਣ। ਪ੍ਰਧਾਨ ਮੰਤਰੀ ਦਫ਼ਤਰ ਤੋਂ ਜਵਾਬ ਆਇਆ ਸੀ ਕਿ ਇਹ ਕੇਸ ਰੱਖਿਆ ਮੰਤਰਾਲੇ ਨੂੰ ਭੇਜ ਦਿੱਤਾ ਗਿਆ ਹੈ ਕਿਉਂਕਿ ਇਹ ਯਾਦਗਾਰ (ਲਾਲ ਕਿਲ੍ਹਾ) ਉਸ ਅਧੀਨ ਆਉਂਦੀ ਹੈ। ਬਾਅਦ ਵਿਚ ਇਹ ਮਾਮਲਾ ਸੱਭਿਆਚਾਰ ਮੰਤਰਾਲੇ ਨੂੰ ਭੇਜ ਦਿੱਤਾ ਗਿਆ। ਇਹ ਮਾਮਲਾ ਅਜੇ ਵੀ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ। ਕੁਝ ਸਾਲ ਪਹਿਲਾਂ ਡੀ.ਐਸ.ਜੀ.ਐਸ.ਸੀ. ਨੇ ਮੰਡੀ ਹਾਊਸ ਮੈਟਰੋ ਸਟੇਸ਼ਨ ਨੇੜੇ ਬਾਬਾ ਬੰਦਾ ਸਿੰਘ ਬਹਾਦਰ ਦੇ ਬੁੱਤ ਤੋਂ ਪਰਦਾ ਚੁੱਕਿਆ ਸੀ।

ਜ਼ਿਕਰਯੋਗ ਹੈ ਕਿ ਪ੍ਰਭਾਤ ਮੂਰਤੀ ਕਲਾ ਕੇਂਦਰ ਦੇਸ਼ ਦੀਆਂ ਸਭ ਤੋਂ ਮੋਹਰੀ ਬੁੱਤਘਾੜ ਸੰਸਥਾਵਾਂ 'ਚੋਂ ਇਕ ਹੈ ਤੇ ਇਸੇ ਕੇਂਦਰ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਤ ਵਿਸ਼ਿਆਂ ਉਤੇ ਬੁੱਤ ਬਣਾਏ ਜਾਂਦੇ ਹਨ।

ਕੇਂਦਰ ਦੇ ਮੁੱਖ ਬੁੱਤਘਾੜੇ ਪ੍ਰਭਾਤ ਰਾਏ ਵੱਲੋਂ ਹੁਣ ਤੱਕ ਛੇ ਸਿੱਖ ਸ਼ਖ਼ਸੀਅਤਾਂ ਦੇ ਬੁੱਤ ਬਣਾਏ ਜਾ ਚੁੱਕੇ ਹਨ, ਜੋ ਮੁਹਾਲੀ ਜ਼ਿਲ੍ਹੇ ਦੇ ਪਿੰਡ ਚੱਪੜਚਿੜੀ 'ਚ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ 'ਚ ਸਥਾਪਤ ਹਨ। ਸ੍ਰੀ ਰਾਏ ਵੱਲੋਂ 2016 ਵਿਚ ਬਣਾਇਆ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਮਹਾਰਾਜਾ ਦੇ ਫਰਾਂਸੀਸੀ ਮਦਦਗਾਰ ਜਨਰਲ ਜਾਂ ਫਰੈਂਕੋਇਸ ਐਲਰਡ ਦੇ ਜਨਮ ਸਥਾਨ ਸੇਂਟ ਟਰੋਪਜ਼ 'ਚ ਸਥਾਪਤ ਹੈ।

## ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਵਿਚ ਮੁੜ ਹਾਲਾਤ ਖਰਾਬ ਹਨ, ਜਿਸ ਕਾਰਨ ਹਿੰਦੂ ਤੇ ਸਿੱਖਾਂ ਨੂੰ ਅਫਗਾਨਿਸਤਾਨ ਛੱਡ ਕੇ ਆਉਣਾ ਪਿਆ ਹੈ। ਉਹ ਗੁਰੂ ਘਰ 'ਚ ਅਰਦਾਸ ਕਰਦੇ ਹਨ ਕਿ ਉਥੇ ਹਾਲਾਤ ਸੁਧਰ ਜਾਣ ਤਾਂ ਜੋ ਘਰ-ਬਾਰ ਛੱਡ ਕੇ ਆਏ ਹਿੰਦੂ ਤੇ ਸਿੱਖ ਅਫਗਾਨਿਸਤਾਨ ਪਰਤ ਸਕਣ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਉਨ੍ਹਾਂ ਨੂੰ ਲੰਗਰ ਪ੍ਰਥਾ ਬਾਰੇ ਦੱਸਿਆ। ਇਸ ਮਗਰੋਂ ਸੂਚਨਾ ਕੇਂਦਰ ਵਿੱਚ ਹਾਮਿਦ ਕਰਜ਼ਈ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਹਰਿਮੰਦਰ ਸਾਹਿਬ ਦਾ ਮਾਡਲ, ਲੋਈ ਤੇ ਸਿਰੋਪਾ ਦੇ ਕੇ ਸਨਮਾਨਿਆ ਗਿਆ। ਉਨ੍ਹਾਂ ਅਕਾਲੀ ਸਰਕਾਰ ਵੇਲੇ ਬਣੇ ਵਿਰਾਸਤੀ ਮਾਰਗ ਦੀ ਵੀ ਸ਼ਲਾਘਾ ਕੀਤੀ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਈ ਨੂੰ ਯੁੱਧ ਗ੍ਰਸਤ ਮੁਲਕ ਲਈ ਰਣਨੀਤਿਕ ਸਹਿਯੋਗ ਤੇ ਸਮਰਥਨ ਦੇਣ ਦਾ ਭਰੋਸਾ ਦਿੱਤਾ ਹੈ। ਸ੍ਰੀ ਕਰਜ਼ਈ ਨੇ ਪੀ.ਏ.ਯੂ. ਦੇ ਕਿਸਾਨ ਮੇਲੇ ਵਿਚ ਉਨ੍ਹਾਂ ਨੂੰ ਬਤੌਰ ਮੁੱਖ ਮਹਿਮਾਨ ਸੱਦਾ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਅਤੇ ਪੰਜਾਬ ਦਰਮਿਆਨ ਸੱਭਿਆਚਾਰਕ ਸਾਂਝ ਗੂੜ੍ਹੀ ਹੈ, ਜਿਸ ਦਾ ਲਾਭ ਖੇਤੀਬਾੜੀ ਤੇ ਬਾਗ਼ਬਾਨੀ ਦੇ ਖੇਤਰਾਂ ਵਿਚ ਤਕਨੀਕੀ ਗਿਆਨ ਦੇ ਆਦਾਨ-ਪ੍ਰਦਾਨ ਅਤੇ ਆਪਸੀ ਮਿਲਵਰਤਣ ਰਾਹੀਂ ਮਿਲ ਸਕਦਾ ਹੈ।

### ਗੰਨੇ ਦੀ 56 ਕਰੋੜ ਦੀ ਅਦਾਇਗੀ ਬਾਰੇ ਫੈਸਲਾ

**ਚੰਡੀਗੜ੍ਹ:** ਸਹਿਕਾਰਤਾ ਤੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਹਿਕਾਰੀ ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ ਗੰਨੇ ਦੀ ਬਕਾਇਆ ਰਕਮ ਵਿਚੋਂ ਲਗਭਗ 56 ਕਰੋੜ ਰੁਪਏ ਦੀ ਅਦਾਇਗੀ ਅਗਲੇ ਹਫਤੇ ਕਰ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ 56 ਕਰੋੜ ਰੁਪਏ ਵਿਚੋਂ 21 ਕਰੋੜ ਰੁਪਏ ਦੀ ਅਦਾਇਗੀ ਮਿੱਲਾਂ ਵੱਲੋਂ ਸਹਿਕਾਰੀ ਬੈਂਕ ਦੀ ਮਦਦ ਨਾਲ ਆਪਣੇ ਪੱਧਰ 'ਤੇ ਕੀਤੀ ਜਾਵੇਗੀ ਅਤੇ ਬਾਕੀ 35 ਕਰੋੜ ਰੁਪਏ ਦੀ ਮਨਜ਼ੂਰੀ ਵਿੱਤ ਵਿਭਾਗ ਨੇ ਦੇ ਦਿੱਤੀ ਹੈ।

## ਸ਼੍ਰੋਮਣੀ ਕਮੇਟੀ ਦੇ ਸਮਾਗਮ 'ਚ ਹਾਸ਼ੀਏ 'ਤੇ ਰਹੇ ਗਿਆਨੀ ਗੁਰਬਚਨ ਸਿੰਘ

**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਚ ਭਾਈ



ਘਨਈਆ ਜੀ ਦੇ 300 ਸਾਲਾ ਬਰਸੀ ਸਬੰਧੀ ਕਰਵਾਏ ਗਏ ਸਮਾਗਮ ਦੌਰਾਨ ਅਕਾਲ ਤਖਤ ਦੇ ਜਥੇਦਾਰ ਨੂੰ ਸਭ ਤੋਂ ਬਾਅਦ ਬੋਲਣ ਲਈ ਸਮਾਂ ਦਿੱਤਾ ਗਿਆ। ਇਸ ਤੋਂ ਇਲਾਵਾ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਸਣੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਨੂੰ ਬੋਲਣ ਲਈ ਢੁਕਵਾਂ ਸਮਾਂ ਦਿੱਤਾ ਗਿਆ।

ਹਾਲਾਂਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਸ਼੍ਰੋਮਣੀ ਕਮੇਟੀ ਦੀ ਸਟੇਜ 'ਤੇ ਮੌਜੂਦ ਸਨ ਪਰ ਉਹ ਇਕ ਪਾਸੇ ਹੋ ਕੇ ਹੀ ਬੈਠੇ ਰਹੇ ਜਦਕਿ ਪ੍ਰੋਟੋਕੋਲ ਅਨੁਸਾਰ ਮੁੱਖ ਸਟੇਜ ਉਤੇ ਉਹ ਬਾਬੇ ਵੀ ਮੁੱਖ ਧਾਰਾ ਵਿਚ ਨਜ਼ਰ ਆਏ, ਜੋ ਅਹੁਦੇ ਤੇ ਤਜਰਬੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਨਾਲੋਂ ਕਾਫੀ ਘੱਟ ਸਨ। ਸਮਾਗਮ ਦੌਰਾਨ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਪ੍ਰਮੁੱਖਤਾ ਦੇ ਨਾਲ ਸਟੇਜ 'ਤੇ ਮੌਜੂਦ ਰਹੇ ਤੇ ਉਨ੍ਹਾਂ ਨੂੰ ਬੋਲਣ ਲਈ ਵੀ ਜ਼ਿਕਰਯੋਗ ਸਮਾਂ ਦਿੱਤਾ ਗਿਆ। ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਬਿਨਾਂ ਕਿਸੇ ਦੇ ਕਹੇ ਹੀ ਜਥੇਦਾਰ ਨੂੰ ਚੁੱਪ-ਚਾਪ ਆਪਣਾ ਅਹੁਦਾ ਹੁਣ ਛੱਡ ਦੇਣਾ ਚਾਹੀਦਾ ਹੈ, ਤਾਂ ਜੋ ਅਹੁਦੇ ਦੀ ਮਰਿਆਦਾ ਬਣੀ ਰਹੇ।

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯੂ. ਕੇ. ਦਾ ਪਹਿਲਾ ਸਿੱਖ ਸੁਰੱਖਿਆ ਗਾਰਡ ਕੋਕੀਨ ਲੈਣ ਦਾ ਦੋਸ਼ੀ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਬੈੱਥ ਦੋਇਮ ਦੇ ਜਨਮ ਦਿਨ ਮੌਕੇ ਕੱਢੀ ਜਾਣ ਵਾਲੀ ਸਾਲਾਨਾ ਪਰੇਡ ਵਿਚ ਪਹਿਲੀ ਵਾਰ ਸਿਰ 'ਤੇ ਦਸਤਾਰ ਸਜਾ ਕੇ ਸ਼ਿਰਕਤ ਕਰਦਿਆਂ ਇਤਿਹਾਸ ਸਿਰਜਣ ਵਾਲੇ 22 ਸਾਲਾ ਸਿੱਖ ਸਿਪਾਹੀ ਚਰਨਪ੍ਰੀਤ ਸਿੰਘ ਲਾਲ ਨੂੰ ਕੋਕੀਨ ਲੈਣ ਦਾ ਦੋਸ਼ੀ ਪਾਇਆ ਗਿਆ ਹੈ।

ਇਕ ਮੀਡੀਆ ਰਿਪੋਰਟ ਮੁਤਾਬਕ ਦੋਸ਼ ਸਾਬਤ ਹੋਣ 'ਤੇ ਉਸ ਨੂੰ ਸੁਰੱਖਿਆ ਗਾਰਦ ਦੀ ਆਪਣੀ ਵਰਦੀ ਗੁਆਉਣੀ ਪੈ ਸਕਦੀ ਹੈ। ਚਰਨਪ੍ਰੀਤ ਲੰਘੇ ਜੂਨ ਮਹੀਨੇ ਉਦੋਂ ਸੁਰਖੀਆਂ 'ਚ ਆਇਆ ਸੀ ਜਦੋਂ ਟ੍ਰੂਪਿੰਗ ਦਿ ਕਲਰ ਸੈਰੇਮਨੀ ਵਿਚ ਉਹ ਸਿਰ ਉਤੇ ਦਸਤਾਰ ਸਜਾ ਕੇ ਸ਼ਾਮਲ ਹੋਇਆ। ਦਿ ਸੰਨ ਦੀ ਰਿਪੋਰਟ ਮੁਤਾਬਕ ਪਿਛਲੇ ਹਫਤੇ ਚਰਨਪ੍ਰੀਤ ਦੀ ਬੈਰਕ ਵਿਚ ਹੀ ਉਸ ਦਾ ਰੈਂਡਮ ਡਰੱਗ ਟੈਸਟ ਕੀਤਾ ਗਿਆ ਸੀ। ਅੰਦਰਲੇ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਸਿੱਖ ਸਿਪਾਹੀ ਦੇ ਨਮੂਨੇ ਵਿਚ ਵੱਡੇ ਪੱਧਰ 'ਤੇ ਕੋਕੀਨ ਦੇ ਅੰਸ਼ ਮਿਲੇ ਹਨ। ਰਿਪੋਰਟ ਵਿਚ ਇਕ ਸੂਤਰ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 'ਸੁਰੱਖਿਆ ਗਾਰਦ ਲਾਲ ਬੈਰਕਾਂ ਵਿਚ ਇਸ ਬਾਰੇ ਖੁੱਲ੍ਹੇਆਮ ਗੱਲ ਕਰ ਰਿਹਾ ਸੀ।

ਗਾਰਦ ਪੈਲੇਸ ਵਿਚ ਜਨਤਕ ਸੇਵਾਵਾਂ ਨਿਭਾਉਂਦੀ ਹੈ ਤੇ ਅਜਿਹਾ ਵਤੀਰਾ ਅਫ਼ਸੋਸਨਾਕ ਹੈ।' ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ 'ਇਹ ਫੈਸਲਾ ਹੁਣ ਕਮਾਂਡਿੰਗ ਅਧਿਕਾਰੀ ਨੇ ਕਰਨਾ ਹੈ ਕਿ ਉਸ ਨੂੰ ਵਰਦੀ ਮਿਲੇਗੀ ਜਾਂ ਨਹੀਂ, ਪਰ ਜੇਕਰ ਕੋਈ ਅਜਿਹਾ ਨਸ਼ਾ ਲੈਂਦਿਆਂ ਫੜਿਆ ਜਾਂਦਾ ਹੈ, ਉਸ ਨੂੰ ਬਰਖਾਸਤ ਕਰਨ ਦੀ ਆਸ ਕੀਤੀ ਜਾਂਦੀ ਹੈ। ਹਰ ਕੋਈ ਹੈਰਾਨ ਹੈ। ਪਹਿਲਾਂ ਉਹ ਲਾਈਮ ਲਾਈਟ ਵਿਚ ਆਇਆ ਤੇ ਹੁਣ ਉਸ ਨੇ ਖੁਦ ਨੂੰ ਮੁਸੀਬਤ 'ਚ ਪਾ ਲਿਆ।' ਲਾਲ ਉਨ੍ਹਾਂ ਤਿੰਨ ਸਿਪਾਹੀਆਂ ਵਿਚ ਸ਼ਾਮਲ ਹੈ, ਜਿਨ੍ਹਾਂ ਦੇ ਵਿੰਡਸਰ ਦੀ ਵਿਕਟੋਰੀਆ ਬੈਰਕਾਂ ਵਿਚ ਲਏ ਨਮੂਨੇ ਪਾਜ਼ੇਟਿਵ ਪਾਏ ਗਏ ਹਨ। ਉਧਰ, ਆਰਮੀ ਪਰਸੋਨਲ ਸਰਵਸਿਜ਼ ਗਰੁੱਪ ਦੇ ਮੁਖੀ ਬ੍ਰਿਗੇਡੀਅਰ ਕ੍ਰਿਸਟੋਫ਼ਰ ਕੋਲਸ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਕੋਲਡਸਟ੍ਰੀਮ ਗਾਰਡਜ਼ ਦੇ ਕੁਝ ਸਿਪਾਹੀ ਨਸ਼ਾ ਲੈਣ ਦੇ ਦੋਸ਼ 'ਚ ਜਾਂਚ ਅਧੀਨ ਹਨ। ਸਾਲ 2016 ਵਿਚ ਬ੍ਰਿਟਿਸ਼ ਫ਼ੌਜ ਦਾ ਹਿੱਸਾ ਬਣਨ ਵਾਲੇ ਚਰਨਪ੍ਰੀਤ ਸਿੰਘ ਲਾਲ ਦਾ ਜਨਮ ਪੰਜਾਬ ਵਿਚ ਹੋਇਆ ਸੀ ਤੇ ਉਹ ਅਜੇ ਬੱਚਾ ਸੀ ਜਦੋਂ ਉਹਦਾ ਪਰਿਵਾਰ ਯੂਕੇ ਆ ਗਿਆ। ਮਹਾਰਾਣੀ ਦੇ 92ਵੇਂ ਜਨਮ ਦਿਨ ਮੌਕੇ ਕੱਢੀ ਜਾਂਦੀ ਟਰੂਪਿੰਗ ਦਾ ਕਲਰ ਰਸਮ ਦੌਰਾਨ ਉਹ ਸਾਲਾਨਾ ਪਰੇਡ ਵਿਚ ਦਸਤਾਰ ਸਜਾ ਕੇ ਸ਼ਾਮਲ ਹੋਇਆ ਸੀ। ਅਜਿਹਾ ਕਰਨ ਵਾਲਾ ਉਹ ਪਹਿਲਾ ਸਿੱਖ ਸਿਪਾਹੀ ਸੀ।

# ਹਵਾਰਾ 'ਤੇ ਹਮਲਾ ਕਰਨ ਵਾਲੇ ਸ਼ਿਵ ਸੈਨਾ ਆਗੂ ਦਾ ਜੇਲ੍ਹ 'ਚ ਕੁਟਾਪਾ

**ਰੂਪਨਗਰ:** ਧੋਖਾਧੜੀ ਦੇ ਕੇਸ ਵਿਚ ਜ਼ਿਲ੍ਹਾ ਜੇਲ੍ਹ ਰੂਪਨਗਰ 'ਚ ਬੰਦ ਸ਼ਿਵ ਸੈਨਾ ਹਿੰਦ ਦੇ ਕੌਮੀ ਪ੍ਰਧਾਨ ਨਿਸ਼ਾਂਤ ਸ਼ਰਮਾ 'ਤੇ ਲੁਧਿਆਣਾ ਦੇ ਆਰ.ਐਸ.ਐਸ. ਆਗੂ ਰਵਿੰਦਰ ਗੁਸਾਈਂ ਦੇ ਕਤਲ ਕੇਸ ਵਿਚ ਜੇਲ੍ਹ ਵਿਚ ਬੰਦ ਰਮਨਦੀਪ ਸਿੰਘ ਬੱਗਾ ਉਰਫ ਕੈਨੇਡੀਅਨ ਨੇ ਆਪਣੇ ਦੋ ਸਾਥੀਆਂ ਨਾਲ ਹਮਲਾ ਕਰ ਦਿੱਤਾ।

ਹਮਲੇ ਵਿਚ ਨਿਸ਼ਾਂਤ ਦੇ ਹੱਥ, ਮੋਢੇ ਅਤੇ ਛਾਤੀ 'ਤੇ ਸੱਟਾਂ ਵੱਜੀਆਂ ਹਨ। ਰਮਨਦੀਪ ਸਿੰਘ ਬੱਗਾ ਆਪਣੇ ਦੋ ਸਾਥੀਆਂ ਬਹਾਦਰ ਸਿੰਘ ਅਤੇ ਬਾਲਪ੍ਰੀਤ ਨਾਲ ਆਇਆ ਅਤੇ ਚੱਕੀ ਦੇ ਦਰਵਾਜ਼ਿਆਂ ਦੇ ਜਿੰਦਰੇ ਅਤੇ ਕੁੰਡੇ ਤੋੜ ਕੇ ਤਿੰਨੋਂ ਅੰਦਰ ਦਾਖਲ ਹੋ ਗਏ। ਇਸ ਤੋਂ ਬਾਅਦ ਨਿਸ਼ਾਂਤ 'ਤੇ ਲੋਹੇ ਦੀ ਕੜਛੀ ਦੇ ਡੰਡੇ ਅਤੇ ਤਿੱਖੇ ਕੀਤੇ ਚਮਚੇ ਨਾਲ ਹਮਲਾ ਕਰ ਦਿੱਤਾ। ਜਾਣਕਾਰੀ ਅਨੁਸਾਰ ਜਿਸ ਸਮੇਂ ਹਮਲਾਵਰਾਂ ਨੇ ਨਿਸ਼ਾਂਤ ਸ਼ਰਮਾ 'ਤੇ ਹਮਲਾ ਕੀਤਾ ਉਸ ਸਮੇਂ ਉਹ ਇਹ ਕਹਿ ਰਹੇ ਸਨ ਕਿ 'ਤੂੰ ਅੱਗੇ ਤੋਂ ਜਗਤਾਰ ਹਵਾਰੇ ਨੂੰ ਗਾਲ੍ਹਾਂ ਕੱਢੇਗਾ?'

ਸ਼ਿਵ ਸੈਨਾ ਆਗੂ ਨੂੰ ਜ਼ਖ਼ਮੀ ਹਾਲਤ ਵਿਚ ਜੇਲ੍ਹ ਪ੍ਰਸ਼ਾਸਨ ਵੱਲੋਂ ਸਿਵਲ ਹਸਪਤਾਲ ਰੂਪਨਗਰ ਵਿਚ ਲਿਆਂਦਾ ਗਿਆ ਜਿਥੋਂ ਇਲਾਜ ਤੋਂ ਬਾਅਦ ਉਸ ਨੂੰ ਵਾਪਸ ਜੇਲ੍ਹ ਲਿਆਂਦਾ ਗਿਆ। ਪਤਾ ਚੱਲਿਆ ਹੈ ਕਿ ਹੁਣ ਉਸ ਨੂੰ ਪਠਾਨਕੋਟ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ। ਰੂਪਨਗਰ ਦੀ ਅਦਾਲਤ ਨੇ ਨਿਸ਼ਾਂਤ ਸ਼ਰਮਾ ਨੂੰ ਧੋਖਾਧੜੀ ਦੇ ਕੇਸ ਵਿਚ 4 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਰੂਪਨਗਰ ਜੇਲ੍ਹ ਭੇਜਿਆ ਗਿਆ ਸੀ। ਜ਼ਿਕਰਯੋਗ ਹੈ ਕਿ ਨਿਸ਼ਾਂਤ ਸ਼ਰਮਾ ਨੇ ਬੱਬਰ ਖਾਲਸਾ ਦੇ ਕਾਰਕੁਨ ਜਗਤਾਰ ਸਿੰਘ ਹਵਾਰਾ 'ਤੇ ਚੰਡੀਗੜ੍ਹ ਵਿਚ ਅਦਾਲਤੀ ਪੇਸ਼ੀ ਸਮੇਂ ਹਮਲਾ ਕੀਤਾ ਸੀ।

# ਪਦਮ ਵਿਭੂਸ਼ਨ ਕੁਮੈਂਟੇਟਰ ਜਸਦੇਵ ਸਿੰਘ ਨਹੀਂ ਰਹੇ

**ਨਵੀਂ ਦਿੱਲੀ:** ਦੂਰਦਰਸ਼ਨ ਉਤੇ ਭਾਰਤੀ ਖੇਡ ਜਗਤ ਦੀ ਆਵਾਜ਼ ਵਜੋਂ ਜਾਣੇ ਜਾਂਦੇ ਪ੍ਰਸਿੱਧ ਕੁਮੈਂਟੇਟਰ ਜਸਦੇਵ ਸਿੰਘ (87) ਇਸ ਸੰਸਾਰ ਤੋਂ ਰੁਖਸਤ ਹੋ ਗਏ। ਉਹ ਲੰਬੇ ਸਮੇਂ ਤੋਂ ਬਿਮਾਰ ਸਨ। ਸਾਲ 1970 ਦਾ ਆਖਰੀ ਦਹਾਕਾ ਤੇ 1980 ਦੇ ਦਹਾਕੇ ਦੇ ਅਗਲੇ ਸਾਲ ਦੂਰਦਰਸ਼ਨ ਦੇ ਖੇਡਾਂ ਦੀ ਕਵਰੇਜ ਲਈ ਚੰਗੇ ਦਿਨ ਮੰਨੇ ਜਾਂਦੇ ਹਨ।

ਉਨ੍ਹਾਂ ਨੂੰ 1985 ਵਿਚ ਪਦਮਸ੍ਰੀ ਪੁਰਸਕਾਰ ਦੇ ਨਾਲ ਤੇ 2008 ਵਿਚ ਪਦਮ ਵਿਭੂਸ਼ਨ ਪੁਰਸਕਾਰ ਨਾਲ ਨਿਵਾਜਿਆ ਗਿਆ। ਦੇਸ਼-ਪ੍ਰਦੇਸ਼ ਵਿਚ ਜਸਦੇਵ ਸਿੰਘ, ਰਵੀ ਚਤੁਰਵੇਦੀ ਅਤੇ ਸੁਸ਼ੀਲ ਸਿੰਘ ਤੇ ਕੁੱਝ ਹੋਰ ਨਾਂ ਖੇਡਾਂ ਨਾਲ ਮੋਹ ਰੱਖਣ ਵਾਲਿਆਂ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨੇ 1955 ਵਿਚ ਆਲ ਰੇਡੀਓ ਦੇ ਜੈਪੁਰ ਸਟੇਸ਼ਨ ਤੋਂ ਆਪਣੀ ਨੌਕਰੀ ਦਾ ਸਫਰ ਸ਼ੁਰੂ ਕੀਤਾ। ਉਹ ਆਲ ਇੰਡੀਆ ਰੇਡੀਓ ਦੀ ਵੀ ਖੇਡ ਆਵਾਜ਼ ਵਜੋਂ ਜਾਣੇ ਜਾਂਦੇ ਸਨ। ਖੇਡਾਂ, ਸੂਚਨਾ ਅਤੇ ਪ੍ਰਸਾਰਨ ਰਾਜ ਮੰਤਰੀ ਰਾਜਵਰਧਨ ਸਿੰਘ ਰਠੌਰ ਨੇ ਉਨ੍ਹਾਂ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸ੍ਰੀ ਰਾਠੌੜ ਨੇ ਟਵੀਟ ਕਰ ਕੇ ਕਿਹਾ ਹੈ ਕਿ ਇਹ ਜਾਣ ਕੇ ਡੂੰਘਾ ਸਦਮਾ ਲੱਗਾ ਕਿ ਸਾਡੇ ਸਭ ਤੋਂ ਬਿਹਤਰੀਨ ਕੁਮੈਂਟੇਟਰ ਚੱਲ ਵਸੇ ਹਨ। ਉਨ੍ਹਾਂ ਨੇ ਹੈਲਿੰਸਕੀ (1968) ਤੋਂ ਮੈਲਬੌਰਨ (2000) ਤੱਕ ਕੁਮੈਂਟਰੀ ਕੀਤੀ। ਉਨ੍ਹਾਂ ਦੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਦਾ ਸੀ। ਅੰਤਰਰਾਸ਼ਟਰੀ ਉਲੰਪਿਕ ਕੌਂਸਲ ਦੇ ਸਾਬਕਾ ਮੁਖੀ ਜੁਆਨ ਅੰਤੋਨੀਓ ਸਾਮਾਰਾਂਚ ਨੇ 1988 ਵਿਚ ਸਿਓਲ ਉਲੰਪਿਕ ਦੌਰਾਨ ਉਨ੍ਹਾਂ ਨੂੰ ਉਲੰਪਿਕ ਖੇਡਾਂ ਦੇ ਪ੍ਰਚਾਰ ਪਾਸਾਰ ਬਦਲੇ 'ਉਲੰਪਿਕ ਆਰਡਰ' ਨਾਲ ਸਨਮਾਨਤ ਕੀਤਾ। 1963 ਤੋਂ ਉਨ੍ਹਾਂ ਨੇ ਗਣਤੰਤਰ ਦਿਵਸ ਮੌਕੇ ਕੁਮੈਂਟਰੀ ਕਰਨੀ ਸ਼ੁਰੂ ਕੀਤੀ ਤੇ 48 ਸਾਲ ਤੱਕ ਆਪਣੇ ਫਰਜ਼ ਬਾਖੂਬੀ ਨਿਭਾਏ।

# ਸੰਸਦ ਰੋਕੇ ਸਿਆਸਤ ਦਾ ਅਪਰਾਧੀਕਰਨ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਾਨੂੰਨ ਬਣਾ ਕੇ ਸਿਆਸਤ ਦੇ ਅਪਰਾਧੀਕਰਨ ਦੀ 'ਮਰਜ਼ ਦੇ ਇਲਾਜ' ਦਾ ਜਿੰਮਾ ਪਾਰਲੀਮੈਂਟ ਉਤੇ ਛੱਡ ਦਿੱਤਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੰਗੀਨ ਕੇਸਾਂ ਦਾ ਸਾਹਮਣਾ ਕਰ ਰਹੇ ਵਿਅਕਤੀ ਸਿਆਸੀ ਪਿੜ ਵਿਚ ਪੈਰ ਨਾ ਪਾ ਸਕਣ ਕਿਉਂਕਿ ਸਿਆਸਤ ਦੀ ਨਦੀ ਸਾਫ ਹੀ ਰੱਖੇ ਜਾਣ ਦੀ ਲੋੜ ਹੈ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਸੰਵਿਧਾਨਕ ਬੈਂਚ ਨੇ ਕਿਹਾ ਕਿ ਸਿਆਸਤ ਦਾ ਅਪਰਾਧੀਕਰਨ ਬਹੁਤ ਹੀ ਖਤਰਨਾਕ ਤੇ ਅਫਸੋਸਨਾਕ ਸਥਿਤੀ ਹੈ ਤੇ ਦੇਸ਼ ਵਿਚ ਜ਼ੋਰ ਫੜ ਰਿਹਾ ਇਹ ਰੁਝਾਨ ਸੰਵਿਧਾਨਕ ਲੋਕਰਾਜ ਨੂੰ ਕੰਬਣੀ ਛੇੜਨ ਦੇ ਸਮਰਥ ਹੈ।

ਦੇਸ਼ ਵਾਸੀਆਂ ਨੂੰ ਇਸ ਤਰ੍ਹਾਂ ਦੇ ਕਾਨੂੰਨ ਦੀ ਬੇਸਬਰੀ ਨਾਲ ਉਡੀਕ ਹੈ ਕਿਉਂਕਿ ਸਮਾਜ ਦੀ ਇਹ ਜਾਇਜ਼ ਖਾਹਸ਼ ਹੈ ਕਿ ਉਨ੍ਹਾਂ ਦਾ ਸ਼ਾਸਨ ਢੁਕਵਾਂ ਸੰਵਿਧਾਨਕ ਤਰਜ ਦਾ ਸ਼ਾਸਨ ਹੋਵੇ ਤੇ ਲੋਕਰਾਜ ਅੰਦਰ ਨਾਗਰਿਕਾਂ ਨੂੰ ਮਹਿਜ਼ 'ਖਾਮੋਸ਼, ਬੋਲੇ ਤੇ ਤਮਾਸ਼ਬੀਨ' ਬਣੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ ਕਿ ਸਿਆਸਤ ਦਾ ਅਪਰਾਧੀਕਰਨ ਕੋਈ ਲਾਇਲਾਜ ਬਿਮਾਰੀ ਨਹੀਂ ਹੈ ਪਰ ਇਸ ਮੁੱਦੇ ਨੂੰ ਜਲਦ ਸਿੱਝਣ ਦੀ ਲੋੜ ਹੈ ਨਹੀਂ ਤਾਂ ਇਹ ਲੋਕਰਾਜ ਲਈ ਘਾਤਕ ਵੀ ਬਣ ਸਕਦਾ ਹੈ।

# ਬੇਮੌਸਮੇ ਮੀਂਹ ਨੇ ਬੱਸ ਕਰਾਈ

*(ਸਫਾ ਇਕ ਦੀ ਬਾਕੀ)*

ਮਾਝੇ ਦੇ ਅੰਮ੍ਰਿਤਸਰ, ਤਰਨ ਤਾਰਨ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਦੋ ਲੱਖ ਟਨ 1509 ਪ੍ਰੀਮੀਅਮ ਬਾਸਮਤੀ ਪਹਿਲਾਂ ਤੋਂ ਹੀ ਕਟਾਈ ਹੋ ਚੁੱਕੀ ਸੀ। ਇਸ ਸਮੇਂ ਮੰਡੀਆਂ ਵਿਚ ਪਈ ਹੈ। ਦੇ ਆਲੇ ਦੁਆਲੇ ਨੁਕਸਾਨ ਹੋਣ ਦਾ ਖਦਸ਼ਾ ਹੈ। ਹਰ ਵਾਰ ਵਾਂਗ ਘੱਗਰ ਨੇੜਲੇ ਪਿੰਡਾਂ ਉਤੇ ਵੀ ਨੁਕਸਾਨ ਦਾ ਖਤਰਾ ਮੰਡਰਾ ਰਿਹਾ ਹੈ। ਚੰਡੀਗੜ੍ਹ ਤੋਂ ਮਨਾਲੀ ਹਾਈਵੇ ਬੰਦ ਹੋਣ ਕਰਕੇ ਸੈਂਕੜੇ ਲੋਕ ਰਾਹ 'ਚ ਫਸ ਗਏ। ਸੂਬੇ 'ਚ ਐਮਰਜੈਂਸੀ



ਹਿਮਾਚਲ ਪ੍ਰਦੇਸ਼ ਵਿਚ ਬੱਦਲ ਫਟਣ ਅਤੇ ਭਾਰੀ ਮੀਂਹ ਕਾਰਨ ਰਣਜੀਤ ਸਾਗਰ ਡੈਮ ਤੇ ਪੌਂਗ ਡੈਮ ਤੋਂ ਪਾਣੀ ਛੱਡਣਾ ਪਿਆ ਹੈ ਜਿਸ ਦਾ ਅਸਰ ਰਾਵੀ ਤੇ ਬਿਆਸ ਦਰਿਆਵਾਂ ਦੇ ਕਿਨਾਰਿਆਂ 'ਤੇ ਵਸੇ ਪਿੰਡਾਂ ਤੇ ਹਰੀਕੇ ਪੱਤਣ ਪਿਛੋਂ ਸਤਲੁਜ ਵਾਲੇ ਹਾਲਾਤ ਬਣੇ ਹੋਏ ਹਨ। ਸੂਬਾ ਸਰਕਾਰ ਨੇ ਪੰਜਾਬ 'ਚ ਰੈੱਡ ਅਲਰਟ ਜਾਰੀ ਕਰਦਿਆਂ ਫੌਜ ਨੂੰ ਵੀ ਚੌਕਸ ਕਰ ਦਿੱਤਾ। ਮੁੱਖ ਮੰਤਰੀ ਨੇ ਫਸਲਾਂ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ।

# ਧਾਰਾ 370 ਨੂੰ ਸੁਪਰੀਮ ਕੋਰਟ 'ਚ ਚੁਣੌਤੀ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਪ੍ਰਦਾਨ ਕਰਨ ਤੇ ਇਸ ਰਾਜ ਬਾਰੇ ਕਾਨੂੰਨ ਬਣਾਉਣ ਦੇ ਸੰਸਦ ਦੇ ਅਧਿਕਾਰ ਨੂੰ ਸੀਮਤ ਕਰਨ ਵਾਲੇ ਸੰਵਿਧਾਨ ਦੀ ਧਾਰਾ 370 ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੇ ਹੋਏ ਇਕ ਜਨ ਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ।

ਦਿੱਲੀ ਪ੍ਰਦੇਸ਼ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਇਹ ਜਨ ਹਿੱਤ ਪਟੀਸ਼ਨ ਦਾਇਰ ਕੀਤੀ ਹੈ।

# ਪੰਜਾਬ ਸਣੇ ਪੰਜ ਰਾਜ ਤੇਲ ਕੀਮਤਾਂ 'ਤੇ ਇਕਸਾਰ ਵੈਟ ਲਈ ਸਹਿਮਤ

**ਚੰਡੀਗੜ੍ਹ:** ਹਰਿਆਣਾ ਦੀ ਪਹਿਲ ਉਤੇ ਭਾਰਤ ਦੇ ਪੰਜ ਰਾਜਾਂ ਪੰਜਾਬ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਹਰਿਆਣਾ, ਨਵੀਂ ਦਿੱਲੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਪੈਟਰੋਲੀਅਮ ਵਸਤਾਂ ਦੀਆਂ ਇਕਸਾਰ ਕੀਮਤਾਂ ਨੂੰ ਲੈ ਕੇ ਡੀਜ਼ਲ ਅਤੇ ਪੈਟਰੋਲ ਉਤੇ ਵੈਟ ਦੀ ਦਰ ਬਰਾਬਰ ਕਰਨ ਲਈ ਮੋਟੇ ਤੌਰ ਉਤੇ ਸਹਿਮਤੀ ਹੋ ਗਈ ਹੈ।

ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮਨਿਊ ਦੀ ਮੌਜੂਦਗੀ ਵਿਚ ਹੋਈ ਬੈਠਕ 'ਚ ਅੰਤਿਮ ਨਤੀਜੇ ਉਤੇ ਪੁੱਜਣ ਦੇ ਲਈ ਪੰਜ ਰਾਜਾਂ ਦੀ ਇਕ ਸਾਂਝੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਅਕਤੂਬਰ ਮਹੀਨੇ ਵਿਚ ਫਿਰ ਪੰਜ ਰਾਜਾਂ ਦੀ ਮੀਟਿੰਗ ਹੋਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਦੇ ਨਾਲ ਹੀ ਟਰਾਂਸਪੋਰਟ ਨੀਤੀ ਅਤੇ ਟਰੇਡ ਮਾਰਕੀਟ ਉਤੇ ਵੀ ਇਨ੍ਹਾਂ ਰਾਜਾਂ ਵਿਚ ਇਕ ਰਾਏ ਬਣਦੀ ਦਿਸਦੀ ਹੈ। ਆਰਥਿਕ ਨੀਤੀਆਂ ਨੂੰ ਲੈ ਕੇ ਇਨ੍ਹਾਂ ਸੂਬਿਆਂ ਦੀ ਤਿੰਨ ਸਾਲ ਪਹਿਲਾਂ ਵੀ ਮੀਟਿੰਗ ਹੋ ਚੁੱਕੀ ਹੈ।

ਮੀਟਿੰਗ ਵਿਚ ਹਾਲਾਂ ਕਿ ਇਹ ਮੁੱਦਾ ਭਾਰੂ ਰਿਹਾ ਕਿ ਅਜੇ ਵੀ ਉਤਰੀ ਭਾਰਤ ਦੇ ਰਾਜਾਂ ਵਿਚ ਤੇਲ ਦੀਆਂ ਕੀਮਤਾਂ ਦੱਖਣੀ ਭਾਰਤ ਦੇ ਸੂਬਿਆਂ ਨਾਲੋਂ ਘੱਟ ਹਨ ਪਰ ਫਿਰ ਵੀ ਸਾਰੇ ਸੂਬਿਆਂ ਦੇ ਨੁਮਾਇੰਦੇ ਤੇਲ ਦੀਆਂ ਕੀਮਤਾਂ ਘੱਟ ਕਰਨ ਲਈ ਸਹਿਮਤ ਨਜ਼ਰ ਆਏ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਪੰਜਾਬ ਵਿਚ ਸਿਆਸੀ ਖਹਿਬਾਜ਼ੀ ਦੀ ਭੇਟ ਚੜ੍ਹੇ ਲੋਕ ਮਸਲੇ

**ਚੰਡੀਗੜ੍ਹ:** ਪੰਜਾਬ ਵਿਚ ਬੇਅਦਬੀ ਮਾਮਲਿਆਂ ਬਾਰੇ ਜਸਟਿਸ ਰਣਜੀਤ ਸਿੰਘ ਕਮੇਟੀ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਵਿਧਾਨ ਸਭਾ ਅਤੇ ਵਿਧਾਨ ਸਭਾ ਤੋਂ ਬਾਹਰ ਇਸ ਮੁੱਦੇ ਉਤੇ ਅਜਿਹਾ ਘਮਸਾਣ ਸ਼ੁਰੂ ਕੀਤਾ ਕਿ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਕਰਜ਼ਾ ਮੁਆਫੀ, ਘਰ ਘਰ ਨੌਕਰੀ, ਨਸ਼ਾ ਮੁਆਫੀ ਸਮੇਤ ਤਮਾਮ ਵੱਡੇ ਮੁੱਦੇ ਸਿਆਸੀ ਦ੍ਰਿਸ਼ ਤੋਂ ਗਾਇਬ ਹੋ ਗਏ। ਕੈਪਟਨ ਸਰਕਾਰ ਨੂੰ ਪੂਰਾ ਡੇਢ ਸਾਲ ਪੂਰਾ ਹੋ ਚੁੱਕਾ ਹੈ, ਪਰ ਵੱਡੇ ਵਾਅਦੇ ਅਜੇ ਤੱਕ ਵਫਾ ਨਹੀਂ ਹੋਏ। ਕਿਸਾਨਾਂ ਤੇ ਮਜ਼ਦੂਰਾਂ ਨਾਲ ਸਮੁੱਚੀ ਕਰਜ਼ਾ ਮਾਫੀ ਦਾ ਵਾਅਦਾ ਕੀਤਾ ਗਿਆ ਸੀ, ਪਰ ਸਰਕਾਰੀ ਖਜ਼ਾਨੇ ਦੀ ਕਮਜ਼ੋਰ ਵਿੱਤੀ ਹਾਲਤ ਦੇ ਬਹਾਨੇ ਇਹ ਮੁਆਫੀ ਸੁੰਗੜ ਕੇ ਦੋ ਲੱਖ ਤੱਕ ਦੀ ਰਹਿ ਗਈ। ਹੁਣ ਇਸ ਮੁੱਦੇ 'ਤੇ ਸਰਕਾਰ ਤੋਂ ਇਲਾਵਾ ਵਿਰੋਧੀਆਂ ਨੇ ਵੀ ਅੱਖਾਂ ਫੇਰ ਲਈਆਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਬੈਂਕਾਂ, ਸਹਿਕਾਰੀ ਸੁਸਾਇਟੀਆਂ, ਸ਼ਾਹੂਕਾਰਾਂ ਸਮੇਤ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਭਰੋਸਾ ਦਿਵਾਇਆ ਸੀ, ਜੋ ਕਾਂਗਰਸ ਦੇ ਮੈਨੀਫੈਸਟੋ ਵਿਚ ਵੀ ਦਰਜ ਸੀ। ਸਰਕਾਰ ਬਣਨ ਉਤੇ ਇਹ ਕਰਜ਼ਾ ਸੰਸਥਾਗਤ ਕਰਜ਼ੇ ਤੱਕ ਸੀਮਤ ਹੋ ਗਿਆ। ਕੈਪਟਨ ਸਰਕਾਰ ਵੱਲੋਂ ਕਰਜ਼ਾ ਮੁਆਫੀ ਦਾ ਤਰੀਕਾ ਲੱਭਣ ਲਈ ਡਾ. ਟੀ. ਹੱਕ ਦੀ ਅਗਵਾਈ ਵਿਚ ਬਣਾਈ ਕਮੇਟੀ ਦੀ ਅੰਤ੍ਰਿਮ ਰਿਪੋਰਟ ਨੂੰ ਲਾਗੂ ਕਰਨ ਲਈ 19 ਜੂਨ 2017 ਨੂੰ ਪੰਜਾਬ ਵਿਧਾਨ ਸਭਾ ਵਿਚ ਐਲਾਨ ਕੀਤਾ ਕਿ ਸਰਕਾਰ ਢਾਈ ਏਕੜ ਜ਼ਮੀਨ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਅਤੇ ਪੰਜ ਏਕੜ ਤੱਕ ਵਾਲੇ ਉਨ੍ਹਾਂ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ ਕਰੇਗੀ, ਜਿਨ੍ਹਾਂ ਸਿਰ ਕੁੱਲ ਸੰਸਥਾਗਤ ਕਰਜ਼ਾ ਦੋ ਲੱਖ ਰੁਪਏ ਹੈ। ਇਸ ਨਾਲ 10.22 ਲੱਖ ਬੈਂਕ ਖਾਤਿਆਂ ਵਿਚੋਂ 9500 ਕਰੋੜ ਰੁਪਏ ਮੁਆਫ ਕਰਨ ਦੇ ਤੱਥ ਪੇਸ਼ ਕੀਤੇ ਗਏ। ਇਸ ਲਈ 1500 ਕਰੋੜ ਰੁਪਏ 2017-18 ਦੇ ਬਜਟ ਵਿਚ ਰੱਖ ਕੇ ਬਾਕੀ ਪੈਸਾ ਹੋਰ ਕਿਤੋਂ ਜੁਟਾਉਣ ਦਾ ਵਾਅਦਾ ਕੀਤਾ ਗਿਆ।

ਸਰਕਾਰ ਨੇ 2018-19 ਦੌਰਾਨ ਮੁੜ ਵਾਅਦਾ ਕੀਤਾ ਅਤੇ ਬਜਟ ਵਿਚ 4200 ਕਰੋੜ ਰੁਪਏ ਰੱਖਣ ਦਾ ਐਲਾਨ ਕਰ ਦਿੱਤਾ। ਸਰਕਾਰ ਦੀ ਵਿੱਤੀ ਹਾਲਤ ਅਜਿਹੀ ਸੀ ਕਿ ਇਸ ਉਤੇ ਹੋਰ ਕਰਜ਼ਾ ਲੈਣ 'ਤੇ ਪਾਬੰਦੀ ਸੀ। ਇਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬੂਹਾ ਖੜਕਾ ਕੇ ਕਰਜ਼ਾ ਲੈਣ ਦੀ ਛੋਟ ਦੀ ਮੰਗ ਕਰ ਆਏ ਸਨ, ਪਰ ਕੋਈ ਰਾਹਤ ਨਹੀਂ ਮਿਲੀ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜੇਕਰ ਸਰਕਾਰ ਗੰਭੀਰ ਹੁੰਦੀ ਤਾਂ ਘੱਟੋ-ਘੱਟ ਦੋ ਸਾਲਾਂ ਦੇ ਬਜਟ ਵਿਚ




ਰੱਖੇ ਪੈਸੇ ਦੇ ਬਰਾਬਰ ਤਾਂ ਮੁਆਫੀ ਦਿੱਤੀ ਜਾ ਸਕਦੀ ਸੀ।

ਸਰਕਾਰੀ ਸੂਤਰਾਂ ਅਨੁਸਾਰ 31 ਮਾਰਚ 2017 ਤੱਕ ਸਹਿਕਾਰੀ, ਕੌਮੀਕ੍ਰਿਤ ਤੇ ਪ੍ਰਾਈਵੇਟ ਬੈਂਕਾਂ ਦਾ ਕਿਸਾਨਾਂ ਸਿਰ ਕੁੱਲ ਕਰਜ਼ਾ 73 ਹਜ਼ਾਰ ਕਰੋੜ ਰੁਪਏ ਹੈ। ਇਸ ਵਿਚੋਂ 59,620 ਕਰੋੜ ਰੁਪਏ ਫਸਲੀ ਕਰਜ਼ਾ ਹੈ। ਸੀਮਾਂਤ ਕਿਸਾਨਾਂ (ਢਾਈ ਏਕੜ) ਵਾਲਿਆਂ ਦੇ 5,71,292 ਖਾਤੇ ਹਨ। ਇਨ੍ਹਾਂ ਸਿਰ ਕੁੱਲ ਫਸਲੀ ਕਰਜ਼ਾ 9845 ਕਰੋੜ ਰੁਪਏ ਦੇ ਕਰੀਬ ਹੈ। ਇਸੇ ਤਰ੍ਹਾਂ ਛੋਟੇ ਕਿਸਾਨ (ਪੰਜ ਏਕੜ ਤੱਕ) ਵਾਲਿਆਂ ਦੇ 8,15,822 ਬੈਂਕ ਖਾਤੇ ਹਨ ਅਤੇ ਇਨ੍ਹਾਂ ਸਿਰ ਕੁੱਲ ਫਸਲੀ ਕਰਜ਼ਾ 18,714 ਕਰੋੜ ਰੁਪਏ ਹੈ। ਇਸ ਤੋਂ ਵੱਧ ਜ਼ਮੀਨ ਵਾਲਿਆਂ ਦੇ 6,36,088 ਬੈਂਕ ਖਾਤੇ ਹਨ ਤੇ ਕਰਜ਼ਾ 31061 ਕਰੋੜ ਰੁਪਏ ਹੈ।

ਖੇਤੀ ਅਰਥ ਵਿਵਸਥਾ ਨਾਲ ਜੁੜੇ ਮਜ਼ਦੂਰਾਂ ਦੀ ਹਾਲਤ ਕਿਸਾਨਾਂ ਨਾਲੋਂ ਵੀ ਮਾੜੀ ਹੈ, ਪਰ ਪੰਜਾਬ ਸਰਕਾਰ ਨੇ ਕਰਜ਼ਾ ਮੁਆਫੀ ਵਿਚ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਸੀ। ਇਹ ਮੁੱਦਾ ਉਭਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਉਤੇ ਪੰਜਾਬ ਵਿਧਾਨ ਸਭਾ ਦੀ ਇਕ ਕਮੇਟੀ ਬਣਾ ਦਿੱਤੀ ਗਈ। ਕਮੇਟੀ ਦੇ ਮੁਖੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਤਾਂ ਬਾਅਦ ਵਿਚ ਮੰਤਰੀ ਬਣ ਗਏ। ਇਸ ਵਿਚ ਤਿੰਨ ਕਾਂਗਰਸੀ, ਇਕ ਅਕਾਲੀ ਤੇ ਇਕ 'ਆਪ' ਵਿਧਾਇਕ ਸ਼ਾਮਲ ਸੀ। ਕਮੇਟੀ ਨੇ 69 ਸਿਫਾਰਸ਼ਾਂ ਵਾਲੀ ਰਿਪੋਰਟ ਮਾਰਚ 2018 ਦੇ ਵਿਧਾਨ ਸਭਾ ਸੈਸ਼ਨ ਦੇ ਆਖਰੀ ਦਿਨ ਪੇਸ਼ ਕਰ ਦਿੱਤੀ, ਹਾਲਾਂਕਿ ਰਿਪੋਰਟ ਨੂੰ ਬਹੁਤ ਸਾਰੇ ਮਾਹਿਰਾਂ ਨੇ ਤਸੱਲੀਬਖ਼ਸ਼ ਨਹੀਂ ਕਿਹਾ, ਪਰ ਅਗਸਤ 2018 ਦੇ ਵਿਧਾਨ ਸਭਾ ਦੇ ਸੈਸ਼ਨ ਤੋਂ ਪਹਿਲਾਂ ਜਾਂ ਸੈਸ਼ਨ ਦੌਰਾਨ ਸੂਬੇ ਦੀ ਕਿਸੇ ਪਾਰਟੀ ਜਾਂ ਇਕ ਵੀ ਵਿਧਾਇਕ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਨਾਲ ਜੁੜੀ ਇਸ ਰਿਪੋਰਟ ਉਤੇ ਵਿਚਾਰ ਕਰਨ ਦਾ ਸੁਆਲ ਤੱਕ ਨਹੀਂ ਉਠਾਇਆ। ਖੇਤ ਮਜ਼ਦੂਰ ਯੂਨੀਅਨ ਦੇ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਸਰਕਾਰ ਮਜ਼ਦੂਰਾਂ ਬਾਰੇ ਤਾਂ ਪਹਿਲਾਂ ਹੀ ਗੰਭੀਰ ਨਹੀਂ ਹੈ। ਪ੍ਰਮੁੱਖ ਸਿਆਸੀ ਧਿਰਾਂ ਲੋਕਾਂ ਦੇ ਅਸਲ ਮੁੱਦਿਆਂ ਦੀ ਥਾਂ ਜਜ਼ਬਾਤੀ ਮੁੱਦੇ ਉਠਾ ਕੇ ਵੋਟਾਂ ਬਟੋਰਦੀਆਂ ਹਨ।

## ਛਪਾਰ ਮੇਲਾ: ਸਿਆਸੀ ਕਾਨਫਰੰਸਾਂ ਵਿਚ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ

**ਮੰਡੀ ਅਹਿਮਦਗੜ੍ਹ:** ਪਿੰਡ ਲਹਿਰਾ ਵਿਚ ਛਪਾਰ ਮੇਲੇ ਮੌਕੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਗਾਇਆ ਕਿ ਪੰਜਾਬ ਅੰਦਰ ਸਰਕਾਰ ਨਾਂ ਦੀ ਕੋਈ ਸ਼ੈਅ ਨਹੀਂ ਹੈ ਤੇ ਸਿਰਫ ਅਫਸਰਸ਼ਾਹੀ ਦਾ ਹੀ ਰਾਜ ਹੈ। ਸੂਬੇ ਅੰਦਰ ਕੈਪਟਨ ਸਰਕਾਰ ਡਰ ਤੇ ਭੈਅ ਦਾ ਮਾਹੌਲ ਪੈਦਾ ਕਰ ਕੇ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾ ਕੇ ਲੁੱਟ-ਖਸੁੱਟ ਕਰਨਾ ਚਾਹੁੰਦੀ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਆਉਣ ਵਾਲੇ ਸਮੇਂ ਅੰਦਰ ਸਿਆਸਤ ਤੋਂ ਪਾਸੇ ਹੋਣ ਦੀਆਂ ਗੱਲਾਂ ਕਰਦਾ ਹੈ, ਇਹੋ ਕਾਰਨ ਹੈ ਕਿ ਉਨ੍ਹਾਂ ਸਾਰੇ ਮੰਤਰੀ, ਵਿਧਾਇਕਾਂ ਅਤੇ ਅਫਸਰਸ਼ਾਹੀ ਨੂੰ ਲੁੱਟ-ਖਸੁੱਟ ਕਰਨ ਦੀ ਖੁੱਲ੍ਹ ਦੇ ਰੱਖੀ ਹੈ। ਪੰਚਾਇਤੀ ਚੋਣਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਕਾਂਗਰਸ ਪਾਰਟੀ ਨੇ ਨਹੀਂ ਸਗੋਂ ਪੁਲੀਸ ਤੇ ਪ੍ਰਸ਼ਾਸਨ ਨੇ ਲੜੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਡੇਢ ਸਾਲ 'ਚ ਪੰਜਾਬ ਅੰਦਰ ਕਿਧਰੇ ਵੀ ਕੋਈ ਵਿਕਾਸ ਨਹੀਂ ਹੋਇਆ। ਕੈਪਟਨ ਸਰਕਾਰ ਵੱਲੋਂ ਸੂਬੇ ਅੰਦਰ ਅਕਾਲੀ-ਭਾਜਪਾ ਸਰਕਾਰ ਸਮੇਂ ਤੋਂ ਚਲਦੀਆਂ ਕਈ ਲੋਕ ਭਲਾਈ ਸਕੀਮਾਂ ਬੰਦ ਕੀਤੇ ਜਾਣ ਸਬੰਧੀ ਸ੍ਰੀ ਬਾਦਲ ਨੇ ਐਲਾਨ ਕੀਤਾ ਕਿ ਹੁਣ ਸੂਬਾ ਸਰਕਾਰ ਤੇ ਅਕਾਲੀ ਦਲ ਵਿਚ ਸਿਆਸੀ ਜੰਗ ਸ਼ੁਰੂ ਹੋ ਗਈ ਹੈ।




ਇਸ ਮੌਕੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਸੂਬੇ ਦੀ ਅਫਸਰਸ਼ਾਹੀ ਨੂੰ ਤਾੜਨਾ ਕੀਤੀ। ਉਨ੍ਹਾਂ ਵਰਕਰਾਂ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਸਮਾਂ ਆਉਣ 'ਤੇ ਕਾਂਗਰਸ ਦੇ ਹਮਾਇਤੀ ਅਫਸਰਾਂ ਨੂੰ ਕਿਧਰੇ ਲੁਕਣ ਲਈ ਥਾਂ ਨਹੀਂ ਲੱਭਣੀ। ਸ੍ਰੀ ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਅੰਦਰ ਕਾਂਗਰਸ ਪਾਰਟੀ ਨੂੰ ਜ਼ਿਲ੍ਹਾ ਪ੍ਰਧਾਨਾਂ ਦੀ ਬਜਾਏ ਐਸ.ਐਸ.ਪੀ. ਲਗਾ ਦੇਣੇ ਚਾਹੀਦੇ ਹਨ।

### ਬਾਦਲਾਂ ਨੇ ਪੰਜਾਬ ਦਾ ਅਬਦਾਲੀ ਤੋਂ ਵੱਧ ਨੁਕਸਾਨ ਕੀਤਾ: ਧਰਮਸੋਤ

**ਲੁਧਿਆਣਾ:** ਪੰਜਾਬ ਸਰਕਾਰ ਦੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਬਾਰੇ ਵਿਭਾਗਾਂ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਗ਼ਤੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਜਿੰਨਾ ਨੁਕਸਾਨ ਬਾਦਲ ਪਰਿਵਾਰ ਨੇ ਸਿੱਖਾਂ ਦਾ ਕੀਤਾ ਹੈ, ਉਨੇਂ ਤਾਂ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਨਹੀਂ ਕੀਤਾ।

ਸ੍ਰੀ ਧਰਮਸੋਤ ਮੇਲਾ ਛਪਾਰ ਮੌਕੇ ਸਥਾਨਕ ਧੂਲਕੋਟ ਰੋਡ 'ਚ ਕਾਂਗਰਸ ਪਾਰਟੀ ਦੀ ਵਿਸ਼ਾਲ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅੱਜ ਤੋਂ 10 ਸਾਲ ਪਹਿਲਾਂ ਗੱਲਾਂ ਹੋਇਆ ਕਰਦੀਆਂ ਸਨ ਕਿ ਪੰਜਾਬ ਦਾ ਸਭ ਤੋਂ ਵਧੇਰੇ ਨੁਕਸਾਨ ਅਤਿਵਾਦ ਨੇ ਕੀਤਾ ਪਰ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਵੱਲੋਂ ਆਪਣੇ ਸ਼ਾਸਨ ਕਾਲ ਦੌਰਾਨ ਪੰਜਾਬ ਨੂੰ ਲੁੱਟਣ ਅਤੇ ਪੰਜਾਬੀਆਂ ਨੂੰ ਕੁੱਟਣ ਦੇ ਵਰਤਾਰਿਆਂ ਨਾਲ ਇਹ ਇਤਿਹਾਸ ਹੁਣ ਬਦਲ ਗਿਆ ਹੈ।

## ਧੋਖੇਬਾਜ਼ ਐਨ.ਆਰ.ਆਈ. ਲਾੜਿਆਂ ਖਿਲਾਫ ਢਿੱਲ ਤੋਂ ਹਾਈ ਕੋਰਟ ਖਫਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਪਰਵਾਸੀ ਭਾਰਤੀ ਪਤੀਆਂ ਵੱਲੋਂ ਵਿਆਹ ਕਰਵਾਉਣ ਮਗਰੋਂ ਆਪਣੀਆਂ ਪਤਨੀਆਂ ਨੂੰ ਅਧਵਾਟੇ ਛੱਡ ਜਾਣ ਦਾ ਮੁੱਦਾ 'ਵੱਡੀ ਚਿੰਤਾ' ਦਾ ਵਿਸ਼ਾ ਹੈ। ਹਾਈ ਕੋਰਟ ਨੇ ਇਸ ਮੁੱਦੇ 'ਤੇ ਕਈ ਮੰਤਰਾਲਿਆਂ ਤੋਂ ਜਵਾਬ ਮੰਗਿਆ ਹੈ। ਅਦਾਲਤ ਨੇ ਸਾਫ ਕਰ ਦਿੱਤਾ ਕਿ ਉਹ ਐਨ.ਆਰ.ਆਈ. ਪਤੀਆਂ ਵੱਲੋਂ ਛੱਡੀਆਂ ਪਤਨੀਆਂ ਦੇ ਅਧਿਕਾਰਾਂ ਦੀ ਸਲਾਮਤੀ ਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਕੋਈ ਢਾਂਚਾ ਤਿਆਰ ਕੀਤੇ ਜਾਣ ਲਈ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਮੰਗ ਕਰਦੀ ਪਟੀਸ਼ਨ ਦੀ ਨਿਰਖ ਪਰਖ ਕਰੇਗੀ।

ਚੀਫ ਜਸਟਿਸ ਰਾਜਿੰਦਰ ਮੈਨਨ ਤੇ ਜਸਟਿਸ ਵੀ.ਕੇ.ਰਾਓ ਦੇ ਬੈਂਚ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਪਟੀਸ਼ਨ ਉਤੇ ਕਾਨੂੰਨ ਤੇ ਨਿਆਂ ਮੰਤਰਾਲਾ, ਵਿਦੇਸ਼ ਤੇ ਗ੍ਰਹਿ ਮੰਤਰਾਲਿਆਂ, ਬਾਲ ਤੇ ਮਹਿਲਾ ਵਿਕਾਸ ਮੰਤਰਾਲੇ ਸਣੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਕੌਮੀ ਮਹਿਲਾ ਕਮਿਸ਼ਨ ਨੂੰ ਨੋਟਿਸ ਜਾਰੀ ਕਰਦਿਆਂ ਇਨ੍ਹਾਂ ਦੀ ਜਵਾਬ ਤਲਬੀ ਕੀਤੀ ਹੈ। ਅਗਲੀ ਸੁਣਵਾਈ 9 ਜਨਵਰੀ 'ਤੇ ਪਾਉਂਦਿਆਂ ਬੈਂਚ ਨੇ ਕਿਹਾ, 'ਇਹ ਮੁੱਦਾ ਜਾਂਚ ਪੜਤਾਲ ਦੀ ਮੰਗ ਕਰਦਾ ਹੈ ਤੇ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

### ਸਿੱਖ ਆਗੂ ਦੇ ਕਤਲ ਕੇਸ ਦੇ ਦੋਵੇਂ ਮੁਲਜ਼ਮਾਂ ਨੂੰ ਜ਼ਮਾਨਤ

**ਪਿਸ਼ਾਵਰ:** ਪਾਕਿਸਤਾਨੀ ਅਦਾਲਤ ਨੇ ਸਿੱਖ ਭਾਈਚਾਰੇ ਦੇ ਇਕ ਸਰਕਰਦਾ ਆਗੂ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਚਰਨਜੀਤ ਸਿੰਘ (52) ਦੇ ਕਤਲ ਕੇਸ ਦੇ ਦੋ ਮੁਲਜ਼ਮਾਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਮੁਲਜ਼ਮ ਤਾਰਿਕ ਤੇ ਸ਼ਹਰਯਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਹ ਦੋਵੇਂ ਬਿਨਾਂ ਕਿਸੇ ਸਬੂਤ ਤੋਂ ਗ੍ਰਿਫਤਾਰ ਕੀਤੇ ਗਏ ਸਨ।

## ਸਾਬਕਾ ਵਿਧਾਇਕਾਂ 'ਤੇ ਵਰ੍ਹਿਆ ਨੋਟਾਂ ਦਾ ਮੀਂਹ

**ਬਠਿੰਡਾ:** ਪੰਜਾਬ ਸਰਕਾਰ ਭਾਵੇਂ ਸੂਬੇ ਦੇ ਬਜ਼ੁਰਗਾਂ ਦੀ ਮਾਮੂਲੀ ਪੰਜ ਸੌ ਰੁਪਏ ਦੀ ਬੁਢਾਪਾ ਪੈਨਸ਼ਨ ਦੇਣ ਤੋਂ ਪਾਸਾ ਵੱਟ ਰਹੀ ਹੈ ਪਰ ਸਾਬਕਾ ਵਿਧਾਇਕਾਂ ਦੀ ਪੈਨਸ਼ਨ ਨੇ ਵਾਰੇ ਨਿਆਰੇ ਕਰ ਰੱਖੇ ਹਨ। ਉਨ੍ਹਾਂ ਦੇ ਘਰਾਂ ਵਿਚ ਪੈਨਸ਼ਨ ਦੇ ਰੂਪ 'ਚ ਨੋਟਾਂ ਦਾ ਮੀਂਹ ਵਰ੍ਹਦਾ ਹੈ। ਪੰਜਾਬ ਦੇ ਕਰੀਬ ਸਵਾ ਦੋ ਸੌ ਸਾਬਕਾ ਵਿਧਾਇਕ ਪੈਨਸ਼ਨ ਲੈ ਰਹੇ ਹਨ। ਹੁਣ ਪੈਨਸ਼ਨ ਰਾਸ਼ੀ ਇੰਨੀ ਹੈ ਕਿ ਇਕ ਵਾਰੀ ਵਿਧਾਇਕ ਬਣਨ ਵਾਲੇ ਨੇਤਾ ਦੀ ਉਮਰ ਭਰ ਲਈ ਲਾਟਰੀ ਲੱਗ ਜਾਂਦੀ ਹੈ। ਸਿਰਫ ਇਕ ਦਫ਼ਾ ਜੋ ਵਿਧਾਇਕ ਰਹੇ ਹਨ, ਉਨ੍ਹਾਂ ਨੂੰ ਬਤੌਰ ਸਾਬਕਾ ਵਿਧਾਇਕ ਹੁਣ ਸਭ ਭੱਤਿਆਂ ਸਮੇਤ 75,150 ਰੁਪਏ ਪੈਨਸ਼ਨ ਮਿਲਦੀ ਹੈ, ਜੋ ਬਾਕੀ ਸਹੂਲਤਾਂ ਹਨ, ਉਹ ਵੱਖਰੀਆਂ ਹਨ।

ਸਰਕਾਰੀ ਵੇਰਵਿਆਂ ਅਨੁਸਾਰ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੂੰ ਬਤੌਰ ਸਾਬਕਾ ਵਿਧਾਇਕਾ ਇਸ ਵੇਲੇ 3.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ, ਜਦੋਂਕਿ ਹੁਣ ਪਲੈਨਿੰਗ ਬੋਰਡ ਦੀ ਵਾਈਸ ਚੇਅਰਮੈਨ ਵਜੋਂ ਵੱਖਰੀ ਤਨਖ਼ਾਹ ਤੇ ਭੱਤੇ ਮਿਲਣਗੇ। ਬੀਬੀ ਭੱਠਲ ਛੇ ਵਾਰ ਵਿਧਾਇਕ ਬਣੇ ਹਨ। ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਵੀ ਛੇ ਵਾਰ ਵਿਧਾਇਕ ਰਹੇ ਹਨ ਅਤੇ ਉਨ੍ਹਾਂ ਨੂੰ ਵੀ ਸਵਾ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ ਵੀ 3.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ ਜਦੋਂ ਕਿ ਬਲਵਿੰਦਰ ਸਿੰਘ ਭੂੰਦੜ ਪੰਜ ਵਾਰ ਵਿਧਾਇਕ ਰਹਿਣ ਕਰਕੇ ਇਸ ਵੇਲੇ 2.75 ਲੱਖ ਰੁਪਏ ਪ੍ਰਤੀ ਮਹੀਨਾ ਲੈ ਰਹੇ ਹਨ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਪੰਜਾਬ ਦੇ ਖ਼ਜ਼ਾਨੇ ਵਿਚੋਂ 2.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ। ਭੂੰਦੜ ਤੇ ਢੀਂਡਸਾ ਨੂੰ ਬਤੌਰ ਰਾਜ ਸਭਾ ਮੈਂਬਰ ਵੱਖਰੀ ਤਨਖਾਹ ਤੇ ਭੱਤੇ ਮਿਲ ਰਹੇ ਹਨ। ਸਾਬਕਾ ਵਿਧਾਇਕ ਹਰੀ ਸਿੰਘ ਜ਼ੀਰਾ, ਗੁਲਜ਼ਾਰ ਸਿੰਘ ਰਣੀਕੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵੀ ਪ੍ਰਤੀ ਮਹੀਨਾ 2.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ।

ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 3 ਵਾਰ ਵਿਧਾਇਕ ਰਹੇ ਹਨ ਜਿਸ ਕਰਕੇ ਉਨ੍ਹਾਂ ਨੂੰ ਪ੍ਰਤੀ ਮਹੀਨਾ 1.75 ਲੱਖ ਰੁਪਏ ਪੈਨਸ਼ਨ ਮਿਲਦੀ ਹੈ ਜਦੋਂ ਕਿ ਐਮ.ਪੀ. ਵਜੋਂ ਤਨਖ਼ਾਹ ਤੇ ਭੱਤੇ ਵੱਖਰੇ ਮਿਲਦੇ ਹਨ। ਜੋ ਵਿਧਾਇਕ ਇਕ ਵਾਰ ਐਮ.ਪੀ. ਵੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਡਬਲ ਗੱਫਾ ਮਿਲਦਾ ਹੈ। ਪੰਜਾਬ ਦੇ ਨੌਂ ਸਾਬਕਾ ਵਿਧਾਇਕ ਅਜਿਹੇ ਹਨ, ਜੋ ਲੋਕ ਸਭਾ ਅਤੇ ਰਾਜ ਸਭਾ ਤੋਂ ਵੀ ਪੈਨਸ਼ਨ ਲੈ ਰਹੇ ਹਨ ਤੇ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਵੀ ਲੈ ਰਹੇ ਹਨ।

ਸਰਕਾਰੀ ਸੂਚਨਾ ਅਨੁਸਾਰ ਵਿਧਾਨ ਸਭਾ ਵੱਲੋਂ ਹਰ ਸਾਬਕਾ ਵਿਧਾਇਕ ਦੀ ਪੈਨਸ਼ਨ ਫਿਕਸ ਕੀਤੀ ਗਈ ਹੈ ਅਤੇ ਉਹ ਖ਼ਜ਼ਾਨੇ ਜਾਂ ਬੈਂਕ ਵਿਚੋਂ ਪ੍ਰਾਪਤ ਕਰਦੇ ਹਨ। ਪੰਜਾਬ ਰਾਜ ਵਿਧਾਨ ਮੰਡਲ ਮੈਂਬਰਜ਼ (ਪੈਨਸ਼ਨ ਤੇ ਡਾਕਟਰੀ ਸਹੂਲਤਾਂ ਵਿਨਿਯਮ) ਐਕਟ 1977 ਤੇ ਪੰਜਾਬ ਰਾਜ ਵਿਧਾਨ ਮੰਡਲ ਮੈਂਬਰਜ਼ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਨਿਯਮ, 1984 ਦੀ ਧਾਰਾ 3(1 ਅਧੀਨ ) ਪੈਨਸ਼ਨ ਨਿਸ਼ਚਿਤ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਨੇ 26 ਅਕਤੂਬਰ 2016 ਨੂੰ ਪੈਨਸ਼ਨ ਵਿਚ ਵਾਧਾ ਕਰਕੇ ਹਰ ਸਾਬਕਾ ਵਿਧਾਇਕ ਨੂੰ ਪਹਿਲੀ ਟਰਮ ਲਈ 15 ਹਜ਼ਾਰ ਰੁਪਏ ਮੁੱਢਲੀ ਤਨਖਾਹ, 50% ਮਰਜ਼ੀ ਡੀ.ਏ ਅਤੇ 234% (ਮੌਜੂਦਾ) ਮਹਿੰਗਾਈ ਭੱਤੇ ਮੁਤਾਬਕ ਬਣਦੀ ਪੈਨਸ਼ਨ ਦਿੱਤੀ ਜਾ ਰਹੀ ਹੈ। ਇਕ ਤੋਂ ਜ਼ਿਆਦਾ ਦਫ਼ਾ ਵਿਧਾਇਕ ਬਣਨ ਵਾਲਿਆਂ ਨੂੰ ਪ੍ਰਤੀ ਟਰਮ 10 ਹਜ਼ਾਰ ਪ੍ਰਤੀ ਮਹੀਨਾ ਮੁੱਢਲੀ ਪੈਨਸ਼ਨ ਸਮੇਤ ਭੱਤੇ ਵੱਖਰੀ ਦਿੱਤੀ ਜਾਂਦੀ ਹੈ।

ਇਸ ਲਿਹਾਜ਼ ਨਾਲ ਦੋ ਵਾਰ ਵਿਧਾਇਕ ਬਣਨ ਵਾਲਾ ਵਿਅਕਤੀ ਸਵਾ ਲੱਖ ਰੁਪਏ ਅਤੇ ਤਿੰਨ ਵਾਰ ਵਿਧਾਇਕ ਬਣਨ ਵਾਲਾ ਪੌਣੇ ਦੋ ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਬਣਦਾ ਹੈ। ਚਾਰ ਵਾਰ ਵਿਧਾਇਕ ਬਣਨ ਵਾਲਿਆਂ ਨੂੰ ਸਵਾ ਦੋ ਲੱਖ, ਪੰਜ ਵਾਰੀ ਦੇ ਸਾਬਕਾ ਵਿਧਾਇਕ ਨੂੰ ਪੌਣੇ ਤਿੰਨ ਲੱਖ, ਛੇ ਵਾਰੀ ਦੇ ਨੂੰ 3.25 ਲੱਖ, ਸੱਤ ਵਾਰੀ ਦੇ ਨੂੰ 3.75 ਲੱਖ, ਅੱਠ ਵਾਰੀ ਦੇ ਨੂੰ 4.25 ਲੱਖ ਅਤੇ ਨੌਂ ਵਾਰੀ ਵਿਧਾਇਕ ਬਣਨ ਵਾਲੇ ਨੇਤਾ ਨੂੰ 4.75 ਲੱਖ ਰੁਪਏ ਪੈਨਸ਼ਨ ਮਿਲਦੀ ਹੈ। ਜਦੋਂ ਕਿਤੇ ਪੈਨਸ਼ਨ ਵਿਚ ਵਾਧਾ ਹੋਵੇਗਾ ਤਾਂ ਇਹ ਪੈਨਸ਼ਨ ਹੋਰ ਵਧੇਗੀ। ਪੰਜਾਬ ਦੇ ਦਰਜਨਾਂ ਸਾਬਕਾ ਵਿਧਾਇਕ ਤਿੰਨ ਤਿੰਨ ਵਾਰੀ ਐਮ. ਐਲ. ਏ. ਰਹੇ ਹਨ। ਦੋ ਦੋ ਵਾਰ ਵਿਧਾਇਕ ਰਹਿਣ ਵਾਲੇ ਨੇਤਾ ਤਾਂ ਕਾਫੀ ਗਿਣਤੀ ਵਿਚ ਹਨ। ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਜੀਵਨ ਭਰ ਲਈ ਸਿਹਤ ਸਹੂਲਤ ਦਿੱਤੀ ਜਾਂਦੀ ਹੈ ਜੋ ਅਨਲਿਮਟਿਡ ਹੈ। ਪੰਜਾਬ ਸਰਕਾਰ ਹਰ ਵਰ੍ਹੇ ਔਸਤਨ ਕਰੀਬ ਇਕ ਕਰੋੜ ਰੁਪਏ ਸਾਬਕਾ ਵਿਧਾਇਕਾਂ ਦੇ ਇਲਾਜ ਉਤੇ ਖਰਚ ਕਰਦੀ ਹੈ। ਸਾਬਕਾ ਵਿਧਾਇਕਾਂ ਦਾ ਤਰਕ ਹੈ ਕਿ ਉਹ ਨਿਯਮਾਂ ਅਨੁਸਾਰ ਹੀ ਪੈਨਸ਼ਨ ਲੈ ਰਹੇ ਹਨ ਅਤੇ ਸਿਆਸੀ ਜੀਵਨ ਵਿਚ ਨਿੱਤ ਦੇ ਖਰਚਿਆਂ ਦੇ ਸਾਹਮਣੇ ਇਹ ਪੈਨਸ਼ਨ ਵੱਡੀ ਨਹੀਂ ਹੈ।

### ਮਹਿੰਗੀ ਪਵੇਗੀ ਬਾਦਲ ਦੀ ਸੇਵਾ ਮੁਕਤੀ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਵਿੱਖ 'ਚ ਜਦੋਂ ਵੀ ਸਿਆਸਤ ਤੋਂ ਸੇਵਾ ਮੁਕਤ ਹੋਏ ਤਾਂ ਉਨ੍ਹਾਂ ਦਾ ਸਿਆਸੀ ਸੰਨਿਆਸ ਖ਼ਜ਼ਾਨੇ ਨੂੰ ਸਭ ਤੋਂ ਮਹਿੰਗਾ ਪਵੇਗਾ। ਸਾਬਕਾ ਮੁੱਖ ਮੰਤਰੀ ਬਾਦਲ ਦਸ ਵਾਰੀ ਵਿਧਾਇਕ ਰਹੇ ਹਨ ਅਤੇ ਮੌਜੂਦਾ ਵਿਧਾਇਕ ਵੀ ਹਨ। ਸਿਆਸਤ ਤੋਂ ਸੇਵਾ ਮੁਕਤ ਹੋਣ ਦੀ ਸੂਰਤ ਵਿਚ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਤੀ ਮਹੀਨਾ 5.26 ਲੱਖ ਰੁਪਏ ਪੈਨਸ਼ਨ ਮਿਲੇਗੀ, ਜੋ ਆਪਣੇ ਆਪ ਵਿਚ ਰਿਕਾਰਡ ਹੋਵੇਗੀ।

# ਨਸ਼ਾ ਤਸਕਰੀ: ਨਸ਼ੇੜੀਆਂ ਨੂੰ ਜੇਲ੍ਹੀਂ ਡੱਕ ਕੇ ਪਿੱਠ ਥਾਪੜਨ 'ਚ ਜੁਟੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਨਸ਼ਿਆਂ ਦੀ ਗ੍ਰਿਫਤ ਵਿਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ 'ਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਰ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫੀਮ, ਨਸ਼ੀਲੀਆਂ ਗੋਲੀਆਂ ਅਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਆਧਾਰ ਉਤੇ ਪੰਜਾਬ ਦੀ ਇਸ ਵੱਡੀ ਸਮੱਸਿਆ ਨੂੰ ਦੱਬਣ ਦੇ ਅਕਸਰ ਯਤਨ ਕੀਤੇ ਜਾਂਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਵੀ ਵੱਡੀ ਮੱਛੀ ਨੂੰ ਹੱਥ ਪਾਉਣ ਵਿਚ ਕਾਮਯਾਬ ਨਾ ਹੋ ਸਕੀ।



ਸਰਕਾਰ ਵੱਲੋਂ ਐਸ.ਟੀ.ਐਫ. ਦੇ ਗਠਨ ਨੂੰ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚ ਤਾਂ ਮੰਨਿਆ ਜਾਂਦਾ ਸੀ ਪਰ ਤਸਕਰੀ ਰੋਕਣ ਲਈ ਬਣਾਏ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਪੁਲਿਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲਿਸ ਅਧਿਕਾਰੀਆਂ ਦੀ ਹਉਮੈ ਦੀ ਭੇਟ ਚੜ੍ਹ ਕੇ ਰਹਿ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿਚ ਕੀਤੀ ਇਕ ਵੱਡੀ ਜਨਤਕ ਰੈਲੀ ਦੌਰਾਨ 'ਪਵਿੱਤਰ ਗੁਟਕਾ ਸਾਹਿਬ' ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿਚ 4 ਹਫਤਿਆਂ 'ਚ ਕਾਬੂ ਪਾ ਲਵੇਗੀ। ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ 78 ਹਫਤਿਆਂ (ਡੇਢ ਸਾਲ) ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ।

ਸੂਬੇ ਵਿਚ ਅਕਾਲੀ ਭਾਜਪਾ ਸ਼ਾਸਨ ਦੇ ਸਮੇਂ ਇਹ ਮੁੱਦਾ ਜ਼ਿਆਦਾ ਸੁਰਖੀਆਂ ਵਿਚ ਆਇਆ ਸੀ। ਉਸ ਸਮੇਂ ਨਸ਼ਿਆਂ ਕਾਰਨ ਮੌਤਾਂ ਵੀ ਬਹੁਤ ਜ਼ਿਆਦਾ ਹੋਈਆਂ ਸਨ। ਜੇਕਰ ਪਿਛਲੇ ਸਾਢੇ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 16 ਸਤੰਬਰ ਤੱਕ 91 ਮੌਤਾਂ ਹੋ ਚੁੱਕੀਆਂ ਹਨ। ਇਹ ਅੰਕੜੇ ਪੁਲਿਸ ਦੇ ਹਨ ਜਦੋਂਕਿ ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਨਸ਼ਿਆਂ ਕਾਰਨ ਸਭ ਤੋਂ ਵੱਧ ਮੌਤਾਂ ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਹੋ ਰਹੀਆਂ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਮੱਸਿਆ ਜ਼ਿਆਦਾ ਭਿਆਨਕ ਸੀ। ਪੰਜਾਬ ਦੇ ਬਦਲੇ ਹੋਏ ਰਾਜਸੀ ਮਾਹੌਲ ਵਿਚ ਜਦੋਂ ਧਾਰਮਿਕ ਤੇ ਸਿਆਸੀ ਮੁੱਦੇ ਭਾਰੂ ਹੋ ਗਏ ਅਤੇ ਇਹ ਮਾਮਲਾ ਭਾਵੇਂ ਸੁਰਖੀਆਂ ਵਿਚ ਨਹੀਂ ਪਰ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਸਰਕਾਰ ਦੀ ਬੇਧਿਆਨੀ ਕਾਰਨ ਇਸ ਭਿਆਨਕ ਬਿਮਾਰੀ ਦਾ ਪੱਕਾ ਹੱਲ ਨਹੀਂ ਹੋ ਸਕਿਆ।

ਇਹ ਵੀ ਮਹੱਤਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਾਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਦਰਜ ਐਫ.ਆਈ.ਆਰਜ਼. ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ। ਪੰਜਾਬ ਪੁਲਿਸ ਦਾ ਅੱਜ ਵੀ ਦਾਅਵਾ ਹੈ ਕਿ ਜੇਕਰ ਚਲੰਤ ਸਾਲ ਦੀ ਹੀ ਗੱਲ ਕਰੀਏ ਤਾਂ ਪਹਿਲੀ ਜਨਵਰੀ ਤੋਂ ਲੈ ਕੇ ਸਤੰਬਰ ਮਹੀਨੇ ਤੱਕ ਤਸਕਰੀ ਨਾਲ ਸਬੰਧਤ 8959 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਇਨ੍ਹਾਂ ਮਾਮਲਿਆਂ ਵਿਚ 10,428 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਜਦੋਂ ਕਦੇ ਸਰਕਾਰ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਘਿਰੀ ਮਹਿਸੂਸ ਕਰ ਰਹੀ ਹੁੰਦੀ ਸੀ, ਤਾਂ ਤਤਕਾਲੀ ਗ੍ਰਿਹ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਸੇ ਤਰ੍ਹਾਂ ਦੇ ਤੱਥ ਪੇਸ਼ ਕਰਦਿਆਂ ਤਸਕਰ ਫੜਨ ਤੇ ਬਰਾਮਦਗੀ ਵਿਚ ਕਾਮਯਾਬੀ ਦੇ ਝੰਡੇ ਗੱਡਣ ਦੇ ਦਾਅਵੇ ਕੀਤੇ ਜਾਂਦੇ ਸਨ।

ਪੰਜਾਬ ਦੇ ਲੋਕਾਂ ਵਿਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਤਸਕਰੀ ਅਤੇ ਹੋਰਨਾਂ ਗੈਰ ਕਾਨੂੰਨੀ ਕੰਮਾਂ ਦੇ ਮਾਮਲਿਆਂ ਵਿਚ ਸਿਆਸਤਦਾਨਾਂ, ਪੁਲਿਸ ਅਤੇ ਤਸਕਰੀ ਜਾਂ ਅਪਰਾਧੀਆਂ ਦਰਮਿਆਨ ਇਕ ਗੱਠਜੋੜ ਬਣਿਆ ਹੋਇਆ ਹੈ। ਪੁਲਿਸ, ਸਿਆਸਤਦਾਨਾਂ ਅਤੇ ਤਸਕਰਾਂ ਦੇ ਇਸ ਗੱਠਜੋੜ ਨੂੰ ਤੋੜਨ ਲਈ ਕੈਪਟਨ ਸਰਕਾਰ ਵਿਚ ਇੱਛਾ ਸ਼ਕਤੀ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲਿਸ ਵਿਭਾਗ ਵਿੱਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿਚ ਗ੍ਰਿਫਤਾਰ ਕਰਨ ਦੀ ਹੈ।

## ਚੋਣ ਵਾਅਦੇ ਭੁੱਲੀ ਕੈਪਟਨ ਸਰਕਾਰ

**ਬਠਿੰਡਾ:** 'ਘਰ ਘਰ ਨੌਕਰੀ' ਦੀ ਉਡੀਕ ਵਿਚ ਪੰਜਾਬ ਦੇ ਨੌਜਵਾਨ 'ਬਿਰਖ' ਹੋ ਗਏ ਹਨ। ਉਨ੍ਹਾਂ ਨੂੰ ਨਾ ਨੌਕਰੀ ਮਿਲੀ ਹੈ ਅਤੇ ਨਾ ਹੀ ਸਮਾਰਟ ਫੋਨ। ਡੇਢ ਵਰ੍ਹੇ ਮਗਰੋਂ ਵੀ ਕੈਪਟਨ ਸਰਕਾਰ ਬੇਰੁਜ਼ਗਾਰਾਂ ਨੌਜਵਾਨਾਂ ਦਾ ਅੰਕੜਾ ਤਿਆਰ ਕਰਨ ਵਿਚ ਉਲਝੀ ਹੋਈ ਹੈ। ਸਰਕਾਰ ਹੁਣ 'ਘਰ ਘਰ ਰੁਜ਼ਗਾਰ ਬਿਊਰੋ' ਹਰ ਜ਼ਿਲ੍ਹੇ 'ਚ ਕਾਇਮ ਕਰਨ ਦੇ ਰਾਹ ਪਈ ਹੈ, ਜਿਸ ਦਾ ਕੰਮ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣਾ ਹੋਵੇਗਾ। ਕੈਬਨਿਟ ਵਿਚ ਜਲਦੀ ਇਸ ਬਿਊਰੋ ਨੂੰ ਹਰੀ ਝੰਡੀ ਦਿੱਤੀ ਜਾਵੇਗੀ। ਪਹਿਲਾਂ ਜ਼ਿਲ੍ਹਾ ਪੱਧਰ ਤੇ ਫਿਰ ਤਹਿਸੀਲ ਪੱਧਰ ਉਤੇ ਇਹ ਬਿਊਰੋ ਬਣਾਏ ਜਾਣਗੇ। ਡੇਢ ਵਰ੍ਹੇ ਮਗਰੋਂ ਵੀ 'ਘਰ ਘਰ ਰੁਜ਼ਗਾਰ' ਦਾ ਨਾਅਰਾ ਸਿਰਫ ਮੁੱਢਲਾ ਢਾਂਚਾ ਸਥਾਪਿਤ ਕਰਨ 'ਤੇ ਅਟਕਿਆ ਹੋਇਆ ਹੈ।

ਜੇਕਰ ਪੰਜਾਬ ਵਿਚ 'ਘਰ ਘਰ ਨੌਕਰੀ' ਪੁੱਜਦੀ ਤਾਂ ਅੱਜ ਨੌਜਵਾਨੀ ਹਵਾਈ ਅੱਡਿਆਂ ਉਤੇ ਨਹੀਂ ਖੜ੍ਹੀ ਹੋਣੀ ਸੀ। ਕਾਂਗਰਸ ਸਰਕਾਰ ਨੇ ਜਵਾਨੀ ਦਾ ਭਰੋਸਾ ਤੋੜਿਆ ਹੈ। ਹੋਰ ਤਾਂ ਹੋਰ ਕੌਮਾਂਤਰੀ ਨੌਕਰੀ ਮੇਲਾ ਵੀ ਨੌਜਵਾਨਾਂ ਦੀ ਬਾਂਹ ਨਹੀਂ ਫੜ ਸਕਿਆ। ਲੁਧਿਆਣਾ ਤੇ ਮੁਹਾਲੀ ਦੇ ਵੱਡੇ ਨੌਕਰੀ ਮੇਲੇ ਵੀ ਰੁਜ਼ਗਾਰ ਨਾ ਵੰਡ ਸਕੇ। ਸਰਕਾਰ ਦਾ ਨਵਾਂ ਫੰਡਾ ਹੈ ਕਿ ਹਰ ਪਿੰਡ 'ਚੋਂ 10 ਗਰੀਬ ਨੌਜਵਾਨਾਂ ਨੂੰ ਨੌਕਰੀ ਦਿੱਤੀ ਜਾਵੇਗੀ। ਨਵੇਂ ਫਾਰਮੂਲੇ 'ਚ 1.30 ਲੱਖ ਨੌਕਰੀ ਦਿੱਤੀ ਜਾਣੀ ਹੈ। ਨਵੇਂ ਬਣਨ ਵਾਲੇ ਬਿਊਰੋ ਨੂੰ ਇਹ ਕੰਮ ਸੌਂਪਿਆ ਜਾਣਾ ਹੈ। ਏਦਾਂ ਵੀ ਜਾਪਦਾ ਹੈ ਕਿ ਪੰਚਾਇਤੀ ਚੋਣਾਂ ਮਗਰੋਂ ਨਵੇਂ ਸਰਪੰਚ ਗਰੀਬ ਨੌਜਵਾਨਾਂ ਦੀ ਸ਼ਨਾਖ਼ਤ ਕਰਨਗੇ।

# ਮਹਿੰਗੇ ਡੀਜ਼ਲ ਕਾਰਨ ਕਿਸਾਨਾਂ ਨੂੰ ਲੱਗੇਗਾ 400 ਕਰੋੜ ਦਾ ਰਗੜਾ

**ਚੰਡੀਗੜ੍ਹ:** ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ, ਜਿਸ ਕਰ ਕੇ ਪਿਛਲੇ ਸਾਲ ਨਾਲੋਂ ਇਸ ਵਾਰ ਕਿਸਾਨਾਂ ਉਤੇ ਝੋਨੇ ਦੀ ਕਟਾਈ ਤੇ ਬਾਅਦ 'ਚ ਕਣਕ ਦੀ ਬਿਜਾਈ ਕਰਨ ਵੇਲੇ ਮਹਿੰਗੇ ਡੀਜ਼ਲ ਕਰ ਕੇ ਕਰੀਬ 400 ਕਰੋੜ ਰੁਪਏ ਭਾਰ ਪਵੇਗਾ। ਇਕ ਸਾਲ 'ਚ ਡੀਜ਼ਲ 14 ਰੁਪਏ ਤੋਂ 15 ਰੁਪਏ ਦੇ ਕਰੀਬ ਮਹਿੰਗਾ ਹੋ ਗਿਆ ਹੈ ਅਤੇ ਮਹਿੰਗੇ ਡੀਜ਼ਲ ਦਾ ਖਮਿਆਜ਼ਾ ਇਸ ਵਾਰ ਕਿਸਾਨਾਂ ਨੂੰ ਭੁਗਤਣਾ ਪਵੇਗਾ।

ਕੇਂਦਰ ਨੇ ਭਾਵੇਂ ਝੋਨੇ ਦੇ ਸਮਰਥਨ ਮੁੱਲ 'ਚ 200 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ ਪਰ ਮਹਿੰਗੇ ਡੀਜ਼ਲ ਕਰਕੇ ਇਹ ਵਾਧਾ ਵੀ ਕਿਸਾਨਾਂ ਲਈ ਜ਼ਿਆਦਾ ਰਾਹਤ ਨਹੀਂ ਦੇਵੇਗਾ, ਕਿਉਂਕਿ ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਵੇਲੇ ਹੀ ਉਨ੍ਹਾਂ ਦਾ ਜ਼ਿਆਦਾ ਖਰਚਾ ਹੋਵੇਗਾ। ਪਹਿਲਾਂ ਕੰਬਾਈਨਾਂ ਨਾਲ ਕਟਾਈ ਨਾਲ 1200 ਰੁਪਏ ਦੇ ਕਰੀਬ ਪ੍ਰਤੀ ਏਕੜ ਅਦਾਇਗੀ ਕਰਨੀ ਪੈਂਦੀ ਸੀ ਜਦਕਿ ਹੁਣ ਇਸ ਵਿਚ 300 ਰੁਪਏ ਦਾ ਜ਼ਿਆਦਾ ਡੀਜ਼ਲ ਲੱਗਣ ਕਰਕੇ 1500 ਰੁਪਏ ਪ੍ਰਤੀ ਏਕੜ ਦਾ ਜ਼ਿਆਦਾ ਭਾਰ ਪਏਗਾ। ਇਸੇ ਤਰ੍ਹਾਂ ਪਰਾਲੀ ਕੱਟਣ ਲਈ ਕੰਬਾਈਨਾਂ ਨਾਲ ਸੁਪਰ ਐਸ.ਐਮ.ਐਸ. ਲਾਈ ਜਾਂਦੀ ਹੈ ਤਾਂ ਫਿਰ ਇਹ ਖਰਚਾ ਪਹਿਲਾਂ 1500 ਰੁਪਏ ਪ੍ਰਤੀ ਏਕੜ ਦਾ ਦੇਣਾ ਪੈਂਦਾ ਸੀ ਜਦਕਿ ਹੁਣ 180 ਰੁਪਏ ਪ੍ਰਤੀ ਏਕੜ ਦਾ ਦੇਣਾ ਪਵੇਗਾ। ਇਸ ਤਰ੍ਹਾਂ ਨਾਲ ਬਾਅਦ 'ਚ ਕਣਕ ਦੀ ਬਿਜਾਈ ਲਈ ਰੂਟਾਵੇਟਰ, ਹੈਪੀ ਸੀਡਰ ਵਰਗੀਆਂ ਮਸ਼ੀਨਾਂ ਨਾਲ ਕੰਮ ਕਰਵਾਏ ਜਾਣ ਕਰਕੇ ਡੀਜ਼ਲ ਦਾ ਜ਼ਿਆਦਾ ਖਰਚਾ ਦੇਣਾ ਪਵੇਗਾ।

ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਡੀਜ਼ਲ ਦੇ ਪ੍ਰਤੀ ਲੀਟਰ 14 ਤੋਂ 15 ਰੁਪਏ ਮਹਿੰਗਾ ਹੋਣ ਕਰਕੇ ਇਸ ਵਾਰ ਝੋਨੇ ਦੀ ਕਟਾਈ ਲਈ ਕਿਸਾਨਾਂ ਉਤੇ 400 ਕਰੋੜ ਦੇ ਕਰੀਬ ਵਾਧੂ ਖਰਚਾ ਪਏਗਾ, ਜਿਸ ਵਿਚ ਕਣਕ ਦੀ ਬਿਜਾਈ ਲਈ ਮਸ਼ੀਨਰੀ ਦੀ ਵਰਤੋਂ ਕੀਤੇ ਜਾਣ ਵਾਲਾ ਡੀਜ਼ਲ ਦਾ ਖਰਚਾ ਵੀ ਸ਼ਾਮਲ ਹੈ। ਕੰਬਾਈਨਾਂ ਜਾਂ ਹੋਰ ਮਸ਼ੀਨਾਂ ਚਲਾਉਣ ਵਾਲਿਆਂ ਦਾ ਵੀ ਕਹਿਣਾ ਹੈ ਕਿ ਡੀਜ਼ਲ ਦੀਆਂ ਕੀਮਤਾਂ ਕਾਫੀ ਵਧ ਗਈਆਂ ਹਨ ਤੇ ਵਧਿਆ ਹੋਇਆ ਖਰਚਾ ਤਾਂ ਕਿਸਾਨਾਂ ਨੂੰ ਦੇਣਾ ਪਵੇਗਾ।

# ਪੰਜਾਬੀ ਮਹਿਲਾ ਤੋਂ ਵਰਕ ਵੀਜ਼ੇ ਲਈ 33 ਹਜ਼ਾਰ ਡਾਲਰ ਠੱਗੇ

**ਮੈਲਬਰਨ:** ਨਿਊਜ਼ੀਲੈਂਡ ਵਿਚ ਭਾਰਤੀ ਮੂਲ ਦੀ ਇਕ ਆਈ.ਟੀ. ਪ੍ਰੋਫੈਸ਼ਨਲ ਮਹਿਲਾ ਤੋਂ ਤਿੰਨ ਆਦਮੀਆਂ ਨੇ ਵਰਕ ਵੀਜ਼ਾ ਦਿਵਾਉਣ ਦਾ ਝਾਂਸਾ ਦੇ ਕੇ 33000 ਡਾਲਰ ਠੱਗ ਲਏ। ਰੇਡੀਓ ਨਿਊਜ਼ੀਲੈਂਡ ਦੀ ਰਿਪੋਰਟ ਅਨੁਸਾਰ ਦਮਨਪ੍ਰੀਤ ਕੌਰ ਨੇ ਆਖਿਆ ਕਿ ਉਸ ਨੇ ਪਿਛਲੇ ਸਾਲ ਵਰਕ ਵੀਜ਼ਾ ਤੇ ਜੌਬ ਖਾਤਰ ਦੋ ਆਦਮੀਆਂ ਨੂੰ 18000 ਡਾਲਰ ਦਿੱਤੇ ਸਨ ਤੇ ਬਾਅਦ ਵਿਚ ਹੈਮਿਲਟਨ ਦੇ ਇਕ ਬੰਦੇ ਨੂੰ 15000 ਡਾਲਰ ਦਿੱਤੇ ਸਨ।

ਉਸ ਨੇ ਕਿਹਾ ਕਿ ਉਸ ਨੂੰ ਮਾਰਚ 2016 ਵਿਚ ਆਕਲੈਂਡ ਤੋਂ ਇਕ ਸਾਲ ਦਾ ਆਈ.ਟੀ. ਕੋਰਸ ਕਰਨ ਤੋਂ ਬਾਅਦ ਇਕ ਸਾਲ ਦਾ ਓਪਨ ਵਰਕ ਵੀਜ਼ਾ ਮਿਲਿਆ ਸੀ ਪਰ ਇਸ ਦੀ ਮਿਆਦ ਪੂਰੀ ਹੋਣ 'ਤੇ ਉਸ ਨੂੰ ਦੋ ਸਾਲ ਦਾ ਵਰਕ ਵੀਜ਼ਾ ਲੈਣ ਵਿਚ ਕਾਫੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਿਆ।

ਮਾਰਚ 2017 ਵਿਚ ਦਮਨਪ੍ਰੀਤ ਕੌਰ ਨਾਲ ਦੋ ਵਿਅਕਤੀਆਂ ਨੇ ਸੰਪਰਕ ਕਰ ਕੇ ਉਸ ਨੂੰ ਟੌਰੰਗਾ ਦੇ ਇਕ ਇੰਟਰਨੈਟ ਕੈਫੇ ਵਿਚ ਜੌਬ ਦਿਵਾਉਣ ਦੀ ਪੇਸ਼ਕਸ਼ ਕੀਤੀ ਬਸ਼ਰਤੇ ਉਹ ਉਸ ਨੂੰ 50000 ਡਾਲਰ ਅਦਾ ਕਰੇ। ਉਨ੍ਹਾਂ ਕਿਹਾ ਕਿ ਜੌਬ ਸਦਕਾ ਉਸ ਨੂੰ ਵਰਕ ਵੀਜ਼ਾ ਮਿਲ ਜਾਵੇਗਾ ਤੇ ਇਸ ਤਰ੍ਹਾਂ ਰਿਹਾਇਸ਼ੀ ਵੀਜ਼ਾ ਲੈਣ 'ਚ ਵੀ ਮਦਦ ਮਿਲੇਗੀ।


ਦਮਨਪ੍ਰੀਤ ਕੌਰ ਨੇ ਉਨ੍ਹਾਂ ਨੂੰ ਦੋ ਕਿਸ਼ਤਾਂ ਵਿਚ 33000 ਡਾਲਰ ਅਦਾ ਕਰ ਦਿੱਤੇ ਪਰ ਬਾਅਦ ਵਿਚ ਇਹ ਗੱਲ ਸਾਹਮਣੇ ਆਈ ਕਿ ਇੰਟਰਨੈਟ ਕੈਫੇ ਐਵੇਂ ਫਰਜ਼ੀ ਖੜ੍ਹਾ ਕੀਤਾ ਗਿਆ ਸੀ। ਦਮਨਪ੍ਰੀਤ ਬਹੁਤ ਮਾਯੂਸ ਹੈ ਤੇ ਉਸ ਨੇ ਆਵਾਸ ਬਾਰੇ ਸਹਾਇਕ ਮੰਤਰੀ ਕ੍ਰਿਸ ਫਾਫੋਈ ਨੂੰ ਪੱਤਰ ਲਿਖਿਆ ਤੇ ਨਾਲ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਇਨਸਾਫ ਤੇ ਦੇਸ਼ ਵਿਚ ਰਹਿਣ ਦੀ ਆਗਿਆ ਮੰਗੀ ਹੈ।

## ਤਨਜ਼ਾਨੀਆ 'ਚ ਕਿਸ਼ਤੀ ਡੁੱਬੀ, 126 ਹਲਾਕ

**ਨੈਰੋਬੀ:** ਤਨਜ਼ਾਨੀਆ ਵਿਚ ਵਿਕਟੋਰੀਆ ਝੀਲ ਵਿਚ ਇਕ ਕਿਸ਼ਤੀ ਦੇ ਡੁੱਬਣ ਨਾਲ ਘੱਟੋ ਘੱਟ 126 ਵਿਅਕਤੀਆਂ ਦੀ ਮੌਤ ਹੋ ਗਈ। ਮੀਡੀਆ ਮੁਤਾਬਕ ਐਮ.ਵੀ. ਨਾਯੇਰੇਰੀ ਨਾਂ ਦੀ ਕਿਸ਼ਤੀ 'ਚ ਸਮਰੱਥਾ ਤੋਂ ਦੁੱਗਣੇ ਕਰੀਬ 200 ਯਾਤਰੀ ਸਵਾਰ ਸਨ। ਇਹ ਕਿਸ਼ਤੀ ਉਕਾਰਾ ਦੀਪ 'ਤੇ ਤੱਟ ਦੇ ਕੋਲ ਡੁੱਬ ਗਈ।

## ਇਕਬਾਲ ਸਿੰਘ ਸੋਢੀ ਨਹੀਂ ਰਹੇ

**ਸ਼ਿਕਾਗੋ (ਬਿਊਰੋ):** ਸਥਾਨਕ ਪਤਵੰਤੇ ਸੱਜਣ ਸ. ਇਕਬਾਲ ਸਿੰਘ ਸੋਢੀ ਦਾ ਲੰਘੀ 22 ਸਤੰਬਰ ਨੂੰ ਦਿਹਾਂਤ ਹੋ ਗਿਆ। ਕਰੀਬ 64 ਸਾਲਾ ਸਵਰਗੀ ਸੋਢੀ ਪਿਛੋਂ



ਅੰਮ੍ਰਿਤਸਰ ਤੋਂ ਸਨ ਅਤੇ 1983 ਵਿਚ ਅਮਰੀਕਾ ਆ ਗਏ ਸਨ।

ਸਵਰਗੀ ਸੋਢੀ ਆਪਣੇ ਪਿਛੇ ਪਤਨੀ ਸੰਗੀਤਾ ਸੋਢੀ, ਬੇਟਾ ਸੁਮੀਰ ਸੋਢੀ, ਭਰਾ ਹਰਦੇਵ ਸਿੰਘ ਸੋਢੀ ਤੇ ਭਰਿਆ ਪਰਿਵਾਰ ਛੱਡ ਗਏ ਹਨ। ਸਵਰਗੀ ਸੋਢੀ ਦਾ ਅੰਤਿਮ ਸੰਸਕਾਰ ਬਾਰਟਲੈਟ ਫਿਊਨਰਲ ਹੋਮ ਵਿਚ 24 ਨੂੰ ਕਰ ਦਿੱਤਾ ਗਿਆ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਹੋਈ। ਉਪਰੰਤ ਉਨ੍ਹਾਂ ਨਮਿਤ ਸਹਿਜ ਪਾਠ ਅਰੰਭ ਕੀਤਾ ਗਿਆ ਜਿਸ ਦਾ ਭੋਗ 29 ਸਤੰਬਰ, ਸਨਿਚਰਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਪਵੇਗਾ।

# ਭਾਰਤ 'ਚ ਸਿੱਖਿਆ ਨੂੰ ਤਰਜੀਹ ਦੇਣ ਲੱਗੇ ਪਰਵਾਸੀ ਪਾੜ੍ਹੇ

**ਪਟਿਆਲਾ:** ਭਾਰਤ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਹੋਣ ਕਾਰਨ ਜਿਥੇ ਨੌਜਵਾਨ ਪੀੜ੍ਹੀ ਆਈਲੈਟਸ ਕਰ ਕੇ ਸਿੱਖਿਆ ਪ੍ਰਾਪਤ ਕਰਨ ਤੇ ਰੁਜ਼ਗਾਰ ਦੀ ਚਾਹਤ 'ਚ ਰੋਜ਼ਾਨਾ ਸੈਕੜਿਆਂ ਦੀ ਗਿਣਤੀ 'ਚ ਵਿਦੇਸ਼ਾਂ ਵੱਲ ਜਾ ਰਹੀ ਹੈ, ਉਥੇ ਹੀ ਵਿਦੇਸ਼ੀ ਵਿਦਿਆਰਥੀ ਭਾਰਤ 'ਚ ਉਚ ਸਿੱਖਿਆ ਪ੍ਰਾਪਤ ਕਰਨ 'ਚ ਰੁਚੀ ਵਿਖਾਉਣ ਲੱਗੇ ਹਨ।

ਭਾਵੇਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਦੇਸ਼ੀਆਂ ਦੀ ਆਮਦ ਨਾਲੋਂ ਕਈ ਗੁਣਾ ਘੱਟ ਹੈ ਪਰ ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਦੁਨੀਆਂ ਦੇ ਵਿਕਸਿਤ ਦੇਸ਼ਾਂ 'ਚ ਸ਼ੁਮਾਰ ਅਮਰੀਕਾ ਤੋਂ ਵੀ ਵੱਡੀ ਗਿਣਤੀ ਵਿਦਿਆਰਥੀਆਂ ਨੇ ਭਾਰਤ 'ਚ ਸਿੱਖਿਆ ਪ੍ਰਾਪਤ ਕਰਨ ਲਈ ਸਾਲ 2017-18 ਦੌਰਾਨ ਦਾਖਲਾ ਲਿਆ ਹੈ। ਇਸ ਤੋਂ ਇਲਾਵਾ 165 ਹੋਰਨਾਂ ਦੇਸ਼ਾਂ ਦੇ ਵਿਦਿਆਰਥੀ ਵੀ ਭਾਰਤ 'ਚ ਵੱਖ-ਵੱਖ ਕੋਰਸ ਕਰ ਰਹੇ ਹਨ। ਭਾਰਤ ਸਰਕਾਰ ਦੇ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਦੇ ਉੱਚ ਸਿੱਖਿਆ ਵਿਭਾਗ ਦੀ 2017-18 ਦੀ ਪੇਸ਼ ਕੀਤੀ ਰਿਪੋਰਟ 'ਚ 1418 ਅਮਰੀਕੀ ਵਿਦਿਆਰਥੀ ਭਾਰਤ ਪੁੱਜੇ ਜਿਨ੍ਹਾਂ ਵਿਚ 54 ਫੀਸਦੀ ਗਿਣਤੀ ਲੜਕੀਆਂ ਦੀ ਹੈ। ਗੁਆਂਢੀ ਦੇਸ਼ ਨਿਪਾਲ ਤੋਂ ਸਭ ਤੋਂ ਜ਼ਿਆਦਾ ਵਿਦਿਆਰਥੀ 11521 ਨੇ ਭਾਰਤ 'ਚ ਵੱਖ-ਵੱਖ ਕੋਰਸਾਂ 'ਚ ਦਾਖਲਾ ਲਿਆ।

ਅਫ਼ਗਾਨਿਸਤਾਨ ਤੋਂ 4378 ਵਿਦਿਆਰਥੀ, ਸੁਡਾਨ ਤੋਂ 2220 ਵਿਦਿਆਰਥੀ, ਭੂਟਾਨ ਤੋਂ 1999, ਨਾਈਜੀਰੀਆ ਤੋਂ 1866, ਬੰਗਲਾਦੇਸ਼ ਤੋਂ 1566, ਈਰਾਨ ਤੋਂ 1558, ਯਮੀਨ ਤੋਂ 1771 ਤੇ ਸ੍ਰੀਲੰਕਾ 1248 ਵਿਦਿਆਰਥੀਆਂ ਨੇ ਭਾਰਤ 'ਚ ਵੱਖ-ਵੱਖ ਕੋਰਸਾਂ ਵਿਚ ਦਾਖਲਾ ਲਿਆ। ਇਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਵੱਲੋਂ ਡਾਕਟਰੀ ਪੇਸ਼ੇ ਤੇ ਪੀ.ਐਚ.ਡੀ. ਤੱਕ ਦੀ ਪੜ੍ਹਾਈ ਭਾਰਤ 'ਚੋਂ ਕੀਤੀ ਜਾ ਰਹੀ ਹੈ। ਪੀ.ਐਚ.ਡੀ. 'ਚ 1413 ਵਿਦੇਸ਼ੀ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ ਜਦੋਂ ਕਿ 1719 ਵਿਦੇਸ਼ੀ ਵਿਦਿਆਰਥੀਆਂ ਨੇ ਡਾਕਟਰੀ ਦੀ ਡਿਗਰੀ ਐਮ.ਬੀ.ਬੀ.ਐਸ. ਕਰਨ ਲਈ ਦਾਖਲ ਹੋਏ ਹਨ। 7610 ਬੀ.ਟੈਕ 'ਚ, 3589 ਬੀ.ਬੀ.ਏ., 3002 ਬੀ.ਏ., 1992 ਬੀ.ਕਾਮ, 2629 ਬੀ.ਫਾਰਮਾ, 2667 ਬੀ.ਸੀ.ਏ., 2490 ਬੀ.ਈ., 1414 ਵਿਦੇਸ਼ੀ ਵਿਦਿਆਰਥੀ ਬੀ.ਐਸ.ਸੀ. ਨਰਸਿੰਗ ਕਰ ਰਹੇ ਹਨ, ਉਪਰੋਕਤ ਕੋਰਸਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਵੱਖ-ਵੱਖ ਕੋਰਸਾਂ ਵਿਚ ਵਿਦੇਸ਼ੀ ਵਿਦਿਆਰਥੀਆਂ ਵੱਲੋਂ ਦਾਖਲਾ ਲਿਆ ਹੈ।

# ਹਰਿਮੰਦਰ ਸਾਹਿਬ ਨਤਮਸਤਕ ਹੋਣਗੇ ਯੂ. ਐਨ. ਮੁਖੀ ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਅਗਲੇ ਮਹੀਨੇ ਦੇ ਸ਼ੁਰੂ ਵਿਚ ਭਾਰਤ ਦੇ ਦੌਰੇ ਉਤੇ ਆ ਰਹੇ ਹਨ।



ਮਹਾਤਮਾ ਗਾਂਧੀ ਦੇ ਜਨਮ ਦੀ 150ਵੀਂ ਸਾਲਗਿਰ੍ਹਾ ਮੌਕੇ ਹੋਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਮੌਕੇ ਇਹ ਉਨ੍ਹਾਂ ਦਾ ਪਹਿਲਾ ਭਾਰਤ ਦੌਰਾ ਹੋਵੇਗਾ।

ਯੂ.ਐਨ. ਸਕੱਤਰ ਜਨਰਲ ਦੇ ਉਪ ਤਰਜਮਾਨ ਫਰਹਾਨ ਹੱਕ ਨੇ ਦੱਸਿਆ ਕਿ ਸਕੱਤਰ ਜਨਰਲ ਪਹਿਲੀ ਅਕਤੂਬਰ ਨੂੰ ਨਵੀਂ ਦਿੱਲੀ ਪਹੁੰਚਣਗੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਸ੍ਰੀ ਗੁਟੇਰੇਜ਼ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜਾਣਗੇ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਸਿੱਖਾਂ ਦਾ ਸਭ ਤੋਂ ਮੁਕੱਦਸ ਅਸਥਾਨ ਦੇਖਣ ਜਾਣਾ ਚਾਹੁੰਦੇ ਹਨ। 1984 ਵਿਚ ਹੋਏ ਸਿੱਖ ਕਤਲੇਆਮ ਬਾਰੇ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰੀ ਹੱਕ ਨੇ ਆਖਿਆ ਕਿ ਇਸ ਮੁੱਦੇ ਬਾਰੇ ਅਜੇ ਕੁਝ ਵੀ ਕਹਿਣਾ ਸਹੀ ਨਹੀਂ ਹੋਵੇਗਾ। ਪਹਿਲੀ ਅਕਤੂਬਰ ਨੂੰ ਸ੍ਰੀ ਗੁਟੇਰੇਜ਼ ਨਵੀਂ ਦਿੱਲੀ ਵਿਚ ਨਵੇਂ ਯੂਐਨ ਹਾਊਸ ਦਾ ਬਾਕਾਇਦਾ ਉਦਘਾਟਨ ਕਰਨਗੇ ਤੇ 2 ਅਕਤੂਬਰ ਨੂੰ ਉਹ ਮਹਾਤਮਾ ਗਾਂਧੀ ਕੌਮਾਂਤਰੀ ਸੈਨੀਟੇਸ਼ਨ ਕਨਵੈਨਸ਼ਨ ਦੇ ਸਮਾਪਤੀ ਸਮਾਰੋਹ ਵਿਚ ਸ਼ਿਰਕਤ ਕਰਨਗੇ। 3 ਅਕਤੂਬਰ ਨੂੰ ਬਾਅਦ ਦੁਪਹਿਰ ਉਹ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਨਤਮਸਤਕ ਹੋਣ ਜਾਣਗੇ ਤੇ 4 ਅਕਤੂਬਰ ਨੂੰ ਨਿਊ ਯਾਰਕ ਲਈ ਰਵਾਨਾ ਹੋ ਜਾਣਗੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਏ 'ਅੱਛੇ ਦਿਨ'

**ਬਠਿੰਡਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਨਾ ਕੋਠੀ ਹੈ ਅਤੇ ਨਾ ਹੀ ਕਾਰ। ਨਾ ਹੀ ਕੋਈ ਜ਼ਮੀਨ ਹੈ, ਨਾ ਹੀ ਸ਼ੋਅ ਰੂਮ ਅਤੇ ਨਾ ਹੀ



ਕੋਈ ਦੁਕਾਨ। ਫਿਰ ਵੀ ਪ੍ਰਧਾਨ ਮੰਤਰੀ ਮੋਦੀ ਦੀ ਜਾਇਦਾਦ ਪੰਜ ਸਾਲਾਂ ਵਿਚ 56 ਫੀਸਦੀ ਵੱਧ ਗਈ, ਪਰ ਮੋਦੀ ਦੇ ਪਲਾਟ ਦੀ ਕੀਮਤ ਪੰਜ ਵਰ੍ਹਿਆਂ ਮਗਰੋਂ ਵੀ ਨਹੀਂ ਵਧੀ ਹੈ। ਮੋਦੀ ਤਰਫੋਂ ਜੋ ਪ੍ਰਧਾਨ ਮੰਤਰੀ ਦਫਤਰ ਕੋਲ ਸਾਲ 2017-18 ਦੇ ਸੰਪਤੀ ਦੇ ਵੇਰਵੇ ਨਸ਼ਰ ਕੀਤੇ ਹਨ, ਉਨ੍ਹਾਂ 'ਚ ਇਹ ਤੱਥ ਉੱਭਰੇ ਹਨ।

ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਦੀ ਚੱਲ ਜਾਇਦਾਦ ਵਿਚ ਕਰੀਬ 120 ਗੁਣਾ ਦਾ ਵਾਧਾ ਹੋਇਆ ਹੈ। ਮੁੱਕਦੀ ਗੱਲ ਇਹ ਵੀ ਕਿ ਪ੍ਰਧਾਨ ਮੰਤਰੀ ਆਪਣੀ ਪਤਨੀ ਜਸ਼ੋਦਾ ਬੇਨ ਦੀ ਸੰਪਤੀ ਤੋਂ ਅਣਜਾਣ ਹਨ। ਪ੍ਰਧਾਨ ਮੰਤਰੀ ਦਫ਼ਤਰ ਦੇ ਵੇਰਵਿਆਂ ਅਨੁਸਾਰ ਮੋਦੀ ਕੋਲ ਇਸ ਵੇਲੇ 2.28 ਕਰੋੜ ਰੁਪਏ ਦੀ ਚੱਲ ਅਚੱਲ ਸੰਪਤੀ ਹੈ ਜਦੋਂ ਕਿ ਸਾਲ 2013-14 ਵਿਚ ਇਹ ਸੰਪਤੀ 1.26 ਕਰੋੜ ਰੁਪਏ ਦੀ ਸੀ। ਪੰਜ ਵਰ੍ਹਿਆਂ ਵਿਚ ਇਹ ਵਾਧਾ 56 ਫੀਸਦੀ ਬਣਦਾ ਹੈ। ਚੱਲ ਜਾਇਦਾਦ ਜੋ ਹੁਣ 1.28 ਕਰੋੜ ਰੁਪਏ ਦੀ ਹੈ, ਉਹ ਪੰਜ ਵਰ੍ਹੇ ਪਹਿਲਾਂ 26.12 ਲੱਖ ਰੁਪਏ ਦੀ ਸੀ ਅਤੇ ਇਹ ਵਾਧਾ 120 ਫੀਸਦੀ ਦਾ ਬਣਦਾ ਹੈ। ਅਚੱਲ ਸੰਪਤੀ ਵਿਚ ਮੋਦੀ ਕੋਲ ਗਾਂਧੀ ਨਗਰ ਵਿਚ 169.81 ਵਰਗ ਗਜ਼ ਦਾ ਪਲਾਟ ਹੈ, ਜੋ ਉਨ੍ਹਾਂ ਨੇ 25 ਅਕਤੂਬਰ 2002 ਨੂੰ ਖਰੀਦਿਆ ਸੀ। ਉਦੋਂ ਮੋਦੀ ਨੇ ਇਹ ਪਲਾਟ 1.30 ਲੱਖ ਰੁਪਏ ਵਿਚ ਖਰੀਦਿਆ ਸੀ, ਜਿਸ ਦੀ ਕੀਮਤ ਇਸ ਵੇਲੇ ਇਕ ਕਰੋੜ ਰੁਪਏ ਹੈ।

ਲੰਘੇ ਪੰਜ ਵਰ੍ਹਿਆਂ ਵਿਚ ਮੋਦੀ ਦੇ ਇਸ ਪਲਾਟ ਦੀ ਕੀਮਤ ਵਿਚ ਕੋਈ ਵਾਧਾ ਨਹੀਂ ਹੋਇਆ ਹੈ। ਜਦੋਂ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠੇ ਸਨ, ਤਾਂ ਉਦੋਂ ਉਨ੍ਹਾਂ ਕੋਲ 1.26 ਕਰੋੜ ਦੀ ਸੰਪਤੀ ਸੀ। ਸਾਲ 2014-15 ਵਿਚ ਇਹ ਸੰਪਤੀ 1.41 ਕਰੋੜ, ਸਾਲ 2015-16 ਵਿਚ 1.73 ਕਰੋੜ ਦੀ ਅਤੇ ਸਾਲ 2016-17 ਵਿਚ ਇਹੋ ਸੰਪਤੀ ਵਧ ਕੇ 2 ਕਰੋੜ ਰੁਪਏ ਦੀ ਹੋ ਗਈ ਹੈ। ਭਾਵੇਂ ਮੋਦੀ ਕੋਲ ਧੰਨ ਦੌਲਤ ਏਨੀ ਵੱਡੀ ਨਹੀਂ ਪਰ ਉਨ੍ਹਾਂ ਦੇ ਕੱਪੜੇ ਅਤੇ ਤੋਹਫ਼ੇ ਕਰੋੜਾਂ ਰੁਪਏ ਵਿਚ ਨਿਲਾਮ ਹੁੰਦੇ ਹਨ। ਮੋਦੀ ਕੋਲ ਇਸ ਵੇਲੇ 48,944 ਰੁਪਏ ਦੀ ਨਗਦ ਰਾਸ਼ੀ ਹੈ ਅਤੇ 1.32 ਲੱਖ ਰੁਪਏ ਬੈਂਕ ਖਾਤੇ ਵਿਚ ਹਨ। ਉਨ੍ਹਾਂ ਕੋਲ 45 ਗਰਾਮ ਸੋਨਾ (ਚਾਰ ਮੁੰਦਰੀਆਂ) ਹੈ ਜਿਸ ਦੀ ਕੀਮਤ 1.38 ਲੱਖ ਰੁਪਏ ਹੈ। ਪ੍ਰਧਾਨ ਮੰਤਰੀ ਕੋਲ ਨਾ ਖੇਤੀ ਵਾਲੀ ਜ਼ਮੀਨ ਹੈ ਅਤੇ ਨਾ ਹੀ ਗੈਰ ਜ਼ਰਾਇਤੀ ਜ਼ਮੀਨ। ਨਾ ਕੋਈ ਵਪਾਰਕ ਸੰਪਤੀ ਹੈ ਅਤੇ ਨਾ ਹੀ ਕੋਠੀ, ਨਾ ਹੀ ਕਾਰ ਹੈ। ਮੋਦੀ ਕੋਲ ਸਾਈਕਲ ਵੀ ਨਹੀਂ ਹੈ। ਦਿਲਚਸਪ ਤੱਥ ਹਨ ਕਿ ਨਰਿੰਦਰ ਮੋਦੀ ਮੁਲਕ ਦੇ 'ਕਾਲੇ ਧੰਨ' ਤੋਂ ਪੂਰੀ ਤਰ੍ਹਾਂ ਜਾਣੂ ਹਨ ਪ੍ਰੰਤੂ ਉਨ੍ਹਾਂ ਨੂੰ ਆਪਣੀ ਪਤਨੀ ਦੇ 'ਚਿੱਟੇ ਧੰਨ' ਦਾ ਕੋਈ ਥਹੁ ਪਤਾ ਨਹੀਂ ਹੈ। ਪਤਨੀ ਦੇ ਸੰਪਤੀ ਦੇ ਵੇਰਵਿਆਂ ਵਾਰੇ ਉਨ੍ਹਾਂ ਏਨਾ ਹੀ ਲਿਖਿਆ ਹੈ, 'ਜਾਣਕਾਰੀ ਨਹੀਂ'।

## ਗਰੀਬ ਤਬਕੇ ਨੂੰ ਖੁਸ਼ ਕਰਨ ਦੀਆਂ ਤਿਆਰੀਆਂ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਗਰੀਬ ਤਬਕੇ ਨੂੰ ਖੁਸ਼ ਕਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਕੌਮੀ ਬੱਚਤ ਸਰਟੀਫਿਕੇਟ (ਐਨ.ਐਸ.ਸੀ.) ਤੇ ਪੀ.ਪੀ.ਐਫ. ਸਮੇਤ ਛੋਟੀਆਂ ਬੱਚਤਾਂ ਯੋਜਨਾਵਾਂ ਲਈ ਵਿਆਜ ਦਰ 'ਚ ਅਕਤੂਬਰ ਦਸੰਬਰ ਤਿਮਾਹੀ ਲਈ 0.4 ਫ਼ੀਸਦੀ ਵਾਧਾ ਕੀਤਾ ਹੈ।

ਇਨ੍ਹਾਂ ਦਰਾਂ 'ਚ ਕਈ ਸਾਲ ਬਾਅਦ ਵਾਧਾ ਕੀਤਾ ਗਿਆ ਹੈ। ਇਹ ਫੈਸਲਾ ਛੋਟੀਆਂ ਬੱਚਤਾਂ ਯੋਜਨਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਬਜ਼ੁਰਗ ਨਾਗਰਿਕਾਂ ਤੇ ਬੱਚੀਆਂ ਦੀ ਭਲਾਈ ਨੂੰ ਉਤਸ਼ਾਹ ਦੇਣ ਲਈ ਲਿਆ ਗਿਆ ਹੈ। ਪੀ.ਪੀ.ਐਫ. ਅਤੇ ਐਨ.ਐਸ.ਸੀ. ਉਤੇ ਮੌਜੂਦਾ 7.6 ਫੀਸਦੀ ਵਿਆਜ ਦੀ ਥਾਂ ਹੁਣ ਸਾਲਾਨਾ 8 ਫੀਸਦੀ ਵਿਆਜ ਮਿਲੇਗਾ। ਕਿਸਾਨ ਵਿਕਾਸ ਪੱਤਰ 'ਤੇ ਹੁਣ 7.7 ਦੀ ਦਰ ਨਾਲ ਵਿਆਜ ਮਿਲੇਗਾ।

# ਭਾਰਤ 'ਚ ਹਰ ਦੋ ਮਿੰਟ 'ਚ ਹੁੰਦੀ ਹੈ ਤਿੰਨ ਬਾਲਾਂ ਦੀ ਮੌਤ

**ਨਵੀਂ ਦਿੱਲੀ:** ਨਿੱਕੇ ਬਾਲਾਂ ਦੀ ਮੌਤ ਦਾ ਹਿਸਾਬ ਲਾਉਣ ਵਾਲੇ ਸੰਯੁਕਤ ਰਾਸ਼ਟਰ ਦੇ ਅੰਤਰ-ਏਜੰਸੀ ਸਮੂਹ (ਯੂ. ਐਨ. ਆਈ. ਜੀ. ਐਮ.ਈ.) ਵੱਲੋਂ ਜਾਰੀ ਰਿਪੋਰਟ ਦੀ ਮੰਨੀਏ ਤਾਂ ਭਾਰਤ ਵਿਚ ਔਸਤ ਹਰ ਦੋ ਮਿੰਟ ਵਿਚ ਤਿੰਨ ਦੀ ਦਰ ਨੂੰ ਘਟਾਉਣ ਦੀ ਦਿਸ਼ਾ 'ਚ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਕੀਮਾਂ ਰਾਹੀਂ ਇਸ ਪਾਸੇ ਚੰਗਾ ਕੰਮ ਕੀਤਾ ਹੈ। ਉਨ੍ਹਾਂ ਕਿਹਾ, 'ਇਸ ਤੱਥ 'ਤੇ ਗੌਰ ਕਰਨੀ ਬਣਦੀ ਹੈ ਕਿ ਭਾਰਤ 'ਚ ਹਰ ਸਾਲ ਢਾਈ ਕਰੋੜ ਬੱਚੇ ਜਨਮ ਲੈਂਦੇ ਹਨ ਤੇ ਨਿੱਕੇ ਬਾਲਾਂ



ਬੱਚੇ ਪਾਣੀ, ਸੈਨੀਟੇਸ਼ਨ, ਵਾਜਬ ਪੌਸ਼ਟਿਕ ਖੁਰਾਕ ਜਾਂ ਬੁਨਿਆਦੀ ਸਿਹਤ ਸੇਵਾਵਾਂ ਦੀ ਅਣਹੋਂਦ ਵਿਚ ਮੌਤ ਦੇ ਮੂੰਹ ਜਾ ਪੈਂਦੇ ਹਨ। ਰਿਪੋਰਟ ਮੁਤਾਬਕ ਸਾਲ 2017 ਵਿਚ ਨਿੱਕੇ ਬਾਲਾਂ ਦੀ ਮੌਤ ਦਾ ਅੰਕੜਾ 8.02 ਲੱਖ ਦੇ ਕਰੀਬ ਸੀ, ਜੋ ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਹੇਠਲਾ ਅੰਕੜਾ ਸੀ। ਪਰ ਕੁਲ ਆਲਮ ਦੇ ਮੁਕਾਬਲੇ ਇਹ ਅੰਕੜਾ ਅਜੇ ਵੀ ਸਭ ਤੋਂ ਵੱਧ ਹੈ। ਇਸ ਸੂਚੀ ਵਿਚ 3.30 ਲੱਖ ਮੌਤਾਂ ਨਾਲ ਚੀਨ ਦੂਜੇ ਸਥਾਨ ਉਤੇ ਹੈ।

ਵਿਸ਼ਵ ਸਿਹਤ ਸੰਗਠਨ ਵਿਚ ਸਿਹਤ ਮਹਿਕਮੇ ਦੇ ਮੁਖੀ ਡਾ. ਗਗਨ ਗੁਪਤਾ ਦਾ ਹਾਲਾਂਕਿ ਕਹਿਣਾ ਹੈ ਕਿ ਭਾਰਤ ਨੇ ਨਿੱਕੇ ਬੱਚਿਆਂ ਦੀ ਮੌਤ ਦੀ ਮੌਤ ਦਰ ਪਹਿਲਾਂ ਦੇ ਮੁਕਾਬਲੇ ਘਟੀ ਹੈ।

ਪਿਛਲੇ ਪੰਜ ਸਾਲਾਂ ਵਿਚ ਇਹ ਸਭ ਤੋਂ ਹੇਠਲੇ ਪੱਧਰ ਉਤੇ ਹੈ। ਗੁਪਤਾ ਨੇ ਕਿਹਾ ਕਿ ਨਿੱਕੇ ਬਾਲਾਂ ਦੀ ਮੌਤ ਦੀ ਮੁੱਖ ਵਜ੍ਹਾ ਪਾਣੀ, ਸੈਨੀਟੇਸ਼ਨ, ਵਾਜਬ ਪੌਸ਼ਟਿਕ ਖੁਰਾਕ ਤੇ ਬੁਨਿਆਦੀ ਸਿਹਤ ਸੇਵਾਵਾਂ ਦੀ ਘਾਟ ਹੈ। ਰਿਪੋਰਟ ਮੁਤਾਬਕ ਸਾਲ 2017 ਵਿੱਚ 6.05 ਲੱਖ ਨਵਜੰਮੇ ਬਾਲਾਂ ਦੀ ਮੌਤ ਹੋ ਗਈ ਜਦੋਂਕਿ 5 ਤੋਂ 14 ਸਾਲ ਦੇ ਬੱਚਿਆਂ ਦੀ ਗਿਣਤੀ 1.52 ਲੱਖ ਸੀ। ਯੂਨੀਸੈਫ ਇੰਡੀਆ ਦੇ ਨੁਮਾਇੰਦੇ ਯਾਸਮੀਨ ਅਲੀ ਹੱਕ ਨੇ ਕਿਹਾ ਕਿ ਭਾਰਤ ਵਿਚ ਬੱਚਿਆਂ ਦੀ ਮੌਤ ਦਰ ਵਿਚ ਪ੍ਰਭਾਵਸ਼ਾਲੀ ਨਿਘਾਰ ਆਇਆ ਹੈ।

# ਭਾਰਤ 'ਚ ਦਸ ਲੱਖ ਲੋਕਾਂ ਪਿੱਛੇ 19 ਜੱਜ

**ਨਵੀਂ ਦਿੱਲੀ:** ਕਾਨੂੰਨ ਮੰਤਰਾਲੇ ਵੱਲੋਂ ਜਾਰੀ ਡੇਟਾ ਦੀ ਮੰਨੀਏ ਤਾਂ ਭਾਰਤ ਵਿਚ 10 ਲੱਖ ਲੋਕਾਂ ਪਿੱਛੇ 19 ਜੱਜ ਹਨ। ਡੇਟਾ ਮੁਤਾਬਕ ਜੁਡੀਸ਼ਰੀ ਨੂੰ 6 ਹਜ਼ਾਰ ਤੋਂ ਵੱਧ ਜੱਜਾਂ ਦੀ ਘਾਟ ਰੜਕ ਰਹੀ ਹੈ ਤੇ ਹੇਠਲੀ ਅਦਾਲਤ ਵਿਚ ਪੰਜ ਹਜ਼ਾਰ ਤੋਂ ਵੱਧ ਜੱਜਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਕਾਨੂੰਨ ਮੰਤਰਾਲੇ ਵੱਲੋਂ ਤਿਆਰ ਇਸ ਡੇਟਾ, ਜੋ ਕਿ ਇਸ ਸਾਲ ਮਾਰਚ ਵਿਚ ਤਿਆਰ ਉਸ ਦਸਤਾਵੇਜ਼ ਦਾ ਹਿੱਸਾ ਸੀ ਜਿਸ ਨੂੰ ਸੰਸਦ ਵਿਚ ਵਿਚਾਰ ਚਰਚਾ ਲਈ ਪੇਸ਼ ਕੀਤਾ ਜਾਣਾ ਸੀ, ਮੁਤਾਬਕ ਦਸ ਲੱਖ ਲੋਕਾਂ ਪਿੱਛੇ ਜੱਜ-ਆਬਾਦੀ ਅਨੁਪਾਤ 19.49 ਸੀ।

ਦਸਤਾਵੇਜ਼ ਮੁਤਾਬਕ ਸਹਾਇਕ ਅਦਾਲਤਾਂ ਵਿਚ ਜਿਥੇ 5748 ਜੁਡੀਸ਼ਲ ਅਧਿਕਾਰੀਆਂ ਦੀ ਘਾਟ ਹੈ, ਉਥੇ 24 ਹਾਈ ਕੋਰਟਾਂ ਵਿਚ ਜੱਜਾਂ ਦੀਆਂ 406 ਅਸਾਮੀਆਂ ਖਾਲੀ ਪਈਆਂ ਹਨ। ਹਾਈ ਕੋਰਟਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਜੱਜਾਂ ਦੀਆਂ 1079 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਦੋਂਕਿ ਅਸਲ ਨਫ਼ਰੀ 673 ਹੈ। ਸੁਪਰੀਮ ਕੋਰਟ ਵਿਚ ਜੱਜਾਂ ਦੀਆਂ 31 ਪ੍ਰਵਾਨਿਤ ਅਸਾਮੀਆਂ ਹਨ, ਜਿਨ੍ਹਾਂ 'ਚੋਂ ਛੇ ਖਾਲੀ ਹਨ। ਸੁਪਰੀਮ ਕੋਰਟ, ਹਾਈ ਕੋਰਟ ਤੇ ਹੇਠਲੀਆਂ ਅਦਾਲਤਾਂ ਵਿਚ ਇਸ ਵੇਲੇ ਕੁਲ ਮਿਲਾ ਕੇ 6160 ਜੱਜਾਂ ਦੀ ਅਸਾਮੀਆਂ ਖਾਲੀ ਪਈਆਂ ਹਨ। ਚੇਤੇ ਰਹੇ ਕਿ ਜੱਜ-ਆਬਾਦੀ ਅਨੁਪਾਤ ਸਬੰਧੀ ਵਿਚਾਰ ਚਰਚਾ ਨੂੰ ਅਪਰੈਲ 2016 ਵਿਚ ਮੁਲਕ ਦੇ ਤਤਕਾਲੀਨ ਚੀਫ ਜਸਟਿਸ ਟੀ.ਐਸ.ਠਾਕੁਰ ਨੇ ਉਦੋਂ ਮੁੜ ਭਖਾਇਆ ਜਦੋਂ ਉਨ੍ਹਾਂ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਜੱਜਾਂ ਦੀ ਘਾਟ ਦੇ ਮੁੱਦੇ ਨੂੰ ਉਭਾਰਿਆ ਸੀ।

ਜਸਟਿਸ ਠਾਕੁਰ ਨੇ ਕਿਹਾ ਸੀ ਕਿ ਬਕਾਇਆ ਪਏ ਕੇਸਾਂ ਦਾ ਪਹਾੜ ਜਿਹਾ ਸਾਰਾ ਬੋਝ ਜੁਡੀਸ਼ਰੀ ਦੇ ਮੋਢਿਆਂ 'ਤੇ ਨਹੀਂ ਪਾਇਆ ਜਾ ਸਕਦਾ। ਉਨ੍ਹਾਂ ਕਿਹਾ ਸੀ ਕਿ ਜੱਜਾਂ ਦੀ ਗਿਣਤੀ 21 ਹਜ਼ਾਰ ਦੇ ਕਰੀਬ ਹੈ ਜਦੋਂ ਕਿ ਇਨ੍ਹਾਂ ਬਕਾਇਆ ਕੇਸਾਂ ਦੇ ਨਿਪਟਾਰੇ ਲਈ 40 ਹਜ਼ਾਰ ਜੱਜਾਂ ਦੀ ਲੋੜ ਹੈ, ਪਰ ਸਰਕਾਰਾਂ ਇਸ ਪਾਸੇ ਧਿਆਨ ਨਹੀਂ ਧਰ ਰਹੀਆਂ। ਉਨ੍ਹਾਂ ਕਿਹਾ ਸੀ ਕਿ ਸਾਲ 1987 ਵਿਚ ਕਾਨੂੰਨ ਕਮਿਸ਼ਨ ਦੀ ਇਸ ਸਿਫਾਰਿਸ਼ ਕਿ ਦਸ ਲੱਖ ਲੋਕਾਂ ਪਿੱਛੇ 10 ਜੱਜਾਂ ਦੀ ਗਿਣਤੀ ਨੂੰ ਵਧਾ ਕੇ 50 ਕੀਤਾ ਜਾਵੇ, ਦੇ ਬਾਵਜੂਦ ਹੁਣ ਤੱਕ ਇਸ ਪਾਸੇ 'ਇਕ ਪੱਤਾ ਤਕ ਨਹੀਂ ਹਿੱਲਿਆ'। ਹਾਲ ਹੀ ਵਿਚ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ 24 ਹਾਈ ਕੋਰਟਾਂ ਦੇ ਚੀਫ ਜਸਟਿਸਾਂ ਨੂੰ ਅਪੀਲ ਕੀਤੀ ਸੀ ਕਿ ਉਹ ਹੇਠਲੀ ਅਦਾਲਤਾਂ ਵਿਚ ਜੁਡੀਸ਼ਲ ਅਧਿਕਾਰੀਆਂ ਦੀ ਭਰਤੀ ਪ੍ਰਕਿਰਿਆ ਨੂੰ ਤੇਜ਼ ਕਰਨ। ਕਾਨੂੰਨ ਮੰਤਰੀ ਨੇ ਮੰਨਿਆ ਸੀ ਕਿ ਬਕਾਇਆ ਕੇਸਾਂ ਦੇ ਵਧਣ ਦੀ ਮੁੱਖ ਵਜ੍ਹਾ ਜੱਜਾਂ ਦੀ ਘਾਟ ਹੈ।

## ਸ਼ਿਮਲਾ ਨੇੜੇ ਟ੍ਰੈਕਸ ਖੱਡ 'ਚ ਡਿੱਗੀ; 13 ਮੌਤਾਂ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਜ਼ਿਲ੍ਹੇ ਵਿਚ ਇਕ ਵਾਹਨ ਦੇ ਡੂੰਘੀ ਖੱਡ ਵਿਚ ਡਿੱਗਣ ਕਾਰਨ ਤਿੰਨ ਜੋੜਿਆਂ ਸਮੇਤ 13 ਜਣੇ ਮਾਰੇ ਗਏ। ਹਾਦਸਾ ਕੁੱਡੂ ਤੋਂ ਤਿੰਨ ਕਿਲੋਮੀਟਰ ਦੂਰ ਤਿਊਨੀ ਰੋਡ 'ਤੇ ਸਨੇਲ ਵਿਚ ਵਾਪਰਿਆ। ਇਹ ਮੰਦਭਾਗੀ ਟ੍ਰੈਕਸ ਗੱਡੀ (ਐਚਪੀ 02 0695) ਤਿਊਨੀ ਤੋਂ ਸਵਾਰਾ ਜਾ ਰਹੀ ਸੀ। ਵਾਹਨ ਵਿਚ ਸਵਾਰ ਸਾਰੇ 13 ਜਣੇ ਮਾਰੇ ਗਏ।

## 27 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆਏ

**ਸੰਯੁਕਤ ਰਾਸ਼ਟਰ:** ਤਾਜ਼ਾ ਅਨੁਮਾਨਾਂ ਅਨੁਸਾਰ ਭਾਰਤ ਵਿਚ 2005 ਤੋਂ 2016 ਤੱਕ ਇਕ ਦਹਾਕੇ ਵਿਚ ਲਗਭਗ 27 ਕਰੋੜ 10 ਲੱਖ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਗਏ ਹਨ ਅਤੇ ਦੇਸ਼ ਵਿਚ ਗਰੀਬੀ ਦਰ 10 ਸਾਲਾ ਦੇ ਅਰਸੇ 'ਚ ਲਗਭਗ ਅੱਧੀ ਹੋ ਗਈ ਹੈ, ਜੋ ਵਿਸ਼ਵ ਪੱਧਰ ਉਤੇ ਗਰੀਬੀ ਦਾ ਸਾਹਮਣਾ ਕਰਨ ਲਈ ਇਕ ਆਸ਼ਾਵਾਦੀ ਸੰਕੇਤ ਹੈ। ਇਨ੍ਹਾਂ 10 ਸਾਲਾਂ 'ਚ ਭਾਰਤ 'ਚ ਗਰੀਬੀ ਰੇਖਾ 55 ਫੀਸਦੀ ਤੋਂ ਘਟ ਕੇ 28 ਫੀਸਦੀ 'ਤੇ ਆ ਗਈ ਹੈ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਅਤੇ ਔਕਸਫੋਰਡ ਪਾਵਰਟੀ ਐਂਡ ਹਿਊਮਨ ਡਿਵੈਲਪਮੈਂਟ ਇਨੀਸ਼ੇਟਿਵ (ਓ.ਪੀ.ਐਚ.ਆਈ.) ਵੱਲੋਂ ਜਾਰੀ ਕੀਤੇ ਗਏ 2018 ਵਿਸ਼ਵ ਪੱਧਰੀ ਬਹੁ-ਆਯਾਮੀ ਗਰੀਬੀ ਸੂਚੀ ਪੱਤਰ (ਐਮ.ਪੀ.ਆਈ.) ਅਨੁਸਾਰ ਸੰਸਾਰ ਭਰ ਵਿਚ ਲਗਭਗ 1.3 ਅਰਬ ਲੋਕ ਬਹੁ-ਆਯਾਮੀ ਗਰੀਬੀ 'ਚ ਰਹਿੰਦੇ ਹਨ। ਇਹ 104 ਦੇਸ਼ਾਂ ਦੀ ਆਬਾਦੀ ਦਾ ਲਗਭਗ ਇਕ ਚੌਥਾਈ ਹਿੱਸਾ ਹੈ ਜਿਸ ਲਈ 2018 ਐਮ.ਪੀ.ਆਈ. ਦੀ ਗਣਨਾ ਕੀਤੀ ਗਈ।

# ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਮ ਮੰਦਿਰ ਅੰਦੋਲਨ ਭਖਾਉਣ ਦੀ ਤਿਆਰੀ

**ਨਵੀਂ ਦਿੱਲੀ:** ਰਾਮ ਮੰਦਰ ਅੰਦੋਲਨ ਅਕਤੂਬਰ ਤੋਂ ਫਿਰ ਸ਼ੁਰੂ ਹੋ ਸਕਦਾ ਹੈ। ਇਸ ਲਈ ਸੰਤਾਂ ਦੀ ਬੈਠਕ 5 ਅਕਤੂਬਰ ਨੂੰ ਰਾਮ ਮੰਦਰ ਦੇ ਨਿਰਮਾਣ ਲਈ ਕਾਰ ਸੇਵਾ ਦਾ ਐਲਾਨ ਕਰ ਸਕਦੀ ਹੈ। ਵਿਸ਼ਵ ਹਿੰਦੂ ਪਰਿਸ਼ਦ ਨੇ 5 ਭਾਗੀਦਾਰੀ ਵਧਾਉਣ ਲਈ ਸੋਚ ਸਮਝ ਕੇ ਅਕਤੂਬਰ ਮਹੀਨੇ ਬੈਠਕ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਕ ਗੱਲ ਸਾਫ ਹੈ ਕਿ ਵਿਸ਼ਵ ਹਿੰਦੂ ਪਰਿਸ਼ਦ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਮ ਮੰਦਰ ਨਿਰਮਾਣ ਦੇ ਅੰਦੋਲਨ ਨੂੰ ਫਿਰ ਤੋਂ



ਅਕਤੂਬਰ ਨੂੰ ਸੰਤਾਂ ਦੀ ਉੱਚ ਪੱਧਰੀ ਬੈਠਕ ਬੁਲਾਈ ਹੈ। ਬੈਠਕ 'ਚ ਦੇਸ਼ ਭਰ ਦੇ 36 ਪ੍ਰਮੁੱਖ ਸੰਤਾਂ ਨੂੰ ਸੱਦਾ ਦਿੱਤਾ ਗਿਆ ਹੈ।

ਇਸ ਬੈਠਕ ਦੇ ਪ੍ਰਮੁੱਖ ਰਾਮ ਮੰਦਰ ਅੰਦੋਲਨ ਦੇ ਮੁੱਖੀ ਮਹੰਤ ਨ੍ਰਿਤਿਆ ਗੋਪਾਲ ਦਾਸ ਹਨ। ਇਹ ਬੈਠਕ ਦਿੱਲੀ 'ਚ ਹੋਵੇਗੀ। ਸੂਤਰਾਂ ਮੁਤਾਬਕ ਸੰਤਾਂ ਦੀ ਇਸ ਬੈਠਕ 'ਚ ਰਾਮ ਮੰਦਰ ਨਿਰਮਾਣ ਲਈ ਅੰਦੋਲਨ ਕਰਨ ਦਾ ਫੈਸਲਾ ਲਿਆ ਜਾਵੇਗਾ। ਰਾਮ ਮੰਦਰ ਅੰਦੋਲਨ 'ਚ ਹਿੰਦੂਆਂ ਦੀ ਖੜ੍ਹਾ ਕਰਨਾ ਚਾਹੁੰਦਾ ਹੈ ਜਿਸ ਦਾ ਸਿੱਧਾ ਫਾਇਦਾ ਬੀ.ਜੇ.ਪੀ. ਨੂੰ ਹੋਵੇਗਾ। ਰਾਮ ਮੰਦਰ ਦੇ ਮੁੱਦੇ 'ਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਸੁਰੇਂਦਰ ਜੈਨ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਦਾ ਕਦੋਂ ਤੱਕ ਇੰਤਜ਼ਾਰ ਕੀਤਾ ਜਾ ਸਕਦਾ ਹੈ। ਜਦੋਂ ਇਸ ਵਿਸ਼ੇ 'ਤੇ ਏਨਾ ਸਮਾਂ ਹੋ ਚੁੱਕਾ ਹੈ ਤਾਂ ਅਸੀਂ ਇਸ ਅੰਦੋਲਨ ਲਈ ਸਾਡੀ ਅੱਗੇ ਦੀ ਰਣਨੀਤੀ ਕੀ ਹੋਵੇਗੀ ਇਸ ਲਈ ਸੰਤਾਂ ਦੀ ਬੈਠਕ 5 ਅਕਤੂਬਰ ਨੂੰ ਬੁਲਾਈ ਗਈ ਹੈ।

ਦੱਸ ਦਈਏ ਕਿ ਹਾਲ ਵਿਚ ਹੀ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਵੀ ਰਾਮ ਮੰਦਰ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਸੀ ਕਿ ਇਸ ਵਿਸ਼ੇ 'ਤੇ ਆਰਡੀਨੈਂਸ ਲਿਆਉਣ ਉਤੇ ਵਿਚਾਰ ਕਰਨਾ ਚਾਹੀਦਾ ਹੈ। ਭਾਗਵਤ ਨੇ ਕਿਹਾ ਸੀ ਕਿ ਰਾਮ ਜਨਮ ਭੂਮੀ 'ਤੇ ਰਾਮ ਮੰਦਰ ਜਲਦ ਬਣਨਾ ਚਾਹੀਦਾ ਹੈ। ਇਸ ਮਾਮਲੇ ਨੂੰ ਹੋਰ ਨਹੀਂ ਲਟਕਾਉਣਾ ਚਾਹੀਦਾ।

## ਕੀ ਹੈ ਰਾਮ ਮੰਦਰ ਦਾ ਵਿਵਾਦ

ਰਾਮ ਮੰਦਰ ਦਾ ਮੁੱਦਾ ਫਿਲਹਾਲ ਸੁਪਰੀਮ ਕੋਰਟ 'ਚ ਹੈ। ਸਾਲ 1989 'ਚ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਜ਼ਮੀਨ ਵਿਵਾਦ ਦਾ ਇਹ ਮਾਮਲਾ ਇਲਾਹਾਬਾਦ ਹਾਈ ਕੋਰਟ ਪਹੁੰਚਿਆ ਸੀ। 30 ਸਤੰਬਰ, 2010 ਨੂੰ ਜਸਟਿਸ ਸੁਧੀਰ ਅਗਰਵਾਲ, ਜਸਟਿਸ ਐਸ.ਯੂ. ਖਾਨ ਤੇ ਜਸਟਿਸ ਡੀ.ਵੀ. ਸ਼ਰਮਾ ਦੀ ਬੈਂਚ ਨੇ ਅਯੋਧਿਆ ਵਿਵਾਦ 'ਤੇ ਆਪਣਾ ਫੈਸਲਾ ਸੁਣਾਇਆ। ਫੈਸਲਾ ਹੋਇਆ ਸੀ ਕਿ 2.77 ਏਕੜ ਵਿਵਾਦਤ ਭੂਮੀ ਦੇ ਤਿੰਨ ਬਰਾਬਰ ਹਿੱਸੇ ਕੀਤੇ ਜਾਣ। ਰਾਮ ਮੂਰਤੀ ਵਾਲਾ ਪਹਿਲਾ ਹਿੱਸਾ ਰਾਮ ਲਲਾ ਵਿਰਾਜਮਾਨ ਨੂੰ ਦਿੱਤਾ ਗਿਆ। ਰਾਮ ਚਬੂਤਰਾ ਤੇ ਸੀਤਾ ਰਸੋਈ ਵਾਲਾ ਦੂਜਾ ਹਿੱਸਾ ਨਿਰਮੋਹੀ ਅਖਾੜੇ ਨੂੰ ਦਿੱਤਾ ਗਿਆ ਤੇ ਬਾਕੀ ਬਚਿਆ ਤੀਜਾ ਹਿੱਸਾ ਸੁੰਨੀ ਵਕਫ ਬੋਰਡ ਨੂੰ ਦਿੱਤਾ ਗਿਆ।

# ਹਰ ਵਰ੍ਹੇ 30 ਲੱਖ ਸ਼ਰਾਬੀ ਪੈਂਦੇ ਨੇ ਮੌਤ ਦੇ ਮੂੰਹ

**ਜਨੇਵਾ:** ਸ਼ਰਾਬ ਦੀ ਵਜ੍ਹਾ ਨਾਲ ਦੁਨੀਆਂ ਭਰ ਵਿਚ ਹਰ ਸਾਲ 30 ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ ਏਡਜ਼, ਹਿੰਸਾ ਤੇ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਤੋਂ ਕਿਤੇ ਵੱਧ ਹੈ। ਖਾਸ ਤੌਰ 'ਤੇ ਮਰਦਾਂ ਲਈ ਇਹ ਖਤਰਾ ਜ਼ਿਆਦਾ ਰਹਿੰਦਾ ਹੈ।

ਸ਼ਰਾਬ ਅਤੇ ਸਿਹਤ 'ਤੇ ਸੰਯੁਕਤ ਰਾਸ਼ਟਰ ਦੀ ਏਜੰਸੀ ਦੀ ਇਹ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਦੁਨੀਆਂ ਭਰ 'ਚ ਹਰ ਸਾਲ ਹੋਣ ਵਾਲੀ 20 ਵਿਚੋਂ ਇਕ ਮੌਤ ਸ਼ਰਾਬ ਦੀ ਵਜ੍ਹਾ ਨਾਲ ਹੁੰਦੀ ਹੈ। ਇਨ੍ਹਾਂ 'ਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੇ ਹਿੰਸਾ ਕਰਨ, ਬਿਮਾਰੀ ਤੇ ਇਸ ਨਾਲ ਜੁੜੇ ਹੋਰ ਕਾਰਨਾਂ ਨਾਲ ਹੋਣ ਵਾਲੀਆਂ ਮੌਤਾਂ ਸ਼ਾਮਲ ਹਨ। ਕਰੀਬ 500 ਪੰਨਿਆਂ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਸ਼ਰਾਬ ਦੀ ਵਜ੍ਹਾ ਨਾਲ ਹੋਣ ਵਾਲੀਆਂ ਮੌਤਾਂ 'ਚੋਂ ਤਿੰਨ ਚੌਥਾਈ ਤੋਂ ਜ਼ਿਆਦਾ ਸ਼ਿਕਾਰ ਮਰਦ ਹੁੰਦੇ ਹਨ। ਡਬਲਿਊ.ਐਚ.ਓ. ਪ੍ਰਮੁੱਖ ਟੇਡ੍ਰੋਸ ਏਧਾਨਾਮ ਗੇਬ੍ਰੇਯੇਸਸ ਨੇ ਇਕ ਬਿਆਨ 'ਚ ਕਿਹਾ ਕਿ ਬਹੁਤ ਸਾਰੇ ਲੋਕਾਂ ਲਈ ਸ਼ਰਾਬ ਦੇ ਹਾਨੀਕਾਰਕ ਨਤੀਜਿਆਂ ਦਾ ਪ੍ਰਭਾਵ ਉਨ੍ਹਾਂ ਦੇ ਜੀਵਨ ਅਤੇ ਸਮਾਜ ਦੇ ਲੋਕਾਂ ਉਤੇ ਹਿੰਸਾ, ਸੱਟਾਂ, ਮਾਨਸਿਕ ਸਿਹਤ ਸਮੱਸਿਆਵਾਂ ਤੇ ਕੈਂਸਰ ਜਿਹੀਆਂ ਸਮੱਸਿਆਵਾਂ ਦੇ ਤੌਰ ਉਤੇ ਪੈਂਦਾ ਹੈ।

ਉਨ੍ਹਾਂ ਕਿਹਾ ਸਿਹਤਮੰਦ ਸਮਾਜ ਵਿਕਸਤ ਕਰਨ ਦੀ ਦਿਸ਼ਾ 'ਚ ਇਸ ਗੰਭੀਰ ਖਤਰੇ ਨੂੰ ਰੋਕਣ ਲਈ ਕਾਰਵਾਈ ਤੇਜ਼ ਕਰਨ ਦਾ ਸਮਾਂ ਹੈ। ਸ਼ਰਾਬ ਪੀਣ ਦੀ ਵਜ੍ਹਾ ਨਾਲ ਲਿਵਰ ਸਿਰੋਸਿਸ ਤੇ ਕੈਂਸਰ ਸਮੇਤ 200 ਤੋਂ ਜ਼ਿਆਦਾ ਸਿਹਤ ਸਬੰਧੀ ਬਿਮਾਰੀਆਂ ਹੁੰਦੀਆਂ ਹਨ। ਸਾਲ 2016 'ਚ ਸ਼ਰਾਬ ਨਾਲ ਜੁੜੀਆਂ ਮੌਤਾਂ ਦਾ ਅੰਕੜਾ ਕਰੀਬ 30 ਲੱਖ ਸੀ ਜੋ ਕਿ ਹੁਣ ਤੱਕ ਦਾ ਸਭ ਤੋਂ ਨਵਾਂ ਅੰਕੜਾ ਹੈ।

# ਲਾਂਘੇ ਦੀ ਸਿਆਸਤ

ਸਿਆਸਤ, ਬੇਸ਼ੱਕ ਇਸ ਸਮਕਾਲ ਦੀ ਪ੍ਰਧਾਨ ਸੁਰ ਹੋ ਗਈ ਹੈ ਅਤੇ ਸਿਆਸਤ ਬਾਰੇ ਸੋਚਦਾ ਹਾਂ ਤਾਂ ਡਰ ਲੱਗਣ ਲੱਗ ਪੈਂਦਾ ਹੈ। ਸਿੱਖੀ ਨੂੰ ਮੁੱਢ ਤੋਂ ਹੀ ਸਿਆਸਤ ਦੇ ਨਾਲ ਨਾਲ ਤੁਰਨਾ ਪਿਆ ਹੈ ਅਤੇ ਇਸ ਵੇਲੇ ਸਿੱਖਾਂ ਦੇ ਬੋਲਬਾਲਿਆਂ ਵਾਲੀ ਗੁਰਮਤਿ, ਬੰਦਿਆਂ ਦੇ ਬੋਲਬਾਲੇ ਵਾਲੀ ਸਿਆਸਤ ਹੋ ਗਈ ਹੈ। ਗੁਰੂ ਨਾਨਕ ਦੇਵ ਵੇਲੇ ਲੋਧੀ ਸਨ ਤੇ ਦਸਮ ਪਾਤਸ਼ਾਹ ਵੇਲੇ ਔਰੰਗਜ਼ੇਬ। ਪੰਜਵੇਂ ਤੇ ਨੌਵੇਂ ਨਾਨਕ ਨੂੰ ਸਿਆਸਤ ਦੇ ਪੈਰੋਂ ਜਿੰਦਾਂ ਵਾਰਨੀਆਂ ਪਈਆਂ ਸਨ।



ਸਿਆਸਤ ਦੇ ਪੈਰੋਂ ਸਿੱਖੀ ਨੂੰ ਸੁਖ ਦਾ ਸਾਹ ਆਉਣ ਵਾਲੇ ਜੇ

ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਕੁਝ ਵਰ੍ਹੇ ਲੱਭ ਵੀ ਜਾਣ ਤਾਂ ਵੀ ਇਸ ਨਾਲ ਸਿਆਸਤਦਾਨਾਂ ਵਾਂਗ ਸੰਤੁਸ਼ਟ ਹੋਣਾ ਮੇਰੇ ਵਰਗੇ ਸਿੱਖ ਨੂੰ ਔਖਾ ਲੱਗਦਾ ਹੈ। ਇਸ ਵੇਲੇ ਜਿਸ ਤਰ੍ਹਾਂ ਮੀਰੀ ਪੀਰੀ ਦੇ ਹਵਾਲੇ ਨਾਲ ਧਰਮ ਅਤੇ ਸਿਆਸਤ ਦਾ ਮੇਲ ਮੰਨ ਲਿਆ ਗਿਆ ਹੈ, ਇਸ ਨਾਲ ਧਰਮ ਦੇ ਸਿਆਸੀ ਅਪਹਰਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਇਸ ਬਾਰੇ ਵਿਸਥਾਰ ਵਿਚ ਜਾਏ ਬਿਨਾ ਕਹਿਣਾ ਇਹ ਚਾਹ ਰਿਹਾ ਹਾਂ ਕਿ ਵੱਡੀ ਕੀਮਤ ਦੇ ਕੇ ਲਏ ਹੋਏ ਪੰਜਾਬੀ ਸੂਬੇ ਵਿਚ ਸਿੱਖਾਂ ਦੀ ਅਗਵਾਈ ਵਿਚ ਬਣੀਆਂ ਸਰਕਾਰਾਂ ਲਗਾਤਾਰ ਸਿੱਖੀ ਅਤੇ ਸਿੱਖਾਂ ਦੀ ਅਣਦੇਖੀ ਕਰਦੀਆਂ ਆ ਰਹੀਆਂ ਹਨ।

ਸਵਾਲ ਹੈ ਕਿ ਸਿੱਖਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਨਾਲ ਸਿੱਖ ਅਸੰਤੁਸ਼ਟ ਕਿਉਂ ਹਨ? ਗੱਲ ਇਥੋਂ ਤੱਕ ਜਾ ਪਹੁੰਚੀ ਹੈ ਕਿ ਧਰਮ ਨਾਲ ਵੀ ਸਿਆਸਤ ਰਾਹੀਂ ਨਿਭਣ ਦੀਆਂ ਮਜਬੂਰੀਆਂ ਨਾਲ ਨਿਭਣਾ ਪੈ ਰਿਹਾ ਹੈ। ਇਸੇ ਦਾ ਸਿੱਟਾ ਹੈ ਕਿ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਬਾਦਲਕਿਆਂ ਦੇ ਕਬਜ਼ੇ ਵਿਚ ਹਨ। ਇਸ ਹਾਲਤ ਵਿਚ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਲੈ ਕੇ ਸਿਆਸਤ ਹੋਣ ਲੱਗ ਪਈ ਹੈ।

ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰੇ ਸਿੱਖਾਂ ਦੀ ਆਸਥਾ ਅਤੇ ਵਿਰਾਸਤੀ ਖਿੱਚ ਦਾ ਕਾਰਨ ਲਗਾਤਾਰ ਬਣੇ ਰਹੇ ਹਨ। ਅਰਦਾਸ ਰਾਹੀਂ ਸਿੱਖ ਇਸ ਕੋਮਲ ਆਸਥਾ ਨਾਲ ਲਗਾਤਾਰ ਜੁੜੇ ਹੋਏ ਹਨ। ਮੈਨੂੰ ਜਥੇ ਦਾ ਜਥੇਦਾਰ ਬਣ ਕੇ ਪਾਕਿਸਤਾਨ ਜਾਣ ਦਾ ਦੋ ਵਾਰ ਮੌਕਾ ਮਿਲਿਆ ਸੀ। ਕੋਈ ਮੁਸ਼ਕਿਲ ਨਹੀਂ ਸੀ ਆਈ, ਪਰ ਮੈਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਨਹੀਂ ਸੀ ਜਾਣ ਦਿੱਤਾ ਗਿਆ। ਉਥੇ ਇਹ ਗੱਲ ਵੀ ਚੱਲੀ ਸੀ ਕਿ ਅਰਦਾਸ ਵਿਚੋਂ ਇਹ ਸ਼ਬਦ 'ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਸਿੱਖਾਂ ਨੂੰ ਵਿਛੋੜਿਆ ਗਿਆ ਹੈ' ਕੱਢ ਦੇਣੇ ਚਾਹੀਦੇ ਹਨ, ਕਿਉਂਕਿ ਸਿੱਖਾਂ ਨੂੰ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨ ਦੀਦਾਰ ਦਾ ਮੌਕਾ ਮਿਲ ਰਿਹਾ ਹੈ। ਜੋ ਮਿਲ ਰਿਹਾ ਹੈ, ਉਹ ਸਿਆਸਤ ਵੱਲੋਂ ਸਿਆਸੀ ਸੁਰ ਵਿਚ ਮਿਲ ਰਿਹਾ ਹੋਣ ਕਰਕੇ ਇਸ ਪਾਸੇ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ ਕਿ ਇਹ ਸਥਿਤੀ ਕਦੋਂ, ਕਿਵੇਂ ਅਤੇ ਕਿਉਂ ਪੈਦਾ ਹੋ ਗਈ ਹੈ?

ਸਿੱਖਾਂ ਦੇ ਹਵਾਲੇ ਨਾਲ ਪਾਕਿਸਤਾਨ ਜਿਹੋ




ਜਿਹੀ ਸਿਆਸਤ ਕਰਦਾ ਆ ਰਿਹਾ ਹੈ, ਉਸ ਬਾਰੇ ਸੋਚਣ ਦੀ ਸਿੱਖਾਂ ਨੇ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਪਰ ਇਸੇ ਨੂੰ ਲੈ ਕੇ ਸਿੱਖਾਂ ਨੂੰ ਕੁੱਟਣ ਦੀ ਸਿਆਸਤ ਲਗਾਤਾਰ ਹੁੰਦੀ ਆ ਰਹੀ ਹੈ। ਕਰਦਾ ਕੋਈ ਹੋਰ ਹੈ ਅਤੇ ਕੁੱਟਿਆ ਕੋਈ ਹੋਰ ਜਾਂਦਾ ਹੈ। ਕਾਰਨ ਕਈ ਹੋ ਸਕਦੇ ਹਨ, ਪਰ ਨਤੀਜਾ ਇਹੀ ਨਿਕਲਦਾ ਹੈ ਕਿ ਸਿੱਖਾਂ ਬਾਰੇ ਸਿਆਸਤ ਦੇ ਪੈਰੋਂ ਜੋ ਕੁਝ ਵੀ ਹੋ ਰਿਹਾ ਹੈ, ਉਸ ਵਿਚ ਸਿੱਖਾਂ ਦੀ ਮਰਜ਼ੀ ਸ਼ਾਮਲ ਹੋਵੇ, ਨਜ਼ਰ ਨਹੀਂ ਆਉਂਦੀ। ਭਾਰਤ ਅਤੇ ਪਾਕਿਸਤਾਨ ਦੇ ਭੇੜ ਵਿਚ ਦੇਸ਼ ਦੀ ਵੰਡ ਵੇਲੇ ਤੋਂ ਲੈ ਕੇ ਸਿੱਖਾਂ ਨੂੰ ਜੋ ਨੁਕਸਾਨ ਹੁੰਦਾ ਆ ਰਿਹਾ ਹੈ, ਉਸ ਬਾਰੇ ਸਿੱਖ ਆਪ ਹੀ ਸੋਚਣ ਅਤੇ ਕਿਸੇ ਸਾਂਝੀ ਸਮਝ 'ਤੇ ਪਹੁੰਚਣ ਲਈ ਤਿਆਰ ਨਹੀਂ ਹਨ। ਇਸ ਨਾਲ ਸਿੱਖਾਂ ਦੇ ਹਵਾਲੇ ਨਾਲ ਭਾਰਤ ਅਤੇ ਪਾਕਿਸਤਾਨ ਆਪੋ ਆਪਣੀ ਸਿਆਸਤ ਕਰਦੇ ਆ ਰਹੇ ਹਨ। ਇਸ ਸਿਆਸਤ ਦੇ ਕੇਂਦਰ ਵਿਚ ਇਸ ਵੇਲੇ ਕਰਤਾਰਪੁਰ ਸਾਹਿਬ ਆ ਗਿਆ ਹੈ।

ਜਦੋਂ ਸ. ਕੁਲਦੀਪ ਸਿੰਘ ਵਡਾਲਾ ਸਿੱਖ ਸਿਆਸਤ ਵਿਚ ਬਣੇ ਰਹਿਣ ਲਈ ਕਰਤਾਰਪੁਰ ਸਾਹਿਬ ਦੇ ਸਾਹਮਣੇ ਅਰਦਾਸ ਕਰਦੇ ਰਹੇ ਸਨ, ਉਸ ਵੇਲੇ ਕਰਤਾਰਪੁਰ ਸਾਹਿਬ ਇਸ ਤਰ੍ਹਾਂ ਮੁੱਦਾ ਨਹੀਂ ਸੀ ਬਣ ਸਕਿਆ, ਜਿਸ ਤਰ੍ਹਾਂ ਇਸ ਵੇਲੇ ਨਵਜੋਤ ਸਿੰਘ ਸਿੱਧੂ ਦੀ ਜੱਫੀ ਨੂੰ ਲੈ ਕੇ ਬਣ ਗਿਆ ਹੈ। ਕਰਤਾਰਪੁਰ ਸਾਹਿਬ ਨਾਲ ਜੁੜੀ ਹੋਈ ਸ਼ਰਧਾ ਨੂੰ ਸਿੱਖ ਓਨੀ ਕੁ ਵੀ ਲਹਿਰ ਨਹੀਂ ਬਣਾ ਸਕੇ, ਜਿੰਨੀ ਕੁ ਲਹਿਰ ਕੁਲਦੀਪ ਨਈਅਰ ਦੀ ਅਗਵਾਈ ਵਿਚ ਸਰਹੱਦ 'ਤੇ ਮੋਮਬੱਤੀਆਂ ਦੀ ਰਸਮ ਬਣੀ ਹੋਈ ਹੈ। ਇਹੀ ਫਰਕ ਹੈ ਸਿਆਸੀ ਕੋਸ਼ਿਸ਼ ਤੇ ਸਿਆਸਤ ਮੁਕਤ ਕੋਸ਼ਿਸ਼ ਵਿਚ।

ਮੁੱਦਾ ਇਹ ਹੈ ਕਿ ਪੰਜਾਬੀ ਅਤੇ ਪੰਜਾਬੀਅਤ ਦੇ ਨਾਂ 'ਤੇ ਪੂਰਬੀ ਅਤੇ ਪੱਛਮੀ ਪੰਜਾਬ ਉਸ ਤਰ੍ਹਾਂ ਦੋ ਨਹੀਂ ਹਨ, ਜਿਵੇਂ ਸਿਆਸਤ ਦੇ ਨਾਂ 'ਤੇ ਨਜ਼ਰ ਆਉਣ ਲੱਗ ਪਏ ਹਨ। ਪਾਕਿਸਤਾਨ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਤਾਂ ਹੋ ਸਕਦੀ ਹੈ, ਪਰ ਇਸ ਪਾਸੇ ਤੁਰਨ ਲਈ ਉਸ ਤਰ੍ਹਾਂ ਤਿਆਰ ਨਹੀਂ ਹੈ, ਜਿਸ ਤਰ੍ਹਾਂ ਸਿੱਖ ਚਾਹੁੰਦੇ ਹਨ। ਭਾਰਤ ਸਰਕਾਰ ਇਸ ਪਾਸੇ ਤੁਰ ਹੀ ਨਹੀਂ ਸਕਦੀ ਕਿਉਂਕਿ ਕੇਂਦਰ ਦੀ ਸਿਆਸਤ ਨੂੰ ਦੋਹਾਂ ਪੰਜਾਬਾਂ ਦੀ ਸਭਿਆਚਾਰਕ ਨੇੜਤਾ ਦੀਆਂ ਸੰਭਾਵਨਾਵਾਂ ਰਾਸ਼ਟਰ ਨੂੰ ਖਤਰਾ ਲੱਗਦੀਆਂ ਹਨ।

ਰੈਡਕਲਿਫ ਲਾਈਨ, ਪੂਰਬੀ ਅਤੇ ਪੱਛਮੀ-ਦੋਹਾਂ ਪੰਜਾਬਾਂ ਨੂੰ ਜਿਸ ਤਰ੍ਹਾਂ ਇਕੋ ਘਰ ਵਿਚ ਦੋ ਭਰਾਵਾਂ ਵਿਚਕਾਰ ਕੱਢੀ ਹੋਈ ਕੰਧ ਵਾਂਗ ਲੱਗਦੀ ਹੈ, ਉਸ ਨਾਲ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਇਕ ਦੂਜੇ ਦੀਆਂ ਗੱਲਾਂ ਕਰਨੀਆਂ ਤੇ ਸੁਣਨੀਆਂ ਚੰਗੀਆਂ ਲੱਗਣੋਂ ਕਿਵੇਂ ਹਟ ਸਕਦੀਆਂ ਹਨ? ਇਸੇ ਪ੍ਰਸੰਗ ਵਿਚ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨੀ ਫੌਜਾਂ ਦੇ ਮੁਖੀ ਜਨਰਲ ਬਾਜਵਾ ਨਾਲ ਜੱਫੀ ਸਿਆਸਤ ਦੀ ਘੁੰਮਣਘੇਰੀ ਵਿਚ ਆ ਕੇ ਫਸ ਗਈ ਹੈ।

ਇਸ ਬਾਰੇ ਸ਼ੇਖਰ ਗੁਪਤਾ ਨੇ 19 ਸਤੰਬਰ 2018 ਦੇ 'ਹਿੰਦੋਸਤਾਨ ਟਾਈਮਜ਼' ਵਿਚ ਲਿਖਿਆ ਹੈ ਕਿ ਨੈਸ਼ਨਲ ਮੀਡੀਆ ਦਾ ਅੱਡੀਆਂ ਚੁੱਕ ਚੁੱਕ ਸਿੱਖਾਂ ਨੂੰ ਰਾਸ਼ਟਰ ਵਿਰੋਧੀ ਖਾਤੇ ਵਿਚ ਧੱਕਣਾ, ਭਾਜਪਾ ਅਤੇ ਅਕਾਲੀਆਂ ਨੂੰ ਮਹਿੰਗਾ ਪੈ ਸਕਦਾ ਹੈ ਕਿਉਂਕਿ ਸਿੱਧੂ ਦੀ ਜੱਫੀ ਨੂੰ ਲੈ ਕੇ ਭਾਜਪਾ ਅਤੇ ਅਕਾਲੀਆਂ ਦਾ ਇਕਸੁਰ ਹੋਣਾ ਸਾਰਿਆਂ ਨੂੰ ਨਜ਼ਰ ਆ ਰਿਹਾ ਹੈ। ਅਕਾਲੀਆਂ ਨੂੰ ਕੌਣ ਦੱਸੇ ਕਿ ਭਾਜਪਾ ਪਾਕਿਸਤਾਨ ਨੂੰ 2019 ਦੀਆਂ ਚੋਣਾਂ ਵਿਚ ਵਰਤਣ ਵਾਸਤੇ ਹਰ ਉਸ ਬੰਦੇ ਦੀ ਪੈੜ ਨੱਪ ਰਹੀ ਹੈ, ਜਿਸ ਦੇ ਪਾਸਪੋਰਟ 'ਤੇ ਪਾਕਿਸਤਾਨੀ ਵੀਜ਼ੇ ਦੀ ਮੋਹਰ ਲੱਗੀ ਹੋਈ ਹੈ।

ਮੈਂ 1993 ਵਿਚ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਦਾ ਲੀਡਰ ਬਣ ਕੇ ਗਿਆ ਸਾਂ। ਉਸ ਪਿੱਛੋਂ ਮੇਰਾ ਪਾਸਪੋਰਟ ਦੋ ਵਾਰ ਨਵਿਆਇਆ ਜਾ ਚੁਕਾ ਹੈ ਅਤੇ 9/11 ਵੇਲੇ ਮੈਂ ਅਮਰੀਕਾ 'ਚ ਪੜ੍ਹਾ ਰਿਹਾ ਸਾਂ। ਪਿਛਲੇ ਮਹੀਨੇ ਮੈਨੂੰ ਪਾਸਪੋਰਟ ਫਿਰ ਨਵਿਆਉਣਾ ਪਿਆ ਹੈ। ਪਾਸਪੋਰਟ ਆ ਜਾਣ ਤੋਂ ਦੋ ਹਫਤੇ ਪਿੱਛੋਂ ਸੀ. ਆਈ. ਡੀ. ਵਾਲੇ ਇਹ ਪੁੱਛਣ ਆ ਗਏ ਕਿ ਪਾਕਿਸਤਾਨ ਕਿਉਂ ਗਿਆ ਸੀ? ਇਹ ਜਿਸ ਤਰ੍ਹਾਂ ਮੋਦੀ ਸਰਕਾਰ ਦੀ ਲੋੜ ਬਣ ਗਿਆ ਹੈ, ਉਸ ਨਾਲ ਹਰ ਸਿੱਖ ਨੂੰ ਪਾਸਪੋਰਟ ਨਵਿਆਉਣ ਵੇਲੇ ਇਹੋ ਜਿਹੀ ਪੁੱਛਗਿੱਛ ਦਾ ਸਾਹਮਣਾ ਕਰਨਾ ਪੈਣਾ ਹੈ।

ਭਾਜਪਾਈਆਂ ਨੂੰ ਫਿਕਰ ਹੈ ਕਿ ਭਾਰਤ ਵਿਚੋਂ ਕਸ਼ਮੀਰ ਅਤੇ ਪੰਜਾਬ ਹੀ ਹਨ, ਜਿਨ੍ਹਾਂ ਦੀ ਆਪੋ ਆਪਣੇ ਕਾਰਨਾਂ ਕਰਕੇ ਪਾਕਿਸਤਾਨ ਨਾਲ ਜੁੜੇ ਰਹਿਣ ਦੀ ਮਜਬੂਰੀ ਹੋ ਸਕਦੀ ਹੈ। ਇਸੇ ਸਿਆਸਤ ਅਧੀਨ ਪੈਦਾ ਹੋਏ ਸ਼ੱਕ ਵਿਚ ਹੀ ਸਿੱਧੂ ਦੀ ਜੱਫੀ ਬਾਰੇ ਸਿਆਸਤ ਹੋ ਰਹੀ ਹੈ। ਇਸ ਦੇ ਮੁੱਦਈ ਸਿੱਖਾਂ ਨੂੰ ਉਕਸਾ ਰਹੇ ਹਨ ਅਤੇ ਅਕਾਲੀ ਇਸ ਵਿਚ ਉਲਝਦੇ ਜਾ ਰਹੇ ਹਨ। ਜੋ ਕਹਿ ਰਹੇ ਹਨ ਕਿ ਰਾਹੁਲ ਗਾਂਧੀ ਸਿੱਧੂ ਵਿਰੁਧ ਕਾਰਵਾਈ ਕਰੇ, ਉਨ੍ਹਾਂ ਕੋਲ ਦੇਸ਼ ਦੀ ਹਕੂਮਤ ਹੈ ਅਤੇ ਉਹ ਸਿੱਧੂ ਵਿਰੁਧ ਸਿੱਧੀ ਕਾਰਵਾਈ ਕਿਉਂ ਨਹੀਂ ਕਰਦੇ?

ਰਿਸ਼ਤਿਆਂ ਦੀ ਨਜ਼ਾਕਤ ਦੀ ਜੜ੍ਹ ਵਿਚ ਪਏ ਕੋਮਲ ਪਹਿਲੂਆਂ ਨੂੰ ਸਮਝਣ ਲਈ ਇਹ ਹਵਾਲਾ ਕੰਮ ਆ ਸਕਦਾ ਹੈ। ਤਾਰਿਕ ਫਤਿਹ ਸਥਾਪਤ



ਨਵਜੋਤ ਸਿੱਧੂ ਤੇ ਜਨਰਲ ਬਾਜਵਾ ਦੀ ਜੱਫੀ

ਵਿਦਵਾਨ ਹੈ ਅਤੇ ਇਸਲਾਮੀ ਕੱਟੜਤਾ ਵਿਰੁਧ ਬੋਲਦਾ ਭਾਜਪਾਈਆਂ ਅਤੇ ਭਾਰਤੀ ਨੈਸ਼ਨਲ ਮੀਡੀਆ ਨੂੰ ਬੜਾ ਚੰਗਾ ਲੱਗਦਾ ਹੈ। ਉਸ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਪੰਜਾਬੀ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਨਾਲੋਂ ਗੁਰੂ ਨਾਨਕ ਦੇ ਵੱਧ ਭੇਤੀ ਹਨ ਅਤੇ ਕੁਰਾਨ ਸ਼ਰੀਫ ਨਾਲੋਂ ਗੁਰੂ ਗ੍ਰੰਥ ਸਾਹਿਬ ਦੇ ਵੱਧ ਨੇੜੇ ਹਨ।

ਇਸ ਰੌਸ਼ਨੀ ਵਿਚ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਵੇਖਾਂਗੇ ਤਾਂ ਨਤੀਜਿਆਂ 'ਤੇ ਪਹੁੰਚਣ ਲਈ ਸਿੱਧੂ ਦੀ ਜੱਫੀ ਰੁਕਾਵਟ ਨਹੀਂ ਬਣੇਗੀ। ਜ਼ਮੀਨੀ ਤਬਾਦਲੇ ਨਾਲ ਮਸਲੇ ਨੂੰ ਸੌਖਿਆਂ ਹੱਲ ਕੀਤਾ ਜਾ ਸਕਦਾ ਹੈ ਅਤੇ ਇਸ ਵਾਸਤੇ ਭਾਰਤ ਨੂੰ ਇਸ ਕਰਕੇ ਪਹਿਲ ਕਰਨੀ ਚਾਹੀਦੀ ਹੈ ਕਿ ਇਹ ਮਸਲਾ ਭਾਰਤ ਵਿਚਲੇ ਸਿੱਖਾਂ ਦਾ ਹੈ। ਇਸ ਪਾਸੇ ਸ਼ਾਇਦ ਇਸ ਕਰਕੇ ਨਹੀਂ ਤੁਰਿਆ ਜਾ ਰਿਹਾ ਕਿਉਂਕਿ ਅਜਿਹਾ ਕਰਨ ਨਾਲ ਪਾਕਿਸਤਾਨ ਨੂੰ 2019 ਦੀਆਂ ਚੋਣਾਂ ਵਿਚ ਵਰਤਣਾ ਸੌਖਾ ਨਹੀਂ ਰਹੇਗਾ। ਪਰ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਇਸ ਮੁੱਦੇ ਨੂੰ ਲਮਕਾਉਣ ਨਾਲ ਪਾਕਿਸਤਾਨ ਨੂੰ ਸਿਆਸੀ ਲਾਹਾ ਮਿਲ ਸਕਦਾ ਹੈ। ਜੇ ਪਾਕਿਸਤਾਨ ਆਪਣੇ ਵਾਲੇ ਪਾਸੇ ਸਿੱਖਾਂ ਵਾਸਤੇ ਕਰਤਾਰਪੁਰ ਸਾਹਿਬ ਪਹੁੰਚਣ ਦਾ ਰਾਹ ਖੋਲ੍ਹ ਦਿੰਦਾ ਹੈ ਤਾਂ ਸਮੱਸਿਆ ਭਾਰਤ ਵਾਸਤੇ ਪੈਦਾ ਹੋ ਜਾਵੇਗੀ। ਰੈਡਕਲਿਫ ਲਾਈਨ ਤੱਕ ਜਾਣ ਤੋਂ ਤਾਂ ਕਿਸੇ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਲਾਈਨ 'ਤੇ ਜੁੜੇ ਹੋਏ ਸਿੱਖਾਂ ਨੂੰ ਜਬਰੀ ਰੋਕਣ ਨਾਲ ਜਿਹੋ ਜਿਹੇ ਨਤੀਜੇ ਨਿਕਲ ਸਕਦੇ ਹਨ, ਉਸ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।

ਇਹ ਤਾਂ ਸਪਸ਼ਟ ਹੋ ਹੀ ਚੁਕਾ ਹੈ ਕਿ ਇਸ ਮਸਲੇ ਨੂੰ ਸਿੱਧੂ ਦੀ ਜੱਫੀ ਹੇਠ ਦਫਨ ਨਹੀਂ ਕੀਤਾ ਜਾ ਸਕਦਾ। ਜ਼ਮੀਨ ਦੀ ਬਦਲੀ ਨਾਲ ਜੇ ਕਰਤਾਰਪੁਰ ਸਾਹਿਬ ਭਾਰਤ ਦਾ ਹਿੱਸਾ ਬਣ ਜਾਂਦਾ ਹੈ ਤਾਂ ਬਹੁਤ ਸਾਰੀਆਂ ਸੰਭਾਵਤ ਮੁਸ਼ਕਿਲਾਂ ਆਪਣੇ ਆਪ ਹੱਲ ਹੋ ਜਾਂਦੀਆਂ ਹਨ। ਵੈਸੇ ਤਾਂ ਰੈਡੀਕਲ ਸਿੱਖਾਂ ਦੀ ਗਿਣਤੀ ਬਹੁਤ ਹੀ ਨਿਗੂਣੀ ਹੈ। ਇਸ ਵਿਚ ਵਾਧਾ ਇਹ ਹੈ ਕਿ ਦੇਸ਼ ਤੋਂ ਬਾਹਰਲੇ ਰੈਡੀਕਲ ਆਪਣੇ ਆਪ ਨੂੰ ਭਾਰਤ ਦੇ ਸ਼ਹਿਰੀ ਅਖਵਾਉਣਾ ਹੀ ਨਹੀਂ ਚਾਹੁੰਦੇ। ਭਾਜਪਾਈਆਂ ਨੇ ਰਾਸ਼ਟਰ ਵਿਰੋਧੀ ਕੁਤਕਾ, ਜਿਸ ਤਰ੍ਹਾਂ ਮੁਸਲਮਾਨਾਂ ਵਿਰੁਧ ਵਰਤ ਲਿਆ ਹੈ, ਉਸ ਤਰ੍ਹਾਂ ਸਿੱਖਾਂ ਵਿਰੁਧ ਨਹੀਂ ਵਰਤਣਾ ਚਾਹੀਦਾ ਕਿਉਂਕਿ ਇਸ ਨਾਲ ਸਿੱਖਾਂ ਨੂੰ ਭਾਰਤ ਦੇ ਸ਼ਹਿਰੀ ਹੋਣ ਵਿਚ ਰੁਕਾਵਟ ਪੈਦਾ ਹੋ ਜਾਏਗੀ।

ਸਿੱਖ ਭਾਰਤ ਦੇ ਸ਼ਹਿਰੀ ਹਨ ਅਤੇ ਸਿੱਖਾਂ ਨੂੰ ਲਾਂਘਾ ਭਾਰਤ ਸਰਕਾਰ ਨੂੰ ਲੈ ਕੇ ਦੇਣਾ ਚਾਹੀਦਾ ਹੈ। ਵੈਸੇ ਵੀ ਗੁਰੂ ਨਾਨਕ ਦੇਵ ਦੇ ਆ ਰਹੇ 550ਵੇਂ ਗੁਰਪੁਰਬ ਵਾਸਤੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵਲੋਂ ਸਿੱਖਾਂ ਵਾਸਤੇ ਯਾਦਗਾਰੀ ਤੋਹਫਾ ਹੋਏਗਾ। ਇਹ ਸਭ ਨੂੰ ਪਤਾ ਹੈ ਕਿ ਲਾਂਘੇ ਦਾ ਫੈਸਲਾ ਭਾਰਤ ਅਤੇ ਪਾਕਿਸਤਾਨ ਦੀ ਸਹਿਮਤੀ ਨਾਲ ਹੀ ਹੋ ਸਕਦਾ ਹੈ। ਬਹੁਤ ਸਾਰੇ ਕਾਰਨਾਂ ਕਰਕੇ ਸਿੱਖਾਂ ਅੰਦਰ ਇਹ ਅਹਿਸਾਸ ਉਤਰਦਾ ਗਿਆ ਹੈ ਕਿ ਸਿੱਖਾਂ ਨੂੰ ਕੌਮੀ ਮੁੱਖ ਧਾਰਾ ਵਿਚੋਂ ਲਾਂਭੇ ਧੱਕਣ ਦੇ ਹਾਲਾਤ ਭਾਰਤ ਦੀ ਸਿਆਸਤ ਵਿਚ ਲਗਾਤਾਰ ਪੈਦਾ ਹੁੰਦੇ ਰਹੇ ਹਨ। ਲਾਂਘੇ ਬਾਰੇ ਕਿਸੇ ਕਿਸਮ ਦੀ ਸਿਆਸਤ ਕਿਸੇ ਦੇ ਵੀ ਹੱਕ ਵਿਚ ਨਹੀਂ ਹੈ।

# ਕਰਤਾਰਪੁਰ ਸਾਹਿਬ ਲਈ ਸੁੱਚਾ ਲਾਂਘਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਡੇਰਾ ਬਾਬਾ ਨਾਨਕ ਵਾਲੇ ਭਾਰਤ-ਪਾਕਿਸਤਾਨ ਬਾਰਡਰ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਡੇਢ ਕੋਹ ਦੀ ਦੂਰੀ ਵਾਲੇ ਲਾਂਘੇ ਦੀ ਗੱਲ ਦਾ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਨ ਤੋਂ ਪਹਿਲਾਂ ਤੁਰਨਾ ਬਹੁਤ ਚੰਗਾ ਸਗਨ ਹੈ। ਅਜੋਕੇ ਮਾਪਦੰਡਾਂ ਅਨੁਸਾਰ ਇਹ ਦੂਰੀ ਸਾਢੇ ਚਾਰ ਕਿਲੋਮੀਟਰ ਹੈ, ਜਦਕਿ ਪ੍ਰਵਾਨਤ ਲਾਂਘਾ ਨਾ ਹੋਣ ਕਾਰਨ ਸ਼ਰਧਾਲੂਆਂ ਨੂੰ ਲਾਹੌਰ ਹੋ ਕੇ ਜਾਣਾ ਪੈਂਦਾ ਹੈ, ਸੌ ਕਿਲੋਮੀਟਰ ਦਾ ਫੇਰ ਪਾ ਕੇ। ਅਜਿਹੇ ਸ਼ਰਧਾਲੂਆਂ ਦਾ ਵੀ ਕੋਈ ਅੰਤ ਨਹੀਂ, ਜੋ ਸਰਹੱਦ ਦੇ ਇਸ ਪਾਰ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਵਾਲੇ ਦਰਬਾਰ ਸਾਹਿਬ ਦੇ ਦਰਸ਼ਨ ਦੂਰਬੀਨਾਂ ਰਾਹੀਂ ਕਰਦੇ ਹਨ।

ਬਾਬੇ ਨਾਨਕ ਦੇ ਪੈਰੋਕਾਰਾਂ ਲਈ ਕਰਤਾਰਪੁਰ ਸਾਹਿਬ ਨਨਕਾਣਾ ਸਾਹਿਬ ਜਿੰਨੀ ਮਹੱਤਤਾ ਰਖਦਾ ਹੈ। ਬਾਬੇ ਨਾਨਕ ਨੇ ਚਾਰ ਉਦਾਸੀਆਂ ਤੋਂ ਪਿੱਛੋਂ ਦੇ ਅਠਾਰਾਂ ਸਾਲ ਇਸ ਪਵਿੱਤਰ ਧਰਤੀ ਉਤੇ ਬਿਤਾਏ ਸਨ। ਗੁਰੂ ਸਾਹਿਬ ਇਸੇ ਮਿੱਟੀ ਵਿਚ ਹੀ ਜੋਤੀ ਜੋਤ ਸਮਾਏ ਤੇ ਇਥੋਂ ਹੀ ਉਨ੍ਹਾਂ ਨੇ ਆਪਣੇ ਚੇਲੇ ਭਾਈ ਲਹਿਣਾ ਨੂੰ ਆਪਣਾ ਜਾਂਨਸ਼ੀਨ ਥਾਪਿਆ, ਜਿਨ੍ਹਾਂ ਨੂੰ ਗੁਰੂ ਅੰਗਦ ਦੇਵ ਵਜੋਂ ਚੇਤੇ ਕੀਤਾ ਜਾਂਦਾ ਹੈ।

ਇਹੀਓ ਕਾਰਨ ਸੀ ਕਿ 1971 ਤੱਕ ਸਰਹੱਦ ਦੇ ਇਧਰ ਤੇ ਉਧਰ ਦੀਆਂ ਸਰਕਾਰਾਂ ਸ਼ਰਧਾਲੂਆਂ ਨੂੰ ਡੇਰਾ ਬਾਬਾ ਨਾਨਕ ਰਾਹੀਂ ਜਾਣ ਦੀ ਗੈਰ ਸਰਕਾਰੀ ਸਹੂਲਤ ਦਿੰਦੀਆਂ ਰਹੀਆਂ ਸਨ। ਹੁਣ ਜਦੋਂ ਕਿ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਰਾਜਨੀਤਕ ਤੱਕੜੀ ਵਿਚ ਤੁਲਣ ਲੱਗ ਪਏ ਹਨ, ਇਸ ਲਾਂਘੇ ਲਈ ਕਾਨੂੰਨੀ ਪ੍ਰਵਾਨਗੀ ਜ਼ਰੂਰੀ ਹੋ ਗਈ ਹੈ।

ਕੇਂਦਰ ਵਿਚ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਹੋਂਦ 'ਚ ਆਉਣ ਤੋਂ ਪਿੱਛੋਂ ਜਦੋਂ ਸੰਨ 2000 ਵਿਚ ਪ੍ਰਧਾਨ ਮੰਤਰੀ ਪਾਕਿਸਤਾਨ ਗਏ ਤਾਂ ਕਰਤਾਰਪੁਰ ਸਾਹਿਬ ਲਈ ਸਿੱਧੇ ਲਾਂਘੇ ਦੀ ਗੱਲ ਚੱਲੀ ਸੀ ਤੇ ਇਸ ਦਾ ਦੁਨੀਆਂ ਭਰ ਦੇ ਸਿੱਖਾਂ ਨੇ ਸਵਾਗਤ ਕੀਤਾ ਸੀ। ਉਦੋਂ ਇਹ ਸੁਭਾਓ ਸਿਰੇ ਨਾ ਚੜ੍ਹ ਸਕਿਆ। ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਹੁੰਦਿਆਂ ਇਸ ਦਾ ਪੱਕਾ ਹੱਲ ਲੱਭਣ ਲਈ ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਸੁਖਾਵੇਂ ਕਰਨ ਦੀ ਗੱਲ ਤੋਰੀ ਪਰ ਸਿਰੇ ਨਾ ਲੱਗ ਸਕੀ।

ਅਜੋਕੀ ਸਰਕਾਰ ਦੇ ਏਜੰਡੇ ਉਤੇ ਇਹ ਗੱਲ ਲਿਆਉਣਾ ਮੁਸ਼ਕਿਲ ਤਾਂ ਹੈ ਪਰ 2019 ਦੀਆਂ ਚੋਣਾਂ ਦੇ ਸਨਮੁੱਖ ਵੋਟ ਨੀਤੀ ਪੈਂਤੜਾ ਸੁਧਾਰ ਸਕਦੀ ਹੈ। ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਨ ਉਤੇ ਇਸ ਨੂੰ ਬੂਰ ਪੈ ਸਕਦਾ ਹੈ। ਜੇ ਇਹ ਗੱਲ ਸੰਭਵ ਹੈ ਤਾਂ ਦੋਹਾਂ ਦੇਸ਼ਾਂ ਦੇ ਰਾਜਨੀਤਕ ਸਬੰਧ ਸੁਧਰਨੇ ਵੀ ਅਸੰਭਵ ਨਹੀਂ। ਚੰਗੀਆਂ ਰੀਝਾਂ ਅਨੇਕ ਵਾਰ ਸਫਲਤਾ ਦੀ ਟੀਸੀ ਉਤੇ ਪਹੁੰਚਦੀਆਂ ਆਈਆਂ ਹਨ। ਮਿਰਜ਼ਾ ਗਾਲਿਬ ਦੇ ਸ਼ਬਦਾਂ ਵਿਚ, 'ਏਕ ਬ੍ਰਾਹਮਨ ਨੇ ਬਤਾਇਆ ਹੈ ਕਿ ਸਾਲ ਅੱਛਾ ਹੈ।' ਅਣ ਦੇਖੇ ਬ੍ਰਾਹਮਣ ਨੂੰ ਸੌ ਸੌ ਸਲਾਮ।

**ਊਸ਼ਿਮਾ ਰੇਖੀ ਨੂੰ ਚੇਤੇ ਕਰਦਿਆਂ:**

ਕਾਜ਼ਵਿਨ (ਇਰਾਨ) ਦੇ ਮੁਸਲਮਾਨ ਬਹਾਈਆਂ ਦੇ ਘਰ ਜਨਮੀ, ਕਾਨਪੁਰ (ਹਿੰਦੁਸਤਾਨ) ਦੇ ਸਿੱਖ ਮਾਪਿਆਂ ਕੋਲ ਪਲੀ ਤੇ ਕਰਤਾਰਪੁਰ (ਪੰਜਾਬ) ਦੇ ਖੱਤਰੀ ਘਰਾਣੇ ਵਿਚ ਵਿਆਹੀ ਊਸ਼ਿਮਾ ਜ਼ਰਅੰਗੇਜ਼ ਸਾਮਾਂਦਰੀ ਰੇਖੀ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ 27 ਸਤੰਬਰ ਦੇ ਦਿਨ ਇੱਕ ਸਾਲ ਹੋ ਜਾਣਾ ਹੈ। ਊਸ਼ਿਮਾ ਦੇ ਜੀਵਨ ਦਾ ਸਫਰ ਅਦਭੁੱਤ ਹੀ ਨਹੀਂ, ਅਦੁੱਤੀ ਵੀ ਸੀ।

ਬਹਾਈ ਮੱਤ ਮਰਿਆਦਾ ਨੂੰ ਪ੍ਰਣਾਈ ਵਿਕਟੋਰੀਆ (ਮਿਸ਼ੀਗਨ) ਨਾਂ ਦੀ ਇੱਕ ਅਮਰੀਕਨ ਔਰਤ ਨੂੰ 1925 ਵਿਚ ਪਤਾ ਲੱਗਾ ਕਿ ਕਾਨਪੁਰ ਦੇ ਇੱਕ ਕਾਲਜ ਵਿਚ ਅਰਥ ਸ਼ਾਸਤਰ ਪੜ੍ਹਾ ਰਹੇ ਪ੍ਰੀਤਮ ਸਿੰਘ (ਬਹਾਈ) ਦੇ ਘਰ ਕੋਈ ਔਲਾਦ ਨਹੀਂ ਤਾਂ ਉਸ ਨੇ ਪ੍ਰੀਤਮ ਸਿੰਘ ਦੀ ਪ੍ਰਵਾਨਗੀ ਨਾਲ ਅਜਿਹਾ ਚਮਤਕਾਰੀ ਚੱਕਰ ਚਲਾਇਆ ਕਿ ਇਰਾਨ ਦੇ ਮੁਹੰਮਦ ਅਲੀ ਤੇ ਸਾਮਾਂਦਰੀ ਦੀ ਚਾਰ ਸਾਲਾ ਬੇਟੀ ਜ਼ਰਅੰਗੇਜ਼ (ਸੋਨਾ ਵੰਡਣ ਵਾਲੀ) ਨੂੰ ਹਿੰਦੁਸਤਾਨ ਦੀ ਪ੍ਰੀਤਮ ਸਿੰਘ ਤੇ ਵਿਦਿਆਵਤੀ ਜੋੜੀ ਦੀ ਧੀ ਬਣਾ ਦਿੱਤਾ ਤੇ ਉਸ ਦਾ ਨਾਂ ਊਸ਼ਿਮਾ ਹੋ ਗਿਆ। ਕਿਵੇਂ ਕਾਜ਼ਵਿਨ ਤੋਂ ਕਾਨਪੁਰ ਪਹੁੰਚੀਆਂ 14 ਬਾਲੜੀਆਂ ਦੀ ਤਸਵੀਰ ਵਿਚੋਂ ਵਿਦਿਆਵਤੀ ਦੀ ਉਂਗਲੀ ਇਸ ਬਾਲਿਕਾ ਦੀ ਤਸਵੀਰ ਉਤੇ ਟਿੱਕੀ, ਇਕ ਦਿਲਚਸਪ ਦਾਸਤਾਨ ਹੈ। ਇਸ ਤੋਂ ਵਧ ਦਿਲਚਸਪ ਹੈ ਇਸ ਬਾਲਿਕਾ ਦਾ ਆਪਣੇ ਦਾਦੇ ਦੇ ਭਰਾ ਦੀ ਗੋਦ ਵਿਚ ਬਹਿ ਕੇ ਬਗਦਾਦ, ਬਸਰਾ, ਕਰਾਚੀ, ਤੇ ਮੁੰਬਈ ਰਾਹੀਂ ਮੋਟਰ ਗੱਡੀਆਂ ਤੇ ਸਮੁੰਦਰੀ ਜਹਾਜ਼ਾਂ ਦਾ ਡੇਢ ਮਹੀਨੇ ਦਾ ਪੈਂਡਾ ਤੈਅ ਕਰ ਕੇ ਕਾਨਪੁਰ ਪਹੁੰਚਣਾ।

ਕੀ ਤੁਸੀਂ ਜਾਣਦੇ ਹੋ ਕਿ ਇਹ ਬਾਲੜੀ ਆਪਣੀ ਸਕੂਲ-ਕਾਲਜ ਦੀ ਵਿਦਿਆ ਸਮੇਂ ਸਟੂਡੈਂਟ ਲੀਡਰ ਰਹੀ, ਨਰਸਿੰਗ ਦਾ ਕੋਰਸ ਕਰਕੇ ਹਸਪਤਾਲ ਦੇ ਤਪਦਿਕ ਮਰੀਜ਼ਾਂ ਦੀ ਦੇਖ ਭਾਲ ਕਰਦੀ ਉਸ ਰੋਗ ਦੀ ਮਰੀਜ਼ ਹੋਈ, ਸਟੂਡੈਂਟ ਗਾਈਡ, ਰੈਡ ਕਰਾਸ ਦੀ ਸੋਸ਼ਲ ਵਰਕਰ, ਕਮਿਊਨਿਸਟ ਪਾਰਟੀ ਦੀ ਕਾਰਡ ਹੋਲਡਰ, ਪੰਜਾਬ ਇਸਤਰੀ ਸਭਾ ਦੀ ਸਰਕਰਦਾ ਮੈਂਬਰ, ਅਰੁਣਾ ਆਸਿਫ ਅਲੀ ਟਰੱਸਟ ਦੀ ਸੰਸਥਾਪਕ ਹੋਣ ਤੋਂ ਬਿਨਾ ਜੀਵਨ ਭਰ ਭਾਰਤ ਦੀਆਂ ਸਮਾਜ ਸੇਵੀ ਸੰਸਥਾਵਾਂ ਵਿਚ ਉਘਾ ਯੋਗਦਾਨ ਪਾਉਂਦੀ ਰਹੀ।

ਊਸ਼ਿਮਾ ਨੇ ਖੁਦ ਕਰਤਾਰਪੁਰ (ਪੰਜਾਬ) ਦੇ ਬ੍ਰਿਜ ਲਾਲ ਨਾਲ ਵਿਆਹ ਕਰਵਾਇਆ, ਜਿਸ ਦੇ ਭਰਾਵਾਂ ਦੇ ਨਾਂ 'ਰਾਮ' ਜਾਂ 'ਲਾਲ' ਵਾਲੇ ਹਨ ਤੇ ਭੈਣਾਂ ਦੇ 'ਕੌਰ' ਵਾਲੇ। ਊਸ਼ਿਮਾ ਦਾ ਬੇਟਾ ਸੁਹੇਲ ਅਮਰੀਕਾ ਦੀ ਜੰਮਪਲ ਟੈਰੇਸਾ ਨਾਲ ਵਿਆਹ ਕਰਵਾ ਕੇ ਉਥੋਂ ਦਾ ਵਸਨੀਕ ਹੋ ਚੁਕਾ ਹੈ ਤੇ ਬੇਟੀ ਜ਼ੋਇਆ ਉਘੇ ਵਕੀਲ ਚਮਨ ਲਾਲ ਸ਼ਰਮਾ ਨਾਲ ਵਿਆਹ ਕਰਵਾ ਕੇ ਚੰਡੀਗੜ੍ਹ ਰਹਿ ਰਹੀ ਹੈ। ਵਿਛੜੀ ਰੂਹ ਬਾਰੇ ਵਿਸਥਾਰ ਨਾਲ ਜਾਨਣਾ ਚਾਹੋ ਤਾਂ ਤੁਹਾਨੂੰ ਕੰਵਲਪ੍ਰੀਤ ਕੌਰ ਦੀ ਅੰਗਰੇਜ਼ੀ ਵਿਚ ਲਿਖੀ ਊਸ਼ਿਮਾ ਦੀ ਸਵੈਜੀਵਨੀ 'ਲੁਕਿੰਗ ਬੈਕ ਵਿਦ ਏ ਟਵਿੰਕਲ: ਊਸ਼ਿਮਾ ਜ਼ਰਅੰਗੇਜ਼ ਸਾਮਾਂਦਰੀ ਰੇਖੀ' ਪੜ੍ਹਨੀ ਪਵੇਗੀ। ਕੰਵਲਪ੍ਰੀਤ ਜ਼ੋਇਆ ਦੀ ਸਹੇਲੀ ਹੈ ਤੇ ਡੀ. ਏ. ਵੀ. ਕਾਲਜ, ਚੰਡੀਗੜ੍ਹ ਵਿਚ ਰਾਜਨੀਤੀ ਦੀ ਪ੍ਰੋਫੈਸਰ ਹੈ। ਵਿਸ਼ਾ ਦਿਲਚਸਪ ਤੇ ਸ਼ੈਲੀ ਮਜ਼ੇਦਾਰ।

ਅੰਤਿਕਾ: ਜਗਤਾਰ

ਬਾਜ਼ਾਂ ਨੇ ਅੰਤ ਉਡਣਾ
ਅੰਬਰ ਤੋਂ ਵੀ ਅਗੇਰੇ
ਪਾਵੇਗਾ ਡੋਰ ਕੋਈ ਕਦ ਤੱਕ
ਭਲਾ ਪਰਾਂ ਨੂੰ।
ਮੰਜ਼ਿਲ 'ਤੇ ਜੋ ਨਾ ਪਹੁੰਚੇ,
ਪਰਤੇ ਨਾ ਜੋ ਘਰਾਂ ਨੂੰ,
ਰਾਹਾਂ ਨੇ ਖਾ ਲਿਆ ਹੈ,
ਉਨ੍ਹਾਂ ਮੁਸਾਫਰਾਂ ਨੂੰ।

# ਕਰਤਾਰਪੁਰ ਲਾਂਘਾ: ਨਹੀਂ ਮੁੱਕਦੀ ਸਾਢੇ ਚਾਰ ਕਿਲੋਮੀਟਰ ਦੀ ਵਾਟ

***ਜੰਮੂ ਕਸ਼ਮੀਰ ਵਿਚ ਖੂਨ-ਖਰਾਬੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਨਿਊ ਯਾਰਕ ਵਿਚ ਵਿਦੇਸ਼ ਮੰਤਰੀ ਪੱਧਰ ਦੀ ਮੀਟਿੰਗ ਰੱਦ ਹੋ ਗਈ ਹੈ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਚੱਲਣ ਵਾਲੀ ਸੰਭਾਵੀ ਗੱਲਬਾਤ ਵੀ ਪਿਛਾਂਹ ਪੈ ਗਈ ਹੈ। ਇਹ ਦੋਹਾਂ ਪੰਜਾਬਾਂ ਅਤੇ ਦੋਹੀਂ ਪਾਸੀਂ ਵੱਸਦੇ ਪੰਜਾਬੀਆਂ ਦੀ ਤ੍ਰਾਸਦੀ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਦੀ ਸਿਆਸੀ ਖਹਿਬਾਜ਼ੀ ਪੰਜਾਬੀਆਂ ਦੀ ਗਲਵੱਕੜੀ ਨਹੀਂ ਪੈਣ ਦਿੰਦੀ। ਪ੍ਰੋ. ਚਮਨ ਲਾਲ ਨੇ ਕਰਤਾਰਪੁਰ ਲਾਂਘੇ ਦੇ ਧਾਰਮਿਕ, ਸਮਾਜਕ ਤੇ ਸਭਿਆਚਾਰਕ ਪੱਖਾਂ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ ਜੋ ਅਸੀਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ***

**ਪ੍ਰੋ. ਚਮਨ ਲਾਲ**
ਫੋਨ: 91-98687-74820

ਦੋ ਜੱਟਾਂ-ਨਵਜੋਤ ਸਿੰਘ ਸਿੱਧੂ ਅਤੇ ਕਮਰ ਜਾਵੇਦ ਬਾਜਵਾ ਦੀ ਗਲਵੱਕੜੀ ਨੇ ਪੂਰੇ ਭਾਰਤ ਵਿਚ ਹੰਗਾਮਾ ਖੜ੍ਹਾ ਕਰ ਦਿੱਤਾ ਅਤੇ ਗੱਲ ਗੱਲ 'ਤੇ ਦੂਜਿਆਂ ਦੀ ਖਿੱਲੀ ਉਡਾਉਣ ਵਾਲਿਆਂ ਨੂੰ ਚੰਗਾ ਮਸਾਲਾ ਮਿਲ ਗਿਆ। ਦਰਅਸਲ ਇਨ੍ਹਾਂ ਦੋਹਾਂ ਉਘੀਆਂ ਹਸਤੀਆਂ ਵਿਚੋਂ ਇਕ ਭਾਰਤੀ ਅਤੇ ਦੂਜੀ ਪਾਕਿਸਤਾਨੀ ਹੈ। ਸਿਆਸਤ ਜੋ ਵੀ ਹੋਵੇ, ਇਸ ਘਟਨਾ ਨੇ ਲੰਮੇ ਸਮੇਂ ਤੋਂ ਲਟਕਿਆ ਆ ਰਿਹਾ ਸਮਾਜਕ, ਸਭਿਆਚਾਰਕ ਤੇ ਭਾਵਨਾਤਮਕ ਮੁੱਦਾ ਇਕ ਵਾਰ ਫਿਰ ਭਖਾ ਦਿੱਤਾ ਹੈ। ਇਹ ਮੁੱਦਾ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਮਹਿਜ ਸਾਢੇ ਚਾਰ ਕਿਲੋਮੀਟਰ ਦੂਰ ਪਾਕਿਸਤਾਨ ਵਿਚ ਪੈਂਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਹੈ।

ਸਿੱਖ ਧਰਮ ਦੇ ਬਾਨੀ ਬਾਬੇ ਨਾਨਕ ਨੇ ਆਪਣੀਆਂ ਚਾਰ ਉਦਾਸੀਆਂ ਤੋਂ ਪਰਤਣ ਮਗਰੋਂ ਆਪਣੇ ਜੀਵਨ ਦੇ ਅੰਤਲੇ 18 ਵਰ੍ਹੇ ਕਰਤਾਰਪੁਰ ਵਿਖੇ ਬਿਤਾਏ ਅਤੇ ਫਿਰ ਆਪਣੇ ਸ਼ਾਗਿਰਦ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਨਾਂ ਦੇ ਕੇ ਗੁਰਗੱਦੀ ਸੌਂਪੀ। ਗੁਰੂ ਨਾਨਕ ਨੇ ਸ਼ਰਧਾ ਸੇਵਕੀ ਨੂੰ ਤਵੱਜੋ ਦਿੰਦਿਆਂ ਆਪਣੇ ਗਿਆਨਵਾਨ ਵਿਦਵਾਨ ਪੁੱਤਰ ਸ੍ਰੀ ਚੰਦ ਨੂੰ ਗੁਰਗੱਦੀ ਦੇ ਕਾਬਲ ਨਹੀਂ ਸੀ ਸਮਝਿਆ, ਜਿਨ੍ਹਾਂ ਨੇ ਬਾਅਦ ਵਿਚ ਆਪਣਾ ਵੱਖਰਾ ਉਦਾਸੀ ਸੰਪਰਦਾਏ ਚਲਾਇਆ। ਗੁਰੂ ਨਾਨਕ ਕਰਤਾਰਪੁਰ ਵਿਖੇ 70 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾਏ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਵਾਲੀ ਥਾਂ ਉਤੇ ਸੁਸ਼ੋਭਿਤ ਗੁਰਦੁਆਰਾ ਹੁਣ ਦਰਬਾਰ ਸਾਹਿਬ, ਕਰਤਾਰਪੁਰ ਵਜੋਂ ਜਾਣਿਆ ਜਾਂਦਾ ਹੈ। ਮੱਘਰ ਵਿਖੇ ਗੁਰੂ ਨਾਨਕ ਦੇ ਸਮਕਾਲੀ ਭਗਤ ਕਵੀ ਕਬੀਰ ਦਾ ਮਕਬਰਾ ਅਤੇ ਸਮਾਧੀ ਇਕੱਠੇ ਬਣੇ ਹੋਏ ਹਨ।

> ***ਹੈਰਾਨੀ ਦੀ ਗੱਲ ਹੈ ਕਿ 1961 ਵਿਚ ਜਦੋਂ ਭਾਰਤ ਸਰਕਾਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਹੁਸੈਨੀਵਾਲਾ ਯਾਦਗਾਰ ਵਾਪਸ ਲੈਣ ਖਾਤਰ ਪਾਕਿਸਤਾਨ ਨਾਲ ਕੁਝ ਪਿੰਡਾਂ ਦਾ ਤਬਾਦਲਾ ਕੀਤਾ ਸੀ ਤਾਂ ਉਦੋਂ ਹੀ ਸਰਹੱਦ ਨੇੜਲੇ ਕੁਝ ਹੋਰ ਪਿੰਡਾਂ ਦਾ ਵਟਾਂਦਰਾ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਕਿਉਂ ਨਹੀਂ ਮੰਗਿਆ ਗਿਆ? ਉਂਜ ਵੀ ਪੂਰੀ ਦੁਨੀਆਂ ਦੇ ਹੋਰ ਮੁਲਕਾਂ ਦੀਆਂ ਸਰਕਾਰਾਂ ਧਾਰਮਿਕ ਅਸਥਾਨਾਂ ਦੇ ਮਾਮਲੇ ਵਿਚ ਉਦਾਰਵਾਦੀ ਰਵੱਈਆ ਅਪਨਾਉਂਦੀਆਂ ਹਨ, ਪਰ ਕਰਤਾਰਪੁਰ ਗੁਰਦੁਆਰਾ ਅਸਥਾਨ ਪਹਿਲਾਂ ਵੱਡਾ ਮੁੱਦਾ ਨਹੀਂ ਬਣ ਸਕਿਆ।***

ਉਸੇ ਤਰ੍ਹਾਂ ਗੁਰੂ ਨਾਨਕ ਦੀ ਯਾਦ ਵਿਚ ਵੀ ਇਕੋ ਥਾਂ ਗੁਰਦੁਆਰਾ, ਸਮਾਧੀ ਅਤੇ ਮਕਬਰਾ ਬਣਿਆ ਹੋਇਆ ਹੈ, ਕਿਉਂਕਿ ਤਿੰਨਾਂ ਧਾਰਮਿਕ ਅਕੀਦਿਆਂ ਦੇ ਲੋਕਾਂ ਦੀ ਉਨ੍ਹਾਂ ਦੇ ਮਾਨਵਵਾਦੀ ਫਲਸਫੇ ਪ੍ਰਤੀ ਅਥਾਹ ਸ਼ਰਧਾ ਹੈ। ਭਾਰਤ ਦੇ ਡੇਰਾ ਬਾਬਾ ਨਾਨਕ ਵਾਲੇ ਪਾਸਿਓਂ ਇਹ ਗੁਰਦੁਆਰਾ ਮਹਿਜ ਸਾਢੇ ਚਾਰ ਕਿਲੋਮੀਟਰ ਦੂਰ ਹੈ ਜਦੋਂਕਿ ਪਾਕਿਸਤਾਨ ਦੇ ਸ਼ਹਿਰ ਲਾਹੌਰ ਵੱਲੋਂ ਸੌ ਕਿਲੋਮੀਟਰ ਤੋਂ ਵਧੇਰੇ ਦਾ ਪੰਧ ਤੈਅ ਕਰਕੇ ਉਥੇ ਪਹੁੰਚਣਾ ਪੈਂਦਾ ਹੈ। ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲਾ ਕੋਈ ਵੀ ਸ਼ਰਧਾਵਾਨ ਸਿੱਖ ਜਾਂ ਪੰਜਾਬੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਮੌਕਾ ਖੁੰਝਾਉਣਾ ਨਹੀਂ ਚਾਹੁੰਦਾ। ਨਾਨਕ ਨਾਮ ਲੇਵਾ ਸੰਗਤ ਲਈ ਇਹ ਅਸਥਾਨ ਗੁਰੂ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਜਿੰਨਾ ਹੀ ਅਹਿਮ ਹੈ। ਫਿਰ ਵੀ ਇਹ ਵੱਡਾ ਮੁੱਦਾ ਨਹੀਂ ਬਣਿਆ, ਕਿਉਂਕਿ 1965 ਜਾਂ ਸ਼ਾਇਦ 1971 ਤਕ ਅਣਅਧਿਕਾਰਤ ਰੂਪ ਵਿਚ ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਕਰਤਾਰਪੁਰ ਜਾਣਾ ਸੁਖਾਲਾ ਸੀ, ਪਰ 1971 ਦੀ ਜੰਗ ਪਿਛੋਂ ਹਾਲਾਤ ਬਦਲ ਗਏ।

ਹੈਰਾਨੀ ਦੀ ਗੱਲ ਹੈ ਕਿ 1961 ਵਿਚ ਜਦੋਂ ਭਾਰਤ ਸਰਕਾਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਹੁਸੈਨੀਵਾਲਾ ਯਾਦਗਾਰ ਵਾਪਸ ਲੈਣ ਖਾਤਰ ਪਾਕਿਸਤਾਨ ਨਾਲ ਕੁਝ ਪਿੰਡਾਂ ਦਾ ਤਬਾਦਲਾ ਕੀਤਾ ਸੀ ਤਾਂ ਉਦੋਂ ਹੀ ਸਰਹੱਦ ਨੇੜਲੇ ਕੁਝ ਹੋਰ ਪਿੰਡਾਂ ਦਾ ਵਟਾਂਦਰਾ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਕਿਉਂ ਨਹੀਂ ਮੰਗਿਆ ਗਿਆ? ਉਂਜ ਵੀ ਪੂਰੀ ਦੁਨੀਆਂ ਦੇ ਹੋਰ ਮੁਲਕਾਂ ਦੀਆਂ ਸਰਕਾਰਾਂ ਧਾਰਮਿਕ ਅਸਥਾਨਾਂ ਦੇ ਮਾਮਲੇ ਵਿਚ ਉਦਾਰਵਾਦੀ ਰਵੱਈਆ ਅਪਨਾਉਂਦੀਆਂ ਹਨ, ਪਰ ਕਰਤਾਰਪੁਰ ਗੁਰਦੁਆਰਾ ਅਸਥਾਨ ਪਹਿਲਾਂ ਵੱਡਾ ਮੁੱਦਾ ਨਹੀਂ ਬਣ ਸਕਿਆ।

ਸੰਨ 2000 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਲਾਹੌਰ ਫੇਰੀ ਮਗਰੋਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦਰਮਿਆਨ ਇਸ ਸਰਹੱਦ 'ਤੇ ਸਥਿਤ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਥੋੜ੍ਹੀ ਸਹਿਮਤੀ ਬਣੀ ਸੀ। ਡੇਰਾ ਬਾਬਾ ਨਾਨਕ ਦੇ ਬਾਸ਼ਿੰਦਿਆਂ, ਪੰਜਾਬੀਆਂ ਅਤੇ ਸਿੱਖਾਂ ਨੂੰ ਇਸ ਗੱਲ ਤੋਂ ਬਹੁਤ ਖੁਸ਼ੀ ਹੋਈ ਸੀ, ਪਰ ਭਾਰਤ-ਪਾਕਿਸਤਾਨ ਦੇ ਸਬੰਧਾਂ ਵਿਚ ਮਗਰੋਂ ਆਈ ਕਸ਼ੀਦਗੀ ਕਾਰਨ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਗੌਰਤਲਬ ਹੈ ਕਿ ਦੋਹਾਂ ਮੁਲਕਾਂ ਦਰਮਿਆਨ ਰਿਸ਼ਤੇ ਹੁਣ ਬਦ ਤੋਂ ਬਦਤਰ ਹੋ ਚੁਕੇ ਹਨ।



*ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ।*

ਸਿਆਸੀ ਤੌਰ 'ਤੇ ਵੱਖ-ਵੱਖ ਮੁਲਕਾਂ ਵਿਚ ਵੰਡੇ ਹੋਏ, ਪਰ ਸਾਂਝੀ ਭਾਸ਼ਾ ਅਤੇ ਸਭਿਆਚਾਰ ਵਾਲੇ ਲੋਕਾਂ ਦੀ ਸਭਿਆਚਾਰਕ ਸਾਂਝ ਦੀ ਪੇਚੀਦਗੀ ਨੂੰ ਗੈਰ-ਪੰਜਾਬੀ ਅਤੇ ਗੈਰ-ਬੰਗਾਲੀ ਲੋਕ ਨਹੀਂ ਸਮਝ ਸਕਦੇ। ਦੇਖਣ ਵਾਲੀ ਗੱਲ ਹੈ ਕਿ ਉਤਰੀ ਅਤੇ ਦੱਖਣੀ ਕੋਰੀਆ ਦੀ ਸਿਆਸੀ ਲੀਡਰਸ਼ਿਪ ਨੇ ਦਹਾਕਿਆਂ ਤਕ ਬਣਿਆ ਰਿਹਾ ਤਣਾਅ ਘਟਾਇਆ ਤਾਂ ਦੋਹਾਂ ਪਾਸਿਆਂ ਦੇ ਲੋਕਾਂ ਨੇ ਕਿਵੇਂ ਭਾਵਨਾਤਮਕ ਹੁੰਗਾਰਾ ਦਿੱਤਾ ਜਾਂ ਸੋਵੀਅਤ ਯੂਨੀਅਨ ਟੁੱਟਣ ਮਗਰੋਂ ਬਰਲਿਨ ਦੀ ਦੀਵਾਰ ਢਾਹੇ ਜਾਣ ਉਤੇ ਦੋਹਾਂ ਪਾਸਿਆਂ ਦੇ ਜਰਮਨ ਲੋਕਾਂ ਨੇ ਕਿੰਨੀ ਖੁਸ਼ੀ ਮਨਾਈ।

ਆਰ. ਐਸ. ਐਸ. ਦਾ ਅੰਧ-ਰਾਸ਼ਟਰਵਾਦ ਦੋਹਾਂ ਮੁਲਕਾਂ ਦੇ ਪੰਜਾਬੀਆਂ ਨੂੰ ਨਹੀਂ ਪੋਂਹਦਾ। 1947 ਦੀ ਦੇਸ਼ ਵੰਡ ਸਮੇਂ ਕਰੀਬ ਦਸ ਲੱਖ ਲੋਕਾਂ ਨੂੰ ਮਾਰ ਮੁਕਾਉਣ, ਇਕ ਕਰੋੜ ਲੋਕਾਂ ਨੂੰ ਉਜਾੜਨ ਅਤੇ ਔਰਤਾਂ ਉਤੇ ਅਸਹਿ ਤੇ ਅਕਹਿ ਜ਼ੁਲਮ ਢਾਹੁਣ ਦੇ ਬਾਵਜੂਦ ਹੁਣ ਦੋਹਾਂ ਮੁਲਕਾਂ ਦੇ ਪੰਜਾਬੀ ਜਦੋਂ ਵੀ ਆਪਸ ਵਿਚ ਮਿਲਦੇ ਹਨ ਤਾਂ ਕੱਟੜਪੰਥੀਆਂ ਦੇ ਪ੍ਰਭਾਵ ਅਧੀਨ ਇਕ ਦੂਜੇ ਖਿਲਾਫ ਕੀਤੇ ਅਪਰਾਧਾਂ ਉਤੇ ਝੂਰਦੇ ਹਨ। ਸਭਿਆਚਾਰਕ ਪਿਛੋਕੜ ਸਦਕਾ ਆਪਸ ਵਿਚ ਜੁੜੇ, ਪਰ ਸਿਆਸੀ-ਫਿਰਕੂ ਇੰਤਹਾਪਸੰਦੀ ਕਾਰਨ ਵੰਡੇ ਗਏ ਭਾਈਚਾਰਿਆਂ ਦਾ ਮਸਲਾ ਬੜਾ ਪੇਚੀਦਾ ਹੈ। ਪੰਜਾਬੀ ਲੋਕ ਭਾਵੇਂ ਭੂਗੋਲਿਕ ਤੌਰ 'ਤੇ ਦੋ ਮੁਲਕਾਂ ਵਿਚ ਵੰਡੇ ਹੋਏ ਹਨ, ਪਰ ਸਾਂਝੀ ਪੰਜਾਬੀ ਰੂਹ, ਬਾਬਾ ਨਾਨਕ, ਬੁੱਲ੍ਹੇ ਸ਼ਾਹ ਅਤੇ ਭਗਤ ਸਿੰਘ ਨੂੰ ਜਮੀਨੀ ਲਕੀਰਾਂ ਨਹੀਂ ਵੰਡ ਸਕਦੀਆਂ।


ਘੁਮੱਕੜ ਵਜੋਂ ਇਤਿਹਾਸਕ ਯਾਦਗਾਰ ਦੇਖਣ ਦੀ ਲਲ੍ਹਕ ਕਾਰਨ ਮੈਂ ਇਕ ਵਾਰ ਡੇਰਾ ਬਾਬਾ ਨਾਨਕ, ਸਰਹੱਦ ਅਤੇ ਭਾਰਤ ਦੇ ਮਹਾਨ ਸ਼ਾਸਕ ਮੁਗਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਦਾ ਸਥਾਨ ਕਲਾਨੌਰ ਦੇਖਣ ਗਿਆ। ਮੈਂ ਉਥੋਂ ਦੇ ਲੋਕਾਂ ਦੇ ਮਨਾਂ ਵਿਚਲਾ ਰੋਹ ਮਹਿਸੂਸ ਕੀਤਾ ਜੋ ਮਹਿਜ ਸਾਢੇ ਚਾਰ ਕਿਲੋਮੀਟਰ ਦੂਰ ਪਾਕਿਸਤਾਨ ਵਿਚਲੇ ਗੁਰਦੁਆਰਾ ਦਰਬਾਰ ਸਾਹਿਬ ਦਾ ਲਾਂਘਾ ਖੁੱਲ੍ਹਣਾ ਲੋਚਦੇ ਹਨ। ਉਥੇ ਜਾਣ ਵਾਲੇ ਲੋਕ ਦੂਰਬੀਨ ਰਾਹੀਂ ਇਸ ਅਸਥਾਨ ਦੇ ਦਰਸ਼ਨ ਕਰਦੇ ਅਤੇ ਵਧੀਆ ਕੈਮਰਿਆਂ ਨਾਲ ਉਥੋਂ ਦੀਆਂ ਤਸਵੀਰਾਂ ਖਿੱਚਦੇ ਹਨ। ਉਥੇ ਤਾਇਨਾਤ ਬੀ. ਐਸ. ਐਫ. ਦੇ ਅਧਿਕਾਰੀ ਵੀ ਦਰਸ਼ਨ ਅਭਿਲਾਸ਼ੀਆਂ ਨਾਲ ਚੰਗਾ ਵਿਹਾਰ ਕਰਦੇ ਹਨ। ਅਜਿਹੇ ਮੌਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇਹ ਟਿੱਪਣੀ ਬਿਲਕੁਲ ਦਰੁਸਤ ਜਾਪਦੀ ਹੈ, 'ਸਰਹੱਦਾਂ ਬੇਮਾਅਨੇ ਹੋ ਜਾਣੀਆਂ ਚਾਹੀਦੀਆਂ ਹਨ।' ਇਸ ਦਾ ਮਤਲਬ ਇਹ ਹੈ ਕਿ ਲੋਕ ਬਿਨਾ ਰੋਕ-ਟੋਕ ਸਰਹੱਦ ਦੇ ਆਰ-ਪਾਰ ਆ-ਜਾ ਸਕਣ।

ਇਸ ਦਿਸ਼ਾ ਵਿਚ ਪਹਿਲਾ ਕਦਮ ਵਧਾਉਂਦਿਆਂ ਗੁਰੂ ਨਾਨਕ ਦੇ 550ਵੇਂ ਆਗਮਨ ਪੁਰਬ ਮੌਕੇ ਡੇਰਾ ਬਾਬਾ ਨਾਨਕ ਵਾਲੀ ਸਰਹੱਦ 'ਤੇ ਬੰਦਿਸ਼ਾਂ ਹਟਾ ਦੇਣੀਆਂ ਚਾਹੀਦੀਆਂ ਹਨ। ਇਕੱਲੇ ਜਸ਼ਨਾਂ ਮੌਕੇ ਹੀ ਨਹੀਂ, ਸਗੋਂ ਸਦਾ ਲਈ ਕਰਤਾਰਪੁਰ ਦਾ ਲਾਂਘਾ ਖੋਲ੍ਹ ਦੇਣਾ ਚਾਹੀਦਾ ਹੈ। ਫਿਰ ਇਹ ਨੀਤੀ ਬਾਕੀ ਸਰਹੱਦਾਂ ਉਤੇ ਵੀ ਲਾਗੂ ਕਰਨ ਬਾਰੇ ਸੋਚਿਆ ਜਾ ਸਕਦਾ ਹੈ। ਇਸ ਤਰ੍ਹਾਂ ਦੁਵੱਲਾ ਵਪਾਰ ਸ਼ੁਰੂ ਹੋਣ ਨਾਲ ਸਿਆਸੀ ਫੌਜੀ ਲੀਡਰਸ਼ਿਪ ਵੱਲੋਂ ਦੋਹਾਂ ਮੁਲਕਾਂ ਦੇ ਲੋਕਾਂ ਦੀ ਇੱਛਾ ਵਿਰੁਧ ਉਨ੍ਹਾਂ ਉਤੇ ਥੋਪੀ ਗਈ ਦੁਸ਼ਮਣੀ ਦੇ ਬਾਵਜੂਦ ਸਭਿਆਚਾਰਕ ਤੌਰ 'ਤੇ ਇਕ-ਦੂਜੇ ਨਾਲ ਜੁੜੇ ਲੋਕਾਂ ਦਾ ਵਿਕਾਸ ਹੋਵੇਗਾ।

---

# ਥਾਪਿਆ ਲਹਿਣਾ ਜੀਵਦੇ...

## ਗੁਰਿਆਈ ਦਿਵਸ 'ਤੇ ਵਿਸ਼ੇਸ਼



**ਵਿਕਰਮਜੀਤ ਸਿੰਘ ਤਿਹਾੜਾ***
ਫੋਨ: 91-98555-34961

ਬਿਖੜੇ ਰਾਹਾਂ ਦਾ ਪਾਂਧੀ ਬਣਨਾ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨਾ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਇਆ। ਸੱਚਾਈ ਤੋਂ ਦੂਰ ਜਾ ਚੁਕੇ ਹੈਵਾਨ ਬਣੇ ਮਨੁੱਖ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣਾ ਹੀ ਬਾਬੇ ਨਾਨਕ ਦਾ ਧਰਮ ਸੀ। ਉਨ੍ਹਾਂ ਦੇ ਜੀਵਨ ਦਾ ਉਦੇਸ਼ ਅਤੇ ਉਦੇਸ਼ ਪ੍ਰਾਪਤੀ ਦਾ ਤਰੀਕਾ ਵੀ ਨਿਵੇਕਲਾ ਸੀ। ਉਨ੍ਹਾਂ ਫੋਕਟ ਪਰੰਪਰਾਵਾਂ ਨੂੰ ਵੰਗਾਰਿਆ ਅਤੇ ਨਵੀਆਂ ਪੈੜਾਂ ਉਲੀਕੀਆਂ। ਇਕ ਨਵਾਂ ਮਾਰਗ ਜਿਸ ਦੇ ਪਾਂਧੀ ਇਕ ਪ੍ਰਮੇਸ਼ਵਰ ਨੂੰ ਮੰਨਣ ਵਾਲੇ ਸੱਚ ਦੇ ਧਾਰਨੀ ਹੋਣ। ਇਕ ਐਸਾ ਆਦਰਸ਼ਕ ਮਨੁੱਖ ਸਿਰਜਿਆ, ਜੋ ਤੰਗ ਦਿਲੀਆਂ ਤੋਂ ਦੂਰ ਅਤੇ ਖੁੱਲ੍ਹੇ ਅਸਮਾਨ ਹੇਠ ਵਿਚਰਦਾ ਕੁਦਰਤੀ ਆਰਤੀ ਕਰਨ ਵਾਲਾ ਹੋਵੇ। ਜੋ ਕੁਦਰਤ ਨਾਲ ਇਕਸੁਰ, ਸਦ-ਗੁਣਾਂ ਦਾ ਧਾਰਨੀ ਅਤੇ ਸਿੱਖਣ ਦੀ ਪ੍ਰਵਿਰਤੀ ਵਾਲਾ ਸਿਖਾਂਦਰੂ ਹੋਵੇ। ਇਸ ਕਾਰਜ ਦੀ ਪੂਰਤੀ ਲਈ ਉਨ੍ਹਾਂ ਸਫਰ ਨੂੰ ਹੀ ਆਪਣੀ ਮੰਜ਼ਿਲ ਬਣਾ ਲਿਆ। ਚਾਰ ਉਦਾਸੀਆਂ, ਚੱਲਦੇ ਰਹਿਣਾ, ਹਰ ਘਰ ਤੱਕ ਸੱਚ ਦੀ ਆਵਾਜ਼ ਨੂੰ ਲੈ ਕੇ ਜਾਣਾ, ਲਿਤਾੜਿਆਂ ਦੀ ਗੱਲ ਕਰਨੀ ਅਤੇ ਉਨ੍ਹਾਂ ਨੂੰ ਉਪਰ ਉਠਾਉਣਾ ਗੁਰੂ ਨਾਨਕ ਸਾਹਿਬ ਦੀ ਮਹਾਨਤਾ ਹੈ।

ਕਰਤਾਰਪੁਰ ਦੀ ਧਰਤੀ। ਜਿੱਥੇ ਉਨ੍ਹਾਂ ਦੀ ਸੇਵਾ ਵਿਚ ਆ ਹਾਜ਼ਿਰ ਹੋਇਆ ਇਕ ਸੇਵਕ, ਜੋ ਸੱਚਮੁੱਚ ਸੇਵਕ ਬਣਿਆ। ਬਾਬੇ ਨਾਨਕ ਦਾ ਹੁਕਮ ਮੰਨਦਾ ਉਨ੍ਹਾਂ ਦਾ ਹੀ ਰੂਪ ਹੋ ਗਿਆ। ਉਹ ਜਿਸ ਨੇ ਬਾਬੇ ਨਾਨਕ ਨੂੰ ਸਮਝਿਆ, ਉਨ੍ਹਾਂ ਦੇ ਉਦੇਸ਼ (ਮਿਸ਼ਨ) ਨੂੰ ਜਾਣਿਆ ਅਤੇ ਉਸ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਕਈ ਪ੍ਰੀਖਿਆਵਾਂ ਵੀ ਹੋਈਆਂ। ਜਿਵੇਂ ਚਿੱਕੜ ਦੀ ਪੰਡ ਚੁੱਕਣਾ, ਮੁਰਦਾ ਖਾਣਾ, ਅਤਿ ਦੀ ਸਰਦੀ 'ਚ ਕੱਪੜੇ ਧੋਣਾ, ਚਿੱਕੜ 'ਚੋਂ ਕੌਲ ਕੱਢਣਾ ਆਦਿ। ਪਰ ਉਹ ਸੂਰਾ ਸਫਲ ਹੋਇਆ। ਉਹ ਬਾਬੇ ਨਾਨਕ ਦਾ ਸੱਚਾ ਸੇਵਕ ਬਣਿਆ।



*ਗੁਰੂ ਅੰਗਦ ਦੇਵ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਹੋਏ (ਇਕ ਚਿੱਤਰਕਾਰ ਦੀ ਨਜ਼ਰ 'ਚ)*

ਗੁਰੂ ਜੀ ਵੀ ਇਨਕਲਾਬੀ ਸਨ। ਉਨ੍ਹਾਂ ਜਾਣ ਲਿਆ ਕਿ ਇਹ ਸੇਵਕ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੈ। ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲਾ। ਉਨ੍ਹਾਂ ਪਰੰਪਰਾ ਅਨੁਸਾਰ ਆਪਣਾ ਵਾਰਸ ਆਪਣੇ ਪੁੱਤਰ ਨੂੰ ਨਹੀਂ ਚੁਣਿਆ, ਕਿਉਂਕਿ ਜੋ ਯੋਗ ਹੈ, ਉਹ ਅਧਿਕਾਰੀ ਹੈ। ਇਹ ਚੱਲਦੇ ਵਹਾਅ ਦਾ ਰੁੱਖ ਮੋੜਨਾ ਸੀ। ਇਹੀ ਸਿੱਖੀ ਹੈ। ਇਹ ਬਾਬੇ ਨਾਨਕ ਦਾ ਧਰਮ ਹੈ ਕਿ ਤੋੜ ਦਿਓ ਬੰਧਨਾਂ ਨੂੰ ਅਤੇ ਤੋੜ ਦਿਓ ਪੈਰੀਂ ਪਈਆਂ ਉਨ੍ਹਾਂ ਜੰਜ਼ੀਰਾਂ ਨੂੰ, ਜਿਨ੍ਹਾਂ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕੀਤਾ ਹੋਇਆ ਹੈ। ਗੁਰੂ ਜੀ ਨੇ ਉਸ ਨੂੰ ਚੁਣਿਆ ਜੋ ਯੋਗ ਸੀ, ਜੋ ਹੱਕਦਾਰ ਸੀ ਅਤੇ ਲੈਣ ਵਾਲਾ ਸੀ-ਭਾਈ ਲਹਿਣਾ। ਜਿਨ੍ਹਾਂ ਨੂੰ ਬਾਬੇ ਨਾਨਕ ਨੇ ਗੁਰਿਆਈ ਦੇ ਕੇ ਗੁਰੂ ਅੰਗਦ ਬਣਾ ਦਿੱਤਾ ਭਾਵ ਉਨ੍ਹਾਂ ਦਾ ਅੰਗ।

ਸਰੀਰ ਬਦਲ ਗਿਆ, ਜੋਤ ਉਹੀ ਰਹੀ। ਉਦੇਸ਼ ਵੀ ਉਹੀ। ਭਾਈ ਲਹਿਣਾ ਤੋਂ ਗੁਰੂ ਅੰਗਦ ਬਣ ਗੁਰੂ ਨਾਨਕ ਦੇਵ ਹੀ ਵਿਚਰੇ। ਉਨ੍ਹਾਂ ਨੇ ਵੀ ਸਿੱਖੀ ਦੇ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਮਹਾਨ ਕਾਰਜ ਕੀਤੇ। ਸਾਨੂੰ ਸਾਡੇ ਅੱਖਰਾਂ ਵਿਚ ਸਮਝਾਇਆ। ਗੁਰਮੁਖੀ ਲਿਪੀ ਉਨ੍ਹਾਂ ਦੀ ਮਹਾਨ ਦੇਣ ਹੈ। ਜਿਨ੍ਹਾਂ ਨੂੰ ਤੁਸੀਂ ਹੁਣ ਪੜ੍ਹ ਰਹੇ ਹੋ, ਇਹ ਉਹੀ ਅੱਖਰ ਨੇ। ਪਰੰਪਰਾ ਨੂੰ ਤੋੜ ਗਿਆਨ ਨੂੰ ਲੋਕ ਭਾਸ਼ਾ ਰਾਹੀਂ ਲੋਕਾਂ ਲਈ ਪ੍ਰਗਟ ਕਰ ਦਿੱਤਾ। ਸਿੱਖੀ ਲੋਕਾਈ ਲਈ ਹੈ, ਉਹ ਲੋਕਾਈ ਤੱਕ ਪਹੁੰਚਿਆ। ਗੁਰੂ ਅੰਗਦ ਦੇਵ 'ਬਾਲ ਬੋਧ' ਤਿਆਰ ਕਰ ਆਪ ਖਡੂਰ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮੁਖੀ ਦੀ ਵਿਦਿਆ ਦਿੰਦੇ। ਲੰਗਰ ਪ੍ਰਥਾ ਦਾ ਵਿਕਾਸ, ਮੱਲ ਅਖਾੜੇ ਦੀ ਸਥਾਪਨਾ, ਸਿੱਧਾਂ ਨਾਲ ਗੋਸ਼ਟਿ ਅਤੇ ਜਨਮ ਸਾਖੀ ਲਿਖਵਾਉਣਾ, ਉਨ੍ਹਾਂ ਦੇ ਅਹਿਮ ਕਾਰਜ ਸਨ। ਇਹ ਗੁਰੂ ਅੰਗਦ ਸਾਹਿਬ ਦੀ ਕਰਾਮਾਤ ਸੀ ਕਿ ਖਡੂਰ ਸਾਹਿਬ ਦੀ ਧਰਤੀ 'ਤੇ ਕੁਦਰਤੀ ਨੂਰ ਵਰਸਣ ਲੱਗਾ।

ਅਸਲ ਵਿਚ ਗੁਰਿਆਈ ਪਰੰਪਰਾ ਹੀ ਸੀ ਜਿਸ ਨਾਲ ਸਿੱਖ ਧਰਮ ਆਪਣੇ ਨਿਸ਼ਾਨੇ 'ਤੇ ਅੱਪੜ ਸਕਿਆ। ਗੁਰੂ ਨਾਨਕ ਦੇਵ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣਾ ਵਾਰਸ ਚੁਣ ਕੇ ਆਪਣੇ ਇਨਕਲਾਬੀ ਮਿਸ਼ਨ ਦੀ ਜ਼ਿੰਮੇਵਾਰੀ ਗੁਰੂ ਅੰਗਦ ਦੇਵ ਨੂੰ ਦੇ ਦਿੱਤੀ।

"ਥਾਪਿਆ ਲਹਿਣਾ ਜੀਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ॥"
(ਵਾਰਾਂ ਭਾਈ ਗੁਰਦਾਸ)

---

****ਵਿਦਿਆਰਥੀ,*
*ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼,*
*ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ।***

ਪੰਜਾਬ ਟਾਈਮਜ਼

*ਸਨਿਚਰਵਾਰ, 29 ਸਤੰਬਰ 2018*

## ਸਿਆਸਤ ਵਿਚ ਅਪਰਾਧੀ ਤੇ ਅਦਾਲਤ

ਭਾਰਤ ਦੀ ਸੁਪਰੀਮ ਕੋਰਟ ਨੇ ਕਾਨੂੰਨ ਬਣਾ ਕੇ ਸਿਆਸਤ ਦੇ ਅਪਰਾਧੀਕਰਨ ਦੀ ਮਰਜ਼ ਦੇ ਇਲਾਜ ਦਾ ਜ਼ਿੰਮਾ ਪਾਰਲੀਮੈਂਟ 'ਤੇ ਛੱਡ ਦਿੱਤਾ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਗੰਭੀਰ ਕੇਸਾਂ ਦਾ ਸਾਹਮਣਾ ਕਰ ਰਹੇ ਆਗੂ ਸਿਆਸੀ ਪਿੜ ਵਿਚ ਪੈਰ ਨਾ ਪਾ ਸਕਣ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਸੰਵਿਧਾਨਕ ਬੈਂਚ ਨੇ ਸਾਫ ਕਿਹਾ ਹੈ ਕਿ ਸਿਆਸਤ ਦਾ ਅਪਰਾਧੀਕਰਨ ਬਹੁਤ ਖਤਰਨਾਕ ਤੇ ਅਫਸੋਸਨਾਕ ਹੈ ਅਤੇ ਦੇਸ਼ ਵਿਚ ਲਗਾਤਾਰ ਜ਼ੋਰ ਫੜ੍ਹ ਰਿਹਾ ਇਹ ਰੁਝਾਨ ਸੰਵਿਧਾਨਕ ਜਮਹੂਰੀਅਤ ਨੂੰ ਕੰਬਣੀ ਛੇੜਨ ਵਾਲਾ ਹੈ। ਇਸ ਲਈ ਲੋਕਾਂ ਨੂੰ ਹੁਣ ਅਜਿਹੇ ਕਾਨੂੰਨ ਦੀ ਬੇਸਬਰੀ ਨਾਲ ਉਡੀਕ ਹੈ, ਕਿਉਂਕਿ ਸਮਾਜ ਦੀ ਇਹ ਜਾਇਜ਼ ਖਾਹਿਸ਼ ਹੈ ਕਿ ਉਨ੍ਹਾਂ ਦਾ ਸ਼ਾਸਨ ਢੁਕਵਾਂ ਸੰਵਿਧਾਨਕ ਤਰਜ ਦਾ ਸ਼ਾਸਨ ਹੋਵੇ ਅਤੇ ਜਮਹੂਰੀਅਤ ਅੰਦਰ ਨਾਗਰਿਕਾਂ ਨੂੰ ਮਹਿਜ਼ ਖਾਮੋਸ਼, ਬੋਲੇ ਅਤੇ ਤਮਾਸ਼ਬੀਨ ਬਣੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਬੈਂਚ ਵਿਚ ਜਸਟਿਸ ਆਰ. ਐਫ. ਨਰੀਮਨ, ਏ. ਐਮ. ਖਨਵਿਲਕਰ, ਡੀ. ਵਾਈ. ਚੰਦਰਚੂੜ ਅਤੇ ਇੰਦੂ ਮਲਹੋਤਰਾ ਵੀ ਸ਼ਾਮਲ ਹਨ। ਇਸ ਮਤਾਬਕ ਸਿਆਸਤ ਦਾ ਅਪਰਾਧੀਕਰਨ ਕੋਈ ਲਾਇਲਾਜ ਬਿਮਾਰੀ ਨਹੀਂ ਹੈ ਪਰ ਇਸ ਮੁੱਦੇ ਨੂੰ ਜਲਦ ਨਜਿੱਠਣ ਦੀ ਲੋੜ ਹੈ, ਕਿਉਂਕਿ ਇਹ ਰੁਝਾਨ ਸੰਵਿਧਾਨਕ ਅਸੂਲਾਂ ਵਿਚ ਵਿਘਨ ਪਾਉਂਦਾ ਹੈ ਅਤੇ ਜਮਹੂਰੀ ਸ਼ਾਸਨ ਪ੍ਰਣਾਲੀ ਦੀਆਂ ਜੜ੍ਹਾਂ 'ਤੇ ਸੱਟ ਮਾਰਦਾ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਪਾਰਲੀਮੈਂਟ ਇਸ ਬਾਰੇ ਕਾਨੂੰਨ ਬਣਾਏ। ਨਾਲ ਹੀ ਸੁਝਾਅ ਦਿੱਤਾ ਹੈ ਕਿ ਉਮੀਦਵਾਰ ਅਤੇ ਸਬੰਧਤ ਸਿਆਸੀ ਪਾਰਟੀ ਨੂੰ ਉਸ ਦੇ ਪਿਛੋਕੜ ਬਾਰੇ ਵੱਡੇ ਅਖਬਾਰਾਂ ਤੇ ਇਲੈਕਟ੍ਰਾਨਿਕ ਮੀਡੀਆ ਵਿਚ ਭਰਵੇਂ ਵੇਰਵੇ ਨਸ਼ਰ ਕੀਤੇ ਜਾਣ।

ਜਾਹਰ ਹੈ ਕਿ ਇਸ ਮਾਮਲੇ 'ਤੇ ਗੇਂਦ ਹੁਣ ਵਿਧਾਨਪਾਲਿਕਾ ਦੇ ਪਾਲੇ ਵਿਚ ਚਲੀ ਗਈ ਹੈ। ਅਦਾਲਤ ਨੇ ਵਿਧਾਨਪਾਲਿਕਾ ਦੇ ਅਧਿਕਾਰ ਖੇਤਰ ਵਿਚ ਦਖਲ ਦੇਣ ਤੋਂ ਗੁਰੇਜ਼ ਕਰਦਿਆਂ ਇਹ ਉਮੀਦ ਪ੍ਰਗਟ ਕੀਤੀ ਕਿ ਜਮਹੂਰੀਅਤ ਵਿਚ ਵੋਟਰਾਂ ਦਾ ਭਰੋਸਾ ਬਣਾਈ ਰੱਖਣ ਲਈ ਵਿਧਾਨਪਾਲਿਕਾ ਲੋੜੀਂਦੇ ਕਾਨੂੰਨਾਂ ਰਾਹੀਂ ਇਸ ਚੁਣੌਤੀ ਨਾਲ ਨਜਿੱਠ ਲਵੇਗੀ। ਯਾਦ ਰਹੇ, ਭਾਰਤ ਦੀ ਸਮੁੱਚੀ ਚੋਣ ਪ੍ਰਕ੍ਰਿਆ ਵਿਚ ਮਾਇਆ ਅਤੇ ਬਾਹੂਬਲੀਆਂ ਦੇ ਵਧ ਰਹੇ ਅਸਰ ਉਤੇ ਕੌਮੀ ਚੋਣ ਕਮਿਸ਼ਨ ਵੀ ਚਿੰਤਾ ਪ੍ਰਗਟ ਕਰਦਾ ਆ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਆਈ. ਆਈ. ਐਮ. ਬੰਗਲੌਰ ਅਤੇ ਜਮਹੂਰੀ ਸੁਧਾਰਾਂ ਲਈ ਐਸੋਸੀਏਸ਼ਨ ਵੱਲੋਂ ਕੀਤੇ ਅਧਿਐਨ ਅਨੁਸਾਰ 34 ਫੀਸਦ ਸੰਸਦ ਮੈਂਬਰ ਅਪਰਾਧਿਕ ਰਿਕਾਰਡ ਵਾਲੇ ਸਨ। 2009 ਵਿਚ ਇਨ੍ਹਾਂ ਦੀ ਗਿਣਤੀ 30 ਫੀਸਦ ਸੀ। ਜਿਨ੍ਹਾਂ ਖਿਲਾਫ ਗੰਭੀਰ ਅਪਰਾਧ ਕਰਨ ਦੇ ਮਾਮਲੇ ਦਰਜ ਹਨ, ਉਨ੍ਹਾਂ ਦੀ ਗਿਣਤੀ ਪੰਜ ਸਾਲਾਂ ਦੇ ਇਸ ਸਮੇਂ ਦੌਰਾਨ 15 ਤੋਂ ਵਧ ਕੇ 21 ਫੀਸਦ ਹੋ ਗਈ ਸੀ। ਦੂਜੇ ਬੰਨੇ ਸਿਆਸੀ ਪਾਰਟੀਆਂ ਦਾ ਟਿਕਟਾਂ ਦੇਣ ਦਾ ਇਕੋ ਮਾਪਦੰਡ ਹੈ ਕਿ ਜੇਤੂ ਸੰਭਾਵਨਾ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣ। ਸਿੱਟੇ ਵਜੋਂ ਸਾਫ-ਸੁਥਰੇ ਰਿਕਾਰਡ ਵਾਲੇ ਉਮੀਦਵਾਰਾਂ ਵਿਚੋਂ 5 ਫੀਸਦ, ਅਪਰਾਧਿਕ ਰਿਕਾਰਡ ਵਾਲਿਆਂ ਵਿਚੋਂ 13 ਫੀਸਦ ਅਤੇ ਗੰਭੀਰ ਅਪਰਾਧਕ ਕੇਸਾਂ ਦਾ ਸਾਹਮਣਾ ਕਰਨ ਵਾਲਿਆਂ ਵਿਚੋਂ 12.5 ਫੀਸਦ ਜਿੱਤਣ ਵਿਚ ਕਾਮਯਾਬ ਰਹੇ।

ਚੋਣ ਪ੍ਰਕ੍ਰਿਆ ਨੂੰ ਸਾਫ-ਸੁਥਰੀ ਬਣਾਉਣ ਲਈ ਚੋਣਾਂ ਸਰਕਾਰੀ ਖਰਚ ਉਤੇ ਕਰਵਾਉਣ ਅਤੇ ਉਮੀਦਵਾਰਾਂ ਨੂੰ ਲੋਕਾਂ ਸਾਹਮਣੇ ਜਵਾਬਦੇਹ ਬਣਾਉਣ ਲਈ ਵਾਪਸ ਬੁਲਾਉਣ ਦਾ ਹੱਕ ਦੇਣ ਵਰਗੇ ਚੋਣ ਸੁਧਾਰਾਂ ਬਾਰੇ ਵੀ ਅਕਸਰ ਚਰਚਾ ਹੁੰਦੀ ਰਹੀ ਹੈ ਅਤੇ ਇਸ ਉਤੇ ਕੁਝ-ਕੁਝ ਅਮਲ ਵੀ ਹੁੰਦਾ ਰਿਹਾ ਹੈ। ਨਾਮਜ਼ਦਗੀ ਕਾਗਜ਼ ਭਰਨ ਸਮੇਂ ਹਰ ਉਮੀਦਵਾਰ ਨੂੰ ਆਪਣੇ ਵਿੱਤੀ ਵਸੀਲਿਆਂ ਅਤੇ ਮੁਕੱਦਮਿਆਂ ਦੀ ਜਾਣਕਾਰੀ ਹਲਫਨਾਮੇ ਜ਼ਰੀਏ ਦੇਣੀ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਵੇਲੇ ਇਹ ਵੀ ਪਾਰਦਰਸ਼ਤਾ ਲਈ ਅਗਾਂਹਵਧੂ ਕਦਮ ਸੀ ਪਰ ਹੁਣ ਡੂੰਘੀ ਛਾਣਬੀਣ ਨਾ ਕਰਨ ਕਰਕੇ ਇਸ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਰਹਿ ਗਈ। ਇਸ ਦੇ ਨਾਲ ਹੀ ਕਾਨੂੰਨ ਦਾ ਦੂਸਰਾ ਪਹਿਲੂ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਨਾਮਜ਼ਦਗੀਆਂ ਰੱਦ ਕਰਵਾਉਣ, ਪੋਲਿੰਗ ਬੂਥਾਂ ਉਤੇ ਕਬਜ਼ੇ, ਪੈਸੇ ਨਾਲ ਵੋਟ ਖਰੀਦਣ, ਨਸ਼ੇ ਵੰਡਣ ਵਰਗੇ ਤਮਾਮ ਗੈਰ-ਇਖਲਾਕੀ ਅਤੇ ਚੋਣ ਜ਼ਾਬਤੇ ਦਾ ਉਲੰਘਣ ਕਰਨ ਦੀਆਂ ਵਾਪਰ ਰਹੀਆਂ ਘਟਨਾਵਾਂ ਦੀ ਹਕੀਕਤ ਨੂੰ ਦੇਖਦਿਆਂ ਸੱਤਾਧਾਰੀਆਂ ਵਲੋਂ ਵਿਰੋਧੀਆਂ ਉਤੇ ਝੂਠੇ ਮਾਮਲੇ ਦਰਜ ਕਰਵਾ ਕੇ ਚੋਣਾਂ ਤੋਂ ਬਾਹਰ ਕਰਨ ਦਾ ਰੁਝਾਨ ਵੀ ਚੱਲ ਸਕਦਾ ਹੈ। ਸਿਆਸਤ ਵਿਚੋਂ ਅਪਰਾਧੀ ਤਾਂ ਦੂਰ ਹੋਣੇ ਹੀ ਚਾਹੀਦੇ ਹਨ ਪਰ ਅਜਿਹੇ ਕਾਨੂੰਨ ਦੀ ਦੁਰਵਰਤੋਂ ਨਾ ਹੋਵੇ, ਇਸ ਬਾਰੇ ਗੰਭੀਰ ਕਦਮ ਉਠਾਉਣੇ ਚਾਹੀਦੇ ਹਨ। ਸੁਪਰੀਮ ਕੋਰਟ ਨੇ ਆਪਣੇ ਵਲੋਂ ਤਾਂ ਬਹੁਤ ਨਾਪ-ਤੋਲ ਕੇ ਫੈਸਲਾ ਸੁਣਾਇਆ ਹੈ ਪਰ ਪਿਛਲਾ ਤਜਰਬਾ ਦੱਸਦਾ ਹੈ ਕਿ ਅਦਾਲਤ ਦੀਆਂ ਹਦਾਇਤਾਂ ਉਤੇ ਸਿਆਸਤਦਾਨ ਨੇ ਕਦੀ ਘੱਟ ਹੀ ਧਿਆਨ ਦਿੱਤਾ ਹੈ। ਉਂਜ ਵੀ, ਕੋਈ ਵੀ ਪਾਰਟੀ ਇਹ ਪੈਂਤੜਾ ਮੱਲਣ ਲਈ ਤਿਆਰ ਨਹੀਂ ਕਿ ਸਿਆਸਤ ਨੂੰ ਅਪਰਾਧੀਆਂ ਤੋਂ ਮੁਕਤ ਕਰਵਾਇਆ ਜਾਵੇ। ਭਾਰਤ ਦੀ ਜਮਹੂਰੀਅਤ ਦਾ ਕੁਝ ਠੁੱਕ ਬੰਨ੍ਹਣ ਲਈ ਅਦਾਲਤ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿਚ ਤੁਰੰਤ ਕੁਝ ਕਦਮ ਉਠਾਉਣ ਲਈ ਨਿਰਦੇਸ਼ ਦੇ ਸਕਦੀ ਸੀ। ਇਸ ਨਾਲ ਭਾਰਤ ਅੰਦਰ ਚੋਣ ਸੁਧਾਰਾਂ ਦਾ ਰਾਹ ਖੁੱਲ੍ਹ ਸਕਦਾ ਸੀ ਜੋ ਚਿਰਾਂ ਤੋਂ ਜ਼ਰੂਰੀ ਸਮਝੇ ਜਾ ਰਹੇ ਹਨ ਪਰ ਅਦਾਲਤ ਨੇ ਵਿਧਾਨਪਾਲਿਕਾ ਦੇ ਅਧਿਕਾਰ ਖੇਤਰ ਵਿਚ ਦਖਲ ਨਾ ਦੇਣ ਦੀ ਗੱਲ ਕਹਿ ਕੇ ਖੁਦ ਨੂੰ ਇਸ ਤੋਂ ਲਾਂਭੇ ਕਰ ਲਿਆ ਹੈ। ਕੁਝ ਵੀ ਹੋਵੇ, ਮਸਲਾ ਭਾਰਤ ਦੀ ਜਮਹੂਰੀਅਤ ਦੀ ਸ਼ਾਨ ਦਾ ਹੈ ਅਤੇ ਇਸ ਸ਼ਾਨ ਨੂੰ ਬਿਨਾ ਸ਼ੱਕ ਅਪਰਾਧੀ ਬਿਰਤੀ ਵਾਲੇ ਲੀਡਰਾਂ ਨੇ ਬਹੁਤ ਢਾਹ ਲਾਈ ਹੈ। ਇਸ ਮਾਮਲੇ ਵਿਚ ਜੇ ਅਜੇ ਵੀ ਕੋਈ ਕਦਮ ਨਾ ਉਠਾਏ ਗਏ ਤਾਂ ਆਉਣ ਵਾਲੇ ਸਾਲਾਂ ਵਿਚ ਹਾਲਾਤ ਹੋਰ ਵੀ ਭਿਅੰਕਰ ਹੋ ਜਾਣਗੇ ਅਤੇ ਸਿਆਸਤ ਵਿਚ ਅਪਰਾਧੀਆਂ ਦਾ ਬੋਲਬਾਲਾ ਹੋਰ ਵੀ ਵਧ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਆਹ ਵਰਗੀਆਂ ਵੋਟਾਂ?*

ਜਾਪੇ 'ਤੀਸਰੇ' ਵਾਲੀ ਤਾਂ ਗੱਲ ਛੱਡੀ, ਪੰਜੇ-ਤੱਕੜੀ ਵਿਚ ਹੀ ਤੁੱਲ ਜਾਂਦੇ।
ਵੋਟਰ ਉਲਝਦੇ ਹੋਰ ਝਮੇਲਿਆਂ ਵਿਚ, ਸਿਆਸਤਦਾਨਾਂ ਦੇ ਲੱਗ ਨੇ ਟੁੱਲ ਜਾਂਦੇ।
ਸੱਚ-ਗੱਪ ਦੀ ਪਰਖ ਨਾ ਮੂਲ ਕਰਦੇ, ਨਵੇਂ ਨਾਹਰਿਆਂ ਉਤੇ ਹੀ ਡੁੱਲ੍ਹ ਜਾਂਦੇ।
ਲੰਮੀ ਸੋਚ ਸਿਆਣਪ ਤੋਂ ਵਿਰਵਿਆਂ 'ਤੇ, ਝੱਖੜ ਚੰਦਰੇ ਆਖਰ ਨੂੰ ਝੁੱਲ ਜਾਂਦੇ।
ਇਸੇ ਲੀਹ ਪੁਰਾਣੀ 'ਤੇ ਚਲਦਿਆਂ ਹੀ, ਇਨਕਲਾਬ ਦੇ ਦੀਵੇ ਹੋ ਗੁੱਲ ਜਾਂਦੇ।
ਚਾਅ ਵੋਟਾਂ ਦਾ ਵਿਆਹ ਦੇ ਵਾਂਗ ਚੜ੍ਹਦਾ, ਮਸਲੇ ਫੇਰ ਪੁਰਾਣੇ ਸਭ ਭੁੱਲ ਜਾਂਦੇ!

# ਕਿਰਤ ਨਾਲੋਂ ਟੁੱਟ ਰਹੇ ਨੇ ਕਿਰਤੀ ਕਿਸਾਨ

*ਸਮਾਜਕ ਨਿਘਾਰ ਦੀ ਗੱਲ ਹੁਣ ਅਕਸਰ ਚੱਲਦੀ ਹੈ। ਕਿਸਾਨ ਭਾਈਚਾਰੇ, ਖਾਸ ਕਰਕੇ ਕੁਝ ਰੱਜੇ-ਪੁੱਜੇ ਕਿਸਾਨਾਂ ਅੰਦਰ ਕਿਰਤ ਸਭਿਆਚਾਰ ਖਤਮ ਹੋਣ ਕਾਰਨ ਇਸ ਨਿਘਾਰ ਵਿਚ ਹੋਰ ਤੇਜ਼ੀ ਆਈ ਹੈ। ਇਹ ਨਿਘਾਰ ਚੌਤਰਫਾ ਹੈ। ਇਸ ਲੇਖ ਵਿਚ ਡਾ. ਧਰਮ ਸਿੰਘ ਨੇ ਪੰਜਾਬੀਆਂ ਦੇ ਅਵੱਲੇ ਸ਼ੌਕਾਂ ਬਾਰੇ ਚਰਚਾ ਕਰਦਿਆਂ ਇਸ ਮਸਲੇ ਦੀ ਡੂੰਘੀ ਚੀਰ-ਫਾੜ ਕੀਤੀ ਹੈ। -ਸੰਪਾਦਕ*

**ਡਾ. ਧਰਮ ਸਿੰਘ**
ਫੋਨ: 91-98889-39808

ਕਿਸਾਨ ਅਤੇ ਜ਼ਿਮੀਂਦਾਰ ਵਿਚ ਸੂਖਮ ਅੰਤਰ ਸਮਝਦਿਆਂ ਹੋਇਆਂ ਮੈਂ ਕਿਸਾਨ ਦੀ ਪਰਿਭਾਸ਼ਾ ਇਹ ਮਿੱਥਦਾ ਹਾਂ ਜੋ ਹੱਥੀਂ ਕਾਸ਼ਤ ਕਰਦਾ ਹੈ ਅਤੇ ਜ਼ਿਮੀਂਦਾਰ ਤੋਂ ਭਾਵ ਭੂਮੀਪਤੀ ਹੈ। ਜ਼ਰੂਰੀ ਨਹੀਂ ਕਿ ਕਿਸਾਨ ਭੂਮੀਪਤੀ ਹੋਵੇ ਅਤੇ ਭੂਮੀਪਤੀ ਜ਼ਰੂਰੀ ਨਹੀਂ ਕਿ ਕਿਸਾਨ ਵੀ ਹੋਵੇ। ਕਿਸਾਨੀ ਦੇ ਮਸਲੇ ਲਾਂਭੇ ਰੱਖਦਿਆਂ ਕੇਵਲ ਪੰਜਾਬ ਵਿਚ ਭੂਮੀ ਦੀ ਮਾਲਕੀ ਦੀਆਂ ਸੰਭਾਵਨਾਵਾਂ ਬਾਰੇ ਹੀ ਗੱਲ ਕਰਨੀ ਚਾਹਾਂਗਾਂ।

ਪਿਛਲੇ ਕੁਝ ਸਮੇਂ ਤੋਂ ਉਹ ਭੂਮੀਪਤੀ ਜੋ ਕਿਸਾਨੀ ਵੀ ਕਰ ਰਹੇ ਹਨ, ਇਸ ਤੋਂ ਹੱਥ ਪਿੱਛੇ ਖਿੱਚ ਰਹੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਵਿਚਲਾ ਹਉਂ ਜਾਂ ਹਉਮੈ ਹੈ। ਕਿਸਾਨ ਜੋ ਵਧੇਰੇ ਕਰਕੇ ਸਿੱਖ ਭਾਈਚਾਰੇ ਨਾਲ ਸੰਬਧਿਤ ਹਨ, ਅੱਜ ਕੱਲ੍ਹ ਬਹੁਤ ਬੁਰੀ ਤਰ੍ਹਾਂ ਜਾਤ-ਪਾਤ ਦਾ ਸ਼ਿਕਾਰ ਹੋਏ ਪਏ ਹਨ। ਗੁਰਮਤਿ ਦਰਸ਼ਨ, ਅਥਵਾ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਦਰਕਿਨਾਰ ਕਰ ਕੇ ਉਹ ਫੋਕੇ ਜਾਤੀਵਾਦ ਵਿਚ ਫਸ ਗਏ ਹਨ। ਤਕਰੀਬਨ ਸਾਰੀਆਂ ਰਾਜਨੀਤਕ ਪਾਰਟੀਆਂ ਵਿਚ ਜ਼ਿਮੀਂਦਾਰ ਭਾਈਚਾਰੇ ਦੇ ਲੋਕ ਅੱਗੇ ਆਉਣ ਕਰਕੇ ਸਾਧਾਰਨ ਜੱਟ ਵੀ ਹਉਮੈ ਦਾ ਸ਼ਿਕਾਰ ਹੋ ਗਿਆ ਹੈ। ਸ਼ਹਿਰਾਂ ਨਜ਼ਦੀਕ ਉਸਰ ਰਹੀਆਂ ਨਵੀਆਂ ਕਾਲੋਨੀਆਂ ਕਰਕੇ ਜ਼ਮੀਨਾਂ ਬਹੁਤ ਕੀਮਤੀ ਹੋ ਗਈਆਂ ਹਨ। ਕੀਮਤੀ ਜ਼ਮੀਨ ਵਿਕਣ ਕਰਕੇ ਪੈਸੇ ਦਾ ਬੋਲਬਾਲਾ ਹੋ ਗਿਆ ਹੈ, ਜਿਸ ਕਰਕੇ ਇਕ ਦੂਜੇ ਨੂੰ ਨੱਕ ਥੱਲੇ ਨਾ ਲਿਆਉਣ ਦਰੁਝਾਨ ਜ਼ੋਰ ਫੜ ਰਿਹਾ ਹੈ।

ਪਹਿਲਾਂ ਰੁਝਾਨ ਚਾਰ ਸਿਆੜ ਪਹਿਲੀ ਜ਼ਮੀਨ ਨਾਲ ਰਲਾਉਣ ਦੀ ਸੀ, ਹੁਣ ਉਨ੍ਹਾਂ ਚਾਰ ਸਿਆੜਾਂ ਨੂੰ ਵੇਚ ਕੇ ਵੱਡੀਆਂ ਕੋਠੀਆਂ ਪਾਉਣ, ਨਵੀਆਂ ਤੇ ਵੱਡੀਆਂ ਕਾਰਾਂ ਖਰੀਦਣ, ਮਹਿੰਗੇ ਫਰਨੀਚਰ ਨਾਲ ਘਰ ਸਜਾਉਣ ਅਤੇ ਹੋਰ ਵਿਲਾਸੀ ਵਸਤੂਆਂ ਇਕੱਠੀਆਂ ਕਰਨ ਦੀ ਹੈ। ਅਮੀਰ ਹੋ ਜਾਣ ਕਰਕੇ, ਭਾਵੇਂ ਕਿਸੇ ਵੀ ਤਰ੍ਹਾਂ, ਉਸ ਦੇ ਸ਼ੌਂਕ ਵੀ ਅਮੀਰਾਂ ਵਾਲੇ ਹੋ ਗਏ ਹਨ। ਹੁਣ ਜਿਹੜਾ ਨਵਾਂ ਸ਼ੌਕ ਜਾਗਿਆ ਹੈ, ਉਹ ਹੈ ਵਿਦੇਸ਼ੀ ਨਸਲ ਦੇ ਕੁੱਤੇ ਪਾਲਣ ਦਾ। ਵਿਦੇਸ਼ੀ ਨਸਲ ਦੇ ਕੁੱਤੇ ਨੂੰ 'ਡੌਗ ਫੂਡ' ਚਾਹੀਦਾ ਹੈ, ਸਿਖਲਾਈ ਵੀ ਲਾਜ਼ਮੀ ਹੈ ਅਤੇ ਸ਼ਾਮ ਨੂੰ ਸੋਟੀ ਫੜ ਕੇ ਕੁੱਤੇ ਨੂੰ ਘੁਮਾਉਣ ਜਾਣਾ ਵੀ ਆਮ ਹੀ ਵੇਖਣ ਨੂੰ ਮਿਲ ਰਿਹਾ ਹੈ। ਗਾਵਾਂ, ਮੱਝਾਂ ਦੀ ਥਾਂ ਕੁੱਤਿਆਂ ਨੇ ਲੈ ਲਈ ਹੈ।

ਸੱਤਾ ਦੇ ਸੁਪਨੇ ਅੱਖਾਂ ਵਿਚ ਲਟਕਣ ਨਾਲ ਭੂਮੀਪਤੀਆਂ ਨੇ ਸਿਆਸਤ ਨੂੰ ਵੀ ਵਧੇਰੇ ਮੂੰਹ ਮਾਰਨਾ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਸੱਤਾ ਸੇਵਾ ਲਈ ਸੀ, ਹੁਣ ਦੌਲਤ ਕਮਾਉਣ ਅਤੇ ਹਉਮੈ ਨੂੰ ਪੱਠੇ ਪਾਉਣ ਲਈ ਹੈ। ਸਰਪੰਚ, ਚੇਅਰਮੈਨ, ਪ੍ਰਧਾਨ, ਡਾਇਰੈਕਟਰ ਆਦਿ ਨਾਲ 'ਸਾਹਿਬ' ਸ਼ਬਦ ਲੁਆ ਕੇ ਭੂਮੀਪਤੀਆਂ ਨੂੰ ਸਕੂਨ ਮਿਲਦਾ ਹੈ। ਕਈਆਂ ਨੇ ਅਜਿਹੇ ਸੰਕੇਤਾਂ ਵਾਲੀਆਂ ਨੰਬਰ ਪਲੇਟਾਂ ਬਣਵਾ ਕੇ ਗੱਡੀਆਂ ਦੇ ਅੱਗੇ ਪਿੱਛੇ ਲਵਾ ਰੱਖੀਆਂ ਹਨ। ਕਿਰਤ ਸਭਿਆਚਾਰ ਲੋਪ ਹੋ ਰਿਹਾ ਹੈ ਜਾਂ ਵੱਧ ਤੋਂ ਵੱਧ ਖੇਤਾਂ ਵੱਲ ਮੋਟਰ ਗੱਡੀ ਉਪਰ ਚੜ੍ਹ ਕੇ ਗੇੜਾ ਮਾਰਨ ਤੱਕ ਹੀ ਹੈ। ਸੱਤਾ ਦੇ ਨੇੜੇ ਰਹਿ ਕੇ ਪੈਸਾ ਛੇਤੀ ਤੇ ਆਸਾਨੀ ਨਾਲ ਬਣ ਜਾਂਦਾ ਹੈ, ਇਸ ਲਈ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ ਆਦਿ ਦੇ ਮੈਂਬਰ ਜਾਂ ਚੇਅਰਮੈਨ ਬਣਨ ਦੀ ਦੌੜ ਲਈ ਭੂਮੀਪਤੀ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ।

ਸਰਮਾਏਦਾਰ ਭੂਮੀਪਤੀਆਂ ਨੂੰ ਅੱਜ ਕੱਲ੍ਹ ਇਕ ਹੋਰ ਨਵਾਂ ਸ਼ੌਕ ਚੰਬੜ ਗਿਆ ਹੈ, ਉਹ ਹੈ ਸੈਲੀਬਰਿਟੀ, ਸਟਾਰ ਜਾਂ ਵੀ.ਆਈ.ਪੀ. ਬਣਨ ਦਾ। ਜੋ ਸੱਤਾ ਵਾਲੇ ਪਾਸੇ ਨਹੀਂ ਗਏ, ਉਹ ਸ਼ੋਅ ਕਾਰੋਬਾਰ ਵਾਲੇ ਪਾਸੇ ਆ ਗਏ ਹਨ। ਪੰਜਾਬ ਵਿਚ ਓਨੇ ਪਿੰਡ ਨਹੀਂ, ਜਿੰਨੇ ਗਾਇਕ ਹਨ। ਲਗਦਾ ਹੈ, ਜਿਵੇਂ ਪੰਜਾਬ ਵਿਚ ਗਾਇਕਾਂ ਦੀ ਮੋਹਲੇਧਾਰ ਵਰਖਾ ਹੋਈ ਹੈ ਅਤੇ ਇਸ ਮੋਹਲੇਧਾਰ ਵਰਖਾ ਵਿਚ ਪੰਜਾਬ ਦਾ ਸਭਿਆਚਾਰ, ਕਲਾ, ਧਰਮ, ਸ਼ਰਮ, ਹਯਾ ਆਦਿ ਸਭ ਕੁਝ ਰੁੜ੍ਹ ਗਿਆ ਹੈ। ਦਿੱਖ ਨੂੰ ਸੁੰਦਰ ਬਣਾਉਣ ਦੇ ਭਰਮ ਵਿਚ ਇਹ ਗਾਇਕ ਸੇਹ ਦੇ ਤਕਲੇ ਵਾਂਗ ਖੜ੍ਹੇ ਕੀਤੇ ਵਾਲ, ਗਲਾਂ ਵਿਚ ਮੋਟੀਆਂ-ਮੋਟੀਆਂ ਜ਼ੰਜੀਰੀਆਂ, ਹੱਥਾਂ ਵਿਚ ਪਾਈਆਂ ਮੋਟੀਆਂ-ਮੋਟੀਆਂ ਅੰਗੂਠੀਆਂ ਅਤੇ ਹੋਰ ਪਤਾ ਨਹੀਂ ਕੀ-ਕੀ ਪਾ ਕੇ ਅਤੇ ਹੁਲਾਰੇ ਮਾਰ-ਮਾਰ ਕਮਲਿਆਂ ਵਾਂਗੂੰ ਹੱਥ-ਪੈਰ ਮਾਰ-ਮਾਰ ਵਿਖਾਉਂਦੇ ਹਨ। ਗਾਇਕੀ ਸੁਣਨ ਨਾਲੋਂ ਵੇਖਣ ਦੀ ਚੀਜ਼ ਵਧੇਰੇ ਬਣ ਗਈ ਹੈ। ਵਿਦੇਸ਼ਾਂ ਵਿਚ ਸ਼ੂਟਿੰਗ, ਮਹਿੰਗੇ ਸੈੱਟ, ਮਹਿੰਗੀਆਂ ਕਾਰਾਂ ਅਤੇ ਮਾਡਲਾਂ ਦੀਆਂ ਅਦਾਵਾਂ ਨੇ ਇਹ ਸਾਰਾ ਕੁਝ ਇੰਨਾ ਮਹਿੰਗਾ ਬਣਾ ਦਿੱਤਾ ਹੈ ਕਿ ਸੋਚਿਆ ਵੀ ਨਹੀਂ ਜਾ ਸਕਦਾ। ਗਲੈਮਰ ਦਾ ਤੜਕਾ ਲਾਉਣ ਲਈ ਦੇਸੀ ਮਾਡਲ ਛੱਡ ਕੇ ਗੋਰੀਆਂ ਮਾਡਲਾਂ ਨੂੰ ਲਿਆ ਜਾ ਰਿਹਾ ਹੈ। ਇਸ ਨਾਲ ਜੇ ਕੋਈ ਮਾੜੀ ਮੋਟੀ ਝਿਜਕ ਬਚੀ ਸੀ, ਉਹ ਵੀ ਜਾਂਦੀ ਰਹੀ ਹੈ। ਹੁਣ ਜੇ ਗਾਇਕੀ ਨੂੰ ਕਾਰੋਬਾਰ ਵੀ ਮੰਨ ਲਿਆ ਜਾਵੇ ਤਾਂ ਕਿੰਨੇ ਕੁ ਲੋਕ ਇਸ ਵਿਚ ਕਾਮਯਾਬ ਹੋਏ ਹਨ? ਕਈ ਗਾਇਕਾਂ ਨੇ ਆਰਥਿਕ ਤੰਗੀ ਕਰਕੇ ਖੁਦਕੁਸ਼ੀ ਕਰ ਲਈ ਹੈ ਤੇ ਕਈਆਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਭੂਮੀਪਤੀ ਜ਼ਮੀਨਾਂ ਵੇਚ ਕੇ ਇੰਨੇ ਮਹਿੰਗੇ ਸ਼ੌਕ ਪਾਲ ਰਹੇ ਹਨ।

ਸ਼ੋਅ ਬਿਜ਼ਨੈਸ ਵਿਚ ਇਹ ਚਮਕ ਦਮਕ ਜ਼ਮੀਨਾਂ ਵੇਚ ਕੇ ਵੱਟੇ ਪੈਸੇ ਦੇ ਕ੍ਰਿਸ਼ਮੇ ਕਰਕੇ ਹੈ, ਕਮਾਈ ਕਰਕੇ ਨਹੀਂ। ਰੇਡੀਓ, ਟੀ.ਵੀ., ਇਸ਼ਤਿਹਾਰਬਾਜ਼ੀ ਅਤੇ ਹੋਰ ਸੰਚਾਰ ਦੇ ਮਾਧਿਅਮਾਂ ਵਿਚ ਹੋ ਰਹੇ ਖਰਚ ਨੂੰ ਦੇਖ ਕੇ ਲਗਦਾ ਕਿ ਹੁਣ ਜ਼ਮੀਨਾਂ ਛੇਤੀ ਹੀ ਰਿਕਾਰਡਿੰਗ ਤੇ ਫ਼ਿਲਮ ਕੰਪਨੀਆਂ, ਵੀਡੀਓਗ੍ਰਾਫ਼ਰਾਂ, ਆੜ੍ਹਤੀਆਂ, ਬੈਂਕਾਂ ਅਤੇ ਸੂਦਖੋਰਾਂ ਦੀ ਮਲਕੀਅਤ ਬਣ ਜਾਣਗੀਆਂ। ਪ੍ਰਤਿਭਾਸ਼ਾਲੀ ਬੰਦੇ ਇਸ ਸਾਰੇ ਜਲਵੇ ਤੋਂ ਬਿਨਾਂ ਪਹਿਲਾਂ ਵੀ ਕਾਮਯਾਬ ਹੁੰਦੇ ਆਏ ਸਨ, ਹੁਣ ਵੀ ਹੋ ਰਹੇ ਹਨ ਅਤੇ ਭਵਿਖ ਵਿਚ ਵੀ ਹੁੰਦੇ ਰਹਿਣਗੇ। ਘਰ ਫੂਕ ਤਮਾਸ਼ਾ ਵੇਖਣਾ ਕਿਸੇ ਵੀ ਤਰ੍ਹਾਂ ਦੀ ਦਾਨਿਸ਼ਮੰਦੀ ਨਹੀਂ।

ਭਾਸ਼ਾ ਅਤੇ ਸਭਿਆਚਾਰ ਦੀ ਸੇਵਾ ਵਾਲੇ ਦਾਅਵੇ ਵੀ ਖੋਖਲੇ ਹਨ। ਭੂਮੀਪਤੀਆਂ ਦਾ ਇਕ ਹੋਰ ਨਵਾਂ ਸ਼ੌਕ ਹੈ: ਟਰੈਕਟਰ ਟੋਚਨ ਮੁਕਾਬਲੇ। ਟਰੈਕਟਰ ਖੇਤੀ ਵਿਚ ਕੰਮ ਆਉਣ ਵਾਲੀ ਮਸ਼ੀਨਰੀ ਹੈ, ਤਾਕਤ ਦੀ ਪਰਖ ਜਾਂ ਘੱਟੋ ਘੱਟ ਟੋਚਨ ਮੁਕਾਬਲਿਆਂ ਲਈ ਤਾਂ ਬਿਲਕੁਲ ਨਹੀਂ ਬਣੀ। ਇਨ੍ਹਾਂ ਮੁਕਾਬਲਿਆਂ ਵਿਚ ਦੋ ਟਰੈਕਟਰਾਂ ਵਿਚਕਾਰ ਟੋਚਨ ਪਾ ਕੇ ਫਿਰ ਬੇਤਹਾਸ਼ਾ ਜ਼ੋਰ ਲਗਵਾ ਕੇ ਤਾਕਤ ਦੀ ਪਰਖ ਕੀਤੀ ਜਾਂਦੀ ਹੈ। ਛੋਟਾ ਟਰੈਕਟਰ ਵੱਡੇ ਦਾ ਮੁਕਾਬਲਾ ਕਤਈ ਨਹੀਂ ਕਰ ਸਕਦਾ, ਪਰ ਟੋਚਨ ਮੁਕਾਬਲਿਆਂ ਵਿਚ ਅਜਿਹੀ ਕੋਈ ਪਾਬੰਦੀ ਨਹੀਂ। ਜ਼ੋਰ ਅਜ਼ਮਾਈ ਵਿਚ ਟਰੈਕਟਰ ਕਈ-ਕਈ ਫੁੱਟ ਜ਼ਮੀਨ ਤੋਂ ਉਪਰ ਉਠਦਾ ਤੇ ਵਾਰ-ਵਾਰ ਥੱਲੇ ਡਿੱਗਦਾ ਹੈ। ਕਈ ਥਾਈਂ ਹਾਦਸੇ ਵੀ ਹੋਏ ਹਨ, ਜਿਨ੍ਹਾਂ ਵਿਚ ਜਾਨੀ ਨੁਕਸਾਨ ਹੋਇਆ ਵੀ ਹੈ। ਮਸ਼ੀਨਰੀ ਦਾ ਨੁਕਸਾਨ ਤਾਂ ਹੈ ਹੀ, ਪਰ ਸ਼ੌਕ ਵੀ ਤਾਂ ਪੂਰਾ ਕਰਨਾ ਹੈ, ਇਸ ਲਈ ਨੁਕਸਾਨ ਦੀ ਕਿਸ ਨੂੰ ਚਿੰਤਾ ਹੈ?

ਉਂਜ ਤਾਂ ਸਮੁੱਚੇ ਪੰਜਾਬੀ ਭਾਈਚਾਰੇ ਦੀ ਮਾਨਸਿਕਤਾ ਵਿਚ ਬਦਲਾਓ ਆ ਰਿਹਾ ਹੈ, ਪਰ ਭੂਮੀਪਤੀਆਂ ਵਿਚ ਇਹ ਵਧੇਰੇ ਹੈ। ਧਰਮ ਹੁਣ ਉਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰੱਖਦਾ, ਇਸ ਲਈ ਧਰਮ ਦੀਆਂ ਸਿੱਖਿਆਵਾਂ ਅਰਥਾਤ ਸਾਦਗੀ, ਨਿਮਰਤਾ, ਦੂਜੇ ਦਾ ਦੁੱਖ ਦਰਦ ਵੰਡਾਉਣਾ, ਲੋੜਵੰਦਾਂ ਦੀ ਮਦਦ ਕਰਨੀ ਤੇ ਹੋਰ ਸਕਾਰਾਤਮਕ ਕੰਮ ਇਨ੍ਹਾਂ ਲਈ ਅਰਥਹੀਣ ਹਨ। ਸਿਰਫ਼ ਇਕੋ ਹੀ ਇੱਛਾ ਹੈ ਕਿ ਦੁਨੀਆ ਨਾਲੋਂ ਵੱਡਾ ਕਿਵੇਂ ਬਣਨਾ ਜਾਂ ਦਿਸਣਾ ਹੈ?

ਮੈਂ ਇਹ ਗੱਲ ਕਈ ਸਭਾਵਾਂ ਵਿਚ ਸੁਣੀ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਉਤਰ ਪ੍ਰਦੇਸ਼ ਗਏ ਸਨ। ਰੇਲਵੇ ਫਾਟਕ ਬੰਦ ਹੋਇਆ ਤਾਂ ਉਨ੍ਹਾਂ ਦੀ ਕਾਰ ਦੇ ਬਰਾਬਰ ਆਣ ਕੇ ਕਾਰ ਰੁਕੀ। ਕਾਰ ਸਵਾਰ ਸ਼ਕਲ ਤੋਂ ਪੰਜਾਬੀ ਲੱਗ ਰਿਹਾ ਸੀ। ਗੱਲਬਾਤ ਆਰੰਭ ਹੋਈ ਤਾਂ ਉਸ ਨੇ ਦੱਸਿਆ ਕਿ ਉਹ ਉਸ ਇਲਾਕੇ ਦੀ ਮੁਸਲਿਮ ਲੀਗ ਦਾ ਪ੍ਰਧਾਨ ਹੈ ਤੇ ਪਿੱਛੋਂ ਵਿਰਕ ਜੱਟ ਹੈ। ਵਿਰਕ ਪੰਜਾਬੀ ਜੱਟ ਹੁੰਦੇ ਹਨ ਪਰ ਮੁਸਲਿਮ ਲੀਗ ਦਾ ਪ੍ਰਧਾਨ ਬਣਨ ਵਾਸਤੇ ਉਹ ਸਿੱਖੀ ਅਤੇ ਪੰਜਾਬੀਅਤ ਨੂੰ ਕਿੰਨਾ ਕੁ ਬਚਾ ਸਕਿਆ ਹੋਵੇਗਾ? ਪਤਾ ਨਹੀਂ। ਕਿਸੇ ਸਿੱਖ ਦਾ ਮੁਸਲਿਮ ਲੀਗ ਦਾ ਪ੍ਰਧਾਨ ਹੋਣਾ ਕਿੰਨੀ ਕੁ ਵਡਿਆਈ ਵਾਲੀ ਗੱਲ ਹੋਵੇਗੀ? ਪਾਠਕ ਖੁਦ ਅੰਦਾਜ਼ਾ ਲਾ ਲੈਣ ਪਰ ਮੈਨੂੰ ਇਹ ਸਭ ਕੁਝ ਅਸਾਧਾਰਨ ਜਿਹਾ ਲੱਗ ਰਿਹਾ ਹੈ। ਅਜਿਹੇ ਲੋਕਾਂ ਦਾ ਵਤੀਰਾ ਇਹ ਹੈ ਕਿ ਚੌਧਰ ਮਿਲਣੀ ਚਾਹੀਦੀ ਹੈ, ਭਾਵੇਂ ਇਸ ਲਈ ਕੋਈ ਵੀ ਕੀਮਤ ਕਿਉਂ ਨਾ ਤਾਰਨੀ ਪਵੇ।

ਧਰਮ ਦੀ ਸਿੱਖਿਆ ਵਿਚ ਇਕ ਹੈ, ਕਿਰਤ ਕਰਨੀ ਅਤੇ ਉਹ ਵੀ ਦਸਾਂ ਨਹੁੰਆਂ ਦੀ, ਕਿਉਂਕਿ ਕਿਰਤ ਹੀ ਮਨੁੱਖ ਦੇ ਸਵੈਮਾਣ ਅਤੇ ਪ੍ਰਤਿਸ਼ਠਾ ਦੀ ਜਾਮਨ ਹੈ। ਕਿਰਤ ਨਾਲ ਪੈਸਾ ਆਵੇਗਾ ਜਿਸ ਕਰਕੇ ਕਿਸੇ ਅੱਗੇ ਹੱਥ ਅੱਡਣ ਦੀ ਮੁਥਾਜੀ ਨਹੀਂ ਹੋਵੇਗੀ ਅਤੇ ਆਤਮ ਨਿਰਭਰ ਬਣਨ ਨਾਲ ਉਸ ਦਾ ਸਵੈਮਾਣ ਵਧੇਗਾ। ਅਨੇਕਾਂ ਭੂਮੀਪਤੀਆਂ ਨੇ ਆਪਣੇ ਕੰਮ ਆਪ ਕਰਨ ਦੀ ਬਜਾਏ ਨੌਕਰ ਰੱਖੇ ਹੋਏ ਹਨ ਅਤੇ ਕਮਾਈ ਦਾ ਵੱਡਾ ਹਿੱਸਾ ਨੌਕਰਾਂ ਕੋਲ ਚਲੇ ਜਾਂਦਾ ਹੈ। ਦੁਹਾਈ ਇਹ ਦਿੱਤੀ ਜਾ ਰਹੀ ਹੈ ਕਿ ਖੇਤੀ ਘਾਟੇਵੰਦਾ ਸੌਦਾ ਹੈ। ਕਿਰਤ ਤੋਂ ਮੂੰਹ ਮੋੜਨ ਵਾਲੇ ਲੱਖਾਂ ਤੋਂ ਕੱਖ ਹੁੰਦੇ ਜ਼ਮਾਨੇ ਨੇ ਵੇਖੇ ਹਨ। ਪੰਜਾਬੀਆਂ ਦੀ ਮਾਨਸਿਕਤਾ ਨਾਲ ਜੁੜੀ ਜੱਗਬੀਤੀ ਇਥੇ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਜਦ ਸਿਨੇਮਾ ਹੀ ਇਕੋ ਇਕ ਮੰਨੋਰੰਜਨ ਦਾ ਸਾਧਨ ਸੀ, ਤਾਂ ਮੇਰੇ ਪਿੰਡ ਦਾ ਇਕ ਭੂਮੀਪਤੀ, ਆਪਣੀ ਚਾਰਯਾਰੀ ਸਮੇਤ, ਫ਼ਿਲਮ ਦੇਖਣ ਚਲਾ ਗਿਆ। ਭੀੜ ਵਧੇਰੇ ਹੋਣ ਕਰਕੇ ਉਸ ਨੂੰ ਟਿਕਟ ਨਾ ਮਿਲੀ, ਨਮੋਸ਼ੀ ਝੱਲਣੀ ਪਈ ਤੇ ਚਾਰਯਾਰੀ ਨੇ ਖਿੱਲੀ ਵੀ ਉਡਾਈ। ਅਗਲੇ ਦਿਨ ਉਹ ਸਿਨੇਮਾ ਦੇ ਮੈਨੇਜਰ ਨੂੰ ਜਾ ਮਿਲਿਆ ਤੇ ਉਸ ਤੋਂ ਪੁੱਛਿਆ ਕਿ ਉਸ ਨੂੰ ਇਕ ਦਿਨ ਦੀ ਕਿੰਨੀ ਕੁ ਕਮਾਈ ਹੋ ਜਾਂਦੀ ਹੈ? ਮੈਨੇਜਰ ਨੇ ਸਾਰਾ ਹਿਸਾਬ ਕਿਤਾਬ ਲਗਾ ਕੇ ਉਸ ਨੂੰ ਦੱਸ ਦਿੱਤਾ। ਉਹ ਸਾਰਾ ਪੈਸਾ ਉਸ ਅੱਗੇ ਢੇਰੀ ਕਰਦਾ ਹੋਇਆ ਬੋਲਿਆ ਕਿ ਫਲਾਣੇ ਦਿਨ ਦਾ ਇਕ ਸ਼ੋਅ ਉਹ ਇਕੱਲਾ ਹੀ ਦੇਖੇਗਾ। ਉਸ ਦਿਨ ਟਿਕਟ ਖਿੜਕੀ ਖੁੱਲ੍ਹਣ ਤੋਂ ਪਹਿਲਾਂ ਹੀ ਹਾਊਸ ਫੁੱਲ ਦਾ ਬੋਰਡ ਵੇਖ ਕੇ ਲੋਕੀਂ ਪੁੱਛਣ ਲੱਗੇ ਕਿ ਖਿੜਕੀ ਤਾਂ ਖੁੱਲ੍ਹੀ ਨਹੀਂ, ਹਾਊਸ ਫੁੱਲ ਕਿਵੇਂ ਹੋ ਗਿਆ? ਜਦ ਪਤਾ ਲੱਗਾ ਕਿ 'ਕਿਸੇ ਜ਼ਿਮੀਂਦਾਰ' ਨੇ ਸਾਰਾ ਸ਼ੋਅ ਇਕੱਲੇ ਨੇ ਹੀ ਬੁੱਕ ਕਰ ਰੱਖਿਆ ਹੈ ਤਾਂ ਕਈਆਂ ਨੂੰ ਹੈਰਾਨੀ ਹੋਈ ਤੇ ਕਈ ਉਸ ਦੀ ਮੂਰਖਤਾ ਉਪਰ ਹੱਸਦੇ ਰਹੇ।

ਪੰਜਾਬੀਆਂ ਵਿਚ ਹਥਿਆਰਾਂ ਦਾ ਸ਼ੌਕ ਨਵਾਂ ਨਹੀਂ ਹੈ, ਪਰ ਅਜੋਕੇ ਸਮੇਂ ਵਿਚ ਇਹ ਕੁਝ ਵਧੇਰੇ ਹੀ ਹੈ। ਲਾਇਸੈਂਸਸ਼ੁਦਾ ਹਥਿਆਰਾਂ ਦਾ ਅਨੁਪਾਤ ਪਹਿਲਾਂ ਨਾਲੋਂ ਕੁਝ ਵਧ ਗਿਆ ਹੈ ਤੇ ਗੈਰ-ਲਾਇਸੈਂਸਸ਼ੁਦਾ ਦੀ ਤਾਂ ਕੋਈ ਗਿਣਤੀ ਹੀ ਨਹੀਂ। ਹਥਿਆਰਾਂ ਕਰਕੇ ਕਤਲ-ਓ-ਗਾਰਤ ਵਧ ਗਈ ਹੈ ਤੇ ਸਬਰ ਸੰਤੋਖ ਦੀ ਥਾਂ ਹਿੰਸਾ ਦਾ ਬੋਲਬਾਲਾ ਹੋ ਗਿਆ ਹੈ। ਬਿਨਾਂ ਕਿਸੇ ਗੱਲ ਲੜਾਈ ਝਗੜੇ ਹੋ ਰਹੇ ਹਨ। ਸੜਕ ਉਪਰ ਕਿਸੇ ਨੂੰ ਰਾਹ ਨਾ ਦੇਣ ਅਤੇ ਵਾਹਨ ਨੂੰ ਠੀਕ ਢੰਗ ਨਾਲ ਪਾਰਕ ਨਾ ਕਰਨ ਆਦਿ ਦੀਆਂ ਮਾਮੂਲੀ ਗੱਲਾਂ ਕਰਕੇ ਇਕ ਦੂਜੇ ਉਪਰ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਇਹ ਸਾਰਾ ਕੁਝ ਧਰਮ ਦੇ ਪ੍ਰਭਾਵ ਘੱਟ ਹੋਣ ਕਰਕੇ ਹੈ। ਬੇਸਬਰਾ ਤੇ ਹਉਮੈ ਗ੍ਰਸਤ ਮਨੁੱਖ ਕੋਰਟ ਕਚਹਿਰੀਆਂ ਤੋਂ ਵੀ ਨਹੀਂ ਡਰਦਾ। ਹਥਿਆਰਾਂ ਬਾਰੇ ਤਾਂ ਆਮ ਸਿੱਠ ਹੈ ਕਿ ਕੋਈ ਜਦ ਹਥਿਆਰ ਖਰੀਦਣ ਗਿਆ ਤਾਂ ਉਸ ਨੇ ਦੁਕਾਨਦਾਰ ਨੂੰ ਉਸ ਦਾ ਮੁੱਲ ਪੁੱਛਿਆ। ਦੁਕਾਨਦਾਰ ਨੇ ਅੱਗਿਓਂ ਹੱਸ ਕੇ ਕਿਹਾ ਕਿ ਇਸ ਦੇ ਮੁੱਲ ਦਾ ਤਾਂ ਉਦੋਂ ਪਤਾ ਲੱਗੇਗਾ, ਜਦੋਂ ਉਹ ਚੱਲੇਗਾ।

ਇਹ ਸਾਰੇ ਤੱਥ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਹੁਣ ਜ਼ਮੀਨਾਂ ਪਰੰਪਰਾਗਤ ਭੂਮੀਪਤੀਆਂ ਕੋਲ ਨਹੀਂ ਰਹਿਣੀਆਂ ਸਗੋਂ ਕਾਰੋਬਾਰੀ ਲੋਕਾਂ ਜਾਂ ਅਦਾਰਿਆਂ ਕੋਲ ਚਲੀਆਂ ਜਾਣੀਆਂ ਹਨ। ਅਜਿਹਾ ਹੀ ਵਰਤਾਰਾ ਅੱਜ ਤੋਂ ਕਰੀਬ ਸੌ ਕੁ ਸਾਲ ਪਹਿਲਾਂ ਵੀ ਵਾਪਰਿਆ ਸੀ, ਬੇਸ਼ੱਕ ਉਸ ਦੇ ਕਾਰਨ ਕੁਝ ਹੋਰ ਸਨ। ਕਹਾਵਤ ਹੈ ਕਿ ਇਤਿਹਾਸ ਆਪਣੇ-ਆਪ ਨੂੰ ਦੁਹਰਾਉਂਦਾ ਹੈ।

# ਆਰ. ਐਸ. ਐਸ. ਮੁਖੀ ਦੀ ਭਾਸ਼ਨ ਲੜੀ: ਦਾਅਵੇ ਅਤੇ ਹਕੀਕਤ

***2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਰ. ਐਸ. ਐਸ.ਅਤੇ ਭਾਜਪਾ ਦੀ ਸਮੁੱਚੀ ਮਸ਼ੀਨਰੀ ਨੂੰ ਨਵੇਂ ਸਿਰਿਓਂ ਤੇਲ ਦਿੱਤਾ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਆਰ. ਐਸ. ਐਸ.ਕੁਝ ਜ਼ਿਆਦਾ ਹੀ ਜ਼ੋਰ ਲਗਾ ਰਿਹਾ ਹੈ, ਕਿਉਂਕਿ ਪਿਛਲੇ ਕੁਝ ਮਹੀਨਿਆਂ ਤੋਂ ਇਕ ਤਾਂ ਮੋਦੀ ਸਰਕਾਰ ਖਿਲਾਫ ਲੋਕ ਰੋਹ ਲਗਾਤਾਰ ਵਧ ਰਿਹਾ ਹੈ, ਦੂਜੇ ਪਾਸੇ ਹਿੰਦੂਤਵੀ ਨੀਤੀਆਂ ਬਾਰੇ ਨਿੱਤ ਦਿਨ ਨਵੇਂ ਸਵਾਲ ਉਠਾਏ ਜਾ ਰਹੇ ਹਨ। ਇਸੇ ਕਰਕੇ ਹੁਣ ਆਰ. ਐਸ. ਐਸ.ਨੇ ਆਪਣਾ ਤਿੰਨ ਰੋਜ਼ਾ ਸਮਾਗਮ ਨਾਗਪੁਰ ਹੈਡਕੁਆਰਟਰ ਦੀ ਥਾਂ ਦਿੱਲੀ ਵਿਚ ਕੀਤਾ ਹੈ ਅਤੇ ਇਹ ਭਰਮ ਫੈਲਾਉਣ ਦਾ ਯਤਨ ਕੀਤਾ ਹੈ ਕਿ ਆਰ. ਐਸ. ਐਸ.ਦਾ ਵੰਨ-ਸੁਵੰਨਤਾ ਵਿਚ ਪੂਰਾ ਯਕੀਨ ਹੈ। ਆਰ. ਐਸ. ਐਸ.ਦੇ ਇਸ ਨਵੇਂ ਭਰਮ ਜਾਲ ਦੀ ਚੀਰ-ਫਾੜ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਬੂਟਾ ਸਿੰਘ**
ਫੋਨ: 91-94634-74342

ਪਿਛਲੇ ਦਿਨੀਂ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਆਰ. ਐਸ. ਐਸ.ਦੇ 'ਸਰਸੰਘ ਚਾਲਕ' ਮੋਹਨ ਭਾਗਵਤ ਦੀ ਤਿੰਨ ਰੋਜ਼ਾ ਭਾਸ਼ਨ ਲੜੀ ਕੀ ਸੰਘ ਦੇ ਬੁਨਿਆਦੀ ਨਜ਼ਰੀਏ ਵਿਚ ਹਕੀਕੀ ਬਦਲਾਓ ਦਾ ਸੰਕੇਤ ਹੈ ਜਾਂ ਇਹ ਮਹਿਜ਼ ਹਿੰਦੂਤਵ ਦੇ 'ਵਿਚਾਰਧਾਰਕ ਸਰੋਤ' ਦੀ ਆਪਣਾ ਚਿਹਰਾ-ਮੋਹਰਾ ਸੁਧਾਰਨ ਦੀ ਕਵਾਇਦ ਅਤੇ ਸਮਾਜ ਦੇ ਹੋਰ ਹਿੱਸਿਆਂ ਨੂੰ ਭਰਮਾ ਕੇ ਆਪਣੇ ਨਾਗਵਲ ਵਿਚ ਜਕੜਨ ਦਾ ਨਵਾਂ ਢੌਂਗ ਹੈ? ਬੌਧਿਕ ਹਲਕਿਆਂ ਦੇ ਇਕ ਹਿੱਸੇ ਵਿਚ ਇਹ ਸੋਚ ਉਭਰ ਰਹੀ ਹੈ ਕਿ ਸੰਘ ਨੇ ਮੁਲਕ ਦੇ ਲੋਕਤੰਤਰ ਦੀਆਂ ਹਕੀਕਤਾਂ ਤੋਂ ਸਿੱਖ ਕੇ ਖੁਦ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ। ਲਿਹਾਜ਼ਾ, ਇਹ ਜ਼ਰੂਰੀ ਹੈ ਕਿ ਭਾਸ਼ਨ ਲੜੀ ਦੇ ਮੁੱਖ ਨੁਕਤਿਆਂ ਦੀ ਤਰਕਪੂਰਨ ਚੀਰ-ਫਾੜ ਕੀਤੀ ਜਾਵੇ।

ਪਹਿਲੀ ਨਜ਼ਰੇ ਦੇਖਿਆਂ, ਸੰਘ ਵਲੋਂ ਆਪਣੇ ਅੰਦਰੂਨੀ ਗੁਪਤ ਕਾਰਵਿਹਾਰ ਤੋਂ ਬਾਹਰ ਨਿਕਲ ਕੇ ਵਿਰੋਧੀ ਖਿਆਲਾਂ ਵਾਲਿਆਂ ਨੂੰ ਆਪਣੇ ਮੁੱਖ ਆਗੂ ਨਾਲ ਸੰਵਾਦ ਰਚਾਉਣ ਲਈ ਸੱਦਾ ਦੇਣਾ ਮਹੱਤਵਪੂਰਨ ਬਦਲਾਓ ਜਾਪਦਾ ਹੈ। ਫਿਲਮੀ ਤੇ ਹੋਰ ਮਸ਼ਹੂਰ ਹਸਤੀਆਂ ਅਤੇ ਅਖਲੇਸ਼ ਯਾਦਵ ਸਮੇਤ ਵਿਰੋਧੀ ਧਿਰ ਦੇ ਮੁੱਖ ਆਗੂਆਂ ਨੂੰ ਵੀ ਸੱਦਾ ਪੱਤਰ ਭੇਜੇ ਗਏ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਸੱਦਣ ਬਾਰੇ ਵੀ ਕਿਆਸਆਰਾਈਆਂ ਚੱਲਦੀਆਂ ਰਹੀਆਂ। ਇਸ ਤੋਂ ਪਹਿਲਾਂ ਇਸ ਸਾਲ ਜੂਨ ਮਹੀਨੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਹੇ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਨਾਗਪੁਰ ਸੈਸ਼ਨ ਵਿਚ ਬੁਲਾ ਕੇ ਉਸ ਨੂੰ ਭਾਸ਼ਨ ਦੇਣ ਲਈ ਮੰਚ ਮੁਹੱਈਆ ਕਰਨਾ ਅਤੇ ਫਿਰ ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ 'ਵਿਸ਼ਵ ਹਿੰਦੂ ਸੰਮੇਲਨ' ਵਿਚ ਸੰਘ ਮੁਖੀ ਦਾ ਭਾਸ਼ਨ, ਇਹ ਸਭ ਬਾਹਰੀ ਜਗਤ ਨੂੰ ਸੰਦੇਸ਼ ਦੇਣ ਲਈ ਸੀ। ਕਿਹਾ ਗਿਆ ਕਿ ਇਹ ਮੰਚ ਅੱਜ ਦੇ ਭਖਵੇਂ ਮੁੱਦਿਆਂ ਉਪਰ ਖੁੱਲ੍ਹੀ ਵਿਚਾਰ-ਚਰਚਾ ਲਈ ਹੈ, ਲੇਕਿਨ ਹਕੀਕਤ ਵਿਚ ਇਹ ਸੰਘ ਦੀਆਂ ਪੁਜੀਸ਼ਨਾਂ ਦਾ ਸਪਸ਼ਟੀਕਰਨ ਦਿੰਦੀ ਭਾਸ਼ਨ ਲੜੀ ਸੀ। ਬਹੁਤ ਸਾਰੇ ਮੁੱਦਿਆਂ ਬਾਰੇ ਵਿਚਾਰ ਪੇਸ਼ ਕੀਤੇ ਗਏ, ਪਰ ਠੋਸ ਸਵਾਲਾਂ ਨੂੰ ਮੁਖਾਤਬ ਨਹੀਂ ਹੋਇਆ ਗਿਆ। ਦਰਅਸਲ, ਸੰਘ ਦੀ ਚੋਟੀ ਦੀ ਲੀਡਰਸ਼ਿਪ ਆਪਣੇ ਬਾਰੇ ਬਣਿਆ ਇਹ ਪ੍ਰਭਾਵ ਖਤਮ ਕਰਨਾ ਚਾਹੁੰਦੀ ਹੈ ਕਿ ਇਹ ਵੱਖਰੇ ਵਿਚਾਰਾਂ, ਵੱਖਰੇ ਅਕੀਦਿਆਂ ਪ੍ਰਤੀ ਨਹਾਇਤ ਅਸਹਿਣਸ਼ੀਲ ਬੰਦ-ਦੁਆਰ ਸੰਸਥਾ ਹੈ। ਉਹ ਵਿਚਾਰਧਾਰਕ ਵਿਰੋਧੀਆਂ ਨੂੰ ਆਪਣੇ ਮੰਚਾਂ ਉਪਰ ਸੱਦ ਕੇ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਹਿੰਦੂਤਵ ਤਾਂ ਵੰਨ-ਸੁਵੰਨਤਾ ਨੂੰ ਕਲਾਵੇ ਵਿਚ ਲੈਣ ਵਾਲੀ ਬਹੁਤ ਹੀ ਸਹਿਣਸ਼ੀਲ ਤੇ ਦਰਿਆਦਿਲ ਵਿਚਾਰਧਾਰਾ ਹੈ ਜਿਸ ਦੇ ਦਰਵਾਜ਼ੇ ਹਰ ਤਰ੍ਹਾਂ ਦੇ ਵਿਰੋਧੀ ਖਿਆਲਾਂ ਵਾਲਿਆਂ ਲਈ ਖੁੱਲ੍ਹੇ ਹਨ। ਉਹ ਇਹ ਕਹਿਣਾ ਚਾਹੁੰਦੇ ਹਨ ਕਿ ਹਿੰਦੂਤਵ ਬਾਰੇ ਜੋ ਗ਼ਲਤ ਪ੍ਰਭਾਵ ਬਣਿਆ ਹੋਇਆ ਹੈ, ਉਹ ਸੱਚ ਨਹੀਂ ਹੈ; ਕਿ ਹਿੰਦੂਤਵ ਦੀ ਸੰਘ ਮੁਖੀ ਵਲੋਂ ਕੀਤੀ ਗਈ ਵਿਆਖਿਆ ਹੀ ਸੰਘ ਦੀ ਸਹੀ ਤਰਜਮਾਨੀ ਕਰਦੀ ਸਟੀਕ ਵਿਆਖਿਆ ਹੈ।

ਸੰਘ ਮੁਖੀ ਦੇ ਭਾਸ਼ਨ ਦੇ ਕੁਝ ਨੁਕਤੇ ਇਸ ਕਰਕੇ ਤਲਿੱਸਮੀ ਜਾਪਦੇ ਹਨ, ਕਿਉਂਕਿ ਇਹ ਸੰਘ ਦੇ ਮੋਢੀਆਂ ਦੀਆਂ ਹਿੰਦੂਤਵ ਦੀਆਂ ਮੂਲ ਧਾਰਨਾਵਾਂ ਬਾਰੇ ਵਿਸਤਾਰਤ ਲਿਖਤਾਂ ਤੋਂ ਹਟਵੀਂ ਵਿਆਖਿਆ ਪੇਸ਼ ਕਰਦੇ ਹਨ। ਇਕ ਵੱਡਾ ਬਦਲਾਓ ਸੰਵਿਧਾਨ ਪ੍ਰਤੀ ਪਹੁੰਚ ਹੈ। ਇਸ ਦੇ ਮੁੱਖ ਆਗੂ ਸ਼ੁਰੂ ਤੋਂ ਹੀ ਸੰਵਿਧਾਨ ਨੂੰ ਪਰਾਈਆਂ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦਾ ਦਸਤਾਵੇਜ਼ ਕਰਾਰ ਦੇ ਕੇ ਮਨੂਸਮ੍ਰਿਤੀ ਨੂੰ ਸੰਵਿਧਾਨ ਮੰਨਣ ਤੇ ਤਿਰੰਗੇ ਝੰਡੇ ਦੀ ਥਾਂ ਭਗਵੇਂ ਪੇਸ਼ਵਾ ਝੰਡਾ ਅਪਨਾਏ ਜਾਣ ਦੀ ਵਕਾਲਤ ਕਰਦੇ ਆ ਰਹੇ ਹਨ। ਹੁਣ ਤਕ ਖੁਦ ਭਾਗਵਤ ਵੀ ਇਹੀ ਕਹਿੰਦੇ ਰਹੇ ਹਨ ਕਿ ਸੰਵਿਧਾਨ ਵਿਚੋਂ 'ਧਰਮਨਿਰਪੱਖਤਾ' ਅਤੇ 'ਸਮਾਜਵਾਦ' ਸ਼ਬਦ ਹਟਾਏ ਜਾਣੇ ਚਾਹੀਦੇ ਹਨ। ਇਸ ਵਾਰ ਉਨ੍ਹਾਂ ਦੇ ਭਾਸ਼ਨ ਦਾ ਸੰਦੇਸ਼ ਵੱਖਰਾ ਸੀ ਕਿ ਆਰ. ਐਸ. ਐਸ. ਦਾ ਭਾਰਤੀ ਗਣਰਾਜ ਦੇ ਚੌਖਟੇ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ। ਜਦੋਂ ਚਾਰ ਚੁਫੇਰੇ ਮੁਲਕ ਅੰਦਰ ਸੰਵਿਧਾਨ ਵਿਚ ਦਰਜ ਅਗਾਂਹਵਧੂ ਜਮਹੂਰੀ ਮੁੱਲਾਂ, ਜੋ ਜੰਗੇ-ਆਜ਼ਾਦੀ ਦੌਰਾਨ ਉਭਰੀ ਸਿਆਸੀ ਚੇਤਨਾ ਤਹਿਤ ਸੰਵਿਧਾਨ ਦਾ ਹਿੱਸਾ ਬਣਾਏ ਗਏ, ਨੂੰ ਫਾਸ਼ੀਵਾਦੀ ਤਰਜ਼ 'ਤੇ ਕੁਚਲਿਆ ਜਾ ਰਿਹਾ ਹੈ ਤਾਂ ਉਕਤ ਯਕੀਨਦਹਾਨੀ ਦੀ ਕੋਈ ਵਾਜਬੀਅਤ ਨਹੀਂ ਬਣਦੀ।

ਇਹ ਹੋਰ ਬਦਲਾਓ ਕਾਂਗਰਸ ਪ੍ਰਤੀ ਵਤੀਰੇ ਦਾ ਹੈ। ਮੋਦੀ-ਅਮਿਤ ਸ਼ਾਹ ਸਮੇਤ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਵਲੋਂ ਪਾਰਲੀਮੈਂਟਰੀ ਵਿਰੋਧੀ ਧਿਰ ਖਿਲਾਫ ਚਲਾਈ ਜਾ ਰਹੀ ਰਾਜਸੀ ਮੁਹਿੰਮ ਦੀ ਟੇਕ ਹੀ ਗਾਂਧੀ-ਨਹਿਰੂ ਨੂੰ ਭੰਡਣਾ ਅਤੇ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਹੈ। ਇਸ ਵਾਰ 'ਯੁਕਤ' (ਇਨਕਲੂਸਿਵ) ਭਾਰਤ ਦੀ ਵਕਾਲਤ ਕਰਦਿਆਂ ਭਾਗਵਤ ਇਨ੍ਹਾਂ ਭਾਸ਼ਨਾਂ ਦੌਰਾਨ ਕਾਂਗਰਸ ਅਤੇ ਇਸ ਦੀ ਇਤਿਹਾਸਕ ਭੂਮਿਕਾ ਦੀ ਤਾਰੀਫ ਇਨ੍ਹਾਂ ਸ਼ਬਦਾਂ ਵਿਚ ਕਰਦੇ ਨਜ਼ਰ ਆਏ: 'ਬਹੁਤ ਸਾਰੇ ਮਹਾਨ ਲੋਕਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਅਤੇ ਉਹ ਅੱਜ ਵੀ ਸਾਡੇ ਲਈ ਪ੍ਰੇਰਨਾ ਹਨ। ਉਸ ਵਿਚਾਰਧਾਰਾ ਨੇ ਮੁਲਕ ਨੂੰ ਆਜ਼ਾਦੀ ਦੇ ਰਾਹ ਤੋਰਿਆ।' ਰਾਜਸੀ ਵਿਸ਼ਲੇਸ਼ਣਕਾਰਾਂ ਲਈ ਇਹ ਅਚੰਭੇ ਤੋਂ ਘੱਟ ਨਹੀਂ, ਪਰ ਇਸ ਬਦਲਾਓ ਦਾ ਲੋਕ ਸਰੋਕਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਦਰਅਸਲ, ਇਹ ਕਾਂਗਰਸ ਸਮੇਤ ਅਖੌਤੀ ਧਰਮ ਨਿਰਪੱਖ ਰਾਜਸੀ ਧਾਰਾ ਦੇ ਪਤਨ ਨਾਲ ਪੈਦਾ ਹੋਏ ਖਲਾਅ ਅੰਦਰ ਉਦਾਰ ਖਿਆਲਾਂ ਵਾਲੇ ਹਾਕਮ ਜਮਾਤੀ ਹਿੱਸਿਆਂ ਨੂੰ ਆਪਣੇ ਨਾਲ ਜੋੜਨ ਦੀ ਨਵੀਂ ਜੁਗਤ ਹੈ।

ਭਾਗਵਤ ਵਲੋਂ ਸੰਵਾਦ ਰਚਾਉਣ ਉਪਰ ਖਾਸ ਜ਼ੋਰ ਦਿੱਤਾ ਗਿਆ। ਲੇਕਿਨ ਸੰਵਾਦ ਦਾ ਢੌਂਗ ਇਥੋਂ ਹੀ ਜਾਹਰ ਹੋ ਜਾਂਦਾ ਹੈ, ਜਦੋਂ ਸੰਘ ਮੁਖੀ ਅਗਾਂਹਵਧੂ ਬੌਧਿਕ ਸ਼ਖਸੀਅਤਾਂ ਨਰਿੰਦਰ ਡਭੋਲਕਰ, ਪ੍ਰੋ. ਕਲਬੁਰਗੀ, ਗੋਵਿੰਦ ਪੰਸਾਰੇ, ਗੌਰੀ ਲੰਕੇਸ਼ ਦੇ ਕਤਲਾਂ ਦੇ ਵਰਤਾਰੇ ਬਾਰੇ ਖਾਮੋਸ਼ ਰਹਿੰਦੇ ਹਨ ਜਿਨ੍ਹਾਂ ਨੂੰ ਹਿੰਦੂਤਵੀ ਸਨਾਤਨ ਸੰਸਥਾ ਦੇ ਹਤਿਆਰੇ ਗਰੋਹਾਂ ਵਲੋਂ ਮਹਿਜ਼ ਇਸ ਕਾਰਨ ਕਤਲ ਕੀਤਾ ਗਿਆ ਕਿਉਂਕਿ ਉਨ੍ਹਾਂ ਦੇ ਵਿਚਾਰ ਵੱਖਰੇ ਸਨ। ਇਹ ਲੋਕ ਸੰਵਾਦ ਹੀ ਤਾਂ ਰਚਾ ਰਹੇ ਸਨ ਤੇ ਇਹ ਕਤਲ ਸਮੂਹ ਆਲੋਚਨਾਤਮਕ ਆਵਾਜ਼ਾਂ ਨੂੰ ਆਪਣੀ ਸੰਵਾਦ ਰਚਾ ਰਹੀ ਜ਼ੁਬਾਨ ਨੂੰ ਬੰਦ ਕਰ ਲੈਣ ਦਾ ਸੰਦੇਸ਼ ਸਨ।

ਭਾਸ਼ਨ ਲੜੀ ਵਿਚ ਭਾਗਵਤ ਫਰਮਾਉਂਦੇ ਹਨ ਕਿ ਮੁਸਲਮਾਨ, ਈਸਾਈ ਸਾਰੇ 'ਹਿੰਦੂ ਰਾਸ਼ਟਰ' ਦਾ ਹਿੱਸਾ ਹਨ; ਲੇਕਿਨ ਸੰਘ ਮੁਖੀ ਵਲੋਂ ਇਨ੍ਹਾਂ ਘੱਟਗਿਣਤੀਆਂ ਪ੍ਰਤੀ ਆਪਣੀ ਇਹ ਮੂਲ ਸਿਧਾਂਤਕ ਗੁਰਬੰਦੀ ਤਿਆਗਣ ਦਾ ਕੋਈ ਇਸ਼ਾਰਾ ਨਹੀਂ ਜੋ ਕਹਿੰਦੀ ਹੈ ਕਿ ਇਨ੍ਹਾਂ 'ਬੇਗਾਨਿਆਂ' ਨੂੰ ਮੰਨਣਾ ਪਵੇਗਾ ਕਿ ਪਿਤਰਭੂਮੀ ਦੇ ਨਾਲ-ਨਾਲ ਉਨ੍ਹਾਂ ਦੀ ਪੁਨਿਆਭੂਮੀ ਵੀ ਭਾਰਤ ਹੀ ਹੈ ਅਤੇ ਉਨ੍ਹਾਂ ਨੂੰ ਬਹੁਗਿਣਤੀ ਦੀ ਰਜ਼ਾ ਅਨੁਸਾਰ ਦੋਇਮ ਨਾਗਰਿਕ ਬਣ ਕੇ ਰਹਿਣਾ ਹੋਵੇਗਾ। ਸੰਘ ਮੁਖੀ ਵਲੋਂ ਪੇਸ਼ ਕੀਤੀ ਇਹ ਵਿਆਖਿਆ ਕਾਇਲ ਨਹੀਂ ਕਰਦੀ ਕਿ ਗੋਲਵਾਲਕਰ ਦੀਆਂ ਲਿਖਤਾਂ ਦੀਆਂ ਮੂਲ ਧਾਰਨਾਵਾਂ ਖਾਸ ਦੌਰ ਲਈ ਪ੍ਰਸੰਗਿਕ ਸਨ ਅਤੇ ਹੁਣ ਉਨ੍ਹਾਂ ਦੇ 'ਸੰਪਾਦਤ' ਅਤੇ ਸੋਧੇ ਹੋਏ ਰੂਪ ਨੂੰ ਹੀ ਪ੍ਰਮਾਣਿਕ ਮੰਨਿਆ ਜਾਣਾ ਚਾਹੀਦਾ ਹੈ। ਜਦੋਂ ਸੰਘ ਘੱਟਗਿਣਤੀਆਂ ਨੂੰ ਸਭਿਆਚਾਰਕ ਤੇ ਸਿਆਸੀ ਤੌਰ 'ਤੇ ਦਬਾਉਣ ਦੀ ਆਪਣੀ ਇਸ ਮੂਲ ਧਾਰਨਾ 'ਤੇ ਅਡੋਲ ਹੈ ਅਤੇ ਸੰਘ ਪਰਿਵਾਰ ਦੇ ਆਗੂਆਂ ਦੀ 'ਰਾਮਜ਼ਾਦੇ-ਹਰਾਮਜ਼ਾਦੇ' ਦੀ ਖੁੱਲ੍ਹੇਆਮ ਫਿਰਕੂ ਮੁਹਿੰਮ ਨੂੰ ਸੰਘ ਮੁਖੀ ਵਲੋਂ ਰੱਦ ਨਹੀਂ ਕੀਤਾ ਗਿਆ, ਜਦੋਂ ਸੰਘ ਰਾਮ ਮੰਦਰ ਹਰ ਹਾਲਤ ਵਿਚ ਬਣਾਏ ਜਾਣ ਉਪਰ ਬਜ਼ਿਦ ਹੈ, ਫਿਰ ਉਪਰੋਕਤ 'ਸਮਾਂ ਅਨੁਕੂਲ' ਵਿਆਖਿਆ ਦੇ ਕੀ ਮਾਇਨੇ ਰਹਿ ਜਾਂਦੇ ਹਨ। ਘੱਟਗਿਣਤੀਆਂ ਦੀ ਤਾਂ ਗੱਲ ਛੱਡੋ, ਬਾਕੀ ਹਾਕਮ ਜਮਾਤੀ ਪਾਰਟੀਆਂ ਵੀ ਹਿੰਦੂਤਵ ਦੇ ਏਜੰਡੇ ਤਹਿਤ ਕੀਤੀ ਗਈ ਫਿਰਕੂ ਪਾਲਾਬੰਦੀ ਦੇ ਭਾਰੀ ਦਬਾਓ ਹੇਠ ਹਨ ਕਿ ਕਿਤੇ ਉਨ੍ਹਾਂ ਉਪਰ 'ਘੱਟਗਿਣਤੀਆਂ ਨੂੰ ਖੁਸ਼ ਕਰਨ' ਦੀ ਸਿਆਸਤ ਦਾ ਇਲਜ਼ਾਮ ਨਾ ਲੱਗ ਜਾਵੇ। ਇਸ ਨੂੰ ਪਿਛਲੇ ਸਮੇਂ ਵਿਚ ਰਾਹੁਲ ਗਾਂਧੀ ਦੇ 'ਸੌਫਟ ਹਿੰਦੂਤਵ', ਹਿੰਦੂ ਮੰਦਰਾਂ ਵਿਚ ਉਚੇਚੇ ਤੌਰ 'ਤੇ ਜਾ ਕੇ ਮੱਥੇ ਟੇਕਣ, ਕੈਲਾਸ਼ ਮਾਨਸਰੋਵਰ ਦੇ ਉਚੇਚੇ ਦਰਸ਼ਨ ਕਰਨ, ਮੱਧ ਪ੍ਰਦੇਸ਼ ਚੋਣ ਮੁਹਿੰਮ ਦਾ ਆਗਾਜ਼ ਧਾਰਮਿਕ ਪੂਜਾਪਾਠ ਨਾਲ ਕਰਨ ਅਤੇ ਮੱਧ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਕਮਲ ਨਾਥ ਵਲੋਂ ਸੂਬੇ ਦੀਆਂ 23026 ਗ੍ਰਾਮ ਪੰਚਾਇਤਾਂ 'ਚ ਗਊਸ਼ਾਲਾਵਾਂ ਬਣਾਉਣ ਦਾ ਵਾਅਦਾ ਕਰਨ ਤੋਂ ਸਪਸ਼ਟ ਦੇਖਿਆ ਜਾ ਸਕਦਾ ਹੈ।

ਸੰਘ ਮੁਖੀ ਦੇ 'ਯੁਕਤ' ਹਿੰਦੂਤਵ, ਗ਼ੈਰਹਿੰਦੂਆਂ ਪ੍ਰਤੀ ਦਰਿਆਦਿਲੀ ਆਦਿ ਨਾਲ ਸਜਾਏ ਭਾਸ਼ਨਾਂ ਵਿਚ 'ਹਰ ਤਰ੍ਹਾਂ ਦੀ ਹਿੰਸਾ ਗਲਤ ਹੈ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ' ਦੀ ਗੱਲ ਤਾਂ ਕੀਤੀ ਗਈ, ਲੇਕਿਨ ਸੰਘ ਪਰਿਵਾਰ ਦੀਆਂ ਉਨ੍ਹਾਂ ਤਾਕਤਾਂ ਨੂੰ ਵਰਜਣ ਦਾ ਕੋਈ ਠੋਸ ਸੰਕੇਤ ਨਹੀਂ ਜੋ ਫਿਰਕੂ ਤੇ ਜਾਤਪਾਤੀ ਹਿੰਸਾ ਨੂੰ ਅੰਜਾਮ ਦੇ ਰਹੀਆਂ ਹਨ ਅਤੇ ਘੱਟਗਿਣਤੀਆਂ ਤੇ ਨਿਤਾਣੇ ਹਿੱਸਿਆਂ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੀਆਂ ਹਨ। ਉਹੀ ਪੁਰਾਣਾ ਪੈਂਤੜਾ ਕਿ ਇਹ ਜਥੇਬੰਦੀਆਂ ਤਾਂ ਹਿੰਦੂਤਵ ਨਾਲ ਮਿਲਦੀ-ਜੁਲਦੀ ਸੋਚ ਵਾਲੇ 'ਹਾਸ਼ੀਆ ਅਨਸਰ' ਹਨ ਜੋ ਸੰਘ ਦਾ ਹਿੱਸਾ ਨਹੀਂ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਲੀਡਰਸ਼ਿਪ ਵਲੋਂ ਇਕ ਵੀ ਮੁਸਲਮਾਨ ਉਮੀਦਵਾਰ ਨੂੰ ਟਿਕਟ ਨਹੀਂ ਦਿੱਤੀ ਗਈ। ਅਮਿਤ ਸ਼ਾਹ-ਰਾਮ ਮਾਧਵ ਵਲੋਂ ਮੁਸਲਿਮ ਫਿਰਕੇ ਨੂੰ ਚੋਣ ਅਮਲ ਵਿਚੋਂ ਬਾਹਰ ਧੱਕੇ ਜਾਣ ਨੂੰ ਵੱਡੀ ਪ੍ਰਾਪਤੀ ਦੇ ਤੌਰ 'ਤੇ ਪੇਸ਼ ਕਰਨਾ 'ਵਿਚਾਰਧਾਰਕ ਸਰੋਤ' ਦੀ ਪ੍ਰੇਰਨਾ ਤੋਂ ਬਗੈਰ ਸੰਭਵ ਨਹੀਂ ਸੀ। ਹਰ ਚੋਣ ਮੁਹਿੰਮ ਵਿਚ ਸੰਘ ਦਾ ਤਾਣਾਬਾਣਾ ਪੂਰਾ ਸਰਗਰਮ ਹੁੰਦਾ ਹੈ। ਮੋਦੀ ਵਜ਼ਾਰਤ ਵਲੋਂ ਮਈ 2014 ਵਿਚ ਸੱਤਾਧਾਰੀ ਹੋਣ ਦੇ ਸਮੇਂ ਤੋਂ ਲੈ ਕੇ ਆਪਣਾ ਰਿਪੋਰਟ ਕਾਰਡ ਪੇਸ਼ ਕਰਨ ਲਈ ਸੰਘ ਦੇ ਦਰਬਾਰ ਵਿਚ ਹਾਜ਼ਰ ਹੋਣ ਦੀਆਂ ਖਬਰਾਂ ਮੀਡੀਆ ਵਿਚ ਸੁਰਖੀਆਂ ਬਣਦੀਆਂ ਰਹੀਆਂ ਹਨ। ਜੱਗ ਜ਼ਾਹਿਰ ਤੱਥਾਂ ਦੇ ਮੱਦੇਨਜ਼ਰ ਸੰਘ ਮੁਖੀ ਦੇ ਇਸ ਦਾਅਵੇ ਨੂੰ ਕੌਣ ਸਵੀਕਾਰ ਕਰ ਲਵੇਗਾ ਕਿ ਆਰ. ਐਸ. ਐਸ. ਦਾ ਭਾਜਪਾ ਦੀ ਸਿਆਸਤ ਤੇ ਨੀਤੀਆਂ ਉਪਰ ਪ੍ਰਭਾਵ ਸੀਮਤ ਹੈ ਅਤੇ ਸੰਘ ਆਪਣੇ ਕਾਰਕੁਨਾਂ ਨੂੰ ਕਿਸੇ ਖਾਸ ਪਾਰਟੀ ਦੀ ਹਮਾਇਤ ਕਰਨ ਲਈ ਨਹੀਂ ਕਹਿੰਦਾ। ਇਹ ਅਸਲ ਸਵਾਲਾਂ ਤੋਂ ਟਾਲਾ ਵੱਟਣ ਅਤੇ ਵਿਥ ਬਣਾ ਕੇ ਜਵਾਬਦੇਹੀ ਤੋਂ ਬਚਣ ਦੇ ਪੁਰਾਣੇ ਤੌਰ-ਤਰੀਕੇ ਦਾ ਹੀ ਦੁਹਰਾਓ ਹੈ।

ਗ਼ੈਰਹਿੰਦੂ ਹਿੱਸਿਆਂ ਲਈ ਇਹ ਭਾਸ਼ਨ ਬੇਮਾਇਨੇ ਹਨ, ਕਿਉਂਕਿ ਇਨ੍ਹਾਂ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੀਆਂ ਦਹਿਸ਼ਤੀ ਮੁਹਿੰਮਾਂ ਨੂੰ ਰੋਕਣ ਦੀ ਇੱਛਾ ਦਾ ਭੋਰਾ ਵੀ ਸੰਕੇਤ ਨਹੀਂ ਸਗੋਂ ਖਾਸ ਇਲਾਕਿਆਂ ਦੀ 'ਬਦਲ ਰਹੀ ਵਸੋਂ ਬਣਤਰ' ਨੂੰ ਰੋਕਣ ਲਈ ਕਦਮ ਚੁੱਕਣ ਦੇ ਮਸ਼ਵਰੇ ਖਤਰਨਾਕ ਸੋਚ ਨੂੰ ਦਰਸਾਉਂਦੇ ਹਨ।

ਕੁਲ ਮਿਲਾ ਕੇ, ਇਹ ਕਵਾਇਦ ਆਪਣੇ ਸਿਆਸੀ ਏਜੰਡੇ ਦੇ ਹੱਕ ਵਿਚ ਮੁਲਕ ਦੇ ਗ਼ੈਰਹਿੰਦੂ ਹਿੱਸਿਆਂ ਦੀ ਹਮਾਇਤ ਜੁਟਾਉਣ ਲਈ ਹੈ, ਉਨ੍ਹਾਂ ਨੂੰ ਬਰਾਬਰ ਨਾਗਰਿਕ ਮੰਨ ਕੇ ਬਣਦਾ ਸਥਾਨ ਦੇਣ ਲਈ ਨਹੀਂ। ਸੰਘ ਦੇ ਸਦਰ-ਮੁਕਾਮ ਨੇ ਇਹ ਲੋੜ ਮਹਿਸੂਸ ਕੀਤੀ ਜਾਪਦੀ ਹੈ ਕਿ ਚਾਰ ਸਾਲਾਂ 'ਚ ਭਾਰਤੀ ਸਮਾਜ ਦੀ ਫਿਰਕੂ-ਉਚ ਜਾਤੀ ਪਾਲਾਬੰਦੀ ਅਤੇ ਮੁਲਕ ਦੇ ਰਾਜਕੀ ਅਦਾਰਿਆਂ ਦੀ ਆਪਣੇ ਏਜੰਡੇ ਅਨੁਸਾਰ ਢਲਾਈ ਕੀਤੇ ਜਾਣ ਦੇ ਪੱਖ ਤੋਂ ਚੋਖਾ ਹਾਸਲ ਕੀਤਾ ਜਾ ਚੁੱਕਾ ਹੈ। ਹੁਣ ਕੌਮਾਂਤਰੀ ਪੂੰਜੀ ਨਿਵੇਸ਼ਕਾਰਾਂ, ਹਾਕਮ ਜਮਾਤੀ ਹਿੱਸਿਆਂ, ਲੋਕ ਰਾਇ ਨੂੰ ਪ੍ਰਭਾਵਿਤ ਕਰਨ ਵਾਲੇ ਬੁੱਧੀਮਾਨ ਹਿੱਸਿਆਂ ਆਦਿ ਨੂੰ ਆਪਣੇ ਹੱਕ ਵਿਚ ਕਰਨ ਲਈ ਦਿੱਖ ਸੁਧਾਰਨ ਦਾ ਵੇਲਾ ਹੈ ਕਿ ਸੰਘ ਦੀ ਲੀਡਰਸ਼ਿਪ ਸੰਘ ਪਰਿਵਾਰ ਦੀ ਹਮਲਾਵਰ ਭਗਵੀਂ ਸਿਆਸਤ ਨਾਲੋਂ ਅਲਹਿਦਾ ਦਰਿਆਦਿਲ ਸੋਚ ਵਾਲੀ ਹੈ। ਹੁਣ 2019 ਦੀਆਂ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਤ ਕਰਨ ਲਈ ਹਿੰਦੂਤਵ ਦੀ ਹਮਲਾਵਰ ਸੁਰ ਨੂੰ ਨਰਮ ਕਰਨਾ ਅਤੇ ਨਾਲ ਹੀ ਮਾਲੀਆ-ਨੀਰਵ ਮੋਦੀ, ਰਾਫੇਲ ਸੌਦੇ ਦੇ ਮਹਾਂ-ਘੁਟਾਲਿਆਂ, ਨੋਟਬੰਦੀ ਸਮੇਤ ਹਰ ਖੇਤਰ ਵਿਚ ਅਵਾਮ ਵਿਰੋਧੀ ਬਦਨਾਮ ਕਾਰਗੁਜ਼ਾਰੀ ਨਾਲ ਦਾਗ਼ੀ 'ਮਹਾਂਨਾਇਕਾਂ' ਤੋਂ ਵਿਥ ਬਣਾਉਣਾ ਹੀ ਆਪਣੇ ਏਜੰਡੇ ਨੂੰ ਅਗਲੇ ਮੁਕਾਮ 'ਤੇ ਲਿਜਾਣ ਲਈ ਸਾਜ਼ਗਰ ਮਾਹੌਲ ਬਣਾਉਣ ਦਾ ਬਿਹਤਰ ਦਾਅਪੇਚ ਹੋ ਸਕਦਾ ਹੈ। ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੀਆਂ ਦਹਿਸ਼ਤੀ ਕਾਰਵਾਈਆਂ ਤੋਂ ਦਾਅਪੇਚਕ ਵਿਥ ਦਿਖਾਉਣ ਲਈ ਸੰਘ ਦੇ ਚਿਹਰੇ-ਮੋਹਰੇ ਨੂੰ ਨਵੀਂ ਦਿਖ ਦੇਣਾ ਜ਼ਰੂਰੀ ਹੈ। ਖਾਸ ਕਰਕੇ, ਮੁਸਲਮਾਨਾਂ ਤੇ ਦਲਿਤਾਂ ਸਣੇ ਸਮੂਹ ਦੱਬੇਕੁਚਲੇ ਤੇ ਘੱਟ ਗਿਣਤੀ ਸਮਾਜਿਕ ਸਮੂਹਾਂ ਦੇ ਕੁਲੀਨ ਹਿੱਸਿਆਂ ਨੂੰ ਪ੍ਰਭਾਵਿਤ ਕਰਨਾ ਸੰਘ ਦੀ ਵੱਡੀ ਜ਼ਰੂਰਤ ਹੈ ਜੋ ਇਨ੍ਹਾਂ ਦਹਿਸ਼ਤੀ ਮੁਹਿੰਮਾਂ ਕਾਰਨ ਤਿੱਖੇ ਵਿਰੋਧ ਦੇ ਰੌਅ ਵਿਚ ਹਨ ਅਤੇ ਜਿਨ੍ਹਾਂ ਨੂੰ ਸੰਘ ਦਾ ਰਵਾਇਤੀ ਵਤੀਰਾ ਮਨਜ਼ੂਰ ਨਹੀਂ। ਇਸੇ ਕਾਰਨ ਧਾਰਮਿਕ ਅਸਹਿਣਸ਼ੀਲਤਾ ਅਤੇ ਹਿੰਦੂਤਵ ਦਹਿਸ਼ਤੀ ਗਰੁੱਪਾਂ ਨਾਲ ਜੁੜੇ ਹਕੀਕੀ ਮੁੱਦਿਆਂ ਗਊ ਹੱਤਿਆ, ਲਵ ਜਹਾਦ, ਦੇਸ਼ ਧ੍ਰੋਹੀ ਪਾਕਿਸਤਾਨ ਚਲੇ ਜਾਓ ਆਦਿ ਬਾਰੇ ਕੋਈ ਠੋਸ ਬਿਆਨ ਨਹੀਂ ਅਤੇ ਜ਼ੋਰ ਸਿਰਫ ਤੇ ਸਿਰਫ ਦਿੱਖ ਸੁਧਾਰਨ 'ਤੇ ਹੈ।

ਸੰਘ ਦੀ ਸਭ ਤੋਂ ਬੜੀ ਖੂਬੀ ਇਹ ਹੈ ਕਿ ਇਹ ਖੁਦ ਨੂੰ ਸਮੇਂ ਅਨੁਸਾਰ ਢਾਲਣ ਲਈ ਆਪਣੀਆਂ ਨੀਤੀਆਂ ਵਿਚ ਕਿੰਨੀ ਵੀ ਭੰਨ-ਘੜ ਕਰ ਲਵੇ, ਇਸ ਦੀ ਮੂਲ ਫਿਤਰਤ ਬਰਕਰਾਰ ਰਹਿੰਦੀ ਹੈ। ਜਿਸ ਸੰਸਥਾ ਨੂੰ ਇਤਾਲਵੀ ਫਾਸ਼ੀ ਲਹਿਰ ਤੋਂ ਉਧਾਰ ਲਈ ਖਾਕੀ ਨਿੱਕਰ ਨੂੰ ਪੈਂਟ ਵਿਚ ਬਦਲਣ ਲਈ ਸਾਢੇ ਅੱਠ ਦਹਾਕੇ ਲੱਗੇ ਉਸ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਆਪਣਾ ਮੂਲ ਏਜੰਡਾ ਤਿਆਗ ਕੇ ਸੱਚਮੁੱਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲਾ 'ਯੁਕਤ' ਨਜ਼ਰੀਆ ਅਖਤਿਆਰ ਕਰ ਲਵੇਗੀ।

# ਕਾਂਗਰਸ ਵੀ ਅਕਾਲੀਆਂ ਵਾਲੇ ਰਾਹ

ਇਹ ਅਜਿਹੀਆਂ ਚੋਣਾਂ ਸਨ ਜਿਸ ਦਾ ਨਤੀਜਾ ਇਹੀ ਹੋ ਸਕਦਾ ਸੀ। ਇਸ ਵਿਚ ਹੈਰਾਨੀ ਵਾਲੀ ਵੀ ਕੋਈ ਗੱਲ ਨਹੀਂ ਹੈ; ਜੇ ਕੋਈ ਹੈ ਤਾਂ ਉਹ ਇਹ ਕਿ ਕਾਂਗਰਸ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਵਿਚ ਸੰਪੂਰਨ ਜਿੱਤ ਹਾਸਲ ਕੀਤੀ ਹੈ। ਉਂਜ, ਇਸ ਹੂੰਝਾ-ਫੇਰੂ ਜਿੱਤ ਦੇ ਬਾਵਜੂਦ ਸੱਤਾਧਾਰੀ ਪਾਰਟੀ ਜਿੱਤ ਦੇ ਜਸ਼ਨ ਮਨਾਉਣ ਦਾ ਹੱਕ ਵੀ ਗੁਆ ਬੈਠੀ ਹੈ ਕਿਉਂਕਿ ਕੁਝ ਸੀਟਾਂ ਜਿੱਤਣ ਲਈ ਜੋ ਹਰਬੇ ਵਰਤੇ ਗਏ, ਉਸ ਨੇ ਵਾਜਬ ਜਿੱਤ ਨੂੰ ਵੀ ਗ੍ਰਹਿਣ ਲਾ ਦਿੱਤਾ।

ਅਕਾਲੀਆਂ ਵਲੋਂ ਪਹਿਲਾਂ ਬੁਰੀ ਤਰ੍ਹਾਂ ਝੰਬ ਕੇ ਰੱਖੇ ਕਾਂਗਰਸ ਆਗੂਆਂ ਨੇ ਤਾਂ ਅਕਾਲੀਆਂ ਨੂੰ ਮੂੰਹ ਦਿਖਾਉਣ ਜੋਗੀ ਹਾਰ ਵੀ ਪੱਲੇ ਨਾ ਪੈਣ ਦਿੱਤੀ। ਗੱਲ ਵਿਰੋਧੀ ਧਿਰ ਦੇ ਉਮੀਦਵਾਰਾਂ ਦੇ ਕਾਗ਼ਜ਼ ਰੱਦ ਕਰਨ ਤੋਂ ਸ਼ੁਰੂ ਹੋਈ, ਜਾਂ ਇਸ ਤੋਂ ਵੀ ਪਹਿਲਾਂ ਕਾਗ਼ਜ਼ ਦਾਖਲ ਕਰਨ ਵੇਲੇ ਵੀ ਹਮਲੇ ਕੀਤੇ ਗਏ। ਮਨਮਾਨੀ ਸਾਬਤ ਕਰਨ ਦਾ ਕੋਈ ਖਾਸ ਢੰਗ-ਤਰੀਕਾ ਤਾਂ ਨਹੀਂ ਹੁੰਦਾ, ਪਰ ਜਿਸ ਪੱਧਰ 'ਤੇ ਕਾਗ਼ਜ਼ ਰੱਦ ਹੋਏ, ਉਹ ਸਬੂਤ ਹੀ ਤਾਂ ਹਨ। ਵੋਟਾਂ ਵਾਲੇ ਦਿਨ ਕੀ ਹੋਇਆ, ਸਭ ਨੇ ਦੇਖਿਆ ਹੀ ਹੈ: ਵੋਟ ਬਕਸਿਆਂ ਨਾਲ ਛੇੜ-ਛਾੜ, ਦਹਿਸ਼ਤ, ਬੂਥਾਂ 'ਤੇ ਕਬਜ਼ੇ ਆਦਿ। ਸਮਝਣਾ ਮੁਸ਼ਕਿਲ ਹੈ ਕਿ ਕਾਂਗਰਸ ਨੇ ਇੰਜ ਕਿਉਂ ਕੀਤਾ। ਉਨ੍ਹਾਂ ਦਾ ਕਿਹੜਾ ਕੁਝ ਦਾਅ 'ਤੇ ਸੀ; ਚੋਣਾਂ ਉਨ੍ਹਾਂ ਮੁਤਾਬਕ ਹੀ ਹੋਣੀਆਂ ਸਨ ਕਿਉਂਕਿ ਪਿੰਡਾਂ ਨੂੰ ਫੰਡ ਸੱਤਾਧਾਰੀਆਂ ਨੇ ਹੀ ਦੇਣੇ ਸਨ। 2019 ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਹੀ ਸੁਨੇਹਾ ਦੇਣਾ ਕਾਫੀ ਸੀ: "ਅਸੀਂ ਹੀ ਮੋਹਰੀ ਹਾਂ।"

ਇਸ ਚੋਣ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ "ਚੋਣਾਂ ਜਿੱਤਣ ਦੀ ਮੁਹਾਰਤ" ਨਾਂ ਦੀ ਕੋਈ ਸ਼ੈਅ ਨਹੀਂ ਹੁੰਦੀ, ਜਿਹੜੀ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਐਵੇਂ ਹੀ ਜੋੜ ਦਿੱਤੀ ਗਈ ਸੀ। ਇਹ ਤਾਂ ਸਿੱਧਾ ਸਿੱਧਾ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦਾ ਮਸਲਾ ਹੈ। ਜੋ ਸੱਤਾ 'ਚ ਹੁੰਦਾ ਹੈ, ਇਹ ਉਸੇ ਦੇ ਹੱਕ ਵਿਚ ਭੁਗਤਦੀ ਹੈ। ਅਕਾਲੀ ਦਲ ਦੀ ਜਿੱਤ ਤੋਂ ਬਾਅਦ ਪਹਿਲੀ ਗ੍ਰਾਮ ਪੰਚਾਇਤ ਚੋਣ 2007 'ਚ ਹੋਈ। ਉਸ ਵੇਲੇ ਦੀਆਂ ਝਲਕੀਆਂ ਸਭ ਨੂੰ ਯਾਦ ਹੋਣਗੀਆਂ ਕਿ ਅਕਾਲੀ ਕਾਰਕੁਨਾਂ ਨੇ ਦੇਹਾਤ ਵਿਚ ਕੀ ਕੁਝ ਕੀਤਾ ਸੀ। ਹੁਣ ਕਹਾਣੀ ਬਦਲ ਗਈ ਹੈ; ਹੁਣ ਮਨਮਾਨੀ ਕਰਨ ਵਾਲਿਆਂ ਦੀਆਂ ਪੱਗਾਂ ਦਾ ਰੰਗ ਬਦਲ ਗਿਆ ਹੈ।

ਉਂਜ, ਇਸ ਅਮਲ 'ਚ ਨਿਘਾਰ ਵਾਲੇ ਪੱਖ ਤੋਂ ਕਾਂਗਰਸੀ ਅਕਾਲੀਆਂ ਵਾਲੇ ਰਾਹ, ਬਲਕਿ ਬੜੀ ਤੇਜ਼ੀ ਨਾਲ ਜਾ ਰਹੇ ਹਨ। ਰੇਤ, ਸ਼ਰਾਬ ਅਤੇ ਟਰਾਂਸਪੋਰਟ ਦੇ ਮਾਮਲਿਆਂ ਵਿਚ ਸੰਸਥਾਈ ਭ੍ਰਿਸ਼ਟਾਚਾਰ ਕਿਤੇ ਰੁਕਿਆ ਨਹੀਂ ਹੈ। ਹਲਕਾ ਇੰਚਾਰਜ ਸਿਸਟਮ ਵੀ ਉਸੇ ਤਰ੍ਹਾਂ ਚਾਲੂ ਹੈ। ਪਹਿਲਾਂ ਮਿਉਂਸਿਪਲ ਚੋਣਾਂ ਅਤੇ ਹੁਣ ਪੰਚਾਇਤੀ ਚੋਣਾਂ ਨੇ ਦਰਸਾ ਦਿੱਤਾ ਹੈ ਕਿ ਸੱਤਾਧਾਰੀ ਪਾਰਟੀ ਨੇ ਜਮਹੂਰੀਅਤ ਦਾ ਜਲੂਸ ਕੱਢ ਦਿੱਤਾ ਹੈ।

ਇਹ ਚੋਣਾਂ ਇਸ ਪੱਖੋਂ ਲੋਕਾਂ ਦੀਆਂ ਅੱਖਾਂ ਖੋਲ੍ਹਣ ਵਾਲੀਆਂ ਹੋਣਗੀਆਂ ਕਿ ਸਿਆਸੀ ਨਫ਼ਾਸਤ ਨਹੀਂ, ਸਗੋਂ ਡੰਡੇ ਦੇ ਜ਼ੋਰ ਨਾਲ ਹੀ ਨਿਰਪੱਖ ਚੋਣਾਂ ਹੋ ਸਕਦੀਆਂ ਹਨ। ਇਸ ਪੱਖ ਤੋਂ ਸੂਬੇ ਦੇ ਚੋਣ ਕਮਿਸ਼ਨ ਦੀ ਬੇਵਸੀ ਹਰ ਮੁਕਾਮੀ ਚੋਣ ਵਿਚ ਜ਼ਾਹਿਰ ਹੋਈ ਹੈ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਜੋ ਭਾਰਤੀ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ, ਤੋਂ ਬਗ਼ੈਰ ਕੋਈ ਹੋਰ ਚੋਣ ਨਿਰਪੱਖ ਨਹੀਂ ਹੁੰਦੀ; ਬਿਨਾਂ ਸ਼ੱਕ, ਕਈ ਲੋਕ ਭਾਰਤੀ ਚੋਣ ਕਮਿਸ਼ਨ ਦੀ ਦਿਆਨਤਦਾਰੀ ਉਤੇ ਵੀ ਸਵਾਲ ਕਰਨਗੇ। ਨਾਲੇ ਨਿਰਪੱਖਤਾ ਵੀ ਤਾਂ ਸਾਪੇਖਕ ਵਰਤਾਰਾ ਹੈ।

ਉਪਜਾਊ ਮੰਨਿਆ ਜਾਂਦਾ ਸੂਬਾ ਹੁਣ ਕੰਗਾਲ ਆਬਾਦੀ ਨਾਲ ਜੂਝ ਰਿਹਾ ਹੈ। ਚੋਣਾਂ ਦਾ ਹਾਲ ਇਹ ਹੈ ਕਿ ਦੇਹਾਤੀ ਵਿਕਾਸ ਦੇ ਮੁੱਦੇ ਕਿਤੇ ਰੜਕਦੇ ਹੀ ਨਹੀਂ, ਜਦਕਿ ਚਾਹੀਦਾ ਇਹ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਇਹੀ ਮੁੱਖ ਮਸਲੇ ਬਣਨੇ ਚਾਹੀਦੇ ਹਨ। ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਅਤੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ, ਹੁਣ ਤਾਂ ਸਗੋਂ ਮੀਡੀਆ ਦਾ ਧਿਆਨ ਵੀ ਇਸ ਪਾਸਿਓਂ ਲਾਂਭੇ ਹੋ ਗਿਆ ਹੈ। ਇਨ੍ਹਾਂ ਵਿਚੋਂ ਕਿਸੇ ਵੀ ਮਸਲੇ ਉਤੇ ਕਿਤੇ ਕੋਈ ਗੱਲ ਨਹੀਂ ਚੱਲਦੀ।


ਲੋਕਾਂ ਦੇ ਇਸ ਅਪਮਾਨ ਦੇ ਮੱਦੇਨਜ਼ਰ ਚੋਣਾਂ ਜਿੱਤਣ ਦੇ ਜਸ਼ਨ ਵੋਟਰਾਂ ਲਈ ਅਸਹਿ ਹਨ। ਇਸ ਸਭ ਕੁਝ ਦੇ ਬਾਵਜੂਦ ਚੋਣ ਮੁਹਿੰਮਾਂ ਦੌਰਾਨ ਕਈ ਬਜ਼ੁਰਗ ਸਿਆਸੀ ਨੇ ਇਸ ਨੂੰ ਆਪਣੀ ਅਗਲੀ ਪੀੜ੍ਹੀ ਨੂੰ ਅਗਾਂਹ ਲਿਆਉਣ ਜਾਂ ਆਪਣੇ ਪਰਿਵਾਰ ਦਾ ਪ੍ਰਭਾਵ ਹੋਰ ਵਧਾਉਣ ਲਈ ਵਰਤਿਆ ਤਾਂ ਕਿ 2019 ਵਾਲੀਆਂ ਚੋਣਾਂ ਲਈ ਟਿਕਟ ਉਤੇ ਦਾਅਵਾ ਠੋਕਿਆ ਜਾ ਸਕੇ।

ਢੋਲਾਂ ਦੀ ਖੜਕਾਹਟ ਅਤੇ ਮਿਠਾਈਆਂ ਦੀ ਵੰਡ-ਵੰਡਾਈ ਦੌਰਾਨ ਨੌਜਵਾਨ ਖੂਬ ਭੰਗੜੇ ਪਾ ਰਹੇ ਸਨ। ਇਨ੍ਹਾਂ ਨੌਜਵਾਨਾਂ ਕੋਲ ਨਾ ਅਮਲੀ ਸਿੱਖਿਆ ਹੈ ਅਤੇ ਨਾ ਕੋਈ ਉਮੀਦ ਹੈ। ਇਨ੍ਹਾਂ ਨੂੰ ਬੱਸ ਸੱਤਾ ਨਚਾ ਰਹੀ ਹੈ। ਇਸ ਵਿਚ ਇਨ੍ਹਾਂ ਦਾ ਕਸੂਰ ਵੀ ਕੋਈ ਨਹੀਂ ਹੈ, ਇਹ ਲੋਕ ਹੋਰ ਕਰਨ ਵੀ ਤਾਂ ਕੀ ਕਰਨ? ਜੇ ਸਿਆਸਤ ਤੁਹਾਨੂੰ ਦੂਜਿਆਂ ਦੀ ਖੁਸ਼ਾਮਦ ਦੇ ਰਾਹ ਤੋਰਦੀ ਹੈ ਅਤੇ ਜੇ ਇਹ ਵੀ ਜਸ਼ਨ ਵਾਲੀ ਗੱਲ ਬਣ ਜਾਂਦੀ ਹੈ, ਕੋਈ ਜਣਾ ਇਹ ਮੌਕਾ ਵੀ ਕਿਉਂ ਗੁਆਵੇ!

***-ਕੁਲਜੀਤ ਬੈਂਸ***

# ਰਾਹੁਲ ਗਾਂਧੀ ਵੱਲ ਲੋਕ ਮੁੜਨ ਜਾਂ ਨਾ, ਨਰੇਂਦਰ ਮੋਦੀ ਵੱਲੋਂ ਮੁੜਨ ਦੀ ਝਲਕ ਮਿਲਣੀ ਸ਼ੁਰੂ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਪਹਿਲਾਂ ਹੀ ਸਾਫ ਕਰ ਦੇਈਏ ਤਾਂ ਠੀਕ ਰਹੇਗੀ ਕਿ ਚੋਣਾਂ ਬਾਰੇ ਆਮ ਲੋਕਾਂ ਦਾ ਮੂਡ ਪੇਸ਼ ਕਰਨ ਵਾਲੇ ਸਰਵੇਖਣਾਂ ਵਿਚ ਸਾਡਾ ਯਕੀਨ ਬਹੁਤਾ ਨਹੀਂ। ਕਦੇ ਕਦੇ ਕੋਈ ਏਦਾਂ ਦਾ ਵਿਰਲਾ ਸਰਵੇਖਣ ਹੁੰਦਾ ਹੈ, ਜੋ ਹਕੀਕਤਾਂ ਨਾਲ ਜੋੜ ਕੇ ਕੀਤਾ ਜਾਂਦਾ ਹੈ, ਪਰ ਉਹ ਵੀ ਪੈਸਾ ਖਰਚ ਕੇ ਬਣਵਾਏ ਬਾਕੀ ਸਰਵੇਖਣਾਂ ਵਾਂਗ ਸਮਝਿਆ ਜਾਂਦਾ ਹੈ, ਫਿਰ ਵੀ ਕੁਝ ਏਜੰਸੀਆਂ ਫੈਸਲੇ ਦੀ ਘੜੀ ਤੋਂ ਅੱਗੇ-ਪਿੱਛੇ ਆਪਣੀ ਨਿਰਪੱਖਤਾ ਦਾ ਭਰਮ ਪਾਈ ਰੱਖਣ ਲਈ ਉਹ ਪੇਸ਼ ਕਰ ਦਿੰਦੀਆਂ ਹਨ, ਜਿਸ ਤੋਂ ਕੁਝ ਅੰਦਾਜ਼ੇ ਲਾਏ ਜਾ ਸਕਦੇ ਹਨ। ਇਹ ਅੰਦਾਜ਼ੇ ਇਸ ਵੇਲੇ ਵੀ ਲੱਗ ਸਕਦੇ ਹਨ।

ਕੇਂਦਰ ਵਿਚ ਰਾਜ ਚਲਾ ਰਹੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਟੀਮ ਇਸ ਗੱਲੋਂ ਪੂਰਾ ਜ਼ੋਰ ਲਾ ਰਹੀ ਹੈ ਕਿ ਲੋਕਾਂ ਸਾਹਮਣੇ ਕੁਝ ਵੀ ਮਾੜਾ ਨਾ ਪੇਸ਼ ਹੋਵੇ, ਪਰ ਉਸ ਦੀ ਕੋਸ਼ਿਸ਼ ਦੇ ਬਾਵਜੂਦ ਇਹ ਗੱਲ ਸਾਹਮਣੇ ਆਉਣ ਲੱਗ ਪਈ ਹੈ ਕਿ ਸਰਕਾਰ ਅਤੇ ਇਸ ਦੇ ਮੁਖੀ ਦੀ ਪਹਿਲਾਂ ਵਾਲੀ ਭੱਲ ਨਹੀਂ ਰਹੀ ਤੇ ਇਹ ਪੈਰੋ-ਪੈਰ ਹੋਰ ਖੁਰਦੀ ਜਾਂਦੀ ਹੈ। ਜਿਹੜੇ ਸਰਵੇਖਣ ਕਰਨ ਦੇ ਪੱਕੇ ਕਾਰੋਬਾਰੀ ਪਹਿਲਾਂ ਕਦੇ ਨਰੇਂਦਰ ਮੋਦੀ ਨੂੰ ਅੱਸੀ ਫੀਸਦੀ ਲੋਕਾਂ ਦੀ ਪਸੰਦ ਦੱਸਦੇ ਸਨ, ਉਹ ਪਿਛਲੇ ਸਮੇਂ ਵਿਚ ਥੱਲੇ ਵੱਲ ਤੁਰਨ ਲੱਗ ਪਏ ਤੇ ਸੱਤਰ, ਸੱਠ ਤੋਂ ਹੁੰਦੇ ਹੋਏ ਅੱਜ ਕੱਲ੍ਹ ਪੰਜਾਹ ਜਾਂ ਕਈ ਵਾਰ ਪੰਜਾਹ ਤੋਂ ਵੀ ਘੱਟ ਦੱਸਣ ਨੂੰ ਮਜਬੂਰ ਹੋਣ ਲੱਗ ਪਏ ਹਨ।

ਰਾਹੁਲ ਗਾਂਧੀ ਸਿਆਣਾ ਹੋਣ ਨੂੰ ਭਾਵੇਂ ਅਜੇ ਮੂੰਹ ਨਹੀਂ ਕਰ ਰਿਹਾ, ਪਰ ਉਸ ਵੱਲ ਲੋਕਾਂ ਦੀ ਖਿੱਚ ਨਰੇਂਦਰ ਮੋਦੀ ਦੀ ਭੱਲ ਨੂੰ ਖੋਰੇ ਦੇ ਨਾਲ ਨਾਲ ਵਧੀ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਭਾਰਤ ਦੇ ਲੋਕ ਇਸ ਸੋਚ ਵੱਲ ਮੁੜਦੇ ਜਾਪਦੇ ਹਨ ਕਿ ਜਿੰਦਾਂ ਦਾ ਵੀ ਹੋਵੇ, ਉਹ ਜੁਮਲੇ ਛੱਡਣ ਵਾਲੇ ਪ੍ਰਧਾਨ ਮੰਤਰੀ ਮੋਦੀ ਤੋਂ ਤਾਂ ਮਾੜਾ ਨਹੀਂ ਹੋਣ ਲੱਗਾ। ਫਿਰ ਵੀ ਇਸ ਦਾ ਅਸਲੀ ਸ਼ੀਸ਼ਾ ਤਿੰਨ ਰਾਜਾਂ-ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੇ ਲੋਕ ਵਿਧਾਨ ਸਭਾ ਚੋਣਾਂ ਦੌਰਾਨ ਵਿਖਾਉਣਗੇ। ਉਨ੍ਹਾਂ ਚੋਣਾਂ ਵਿਚ ਮਸਾਂ ਤਿੰਨ ਮਹੀਨੇ ਬਾਕੀ ਹਨ। ਬਾਕੀ ਸਾਰਾ ਭਾਰਤ ਉਨ੍ਹਾਂ ਚੋਣਾਂ ਵੱਲ ਵੇਖ ਰਿਹਾ ਹੈ ਤੇ ਰਾਜਨੀਤੀ ਦੇ ਧੁਨੰਤਰਾਂ ਦਾ ਧਿਆਨ ਵੀ ਓਧਰ ਹੀ ਲੱਗਾ ਹੋਇਆ ਹੈ।



*ਰਾਹੁਲ ਗਾਂਧੀ*

ਜਿਹੜੀ ਗੱਲ ਰਾਜ ਕਰਦੀ ਧਿਰ ਅਜੇ ਮੰਨਣ ਨੂੰ ਤਿਆਰ ਨਹੀਂ, ਉਹ ਲੋਕਾਂ ਨਾਲ ਕੀਤੇ ਵਾਅਦੇ ਅਤੇ ਫਿਰ ਸਿੱਧਾ ਇਹ ਮੰਨ ਲੈਣ ਦਾ ਮਾੜਾ ਅਸਰ ਹੈ ਕਿ ਵਾਅਦੇ ਤਾਂ ਨਿਰੇ ਚੋਣ ਜੁਮਲੇ ਸਨ। ਆਪਣੀਆਂ ਗਲਤੀਆਂ ਵੀ ਭਾਜਪਾ ਦੀ ਇਹ ਸਰਕਾਰ ਆਪਣੇ ਰਾਜ ਦੀਆਂ ਪ੍ਰਾਪਤੀਆਂ ਬਣਾ ਕੇ ਇਸ ਤਰ੍ਹਾਂ ਪੇਸ਼ ਕਰੀ ਜਾਂਦੀ ਹੈ, ਜਿਵੇਂ ਪੂਰਾ ਯਕੀਨ ਹੋਵੇ ਕਿ ਦੇਸ਼ ਦੇ ਲੋਕਾਂ ਦੀਆਂ ਸਿਰਫ ਜੇਬਾਂ ਹੀ ਖਾਲੀ ਨਹੀਂ, ਅਕਲ ਵਾਲਾ ਖਾਨਾ ਵੀ ਖਾਲੀ ਹੈ। ਲੋਕ ਏਨੇ ਮੂਰਖ ਨਹੀਂ ਹੁੰਦੇ। ਪਿਛਲੇ ਰਾਜ ਵੇਲੇ ਜਿਹੜਾ ਪੈਟਰੋਲ 67 ਰੁਪਏ ਵੀ ਵੱਧ ਜਾਪਦਾ ਸੀ ਤੇ ਭਾਜਪਾ ਕਹਿੰਦੀ ਸੀ ਕਿ ਲੋਕਾਂ ਤੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ, ਉਹ ਇਸ ਵੇਲੇ 90 ਨੂੰ ਪੁੱਜਣ ਲੱਗਾ ਹੈ। ਹਾਈ ਸਪੀਡ ਪੈਟਰੋਲ ਨੇ ਇੱਕ ਦਿਨ ਕਈ ਥਾਂਈਂ ਪੰਪ ਜਾਮ ਕਰਵਾ ਦਿੱਤੇ ਸਨ, ਕਿਉਂਕਿ ਪੰਪਾਂ ਉਤੇ ਕੀਮਤ ਦਿਖਾਉਣ ਵਾਲੇ ਮੀਟਰ ਸਿਰਫ ਦੋ ਅੱਖਰਾਂ ਜੋਗੇ ਸਨ, ਪਰ ਜਦੋਂ ਮੁੱਲ 99 ਰੁਪਏ 99 ਪੈਸੇ ਟੱਪ ਕੇ ਇੱਕ ਸੌ ਹੋਣ ਲੱਗਾ ਤਾਂ ਇੱਕ ਸੌ ਦੱਸਣ ਲਈ ਤਿੰਨ ਅੱਖਰਾਂ ਦੀ ਥਾਂ ਨਾ ਹੋਣ ਕਰ ਕੇ ਮੀਟਰ ਬੰਦ ਹੋ ਗਏ। ਕੁਝ ਘੰਟੇ ਲੰਘ ਜਾਣ ਪਿੱਛੋਂ ਨਵੀਂ ਪ੍ਰੋਗਰਾਮਿੰਗ ਕੀਤੀ ਗਈ ਤੇ ਚਲਾਏ ਗਏ ਸਨ। ਡੀਜ਼ਲ ਵੀ ਪਿਛਲੇ ਰਾਜ ਵੇਲੇ ਚਾਲੀ ਅਤੇ ਪੰਜਾਹ ਵਿਚਾਲੇ ਹੁੰਦਾ ਸੀ ਤੇ ਅੱਜ-ਕੱਲ੍ਹ ਅੱਸੀ ਨੇੜੇ ਪਹੁੰਚ ਗਿਆ ਹੈ। ਉਸ ਰਾਜ ਦੌਰਾਨ ਸੰਸਾਰ ਮੰਡੀ ਵਿਚ ਤੇਲ ਦੀਆਂ ਕੀਮਤਾਂ ਚੜ੍ਹ ਰਹੀਆਂ ਸਨ, ਪਰ ਮੋਦੀ ਰਾਜ ਵੇਲੇ ਦੇਸ਼ ਵਿਚ ਇਹ ਭਾਅ ਉਦੋਂ ਚੜ੍ਹੇ ਹਨ, ਜਦੋਂ ਸੰਸਾਰ ਮੰਡੀ ਵਿਚ ਕੀਮਤਾਂ ਨਹੀਂ ਚੜ੍ਹੀਆਂ। ਇਹ ਗੱਲ ਅੱਜ ਕੱਲ੍ਹ ਮੀਡੀਏ ਰਾਹੀਂ ਲੋਕਾਂ ਨੂੰ ਵੀ ਪਤਾ ਲੱਗਣ ਲੱਗ ਪਈ ਹੈ।

ਸਰਜੀਕਲ ਸਟਰਾਈਕ ਦੀਆਂ ਟਾਹਰਾਂ ਮਾਰ ਕੇ ਆਪਣੀ ਦੇਸ਼ ਭਗਤੀ ਦੀਆਂ ਗੱਲਾਂ ਕਰਨ ਵਾਲੀ ਮੋਦੀ ਸਰਕਾਰ ਦੇ ਇੱਕੋ ਰਾਫੇਲ ਜਹਾਜ਼ਾਂ ਵਾਲੇ ਫੌਜੀ ਸਾਮਾਨ ਦੇ ਸੌਦੇ ਨੇ ਜਲੂਸ ਕੱਢਿਆ ਪਿਆ ਹੈ। ਜਹਾਜ਼ਾਂ ਦੀ ਕੀਮਤ ਵੀ ਮਨਮੋਹਨ ਸਿੰਘ ਦੇ ਰਾਜ ਵੇਲੇ ਤੈਅ ਹੋਈ ਕੀਮਤ ਤੋਂ ਵੱਧ ਦਿੱਤੀ ਜਾ ਰਹੀ ਹੈ, ਇਨ੍ਹਾਂ ਦੀ ਸੰਭਾਲ ਦਾ ਕੰਮ ਵੀ ਸਰਕਾਰੀ ਕੰਪਨੀ ਤੋਂ ਖੋਹਣ ਦੇ ਬਾਅਦ ਛੋਟੇ ਅੰਬਾਨੀ ਦੀ ਕੰਪਨੀ ਨੂੰ ਬਹੁਤ ਮਹਿੰਗੇ ਭਾਅ ਉਤੇ ਦਿੱਤਾ ਗਿਆ ਹੈ। ਮੋਦੀ ਸਰਕਾਰ ਕਹਿੰਦੀ ਸੀ ਕਿ ਉਸ ਦਾ ਇਸ ਸੌਦੇ ਵਿਚ ਕੋਈ ਰੋਲ ਨਹੀਂ, ਫਰਾਂਸ ਦੀ ਡਸਾਲਟ ਕੰਪਨੀ ਅਤੇ ਭਾਰਤ ਦੇ ਛੋਟੇ ਅੰਬਾਨੀ ਦੀ ਕੰਪਨੀ ਦਾ ਆਪਸੀ ਮਾਮਲਾ ਸੀ, ਪਰ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਫਰਾਂਸਵਾ ਓਲਾਂ ਨੇ ਸਾਰਾ ਭੇਦ ਖੋਲ੍ਹ ਦਿੱਤਾ ਹੈ ਕਿ ਅੰਬਾਨੀ ਦੀ ਕੰਪਨੀ ਲਈ ਜਦੋਂ ਨਰੇਂਦਰ ਮੋਦੀ ਸਰਕਾਰ ਨੇ ਦਬਾਅ ਪਾਇਆ ਸੀ ਤਾਂ ਫਰਾਂਸ ਦੀ ਕੰਪਨੀ ਨੂੰ ਮੰਨਣਾ ਹੀ ਪੈਣਾ ਸੀ।

ਭਾਰਤੀ ਜਨਤਾ ਪਾਰਟੀ ਜਿਹੜੇ ਹਾਲਾਤ ਦਾ ਸਾਹਮਣਾ ਕਰਨ ਵਾਲੀ ਹੈ, ਉਹ ਉਸ ਨੂੰ ਵੀ ਪਤਾ ਹਨ ਤੇ ਪਾਰਟੀ ਦੇ ਅਗਵਾਨੂੰ ਨਰੇਂਦਰ ਮੋਦੀ ਨੂੰ ਵੀ ਪਤਾ ਹਨ। ਇਸ ਲਈ ਬਹੁਤ ਸਾਰੇ ਮਾਹਰ ਉਨ੍ਹਾਂ ਪੈਂਤੜਿਆਂ ਦੇ ਅਗੇਤੇ ਅੰਦਾਜ਼ੇ ਲਾਉਣ ਲਈ ਸਿਰ ਘੁੰਮਾ ਰਹੇ ਹਨ, ਜਿਹੜੇ ਏਦਾਂ ਦੀ ਹਾਲਤ ਵਿਚ ਅਜ਼ਮਾਉਣ ਬਾਰੇ ਭਾਜਪਾ ਸੋਚ ਸਕਦੀ ਹੈ। ਇੱਕ ਦਾਅ ਤਾਂ ਆਮ ਸੋਚਿਆ ਜਾਂਦਾ ਹੈ ਕਿ ਭਾਜਪਾ ਇਸ ਵਾਰੀ ਲੋਕ ਸਭਾ ਚੋਣਾਂ ਵਿਚ ਹਿੰਦੂਤਵ ਦਾ ਉਹ ਪੱਤਾ ਖੇਡਣ ਦੀ ਕੋਸ਼ਿਸ਼ ਕਰ ਸਕਦੀ ਹੈ, ਜੋ ਹਰ ਔਖੀ ਘੜੀ ਉਸ ਦੀ ਲੀਡਰਸ਼ਿਪ ਆਪਣੇ ਮੁੱਢਲੇ ਦਿਨਾਂ ਤੋਂ ਵਰਤਦੀ ਆ ਰਹੀ ਹੈ।

ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਲਈ ਲੋਕ ਸਭਾ ਵਿਚ ਮਤਾ ਪੇਸ਼ ਕਰ ਦਿੱਤਾ ਗਿਆ ਤਾਂ ਉਸ ਦੇ ਲੀਡਰ ਸੋਚਦੇ ਪਏ ਹਨ ਕਿ ਇਹ ਵੀ ਹਕੀਮ ਲੁਕਮਾਨ ਦੇ ਨੁਸਖੇ ਵਾਂਗ ਕੰਮ



*ਨਰੇਂਦਰ ਮੋਦੀ*

ਕਰੇਗਾ। ਬਹੁਤ ਸਾਰੇ ਹਿੰਦੂ ਵੋਟਰ ਇਹ ਕਹਿ ਦਿੰਦੇ ਹਨ ਕਿ ਭਾਵੇਂ ਨਰੇਂਦਰ ਮੋਦੀ ਪਾਏਦਾਰ ਆਗੂ ਨਹੀਂ ਨਿਕਲਿਆ, ਪਰ ਅੱਠ ਸੌ ਸਾਲਾਂ ਪਿੱਛੋਂ ਹਿੰਦੂਤਵ ਦਾ ਜਿਹੜਾ ਝੰਡਾ ਇਸ ਨੇ ਬੁਲੰਦ ਕੀਤਾ ਹੈ, ਉਸ ਦਾ ਸਿਹਰਾ ਤਾਂ ਦੇਣਾ ਹੀ ਪੈਣਾ ਹੈ। ਉਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਇਹ ਕਹਿਣਾ ਕਿ ਭਾਰਤ ਦੇ ਪਿੰਡ ਪਿੰਡ ਵਿਚ ਜਦੋਂ ਕਬਰਿਸਤਾਨ ਬਣ ਗਿਆ ਤਾਂ ਸ਼ਮਸ਼ਾਨ ਘਾਟ ਵੀ ਹੋਣਾ ਚਾਹੀਦਾ ਹੈ, ਉਹ ਇਸ ਦੀ ਇਸੇ ਰਾਜਨੀਤੀ ਦਾ ਖਤਰਨਾਕ ਪੈਂਤੜਾ ਸੀ, ਵਰਨਾ ਭਗਵਾਨ ਰਾਮ ਦੇ ਸਮੇਂ ਤੋਂ ਪਿੰਡਾਂ ਦੇ ਲੋਕ ਲਾਸ਼ਾਂ ਦਾ ਅੰਤਿਮ ਸੰਸਕਾਰ ਜਦੋਂ ਕਰਦੇ ਸਨ ਤਾਂ ਪਿੰਡਾਂ ਦੇ ਸ਼ਮਸ਼ਾਨ ਘਾਟ ਵਿਚ ਹੀ ਕਰਦੇ ਸਨ। ਗੱਲ ਸ਼ਮਸ਼ਾਨ ਦੀ ਨਹੀਂ, ਕਬਰਿਸਤਾਨ ਦੇ ਬਹਾਨੇ ਹਿੰਦੂ ਭਾਵਨਾਵਾਂ ਟੁੰਬਣ ਦੀ ਸੀ ਤੇ ਉਸ ਦਾ ਲਾਭ ਉਸ ਨੂੰ ਮਿਲ ਗਿਆ ਸੀ, ਜਿਸ ਨਾਲ ਉਸ ਰਾਜ ਵਿਚ 403 ਸੀਟਾਂ ਤੋਂ ਉਸ ਦੀ ਅਗਵਾਈ ਹੇਠ ਭਾਜਪਾ 312 ਸੀਟਾਂ ਉਤੇ ਜਿੱਤ ਜਾਣ ਦਾ ਕ੍ਰਿਸ਼ਮਾ ਕਰ ਗਈ ਸੀ।

ਦੂਸਰਾ ਤਰੀਕਾ ਫਿਰ ਉਹੋ ਜਿਹਾ ਹੁੰਦਾ ਹੈ, ਜਿਸ ਦੀ ਅਗੇਤੀ ਚਰਚਾ ਕੋਈ ਛੇੜਦਾ ਨਹੀਂ ਤੇ ਚੋਣਾਂ ਹੋਣ ਦੇ ਬਾਅਦ ਉਸ ਦੀ ਚਰਚਾ ਕੀਤੀ ਜਾਂ ਨਾ ਕੀਤੀ ਦਾ ਕੋਈ ਲਾਭ ਨਹੀਂ ਰਹਿ ਜਾਂਦਾ। ਬੀਬੀ ਮਾਇਆਵਤੀ ਨੇ ਇੱਕ ਵਾਰ ਪਾਰਲੀਮੈਂਟ ਵਿਚ ਕਿਹਾ ਸੀ ਕਿ ਸੀ. ਬੀ. ਆਈ. ਦੀ ਵਰਤੋਂ ਕਾਂਗਰਸ ਤੇ ਭਾਜਪਾ ਵਾਲੇ ਦੋਵੇਂ ਕਰਦੇ ਹਨ, ਅਗਲੀ ਗੱਲ ਬੇਸ਼ੱਕ ਬੀਬੀ ਮਾਇਆਵਤੀ ਨੇ ਕਹੀ ਨਹੀਂ ਸੀ, ਉਂਜ ਸਭ ਨੂੰ ਪਤਾ ਹੈ ਕਿ ਉਹ ਵਰਤੋਂ ਚੋਣਾਂ ਦੌਰਾਨ ਵੀ ਹੋਇਆ ਕਰਦੀ ਹੈ, ਜਿਸ ਦੀ ਇੱਕ ਝਲਕ ਛੱਤੀਸਗੜ੍ਹ ਵਿਚ ਪੇਸ਼ ਹੋ ਗਈ ਹੈ। ਜਿਨ੍ਹਾਂ ਲੀਡਰਾਂ ਵਿਰੁਧ ਕੇਸਾਂ ਦੀਆਂ ਫਾਈਲਾਂ ਇਸ ਵੇਲੇ ਸੀ. ਬੀ. ਆਈ. ਕੋਲ ਪਈਆਂ ਹਨ, ਉਨ੍ਹਾਂ ਨੂੰ ਚੋਣਾਂ ਵਿਚ ਕਿਹੜੀ ਪਾਰਟੀ ਨਾਲ ਸਮਝੌਤਾ ਕਰਨਾ ਪਵੇਗਾ, ਇਨ੍ਹਾਂ ਫੈਸਲਿਆਂ ਨਾਲ ਵੀ ਕਈ ਵਾਰੀ ਸੀ. ਬੀ. ਆਈ. ਦੀ ਚਰਚਾ ਜੁੜੀ ਹੋਈ ਅਸੀਂ ਸੁਣ ਲੈਂਦੇ ਰਹੇ ਹਾਂ ਤੇ ਇਹ ਚਰਚਾ ਇਸ ਵਾਰ ਚੋਖਾ ਸਮਾਂ ਰਹਿੰਦਿਆਂ ਤੋਂ ਸੁਣਨ ਲੱਗ ਪਈ ਹੈ। ਹਾਲਾਤ ਜਿਸ ਪਾਸੇ ਨੂੰ ਵਧਦੇ ਜਾਂਦੇ ਹਨ, ਉਥੇ ਕੁਝ ਵੀ ਹੋ ਸਕਦਾ ਹੈ, ਕੁਝ ਵੀ!

# ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨੇ ਬੁਰੀ ਫਸਾਈ ਮੋਦੀ ਸਰਕਾਰ

**ਨਵੀਂ ਦਿੱਲੀ:** ਫਰਾਂਸ ਦੇ ਸਾਬਕਾ ਰਾਸ਼ਟਰਪਤੀ ਫਰਾਂਸਵਾ ਔਲਾਂਦ ਵੱਲੋਂ ਕੀਤੇ ਖੁਲਾਸੇ ਨੇ ਮੋਦੀ ਸਰਕਾਰ ਲਈ ਵੱਡੀ ਪਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ। ਫਰਾਂਸੀਸੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ 58000 ਕਰੋੜ ਰੁਪਏ ਦੇ ਰਾਫੇਲ ਜਹਾਜ਼ ਸੌਦੇ ਲਈ ਫਰਾਂਸੀਸੀ ਕੰਪਨੀ ਦਾਸੋ ਏਵੀਏਸ਼ਨ ਦੇ ਭਾਈਵਾਲ ਵਜੋਂ ਅਨਿਲ ਅੰਬਾਨੀ




ਦੀ ਕੰਪਨੀ ਰਿਲਾਇੰਸ ਡਿਫੈਂਸ ਦਾ ਨਾਂ ਭਾਰਤ ਸਰਕਾਰ ਨੇ ਹੀ ਸੁਝਾਇਆ ਸੀ। ਇਸ ਤੋਂ ਬਾਅਦ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਵਿਰੁੱਧ ਵੱਡਾ ਹਮਲਾ ਬੋਲਦਿਆਂ ਕਿਹਾ ਹੈ ਕਿ ਮੋਦੀ ਨੇ ਦੇਸ਼ ਨਾਲ ਧੋਖਾ ਕੀਤਾ ਹੈ।

ਫਰਾਂਸ ਦੇ ਸਾਬਕਾ ਰਾਸ਼ਟਰਪਤੀ ਔਲਾਂਦ ਦੇ ਹਵਾਲੇ ਨਾਲ ਫਰਾਂਸੀਸੀ ਮੀਡੀਆ ਨੇ ਦੱਸਿਆ ਹੈ ਕਿ ਉਨ੍ਹਾਂ ਕੋਲ ਰਿਲਾਇੰਸ ਡਿਫੈਂਸ ਦੀ ਚੋਣ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਬਚਿਆ। ਔਲਾਂਦ ਦਾ ਇਹ ਦਾਅਵਾ ਭਾਰਤ ਸਰਕਾਰ ਦੇ ਤਰਕ ਤੋਂ ਉਲਟ ਹੈ। ਇਸ ਵਿਵਾਦ 'ਤੇ ਰੱਖਿਆ ਮੰਤਰਾਲੇ ਦਾ ਪ੍ਰਤੀਕਰਮ ਵੀ ਆਇਆ ਹੈ। ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਦੇ ਬਿਆਨ ਦੀ ਹਵਾਲਗੀ ਵਾਲੀਆਂ ਰਿਪੋਰਟਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਕਿ ਦਾਸੋ ਏਵੀਏਸ਼ਨ ਦੇ ਆਫਸੈੱਟ ਪਾਰਟਨਰ ਲਈ ਭਾਰਤ ਸਰਕਾਰ ਨੇ ਕਿਸੇ ਖਾਸ ਕੰਪਨੀ ਦਾ ਨਾਂ ਸੁਝਾਇਆ ਸੀ। ਹਾਲਾਂਕਿ, ਉਨ੍ਹਾਂ ਫਿਰ ਕਿਹਾ ਕਿ ਇਸ ਕਾਰੋਬਾਰੀ ਫੈਸਲੇ ਵਿਚ ਭਾਰਤ ਤੇ ਫਰਾਂਸ ਸਰਕਾਰ ਦੀ ਕੋਈ ਦਖਲ-ਅੰਦਾਜ਼ੀ ਨਹੀਂ ਸੀ।

ਫਰਾਂਸੀਸੀ ਮੀਡੀਆ ਮੁਤਾਬਕ ਔਲਾਂਦ ਨੇ ਕਿਹਾ ਕਿ ਇਸ ਵਿਚ ਸਾਡਾ ਕੋਈ ਦਖਲ ਨਹੀਂ ਸੀ, ਭਾਰਤ ਸਰਕਾਰ ਨੇ ਇਸ ਗਰੁੱਪ ਦਾ ਨਾਂ ਪੇਸ਼ ਕੀਤਾ ਤੇ ਦਾਸੋ ਨੇ ਅੰਬਾਨੀ ਗਰੁੱਪ ਨਾਲ ਗੱਲਬਾਤ ਕੀਤੀ। ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਸੀ, ਅਸੀਂ ਉਹੋ ਭਾਈਵਾਲ ਲਿਆ, ਜਿਹੜਾ ਸਾਨੂੰ ਦਿੱਤਾ ਗਿਆ। ਸਰਕਾਰ ਨੇ ਇਸ ਮਾਮਲੇ 'ਚ ਕਿਸੇ ਵੀ ਭੂਮਿਕਾ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਆਫਸੇਟ ਪਾਲਿਸੀ ਦਾ ਐਲਾਨ ਪਹਿਲੀ ਵਾਰ 2005 'ਚ ਹੋਇਆ ਸੀ, ਜਿਸ ਤੋਂ ਬਾਅਦ ਸਮੇਂ-ਸਮੇਂ ਉਤੇ ਇਸ 'ਚ ਜ਼ਰੂਰੀ ਬਦਲਾਅ ਹੁੰਦਾ ਰਿਹਾ ਹੈ।

ਰਿਲਾਇੰਸ ਅਤੇ ਡਸਾਲਟ ਏਵੀਏਸ਼ਨ ਦਰਮਿਆਨ ਹੋਇਆ ਸਮਝੌਤਾ ਪਹਿਲੀ ਵਾਰ ਫਰਵਰੀ 2017 'ਚ ਸਾਹਮਣੇ ਆਇਆ ਜੋ ਕਿ ਦੋ ਨਿੱਜੀ ਕੰਪਨੀਆਂ ਦਰਮਿਆਨ ਹੋਇਆ ਸਮਝੌਤਾ ਸੀ।

ਰਾਹੁਲ ਗਾਂਧੀ ਨੇ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਦੇ ਬਿਆਨ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ 'ਤੇ ਸਪੱਸ਼ਟੀਕਰਨ ਦੇਣ ਨੂੰ ਕਿਹਾ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਔਲਾਂਦੇ ਅਤੇ ਮੋਦੀ ਸਰਕਾਰ ਦੇ ਬਿਆਨ ਆਪਸ 'ਚ ਮੇਲ ਨਹੀਂ ਖਾਂਦੇ। ਕੇਜਰੀਵਾਲ ਨੇ ਸਰਕਾਰ ਤੋਂ ਸਵਾਲੀਆ ਅੰਦਾਜ਼ 'ਚ ਪੁੱਛਿਆ ਕਿ ਕੀ ਇਹ ਕਰਾਰ 'ਅਹਿਮ ਤੱਥਾਂ ਨੂੰ' ਲੁਕਾਉਣ ਲਈ ਰਾਸ਼ਟਰੀ ਸੁਰੱਖਿਆ ਨੂੰ ਖਤਰੇ 'ਚ ਨਹੀਂ ਪਾਇਆ ਗਿਆ?

ਔਲਾਂਦ ਦੇ ਬਿਆਨ ਤੋਂ ਕਿਨਾਰਾ ਕਰਦੇ ਹੋਏ ਫਰਾਂਸ ਸਰਕਾਰ ਨੇ ਕਿਹਾ ਕਿ ਰਾਫੇਲ ਸੌਦੇ ਨੂੰ ਲੈ ਕੇ ਭਾਰਤੀ ਕੰਪਨੀ ਨੂੰ ਹਿੱਸੇਦਾਰ ਵਜੋਂ ਚੁਣਨ 'ਚ ਉਹ ਕਿਸੇ ਵੀ ਤਰ੍ਹਾਂ ਨਾਲ ਸ਼ਾਮਲ ਨਹੀਂ ਹੈ। ਰਾਫੇਲ ਸੌਦੇ ਦੇ ਛਿੜੇ ਵਿਵਾਦ ਨੂੰ ਲੈ ਕੇ ਫਰਾਂਸ ਸਰਕਾਰ ਨੇ ਆਪਣਾ ਰੁਖ ਸਪੱਸ਼ਟ ਕਰਦਿਆਂ ਕਿਹਾ ਕਿ ਫਰਾਂਸ ਦੀਆਂ ਕੰਪਨੀਆਂ ਨੂੰ ਸਮਝੌਤਾ ਕਰਨ ਲਈ ਕਿਸੇ ਵੀ ਭਾਰਤੀ ਕੰਪਨੀ ਦੀ ਚੋਣ ਕਰਨ ਦੀ ਪੂਰੀ ਆਜ਼ਾਦੀ ਹੈ। ਉਥੇ ਅਨਿਲ ਅੰਬਾਨੀ ਦੀ ਕੰਪਨੀ ਨੂੰ ਹਿੱਸੇਦਾਰ ਵਜੋਂ ਚੁਣੇ ਜਾਣ ਦੇ ਦਾਅਵੇ 'ਤੇ ਫਰਾਂਸ ਸਰਕਾਰ ਨੇ ਕਿਹਾ ਕਿ ਡਸਾਲਟ ਏਵੀਏਸ਼ਨ ਨੇ ਸਭ ਤੋਂ ਵਧੀਆ ਵਿਕਲਪ ਦੀ ਚੋਣ ਕੀਤੀ ਹੈ।

## ਔਲਾਂਦ ਆਪਣੇ ਬਿਆਨ 'ਤੇ ਕਾਇਮ

**ਨਵੀਂ ਦਿੱਲੀ:** ਐਨ.ਡੀ.ਟੀ.ਵੀ. ਦੀ ਰਿਪੋਰਟ 'ਚ ਸ੍ਰੀ ਔਲਾਂਦ ਦੇ ਦਫਤਰ ਵੱਲੋਂ ਕਿਹਾ ਗਿਆ ਹੈ ਕਿ ਉਹ ਆਪਣੇ ਬਿਆਨ 'ਤੇ ਪੂਰੀ ਤਰ੍ਹਾਂ ਕਾਇਮ ਹਨ। ਸਾਬਕਾ ਰਾਸ਼ਟਰਪਤੀ ਔਲਾਂਦ ਨੇ ਆਖਿਆ ਸੀ ਕਿ ਫਰਾਂਸ ਨੇ ਕਿਸੇ ਵੀ ਰੂਪ ਵਿਚ ਰਿਲਾਇੰਸ ਦੀ ਚੋਣ ਨਹੀਂ ਕੀਤੀ। ਜਦੋਂ ਇਹ ਪੁੱਛਿਆ ਗਿਆ ਕਿ ਕੀ ਭਾਰਤ ਵੱਲੋਂ ਰਿਲਾਇੰਸ ਅਤੇ ਦਾਸੋ 'ਤੇ ਮਿਲ ਕੇ ਕੰਮ ਕਰਨ ਲਈ ਕੋਈ ਦਬਾਅ ਸੀ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਕੁਝ ਨਹੀਂ ਜਾਣਦੇ ਤੇ ਦਾਸੋ ਹੀ ਕੁਝ ਦੱਸ ਸਕਦੀ ਹੈ।

## ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ

**ਜ਼ੀਰਾ:** ਪਿੰਡ ਪੰਡੋਰੀ ਖੱਤਰੀਆਂ ਵਿਚ ਕੁਝ ਅਣਪਛਾਤਿਆਂ ਨੇ ਪਤੀ-ਪਤਨੀ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਰਾਜਪ੍ਰੀਤ ਸਿੰਘ ਪੁੱਤਰ ਮੱਲ ਸਿੰਘ ਤੇ ਉਸ ਦੀ ਪਤਨੀ ਰਮਨਦੀਪ ਕੌਰ ਆਪਣੇ ਘਰ ਵਿਚ ਸਨ ਕਿ ਕੁਝ ਅਣਪਛਾਤਿਆਂ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ।

ਘਟਨਾ ਬਾਰੇ ਪਿੰਡ ਵਾਸੀਆਂ ਨੂੰ ਉਦੋਂ ਪਤਾ ਲੱਗਾ ਜਦ ਕੰਮ ਵਾਲੀ ਉਨ੍ਹਾਂ ਦੇ ਘਰ ਆਈ। ਉਸ ਨੇ ਰੌਲਾ ਪਾ ਕੇ ਪਿੰਡ ਵਾਸੀਆਂ ਨੂੰ ਇਕੱਠਾ ਕੀਤਾ। ਰਸੋਈ ਵਿਚ ਰਮਨਦੀਪ ਕੌਰ ਦੀ ਲਾਸ਼ ਅਤੇ ਡਿਊਢੀ ਵਿਚ ਰਾਜਪ੍ਰੀਤ ਸਿੰਘ ਦੀ ਲਾਸ਼ ਪਈ ਸੀ।

ਜ਼ਿਕਰਯੋਗ ਹੈ ਕਿ ਇਸ ਜੋੜੇ ਦੇ ਵਿਆਹ ਹੋਏ ਨੂੰ ਲਗਭਗ 15 ਵਰ੍ਹੇ ਹੋ ਗਏ ਸਨ, ਪਰ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ ਅਤੇ ਹੁਣ ਰਮਨਦੀਪ ਕੌਰ ਗਰਭਵਤੀ ਸੀ।

# ਜਹਾਜ ਅਮਲੇ ਦੀ ਭੁੱਲ ਕਾਰਨ ਖਤਰੇ 'ਚ ਪਈ 166 ਮੁਸਾਫਰਾਂ ਦੀ ਜਾਨ

**ਨਵੀਂ ਦਿੱਲੀ:** ਮੁੰਬਈ ਤੋਂ ਜੈਪੁਰ ਜਾ ਰਹੀ ਜੈੱਟ ਏਅਰਵੇਜ਼ ਉਡਾਣ ਵਿਚ ਜਹਾਜ਼ੀ ਅਮਲੇ ਦੇ ਮੈਂਬਰ 'ਕੈਬਿਨ ਪ੍ਰੈੱਸ਼ਰ' ਕੰਟਰੋਲ ਕਰਨ ਵਾਲਾ ਸਿਸਟਮ ਚਲਾਉਣਾ ਭੁੱਲ ਗਏ, ਜਿਸ ਕਾਰਨ ਮੁਸਾਫਰਾਂ ਦੇ ਨੱਕ ਤੇ ਕੰਨਾਂ 'ਚੋਂ ਖੂਨ ਨਿਕਲਣ ਲੱਗ ਪਿਆ। ਉਡਾਣ ਸਮੇਂ ਜਹਾਜ਼ ਦੇ ਅਮਲੇ ਦੀ ਟੀਮ ਦੇ ਮੈਂਬਰ 'ਬਲੀਡ ਸਵਿੱਚ' ਚਲਾਉਣਾ ਭੁੱਲ ਗਏ, ਜਿਸ ਕਾਰਨ ਕੈਬਿਨ ਦਾ ਪ੍ਰੈੱਸ਼ਰ ਕੰਟਰੋਲ ਨਾ ਕੀਤਾ ਜਾ ਸਕਿਆ। ਇਸ ਕਾਰਨ ਆਕਸੀਜਨ ਮਾਸਕ ਹੇਠਾਂ ਆ ਗਏ।

ਜੈੱਟ ਏਅਰਵੇਜ਼ ਦੇ ਬੁਲਾਰੇ ਨੇ ਦੱਸਿਆ ਕਿ ਕੈਬਿਨ ਪ੍ਰੈੱਸ਼ਰ 'ਚ ਕਮੀ ਆਉਣ ਕਾਰਨ ਬੋਇੰਗ 737 ਜਹਾਜ਼ ਨੂੰ ਵਾਪਸ ਮੁੰਬਈ ਆਉਣਾ ਪਿਆ। ਜਾਂਚ ਪੂਰੀ ਹੋਣ ਤੱਕ ਜਹਾਜ਼ ਦੇ ਪਾਇਲਟਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ। ਸ਼ੁਰੂਆਤੀ ਸੂਚਨਾਵਾਂ ਦੇ ਆਧਾਰ 'ਤੇ ਅਧਿਕਾਰੀ ਨੇ ਦੱਸਿਆ ਕਿ ਕੁਝ ਮੁਸਾਫਰਾਂ ਦੇ ਨੱਕ 'ਚੋਂ ਖੂਨ ਨਿਕਲਿਆ ਹੈ। ਜਹਾਜ਼ 'ਚ 166 ਮੁਸਾਫਰ ਸਵਾਰ ਸਨ, ਜਿਨ੍ਹਾਂ 'ਚੋਂ 30 ਨੂੰ ਇਹ ਸਮੱਸਿਆ ਆਈ ਹੈ। ਕਈਆਂ ਦੇ ਨੱਕ ਤੇ ਕਈਆਂ ਦੇ ਕੰਨਾਂ 'ਚੋਂ ਖੂਨ ਨਿਕਲਿਆ ਹੈ। ਕਈਆਂ ਨੂੰ ਸਿਰ ਪੀੜ ਹੋਈ। ਹਵਾਈ ਹਾਦਸਿਆਂ ਬਾਰੇ ਜਾਂਚ ਬਿਊਰੋ ਦੇ ਅਧਿਕਾਰੀਆਂ ਨੇ ਕਿਹਾ ਕਿ ਮੁੱਢਲੇ ਤੌਰ 'ਤੇ ਇਹ ਅਣਗਹਿਲੀ ਕਰਨ ਦਾ ਮਾਮਲਾ ਜਾਪਦਾ ਹੈ।

# ਕਰਤਾਰਪੁਰ ਲਾਂਘੇ ਦੀਆਂ ਉਮੀਦਾਂ 'ਤੇ ਫਿਰਿਆ ਪਾਣੀ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨਾਲ ਅਮਰੀਕਾ ਵਿਚ ਹੋਣ ਵਾਲੀ ਮੁਲਾਕਾਤ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਦੋਵਾਂ ਦੇਸ਼ਾਂ ਦਰਮਿਆਨ ਹੋਣ ਵਾਲੀ ਗੱਲਬਾਤ 'ਤੇ ਵੀ ਰੋਕ ਲੱਗ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਪਾਕਿਸਤਾਨ ਨਾਲ ਕਰਤਾਰਪੁਰ ਸਾਹਿਬ ਦੇ ਲਾਂਘੇ ਤੇ ਦੋਵਾਂ ਦੇਸ਼ਾਂ ਦਰਮਿਆਨ ਸ਼ਾਂਤੀ ਬਹਾਲੀ ਲਈ ਮੁਲਾਕਾਤ ਕਰਨ ਦਾ ਐਲਾਨ ਕੀਤਾ ਸੀ, ਪਰ ਇਸ ਤੋਂ ਅਗਲੇ ਹੀ ਦਿਨ ਜਵਾਬ ਦੇ ਦਿੱਤਾ।

ਭਾਰਤ ਦਾ ਕਹਿਣਾ ਹੈ ਕਿ ਹਿੰਸਕ ਵਾਰਦਾਤਾਂ ਕਰ ਕੇ ਹੀ ਉਹ ਹੁਣ ਪਾਕਿਸਤਾਨ ਨਾਲ ਕਿਸੇ ਵੀ ਕਿਸਮ ਦੀ ਗੱਲ ਨਹੀਂ ਕਰੇਗਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਕਥਨੀ ਤੇ ਕਰਨੀ ਵਿਚ ਬਹੁਤ ਫਰਕ ਹੈ। ਉਧਰ, ਭਾਰਤ ਵੱਲੋਂ ਨਿਊ ਯਾਰਕ 'ਚ ਵਿਦੇਸ਼ ਮੰਤਰੀ ਪੱਧਰ ਦੀ ਬੈਠਕ ਰੱਦ ਕਰਨ ਦੇ ਫੈਸਲੇ ਨੂੰ 'ਹੰਕਾਰ' ਦੱਸਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਹ ਨਵੀਂ ਦਿੱਲੀ ਦੇ ਨਾਂਹ-ਪੱਖੀ ਹੁੰਗਾਰੇ ਤੋਂ ਨਿਰਾਸ਼ ਹਨ। ਪ੍ਰਧਾਨ ਮੰਤਰੀ ਨੇ ਟਵੀਟ ਕਰ ਕੇ ਕਿਹਾ ਕਿ ਉਨ੍ਹਾਂ ਵੱਲੋਂ ਸ਼ਾਂਤੀ ਵਾਰਤਾ ਸ਼ੁਰੂ ਕਰਨ ਦੇ ਸੱਦੇ ਦਾ ਭਾਰਤ ਵੱਲੋਂ ਅਪਨਾਏ ਹੰਕਾਰੀ ਅਤੇ ਨਾਂਹ-ਪੱਖੀ ਰਵੱਈਏ ਤੋਂ ਉਹ ਨਿਰਾਸ਼ ਹਨ।

ਦੱਸ ਦਈਏ ਕਿ ਪਾਕਿਸਤਾਨ ਦੇ ਵਜ਼ੀਰੇ-ਆਲਾ ਇਮਰਾਨ ਖਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਖਾਹਿਸ਼ ਜ਼ਾਹਿਰ ਕੀਤੀ ਸੀ ਕਿ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ ਅਤੇ ਸਾਨੂੰ ਅਮਨ-ਸ਼ਾਂਤੀ ਕਾਇਮ ਕਰਨ ਵੱਲ ਕਦਮ ਵਧਾਉਣੇ ਚਾਹੀਦੇ ਹਨ। ਉਨ੍ਹਾਂ ਨੇ ਚਿੱਠੀ ਵਿਚ ਲਿਖਿਆ ਸੀ ਕਿ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜਿਹੜੇ ਪੰਧ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਸੀ, ਸਾਨੂੰ ਦੁਬਾਰਾ ਉਸ ਪੰਧ ਦੇ ਪਾਂਧੀ ਬਣਨਾ ਚਾਹੀਦਾ ਹੈ।

## ਪਾਕਿਸਤਾਨ ਵੱਲੋਂ ਅਮਨ ਬਹਾਲੀ ਦੇ ਯਤਨ ਜਾਰੀ ਰੱਖਣ ਦਾ ਅਹਿਦ

**ਵਾਸ਼ਿੰਗਟਨ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਭਾਰਤ ਵੱਲੋਂ ਦੋਵਾਂ ਮੁਲਕਾਂ ਦਰਮਿਆਨ ਸੰਵਾਦ ਤੋਰਨ ਵਿਚ ਵਿਖਾਈ ਜਾ ਰਹੀ ਝਿਜਕ ਦੇ ਬਾਵਜੂਦ ਇਸਲਾਮਾਬਾਦ ਖਿੱਤੇ 'ਚ ਅਮਨ ਬਹਾਲੀ ਲਈ ਯਤਨ ਜਾਰੀ ਰੱਖੇਗਾ ਤੇ ਉਸ ਦੇ ਦਰ ਹਮੇਸ਼ਾ ਖੁੱਲ੍ਹੇ ਰਹਿਣਗੇ। ਕੁਰੈਸ਼ੀ ਨੇ ਕਿਹਾ ਕਿ ਭਾਰਤ ਨੇ ਅਮਨ ਵਾਰਤਾ ਦੀ ਪੇਸ਼ਕਸ਼ ਪ੍ਰਤੀ ਗੈਰਸਫ਼ਾਰਤੀ ਪਹੁੰਚ ਅਪਨਾਈ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਦੀ 'ਭਾਸ਼ਾ ਤੇ ਸੁਰ' ਵਿਦੇਸ਼ ਮੰਤਰੀ ਵਾਲੀ ਨਹੀਂ ਸੀ।

# ਪਾਕਿਸਤਾਨੀ ਸਿੱਖਾਂ ਵੱਲੋਂ ਭਾਰਤ ਤੋਂ ਕਰਤਾਰਪੁਰ ਸਰਹੱਦ ਖੋਲ੍ਹਣ ਦੀ ਮੰਗ

**ਕਰਾਚੀ:** ਪਾਕਿਸਤਾਨ ਵਿਚ ਵਸਦੇ ਸਿੱਖਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਰਤਾਰਪੁਰ ਸਰਹੱਦ ਨੂੰ ਖੋਲ੍ਹਿਆ ਜਾਵੇ ਤਾਂ ਜੋ ਭਾਰਤ ਵਿਚਲੇ ਸਿੱਖ ਸ਼ਰਧਾਲੂ ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਸਾਹਿਬ ਦੇ ਸੌਖ ਨਾਲ ਦਰਸ਼ਨ ਕਰ ਸਕਣ। ਇਹ ਪ੍ਰਗਟਾਵਾ ਇਕ ਮੀਡੀਆ ਰਿਪੋਰਟ ਵਿਚ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਭਾਰਤ ਵਿਚ ਸਥਿਤ ਡੇਰਾ ਬਾਬਾ ਨਾਨਕ ਸਰਹੱਦ ਕਰਤਾਰਪੁਰ ਸਰਹੱਦ ਖੋਲ੍ਹਣ ਦੀ ਮੰਗ ਤੋਂ ਸਿਰਫ ਸਾਢੇ ਚਾਰ ਕਿਲੋਮੀਟਰ ਦੂਰ ਹੈ। ਲੋਕ ਰੋਜ਼ਾਨਾ ਦੂਰਬੀਨ ਦੀ ਸਹਾਇਤਾ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੇ ਹਨ।

ਪਾਕਿਸਤਾਨ ਸਿੱਖ ਕੌਂਸਲ ਦੇ ਆਗੂ ਸਰਦਾਰ ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਜੇ ਸਰਹੱਦ ਖੁੱਲ੍ਹ ਜਾਂਦੀ ਹੈ ਤਾਂ ਭਾਰਤ ਵਿਚਲੇ ਸਿੱਖਾਂ ਡੇਰਾ ਬਾਬਾ ਨਾਨਕ ਰਾਹੀਂ ਕਰਤਾਰਪੁਰ ਸਥਿਤ ਗੁਰਦੁਆਰੇ ਦੇ ਦਰਸ਼ਨ ਕਰਨ ਵਿਚ ਸੌਖ ਹੋ ਜਾਵੇਗੀ। 'ਦਿ ਐਕਸਪ੍ਰੈੱਸ ਟ੍ਰਿਬਿਊਨ' ਅਨੁਸਾਰ ਸ੍ਰੀ ਖਾਲਸਾ ਨੇ ਕਿਹਾ ਕਿ ਕਰਤਾਰਪੁਰ ਸਰਹੱਦ ਖੋਲ੍ਹਣ ਦੀ ਸਿੱਖ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ। ਉਨ੍ਹਾਂ ਨੇ ਇਮਰਾਨ ਖਾਨ ਦੀ ਅਗਵਾਈ ਵਿੱਚ ਪਾਕਿਸਤਾਨ 'ਚ ਬਣੀ ਨਵੀਂ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਲਈ ਸਰਹੱਦ ਖੋਲ੍ਹਣ ਦੇ ਐਲਾਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸਿੱਖ ਜਗਤ ਸਰਕਾਰ ਦੇ ਇਸ ਨੇਕ ਕਾਰਜ ਦਾ ਸਵਾਗਤ ਕਰਦਾ ਹੈ।



## ਇਮਰਾਨ ਖਾਨ ਨੂੰ ਅਯੋਗ ਕਰਾਰ ਦੇਣ ਵਾਲੀ ਪਟੀਸ਼ਨ ਖਾਰਜ

**ਇਸਲਾਮਾਬਾਦ:** ਪਾਕਿਸਤਾਨ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੱਡੀ ਰਾਹਤ ਦਿੰਦੇ ਹੋਏ ਉਨ੍ਹਾਂ ਨੂੰ ਅਯੋਗ ਠਹਿਰਾਉਣ ਲਈ ਦਾਇਰ ਕੀਤੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਮੁੱਖ ਜੱਜ ਮਿਆਂ ਸਾਦਿਕ ਨਿਸਾਰ ਦੀ ਅਗਵਾਈ ਵਾਲੀ ਤਿੰਨ ਜੱਜਾਂ ਦੇ ਬੈਂਚ ਨੇ ਬੈਰਿਸਟਰ ਦਾਨਿਆਲ ਚੌਧਰੀ ਦੀ ਬੀਤੇ ਸਾਲ ਦਾਇਰ ਕੀਤੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਇਹ ਪਟੀਸ਼ਨ ਹੁਣ ਪ੍ਰਭਾਵਸ਼ਾਲੀ ਨਹੀਂ ਹੈ।

# ਅਟਾਰੀ ਸਰਹੱਦ 'ਤੇ 'ਦੇਸ ਪੰਜਾਬ' ਐਫ. ਐਮ. ਰੇਡੀਓ ਸ਼ੁਰੂ

**ਅਟਾਰੀ:** ਆਲ ਇੰਡੀਆ ਰੇਡੀਓ ਦੇ 20 ਕਿਲੋਵਾਟ ਐਫ.ਐਮ. ਰੇਡੀਓ ਦੇਸ ਪੰਜਾਬ ਟਰਾਂਸਮੀਟਰ ਦੀ ਅੰਮ੍ਰਿਤਸਰ ਸਥਿਤ ਅਟਾਰੀ ਸਰਹੱਦ ਨੇੜੇ ਘਰਿੰਡਾ 'ਚ ਸ਼ੁਰੂਆਤ ਹੋ ਗਈ ਹੈ। ਕੇਂਦਰੀ ਰਾਜ ਮੰਤਰੀ ਵਿਜੈ ਕੁਮਾਰ ਸਾਂਪਲਾ ਵੱਲੋਂ ਪ੍ਰਸਾਰ ਭਾਰਤੀ ਦੇ ਚੇਅਰਮੈਨ ਡਾ. ਏ ਸੂਰਿਆ ਪ੍ਰਕਾਸ਼ ਦੀ ਮੌਜੂਦਗੀ ਵਿਚ ਆਕਾਸ਼ਵਾਣੀ ਦੇ ਇਸ ਕੇਂਦਰ ਦਾ ਉਦਘਾਟਨ ਕੀਤਾ ਗਿਆ। ਸ੍ਰੀ ਸਾਂਪਲਾ ਨੇ ਨਾਰੀਅਲ ਤੋੜ ਕੇ ਐਫ.ਐਮ. ਦਾ ਰਸਮੀ ਉਦਘਾਟਨ ਕੀਤਾ।




ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੇ ਜਾਂਦੇ ਕੂੜ ਪ੍ਰਚਾਰ ਦਾ ਜਵਾਬ ਦੇਣ ਲਈ ਘਰਿੰਡਾ ਵਿਖੇ ਐਫ.ਐਮ. ਰੇਡੀਓ 'ਦੇਸ ਪੰਜਾਬ' ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ, ''ਅਸੀਂ ਭਾਰਤ ਤੇ ਮਾਨਵਤਾ ਦੀ ਤਸਵੀਰ ਪੇਸ਼ ਕਰਕੇ ਗੁਰੂਆਂ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦੇਣ ਵਿਚ ਸਫਲ ਹੋਵਾਂਗੇ। ਭਾਰਤ ਆਪਣੀ ਗੱਲ ਪਾਕਿਸਤਾਨ ਵਾਸੀਆਂ ਤੱਕ ਪਹੁੰਚਾ ਸਕੇਗਾ ਅਤੇ ਐਫ.ਐਮ. ਰੇਡੀਓ ਤੋਂ ਸਭਿਆਚਾਰ, ਵਿਰਾਸਤ, ਖਬਰਾਂ ਆਦਿ ਦਾ ਪ੍ਰਸਾਰਣ ਕੀਤਾ ਜਾਵੇਗਾ।'' ਸ੍ਰੀ ਸਾਂਪਲਾ ਨੇ ਕਿਹਾ ਕਿ ਟਰਾਂਸਮੀਟਰ 'ਤੇ ਸਾਢੇ ਪੰਜ ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ ਨਾਲ 50 ਕਿਲੋਮੀਟਰ ਤੱਕ ਦੇ ਦਾਇਰੇ ਵਿਚ ਪ੍ਰੋਗਰਾਮਾਂ ਦਾ ਪ੍ਰਸਾਰਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪਾਕਿਸਤਾਨ ਵੱਲੋਂ ਭਾਰਤ ਵਿਰੁੱਧ ਕੀਤੇ ਜਾਂਦੇ ਕੂੜ ਪ੍ਰਚਾਰ ਅਤੇ ਹਿੰਦੂਆਂ ਤੇ ਹੋਰ ਭਾਈਚਾਰਿਆਂ ਵਿਚ ਪਾਏ ਜਾ ਰਹੇ ਪਾੜੇ 'ਤੇ ਨੱਥ ਪਾਈ ਜਾਵੇਗੀ।

ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਸਵਾਲ ਪੁੱਛੇ ਜਾਣ ਉਤੇ ਸ੍ਰੀ ਸਾਂਪਲਾ ਨੇ ਕਿਹਾ ਕਿ ਇਸ ਸਬੰਧੀ ਪਾਕਿਸਤਾਨ ਵੱਲੋਂ ਕੋਈ ਪਹਿਲ ਨਹੀਂ ਕੀਤੀ ਗਈ ਹੈ। 'ਜਦੋਂ ਤੱਕ ਪਾਕਿਸਤਾਨ ਪਹਿਲ ਨਹੀਂ ਕਰਦਾ ਹੈ, ਇਸ ਗੱਲ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ।' ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਸਬੰਧੀ ਭਾਰਤ ਪਹਿਲਾਂ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਹੁਣ ਵੀ ਨਿਭਾਵੇਗਾ।

ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਘਰਿੰਡਾ ਸਥਿਤ ਸ਼ੁਰੂ ਹੋਇਆ ਐਫ.ਐਮ. ਟਰਾਂਸਮੀਟਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਦੇਣ ਹੈ ਜਿਨ੍ਹਾਂ ਵੱਲੋਂ ਪਾਕਿਸਤਾਨ ਦਾ ਕੂੜ ਪ੍ਰਚਾਰ ਰੋਕਣ ਲਈ ਇਹ ਉਪਰਾਲਾ ਕੀਤਾ ਗਿਆ ਸੀ ਪਰ ਇਸ ਨੂੰ ਦੇਰ ਨਾਲ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਘਰਿੰਡਾ ਕੇਂਦਰ ਵਿਚ ਲੱਗੇ 300 ਮੀਟਰ ਟਾਵਰ ਨੂੰ ਵੀ ਜਲਦੀ ਸ਼ੁਰੂ ਕੀਤਾ ਜਾਵੇ ਜਿਸ ਨਾਲ ਇਸ ਦਾ ਦਾਇਰਾ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਸਾਡਾ ਪ੍ਰਚਾਰ ਪਾਕਿਸਤਾਨ ਤੱਕ ਨਹੀਂ ਸੀ ਪਹੁੰਚਦਾ। ਇਸ ਨਾਲ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਜਿਹੜੇ ਲੋਕ ਅਮਨ ਚਾਹੁੰਦੇ ਹਨ, ਉਨ੍ਹਾਂ ਦੀ ਸਾਂਝ ਹੋਰ ਗੂੜ੍ਹੀ ਹੋਵੇਗੀ ਅਤੇ ਲੋਕ ਜੁੜ ਸਕਣਗੇ।

# ਮੁੜ ਸੰਕਟ 'ਚ ਘਿਰਿਆ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦਾ ਅਹੁਦਾ

**ਅੰਮ੍ਰਿਤਸਰ:** ਸਦੀ ਪੁਰਾਣੀ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਪਿਛਲੇ ਪ੍ਰਧਾਨ ਦੀ ਕੁਰਸੀ ਅਸ਼ਲੀਲ ਵੀਡੀਓ ਕਾਂਡ ਵਿਚ ਖੁੱਸ ਗਈ ਅਤੇ ਨਵੇਂ ਬਣੇ ਪ੍ਰਧਾਨ ਦੀ ਕੁਰਸੀ ਨੂੰ ਜ਼ਮੀਨੀ ਵਿਵਾਦ ਖਾ ਗਿਆ ਹੈ। ਡਾ. ਸੰਤੋਖ ਸਿੰਘ ਨੂੰ ਜ਼ਮੀਨ 'ਤੇ ਕਬਜ਼ੇ ਦੇ ਮਾਮਲੇ ਵਿਚ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵੱਲੋਂ ਧੋਖਾਧੜੀ ਦੇ ਦੋਸ਼ ਹੇਠ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਸੁਣਾਏ ਜਾਣ ਮਗਰੋਂ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਅਦਾਲਤ ਨੇ ਡਾ. ਸੰਤੋਖ ਸਿੰਘ ਨੂੰ ਆਈ. ਪੀ. ਸੀ. ਦੀ ਧਾਰਾ 465, 467, 468, 471 ਅਤੇ 120ਬੀ ਹੇਠ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਦੇ ਭਰਾ ਇੰਦਰਪਾਲ ਸਿੰਘ ਨੂੰ ਅਦਾਲਤ 'ਚ ਪੇਸ਼ ਨਾ ਹੋਣ ਕਾਰਨ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ।



ਸੰਤੋਖ ਸਿੰਘ ਤੇ ਉਨ੍ਹਾਂ ਦੇ ਭਰਾ ਇੰਦਰਪਾਲ ਸਿੰਘ ਅਤੇ ਦੋ ਹੋਰਾਂ ਵਿਰੁੱਧ ਇਹ ਮਾਮਲਾ ਰਾਜਾਸਾਂਸੀ ਵਾਸੀ ਮਨਜੀਤ ਸਿੰਘ ਅਤੇ ਮਹਿੰਦਰ ਸਿੰਘ ਵੱਲੋਂ ਕੀਤਾ ਗਿਆ ਸੀ। ਕੇਸ ਦੀ ਸੁਣਵਾਈ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੀ ਸੀ ਤੇ ਹੁਣ ਅਦਾਲਤ ਨੇ ਇਹ ਫੈਸਲਾ ਸੁਣਾ ਦਿੱਤਾ ਹੈ। ਡਾ. ਸੰਤੋਖ ਸਿੰਘ ਸਮੇਤ ਚਾਰਾਂ ਉਪਰ 12 ਕਨਾਲ 11 ਮਰਲੇ ਜ਼ਮੀਨ ਉਤੇ ਧੱਕੇ ਨਾਲ ਕਬਜ਼ਾ ਕਰਨ ਦੇ ਦੋਸ਼ ਪਾਏ ਗਏ ਹਨ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਸੀ ਕਿ ਇਹ ਜ਼ਮੀਨ ਉਨ੍ਹਾਂ ਦੇ ਪੁਰਖਿਆਂ ਭਾਈ ਬਿਸ਼ਨ ਸਿੰਘ ਅਤੇ ਭਾਈ ਗੋਪਾਲ ਦਾਸ ਦੀ ਹੈ। ਇਸ ਮਾਮਲੇ ਦੀ ਅਦਾਲਤੀ ਸੁਣਵਾਈ ਦੌਰਾਨ ਡਾ. ਸੰਤੋਖ ਸਿੰਘ ਅਤੇ ਉਸ ਦੇ ਭਰਾ ਵੱਲੋਂ ਸਬੰਧਤ ਜ਼ਮੀਨ ਦੀ ਰਜਿਸਟਰੀ ਹੋਣ ਦਾ ਦਾਅਵਾ ਕੀਤਾ ਗਿਆ ਸੀ।

ਆਪਣੇ ਦਾਅਵੇ ਵਿਚ ਡਾ. ਸੰਤੋਖ ਸਿੰਘ ਆਦਿ ਨੇ ਆਖਿਆ ਸੀ ਕਿ ਇਹ ਜ਼ਮੀਨ ਉਨ੍ਹਾਂ ਨੂੰ ਭਾਈ ਬਿਸ਼ਨ ਸਿੰਘ ਅਤੇ ਭਾਈ ਗੋਪਾਲ ਦਾਸ ਨੇ 1967 ਵਿਚ ਵੇਚੀ ਸੀ। ਜਦੋਂਕਿ ਦੂਜੀ ਧਿਰ ਵੱਲੋਂ ਇਸ ਦਾਅਵੇ ਨੂੰ ਗਲਤ ਕਰਾਰ ਦਿੰਦਿਆਂ ਆਖਿਆ ਕਿ ਭਾਈ ਬਿਸ਼ਨ ਸਿੰਘ 1950 ਵਿਚ ਅਤੇ ਭਾਈ ਗੋਪਾਲ ਦਾਸ 1940 ਵਿਚ ਅਕਾਲ ਚਲਾਣਾ ਕਰ ਗਏ ਸਨ। ਅਜਿਹੀ ਸਥਿਤੀ ਵਿਚ 1967 ਵਿਚ ਇਸ ਜ਼ਮੀਨ ਦੀ ਰਜਿਸਟਰੀ ਡਾ. ਸੰਤੋਖ ਸਿੰਘ ਤੇ ਹੋਰਨਾਂ ਦੇ ਨਾਂ ਤੇ ਕਿਵੇਂ ਹੋ ਸਕਦੀ ਹੈ। ਚੀਫ ਖਾਲਸਾ ਦੀਵਾਨ ਦੀ ਪ੍ਰਧਾਨਗੀ ਦਾ ਅਹੁਦਾ ਮੁੜ ਸੰਕਟ ਵਿਚ ਆਉਣ ਤੋਂ ਬਾਅਦ ਸੰਸਥਾ ਦੇ ਸੰਵਿਧਾਨ ਮੁਤਾਬਕ ਪ੍ਰਧਾਨ ਦੀ ਗੈਰ ਹਾਜ਼ਰੀ ਵਿਚ ਅਹੁਦੇ ਦੀ ਜ਼ਿੰਮੇਵਾਰੀ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਵੱਲੋਂ ਨਿਭਾਈ ਜਾਂਦੀ ਹੈ ਜਿਸ ਤਹਿਤ ਹੁਣ ਸੀਨੀਅਰ ਮੀਤ ਪ੍ਰਧਾਨ ਧਨਰਾਜ ਸਿੰਘ ਸਿੱਖ ਸੰਸਥਾ ਦੇ ਕਾਰਜਕਾਰੀ ਪ੍ਰਧਾਨ ਹੋਣਗੇ।

# ਖਾਮੋਸ਼ ਹੋ ਗਈ ਜਸਦੇਵ ਯਮਲਾ ਦੀ ਤੂੰਬੀ

ਤੂੰਬੀ ਦੇ ਬਾਦਸ਼ਾਹ ਪ੍ਰਸਿੱਧ ਲੋਕ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਅਮੀਰ ਵਿਰਾਸਤ ਨੂੰ ਸਾਂਭਣ ਵਾਲੇ ਉਸ ਦੇ ਪੁੱਤਰ ਜਸਦੇਵ ਯਮਲਾ ਦਾ ਜਨਮ 12 ਦਸੰਬਰ 1960 ਨੂੰ ਮਾਤਾ ਰਾਮ ਰੱਖੀ ਦੀ ਕੁੱਖੋਂ ਹੋਇਆ। ਗਾਇਕੀ ਵਿਰਸੇ ਵਿਚੋਂ ਹੀ ਮਿਲਣ ਕਰਕੇ ਉਨ੍ਹਾਂ ਆਪਣੇ ਪਿਤਾ ਨੂੰ ਉਸਤਾਦ ਧਾਰ ਕੇ ਉਨ੍ਹਾਂ ਕੋਲੋਂ ਤੂੰਬੀ ਵਜਾਉਣ ਸਿੱਖੀ ਤੇ ਗਾਇਕੀ ਦੇ ਗੁਰ ਵੀ ਸਿੱਖੇ।

ਸ਼ਮਸ਼ੇਰ ਸਿੰਘ ਸੋਹੀ
ਫੋਨ: 91-98764-74671

ਸੰਨ 1979 ਵਿਚ ਇਨਰੀਕੋ ਕੰਪਨੀ ਵਿਚ 'ਮੌਜਾਂ ਚਾਰਦਾ ਜਗਤ ਦਾ ਵਾਲੀ' ਧਾਰਮਿਕ ਗੀਤ ਨਾਲ ਪਹਿਲੀ ਵਾਰ ਸਰੋਤਿਆਂ ਨੂੰ ਜਸਦੇਵ ਯਮਲਾ ਦੀ ਆਵਾਜ਼ ਸੁਣਨ ਨੂੰ ਮਿਲੀ। ਇਸ ਗੀਤ ਦੇ ਸ਼ੁਰੂ 'ਚ ਉਨ੍ਹਾਂ ਆਵਾਜ਼ ਮਾਰ ਕੇ ਕਿਹਾ ਸੀ, "ਹਾਲਾ ਓ ਜਸਦੇਵ ਯਮਲਿਆ, ਯਮਲੇ ਜੱਟ ਦੇ ਮੁੰਡਿਆ, ਤੇਰੇ ਪਿਓ ਦੀ ਬਣਾਈ ਤੂੰਬੀ ਗੁਰੂ ਨਾਨਕ ਦੇਵ ਜੀ ਦੇ ਗੀਤਾਂ 'ਤੇ ਕਿਵੇਂ ਵੱਜਦੀ ਏ।"

ਜਸਦੇਵ ਯਮਲਾ ਦੀ ਆਵਾਜ਼ 'ਚ ਰਿਕਾਰਡ ਧਾਰਮਿਕ ਤੇ ਸੋਲੋ ਗੀਤ ਪਿਤਾ ਗੁਰੂ ਦਸਮੇਸ਼, ਚੰਦ ਚੜ੍ਹਿਆ ਵਿਚ ਤਲਵੰਡੀ, ਕਲਗੀ ਚਮਕਾਂ ਮਾਰਦੀ, ਜੁਗਾਂ ਤੱਕ ਯਾਦ ਰਹਿਣੀ ਕੰਧ ਸਰਹਿੰਦ ਦੀ, ਬਿਜਲੀ ਕੜਕੇ ਰਾਤ ਹਨੇਰੀ, ਛੱਲਾ, ਸਈਓ ਨੀਂ ਮੇਰੀ ਵੰਗ ਟੁੱਟ ਗਈ ਆਦਿ ਗੀਤ ਬਹੁਤ ਹੀ ਮਕਬੂਲ ਹੋਏ। ਤੂੰਬੀ ਦੇ ਖੋਜੀ ਉਸਤਾਦ ਲਾਲ ਚੰਦ ਯਮਲਾ ਜੱਟ ਤੋਂ ਇਲਾਵਾ ਜੇ ਅਸਲ ਵਿਚ ਕਿਸੇ ਨੇ ਤੂੰਬੀ ਵਜਾਈ ਸੀ ਤਾਂ ਉਹ ਅਮਰ ਸਿੰਘ ਚਮਕੀਲਾ ਤੇ ਜਸਦੇਵ ਯਮਲਾ ਸਨ।

ਮਿਲਾਪੜੇ ਸੁਭਾਅ ਦੇ ਮਾਲਕ ਜਸਦੇਵ ਯਮਲਾ ਫੱਕਰ ਰੂਹ ਇਨਸਾਨ ਸਨ, ਜਿਨ੍ਹਾਂ 'ਚੋਂ ਉਸਤਾਦ ਲਾਲ ਚੰਦ ਯਮਲਾ ਜੱਟ ਵਰਗੀ ਝਲਕ ਪੈਂਦੀ ਸੀ। ਉਨ੍ਹਾਂ ਸਟੇਜਾਂ 'ਤੇ ਆਪਣੇ ਪਿਤਾ ਦੀ ਗਾਇਨ ਕਲਾ ਤੇ ਤੂੰਬੀ ਦੀ ਅਮੀਰ ਵਿਰਾਸਤ ਨੂੰ ਜਿਉਂਦਾ ਰੱਖਿਆ ਹੋਇਆ ਸੀ। ਕਰੀਬ ਚਾਰ ਸੌ ਗੀਤਾਂ ਵਿਚ ਜਸਦੇਵ ਯਮਲਾ ਨੇ ਆਪਣੀ ਤੂੰਬੀ ਦੀ ਟੁਣਕਾਰ ਰਾਹੀਂ ਲੋਕਾਂ ਨੂੰ ਅਸਲ ਤੂੰਬੀ ਵਜਾ ਕੇ ਦੱਸੀ। ਉਨ੍ਹਾਂ ਵੱਲੋਂ ਤੂੰਬੀ 'ਤੇ ਕੀਤੇ ਜਾ ਰਹੇ ਨਵੇਂ ਤਜਰਬੇ ਕਾਰਨ ਹੀ ਅੱਜ ਦੇ ਨਵੇਂ ਕਲਾਕਾਰ ਆਪਣੇ ਗੀਤਾਂ ਵਿਚ ਲੋਕ ਸਾਜ ਤੂੰਬੀ ਨੂੰ ਅਹਿਮੀਅਤ ਦੇਣ ਲੱਗੇ ਹਨ। ਜਸਦੇਵ ਯਮਲਾ ਨੇ ਆਪਣੇ ਪਿਤਾ ਵਾਂਗ ਸਾਰੀ ਉਮਰ ਤਾੜੀਆਂ ਖਾਤਰ ਗਾਇਆ, ਨਾ ਕਿ ਪੈਸੇ ਲਈ ਗਾਇਆ।



ਪਿਛਲੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਜਸਦੇਵ ਯਮਲਾ ਸਨਿਚਰਵਾਰ, 15 ਸਤੰਬਰ ਨੂੰ ਤੜਕੇ ਤਿੰਨ ਵਜੇ ਦਿਲ ਦਾ ਦੌਰਾ ਪੈਣ ਕਾਰਨ ਇਸ ਫਾਨੀ ਸੰਸਾਰ ਨੂੰ ਛੱਡ ਕੇ ਤੁਰ ਗਏ। ਉਨ੍ਹਾਂ ਦੇ ਗੁਜ਼ਰ ਜਾਣ ਨਾਲ ਤੂੰਬੀ ਯੁੱਗ ਦਾ ਵੀ ਅੰਤ ਹੋ ਗਿਆ। ਉਹ ਆਪਣੇ ਪਿੱਛੇ ਆਪਣੀ ਪਤਨੀ ਸਰਬਜੀਤ ਕੌਰ (ਚਿਮਟੇ ਵਾਲੀ), ਬੇਟੇ ਰੁਪੇਸ਼ ਯਮਲਾ ਤੇ ਬੇਟੀ ਜ਼ਿੰਕੀ ਰਾਣੀ ਨੂੰ ਛੱਡ ਗਏ ਹਨ। ਭਾਵੇਂ ਜਸਦੇਵ ਯਮਲਾ ਦੇ ਤੁਰ ਜਾਣ ਨਾਲ ਤੂੰਬੀ ਖਾਮੋਸ਼ ਹੋ ਗਈ ਹੈ ਪਰ ਉਨ੍ਹਾਂ ਦੇ ਚਾਹੁਣ ਵਾਲੇ ਸਰੋਤੇ ਉਨ੍ਹਾਂ ਦੇ ਗਾਏ ਗੀਤਾਂ ਨੂੰ ਰਹਿੰਦੀ ਦੁਨੀਆਂ ਤੱਕ ਅਮਰ ਰੱਖਣਗੇ।

# ਗਰੇਵਾਲ 'ਤੇ ਨਸਲੀ ਟਿੱਪਣੀ ਕਰਨ ਵਾਲਾ ਪੁਲਿਸ ਅਧਿਕਾਰੀ ਘਿਰਿਆ

**ਨਿਊ ਯਾਰਕ:** ਅਮਰੀਕਾ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਵੱਲੋਂ ਪਹਿਲੇ ਸਿੱਖ-ਅਮਰੀਕਨ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਬਾਰੇ ਨਸਲੀ ਟਿੱਪਣੀਆਂ ਕੀਤੇ ਜਾਣ ਦੀ ਇਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਨਿਊ ਜਰਸੀ ਪ੍ਰਸ਼ਾਸਨ ਨੇ ਪੁਲਿਸ ਅਧਿਕਾਰੀ ਨੂੰ ਘੇਰ ਲਿਆ ਹੈ। ਜਿਸ ਪਿੱਛੋਂ ਇਸ ਅਧਿਕਾਰੀ ਨੇ ਅਸਤੀਫਾ ਦੇ ਦਿੱਤਾ ਹੈ। ਬਰਜਨ ਕਾਉਂਟੀ ਦੇ ਸ਼ੈਰਿਫ ਮਾਈਕਲ ਸੌਡੀਨੋ ਨੇ 16 ਜਨਵਰੀ ਨੂੰ ਫਿਲ ਮਰਫੀ ਦੇ ਨਿਊ ਜਰਸੀ ਦੇ ਗਵਰਨਰ ਬਣਨ ਤੋਂ ਬਾਅਦ ਹੋਈ ਗੱਲਬਾਤ ਮੌਕੇ ਗਰੇਵਾਲ ਖਿਲਾਫ ਕਈ ਵਿਵਾਦਤ ਟਿੱਪਣੀਆਂ ਕੀਤੀਆਂ ਸਨ।



ਇਸ ਦੀ ਇਕ ਆਡੀਓ ਰਿਕਾਰਡਿੰਗ ਸਬੰਧਤ ਅਥਾਰਿਟੀ ਵੱਲੋਂ ਹਾਸਲ ਕੀਤੀ ਗਈ ਹੈ। ਇਸ ਆਡੀਓ ਵਿਚ ਸੌਡੀਨੋ ਕਹਿ ਰਹੇ ਹਨ ਕਿ ਗਵਰਨਰ ਮਰਫੀ ਨੇ ਗਰੇਵਾਲ ਨੂੰ 'ਪੱਗੜੀ' ਕਰਕੇ ਅਟਾਰਨੀ ਜਨਰਲ ਬਣਾਇਆ ਹੈ ਨਾ ਕਿ ਬਰਜਨ ਕਾਉਂਟੀ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ। ਗਰੇਵਾਲ ਇਸ ਤੋਂ ਪਹਿਲਾਂ ਬਰਜਨ ਕਾਉਂਟੀ ਵਿਚ ਇਸਤਗਾਸਾ ਵਕੀਲ ਵਜੋਂ ਕਾਰਜਸ਼ੀਲ ਸਨ।

ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੇ ਟਵੀਟ ਕੀਤਾ ਕਿ ਉਨ੍ਹਾਂ ਰਿਕਾਰਡਿੰਗ ਸੁਣੀ ਹੈ। ਗਰੇਵਾਲ ਨੇ ਕਿਹਾ ਸੀ ਕਿ ਜੇ ਇਹ ਸੌਡੀਨੋ ਦੀ ਹੀ ਆਵਾਜ਼ ਹੈ ਤਾਂ ਉਸ ਨੂੰ ਤੁਰਤ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਉਹ ਕਈ ਚਿਰ ਤੋਂ ਸੁਣਦੇ ਆ ਰਹੇ ਹਨ ਤੇ ਇਸ ਤੋਂ ਵੀ ਵੱਧ ਕੇ ਮੰਦਾ ਸੁਣ ਚੁੱਕੇ ਹਨ, ਪਰ ਅਫਰੀਕਨ-ਅਮਰੀਕਨ ਭਾਈਚਾਰੇ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਨਸਲੀ ਤੇ ਠੇਸ ਪਹੁੰਚਾਉਣ ਵਾਲੀਆਂ ਹਨ। ਇਸ ਤੋਂ ਇਲਾਵਾ ਸੌਡੀਨੋ ਨੇ ਲੈਫਟੀਨੈਂਟ ਗਵਰਨਰ ਸ਼ੀਲਾ ਓਲੀਵਰ ਬਾਰੇ ਵੀ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਗਰੇਵਾਲ ਉਤੇ ਇਸੇ ਸਾਲ ਜੁਲਾਈ ਵਿਚ ਵੀ ਦੋ ਰੇਡੀਓ ਮੇਜ਼ਬਾਨਾਂ ਨੇ ਨਸਲੀ ਟਿੱਪਣੀਆਂ ਕੀਤੀਆਂ ਸਨ, ਜਿਨ੍ਹਾਂ ਉਨ੍ਹਾਂ ਨੂੰ ਕਈ ਵਾਰ ਸਿਰਫ 'ਟਰਬਨ ਮੈਨ' ਕਹਿ ਕੇ ਸੰਬੋਧਨ ਕੀਤਾ।

# ਪ੍ਰਕਾਸ਼ ਪੁਰਬ: ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਸੈਮੀਨਾਰਾਂ ਦਾ ਆਗਾਜ਼

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰਾਂ ਦਾ ਆਗਾਜ਼ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਤੋਂ ਕੀਤਾ ਗਿਆ।

'ਗੁਰੂ ਨਾਨਕ ਮਿਸ਼ਨ ਅਤੇ ਮਨੁੱਖੀ ਜੀਵਨ ਦੇ ਵਰਤਮਾਨ ਸਰੋਕਾਰ' ਵਿਸ਼ੇ 'ਤੇ ਕਰਵਾਏ ਪਲੇਠੇ ਸੈਮੀਨਾਰ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ। ਉਨ੍ਹਾਂ ਦੱਸਿਆ ਕਿ ਇਹ ਇਤਿਹਾਸਕ ਦਿਹਾੜਾ ਮਨਾਉਣ ਲਈ ਸਾਰੀਆਂ ਸਿੱਖ ਜਥੇਬੰਦੀਆਂ ਦਾ ਸਹਿਯੋਗ ਲਿਆ ਜਾਵੇਗਾ ਤੇ ਇਸ ਬਾਰੇ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ ਵਿਚ 12 ਅਕਤੂਬਰ ਨੂੰ ਕੀਤੀ ਜਾਵੇਗੀ। ਸੈਮੀਨਾਰ ਦੀ ਸ਼ੁਰੂਆਤ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਕਿਹਾ ਕਿ ਮਨੁੱਖੀ ਜੀਵਨ ਅਤੇ ਸਮਾਜ ਦੇ ਸਰੋਕਾਰਾਂ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਡਮੁੱਲੀ ਹੈ।

# ਦਿਲਜੋਤ ਤੇ ਨਵਜੋਤ ਨੂੰ 'ਸਕਿਉਰਿਟੀ ਅਫਸਰ ਆਫ ਦਿ ਯੀਅਰ' ਪੁਰਸਕਾਰ

**ਆਕਲੈਂਡ:** ਆਕਲੈਂਡ ਦੇ ਨੌਰਥਸ਼ੋਰ ਦੇ ਗਲੈਨ ਫੀਲਡ ਮਾਲ ਵਿਚ ਬਤੌਰ ਸਕਿਉਰਿਟੀ ਅਧਿਕਾਰੀ ਵਜੋਂ ਸੇਵਾਵਾਂ ਨਿਭਾਅ ਰਹੇ ਦਿਲਜੋਤ ਸਿੰਘ ਅਤੇ ਨਵਜੋਤ ਸਿੰਘ ਨੂੰ ਨਿਊਜ਼ੀਲੈਂਡ ਸਕਿਉਰਿਟੀ ਐਸੋਸੀਏਸ਼ਨ ਵੱਲੋਂ 'ਸਕਿਉਰਿਟੀ ਅਫਸਰ ਆਫ ਦਿ ਯੀਅਰ' ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਦੱਸਣਯੋਗ ਹੈ ਕਿ ਦਿਲਜੋਤ ਸਿੰਘ ਗੁਰਦਾਸਪੁਰ ਦੇ ਫਤਹਿਗੜ੍ਹ ਚੂੜੀਆਂ ਅਤੇ ਨਵਤੇਜ ਸਿੰਘ ਅੰਮ੍ਰਿਤਸਰ ਦੇ ਤਲਵੰਡੀ ਨਾਹਰ ਦਾ ਵਸਨੀਕ ਹੈ। ਦੋਹਾਂ ਨੂੰ ਇਹ ਐਵਾਰਡ ਉਸ ਹਿੰਮਤ ਭਰੇ ਕਾਰਨਾਮੇ ਲਈ ਦਿੱਤਾ ਗਿਆ ਹੈ, ਜਿਸ ਵਿਚ ਇਨ੍ਹਾਂ ਵੱਲੋਂ ਇਕ ਮਹਿਲਾ ਦੀ ਜਾਨ ਬਚਾਈ ਗਈ ਸੀ, ਜੋ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਦੋਹਾਂ ਦੀ ਹੌਸਲਾ-ਅਫਜ਼ਾਈ ਕਰਦਿਆਂ ਉਨ੍ਹਾਂ ਦੇ ਮੈਨੇਜਰ ਨੇ ਕਿਹਾ ਕਿ ਉਸ ਨੇ ਸਕਿਉਰਿਟੀ ਇੰਡਸਟਰੀਜ਼ ਵਿਚ ਕੰਮ ਨੂੰ ਇੰਨੇ ਸਮਰਪਿਤ ਬੰਦੇ ਅੱਜ ਤੱਕ ਨਹੀਂ ਦੇਖੇ।



# ਬਰਗਾੜੀ ਇਨਸਾਫ ਮੋਰਚੇ ਨੇ ਕੈਪਟਨ ਸਰਕਾਰ ਦਾ ਫਿਕਰ ਵਧਾਇਆ

**ਪਟਿਆਲਾ:** ਬਰਗਾੜੀ ਇਨਸਾਫ ਮੋਰਚੇ ਦੇ ਸਿਆਸੀ ਹਾਲਾਤ ਦਿਨ ਬ ਦਿਨ ਕਰਵੱਟ ਲੈਣ ਤੋਂ ਕੈਪਟਨ ਸਰਕਾਰ ਵੀ 'ਪੰਥਕ ਸੰਕਟ' ਦੀ ਗ੍ਰਿਫਤ ਵਿਚ ਹੈ। ਮੋਰਚੇ ਨੂੰ ਚਲਾ ਰਹੇ ਪੰਥਕ ਆਗੂ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨੁਕਤਾਚੀਨੀ 'ਤੇ ਉਤਰ ਆਏ ਹਨ। ਮੋਰਚੇ ਦੇ ਹੇਠਲੇ ਆਗੂਆਂ 'ਚੋਂ ਗੁਰਸੇਵ ਸਿੰਘ ਹਰਪਾਲਪੁਰ ਨੇ ਵੀ ਮੁੱਖ ਮੰਤਰੀ ਦੀ ਮੋਰਚੇ ਖਿਲਾਫ ਅਤਿਵਾਦ ਦੇ ਨਾਂ ਹੇਠ ਕੀਤੀ ਬਿਆਨਬਾਜ਼ੀ ਦੀ ਨਿਖੇਧੀ ਕੀਤੀ ਹੈ।

ਪਿਛਲੀ ਬਾਦਲ ਸਰਕਾਰ ਵੀ ਬਰਗਾੜੀ ਕਾਂਡ ਮਗਰੋਂ ਅਜਿਹੀ ਪੰਥਕ ਸੰਕਟ 'ਚ ਘਿਰੀ ਸੀ ਕਿ ਸਰਕਾਰ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਸਿਆਸੀ ਸਥਿਤੀ ਲੀਹ ਉਤੇ ਨਹੀਂ ਪੈ ਰਹੀ। ਦੱਸਿਆ ਜਾ ਰਿਹਾ ਹੈ ਕਿ ਬਾਦਲ ਸਰਕਾਰ ਵਾਂਗ ਹੀ ਬਰਗਾੜੀ ਕਾਂਡ ਦਾ ਅਸਰ ਹੁਣ ਕੈਪਟਨ ਸਰਕਾਰ 'ਤੇ ਵੀ ਪੈਣਾ ਆਰੰਭ ਹੋ ਗਿਆ ਹੈ। ਦੱਸਣਯੋਗ ਹੈ ਕਿ ਬਰਗਾੜੀ ਮੋਰਚਾ ਜਿਹੜਾ ਕਿ 120ਵੇਂ ਦਿਨ ਪੁੱਜ ਚੁੱਕਿਆ ਹੈ, ਦੀ ਕਮਾਂਡ ਸਾਬਕਾ ਮੈਂਬਰ ਪਾਰਲੀਮੈਂਟ ਭਾਈ ਧਿਆਨ ਸਿੰਘ ਮੰਡ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਹੱਥ ਕੇਂਦਰਿਤ ਹੈ। ਮੋਰਚੇ ਦੀ ਮੰਗ ਹੈ ਕਿ ਬਰਗਾੜੀ ਕਾਂਡ ਦੇ ਦੋਸ਼ੀਆਂ ਸਣੇ ਬਾਦਲਾਂ ਖਿਲਾਫ ਕੈਪਟਨ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਕ ਠੋਸ ਕਾਰਵਾਈ ਨੂੰ ਅਮਲੀ ਰੂਪ ਦੇਵੇ। ਇਹ ਮੁੱਦਾ ਭਾਵੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਧਾਨ ਸਭਾ 'ਚ ਬਾਦਲਾਂ ਖਿਲਾਫ ਗੂੰਜ ਚੁੱਕਿਆ ਹੈ, ਪਰ ਬਰਗਾੜੀ ਮੋਰਚੇ ਦੇ ਆਗੂ ਸਰਕਾਰ ਤੋਂ ਹਾਲੇ ਨਾਖੁਸ਼ ਹੀ ਹਨ। ਲੰਘੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਰਗਾੜੀ ਮੋਰਚੇ ਨਾਲ ਜੁੜੇ ਆਗੂਆਂ ਨੂੰ ਅਤਿਵਾਦੀ ਕਹਿਣ ਤੋਂ ਦੋਵਾਂ ਧਿਰਾਂ ਦਰਮਿਆਨ ਬਣੇ ਸੁਖਾਵੇਂ ਹਾਲਾਤ ਇਕਦਮ ਪਾਸਾ ਪਲਟ ਗਏ ਹਨ।



ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਾਬਕਾ ਸੂਬਾਈ ਆਗੂ ਭਾਈ ਗੁਰਸੇਵ ਸਿੰਘ ਹਰਪਾਲਪੁਰ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਚੋਣਾਂ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮੁੱਦੇ ਉਤੇ ਪੰਥ ਨਾਲ ਕੀਤੇ ਵਾਅਦਿਆਂ ਤੋਂ ਭੱਜਣਾ ਨਹੀਂ ਚਾਹੀਦਾ। ਬਰਗਾੜੀ ਕਾਂਡ ਸਬੰਧੀ ਮੁੱਖ ਮੰਤਰੀ ਨੇ ਬਾਦਲਾਂ ਖਿਲਾਫ ਜੋ ਸੁਰ ਅਲਾਪੇ ਸਨ, ਉਸ 'ਤੇ ਪਹਿਰਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੋਰਚੇ ਦੇ ਸੰਚਾਲਕ ਭਾਈ ਧਿਆਨ ਸਿੰਘ ਮੰਡ ਮੁੱਖ ਮੰਤਰੀ ਦੇ ਅਤਿਵਾਦੀ ਕਹਿਣ ਵਾਲੇ ਬਿਆਨ ਤੋਂ ਖਫਾ ਹਨ। ਉਨ੍ਹਾਂ ਕਿਹਾ ਕਿ ਮੋਰਚੇ ਨੂੰ ਰੋਜ਼ਾਨਾ ਸੰਗਤਾਂ ਵੱਲੋਂ ਵੱਡਾ ਸਮਰਥਨ ਮਿਲ ਰਿਹਾ ਹੈ। ਉਧਰ, ਸੂਤਰਾਂ ਦਾ ਕਹਿਣਾ ਹੈ ਕਿ ਮੋਰਚੇ ਨੂੰ ਸੰਗਤ ਦੇ ਸਹਿਯੋਗ ਤੋਂ ਕੈਪਟਨ ਸਰਕਾਰ ਵੱਡੇ ਫਿਕਰ 'ਚ ਹੈ। ਸਰਕਾਰ ਅੰਦਰਖਾਤੇ ਮੋਰਚੇ ਨੂੰ ਸਮਾਪਤ ਕਰਾਉਣ ਲਈ ਵਾਹ ਲਾ ਰਹੀ ਹੈ।

# ਡਾਕਟਰ ਦੇ ਕਤਲ ਕੇਸ 'ਚ ਚਾਰ ਖਾਲਿਸਤਾਨੀ ਸਮਰਥਕ ਨਾਮਜ਼ਦ

**ਬਟਾਲਾ:** ਖਾਲਿਸਤਾਨੀ ਸਰਗਰਮੀਆਂ ਵਿਚ ਸ਼ਾਮਲ ਅਤੇ ਸਿੱਖ ਰਾਇਸ਼ੁਮਾਰੀ-2020 ਦਾ ਪ੍ਰਚਾਰ ਕਰਨ ਦੇ ਦੋਸ਼ ਵਿਚ ਜੇਲ੍ਹ 'ਚ ਬੰਦ 4 ਨੌਜਵਾਨਾਂ ਨੂੰ ਬਟਾਲਾ ਪੁਲਿਸ ਨੇ ਮਈ 2018 ਨੂੰ ਪਿੰਡ ਤਲਵੰਡੀ ਲਾਲ ਸਿੰਘ ਵਿਚ ਹੋਏ ਆਰ.ਐਮ.ਪੀ. ਡਾਕਟਰ ਦੇ ਕਤਲ ਕੇਸ ਵਿਚ ਨਾਮਜ਼ਦ ਕੀਤਾ ਹੈ।

ਚਾਰਾਂ ਮੁਲਜ਼ਮਾਂ ਨੂੰ ਬਟਾਲਾ ਪੁਲਿਸ ਨੇ ਕੇਂਦਰੀ ਜੇਲ੍ਹ ਗੁਰਦਾਸਪੁਰ ਤੋਂ ਗ੍ਰਿਫਤਾਰ ਕਰਕੇ ਪ੍ਰੋਡਕਸ਼ਨ ਵਾਰੰਟ 'ਤੇ ਬਟਾਲਾ ਲਿਆਂਦਾ। ਇਨ੍ਹਾਂ ਵਿਚ ਧਰਮਿੰਦਰ ਸਿੰਘ ਵਾਸੀ ਹਰਪੁਰਾ, ਰਵਿੰਦਰ ਸਿੰਘ ਵਾਸੀ ਦੌਲਤਪੁਰਾ, ਕ੍ਰਿਪਾਲ ਸਿੰਘ ਵਾਸੀ ਫਤਿਹਪੁਰ ਤੇ ਅੰਮ੍ਰਿਤਪਾਲ ਸਿੰਘ ਵਾਸੀ ਨਾਨਕਸਰ ਸ਼ਾਮਲ ਹਨ।

# ਕੋਈ ਡਾਲੀਆਂ 'ਚੋਂ ਲੰਘਿਆਂ ਹਵਾ ਬਣ ਕੇ...

## ਸ਼ਾਇਰ ਡਾ. ਸੁਰਜੀਤ ਪਾਤਰ ਨਾਲ ਰੁਬਰੂ

**ਗ੍ਰੀਨਵਿੱਲੇ (ਅਵਤਾਰ ਗੋਂਦਾਰਾ):** ਸਿੱਖ ਅਮਰੀਕਨ ਸੁਸਾਇਟੀ ਆਫ ਜਾਰਜੀਆ ਅਤੇ ਪੰਜਾਬ ਸਪੋਰਟਸ ਐਂਡ ਕਲਚਰ ਕਲੱਬ, ਸਾਊਥ ਕੈਰੋਲਾਈਨਾ ਦੇ ਸਾਂਝੇ ਉਦਮ ਨਾਲ ਪੰਜਾਬੀ ਸ਼ਾਇਰ ਡਾ. ਸੁਰਜੀਤ ਪਾਤਰ ਦੇ ਸਨਮਾਨ ਵਿਚ ਰੁਬਰੂ ਸਮਾਗਮ ਕਰਵਾਇਆ ਗਿਆ। ਇਸ ਮੌਕੇ ਡਾ. ਪਾਤਰ ਨੇ ਆਪਣੀ ਕਵਿਤਾ ਤੇ ਜ਼ਿੰਦਗੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ।

ਆਪਣੇ ਪ੍ਰੇਰਨਾ ਸਰੋਤਾਂ ਦੀ ਗੱਲ ਕਰਦਿਆਂ ਡਾ. ਪਾਤਰ ਨੇ ਕਿਹਾ ਕਿ ਕੁਦਰਤ, ਜ਼ਿੰਦਗੀ ਦੇ ਦੁੱਖ-ਸੁੱਖ ਅਤੇ ਕਿਤਾਬਾਂ ਉਸ ਦੀਆਂ ਪ੍ਰੇਰਕ ਰਹੀਆਂ ਹਨ। ਛੋਟੇ ਹੁੰਦਿਆਂ ਉਨ੍ਹਾਂ ਦੇ ਪਿਤਾ ਦੇ ਰੁਜ਼ਗਾਰ ਲਈ ਅਫਰੀਕਾ ਜਾਣ ਦੀ ਅਲਵਿਦਾਈ ਸਮੇਂ ਮਾਂ ਦੀਆਂ ਅੱਖਾਂ 'ਚ ਆਈ ਨਮੀ ਨੇ ਉਸ ਦੀ ਕਵਿਤਾ ਨੂੰ ਸਿੰਜਿਆ ਹੈ ਅਤੇ ਸੰਗੀਤ ਦਾ ਮੋਹ ਉਸ ਨੂੰ ਗਜ਼ਲ ਵੱਲ ਲੈ ਕੇ ਗਿਆ।

ਸਾਹਿਤ ਅਕਾਦਮੀ, ਪਦਮ ਸ੍ਰੀ, ਸਰਸਵਤੀ ਆਦਿ ਅਨੇਕਾਂ ਸਨਮਾਨਾਂ ਨਾਲ ਨਿਵਾਜੇ ਅਤੇ ਕਵਿਤਾ ਤੇ ਗੱਦ ਦੀਆਂ ਕਈ ਮੌਲਿਕ ਪੁਸਤਕਾਂ ਦੇ ਰਚੇਤਾ ਡਾ. ਪਾਤਰ ਦਾ ਪੰਜਾਬੀ ਕਵਿਤਾ ਅਤੇ ਸੰਗੀਤ ਵਿਚ ਲੱਚਰਤਾ ਦੇ ਵੱਧ ਰਹੇ ਰੁਝਾਨ ਬਾਰੇ ਕਹਿਣਾ ਸੀ ਕਿ ਸੰਗੀਤ ਦੇ 'ਸਨਅਤ' ਬਣਨ ਨਾਲ ਗੀਤ-ਗਾਇਕੀ ਵਸਤ ਬਣ ਗਏ ਹਨ ਅਤੇ ਅਜਿਹੀ ਵਸਤ ਦੀ ਕੀਮਤ ਹੁੰਦੀ ਹੈ, ਅਰਥ ਕੋਈ ਨਹੀਂ ਹੁੰਦਾ।

ਡਾ. ਸੁਰਜੀਤ ਪਾਤਰ ਨੇ ਆਪਣੀ ਚਰਚਿਤ ਗਜ਼ਲ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬ੍ਰਿਖ ਵਾਲੀ ਹਾਅ ਬਣ ਕੇ' ਨਾਲ ਕੀਤੀ ਅਤੇ ਬਾਅਦ ਵਿਚ 'ਦਿਲ ਹੀ ਉਦਾਸ ਹੈ, ਬਾਕੀ ਸਭ ਖੈਰ ਹੈ', 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ', 'ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ' ਆਦਿ ਕਵਿਤਾਵਾਂ ਨਾਲ ਸਰੋਤਿਆਂ ਨੂੰ ਕੋਈ ਦੋ ਘੰਟੇ ਬੰਨੀ ਰੱਖਿਆ।




ਡਾ. ਪਾਤਰ ਨੇ ਗਾਰਸ਼ੀਆ ਲੋਰਕਾ ਦੇ ਦੁਖਾਂਤ ਨਾਟਕਾਂ, ਕੰਨੜ ਭਾਸ਼ਾ ਦੇ ਗੀਰੀਸ਼ ਕਰਨਾਡ ਦੇ ਨਾਟਕ 'ਨਾਗ ਮੰਡਲ', ਬੇਰੋਲਤ ਬਰੈਖਤ ਅਤੇ ਪਾਬਲੋ ਨਾਰੂਦਾ ਦੀਆਂ ਕਵਿਤਾਵਾਂ ਦੇ ਅਨੁਵਾਦ ਨਾਲ, ਪੰਜਾਬੀ ਪਾਠਕਾਂ ਦੇ ਦੂਜੀਆ ਭਾਸ਼ਾਵਾਂ ਦੇ ਮਹਾਨ ਸਾਹਿਤ ਵੱਲ ਦਰ ਖੋਲ੍ਹੇ। ਉਨ੍ਹਾਂ ਬਾਬਾ ਫਰੀਦ ਅਤੇ ਕਵੀ ਸ਼ਿਵ ਕੁਮਾਰ ਬਟਾਲਵੀ ਬਾਰੇ ਬਣੀਆਂ ਟੈਲੀ ਫਿਲਮਾਂ ਦੀ ਪਟਕਥਾ ਵੀ ਲਿਖੀ ਹੈ। ਰੁਬਰੂ ਦੇ ਸ਼ੁਰੂ ਵਿਚ ਜਦੋਂ ਉਨ੍ਹਾਂ ਨੂੰ ਉਨ੍ਹਾਂ ਦੇ ਸ਼ਿਅਰ, 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਵਿਦੇਸ਼ ਫੇਰੀਆਂ ਬਾਰੇ ਹੁਣ ਓਪਰਾ ਨਹੀਂ ਲਗਦਾ ਕਿ ਬਿਗਾਨੇ ਮੁਲਕ ਵਿਚ ਫਿਰਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਧਰਤੀ ਦੇ ਹਰ ਕੋਨੇ ਵਿਚ ਨਿੱਕੇ ਨਿੱਕੇ 'ਪੰਜਾਬ' ਵਸਾ ਲਏ ਹਨ।

ਆਪਣੇ ਇਕ ਸ਼ਿਅਰ, 'ਜੇ ਆਈ ਪੱਤਝੜ ਤਾਂ ਫੇਰ ਕੀ ਏ, ਤੂੰ ਅਗਲੀ ਰੁੱਤ 'ਤੇ ਯਕੀਨ ਰੱਖੀਂ, ਮੈਂ ਲੱਭ ਕੇ ਲਿਆਉਨਾਂ ਕਿਤੋਂ ਕਲਮਾਂ, ਤੂੰ ਫੁੱਲਾਂ ਜੋਗੀ ਜਮੀਨ ਰੱਖੀਂ' ਨਾਲ ਡਾ. ਸੁਰਜੀਤ ਪਾਤਰ ਨੇ ਇਸ ਰੁਬਰੂ ਦੀ ਸਮਾਪਤੀ ਕੀਤੀ।

ਇਸ ਤੋਂ ਪਹਿਲਾਂ ਮੰਚ ਸੰਚਾਲਕ ਸੁਰਿੰਦਰ ਲਾਲੀ ਨੇ ਡਾ. ਪਾਤਰ ਨੂੰ 'ਆਪਣੇ ਪਿੰਡ ਪੱਤੜ ਕਲਾਂ ਤੋਂ ਬਣੇ ਸੁਰਜੀਤ ਪਾਤਰ, ਫਿਰ ਸਭਿਆਚਾਰ ਦੇ ਪਾਤਰ, ਸਤਿਕਾਰ ਦੇ ਪਾਤਰ ਅਤੇ ਫ਼ੇਕੜ ਨੂੰ ਵਿਸ਼ਵਾਸ ਦੇ ਪਾਤਰ' ਵਜੋਂ ਨਿਵਾਜਿਆ।

ਸਮਾਗਮ ਦੀ ਕਾਮਯਾਬੀ ਲਈ ਦੋਹਾਂ ਸੰਸਥਾਵਾਂ ਦੇ ਨੁਮਾਇੰਦਿਆਂ-ਨਰਦੇਵ ਸਿੰਘ, ਪ੍ਰੋ. ਅਵਤਾਰ ਸਿੰਘ, ਡਾ. ਸਵਰਨਜੀਤ ਸਿੰਘ, ਸਰਪ੍ਰੀਤ ਸਿੰਘ ਗਿੱਲ, ਮਨਜੀਤ ਸਿੰਘ ਚਾਹਲ, ਸ਼ਮਸ਼ੇਰ ਸਿੰਘ, ਸੁਰਿੰਦਰ ਲਾਲੀ, ਰਵਿੰਦਰ ਰੰਧਾਵਾ, ਸੁਰਜੀਤ ਗੁਰਾਇਆ ਅਤੇ ਸਤਨਾਮ ਸਿੰਘ ਨੇ ਨੁਮਾਇਆ ਰੋਲ ਅਦਾ ਕੀਤਾ।

# ਅਮਰੀਕੀ ਗਰੀਨ ਕਾਰਡ ਦੇ ਚਾਹਵਾਨਾਂ ਨੂੰ ਛੱਡਣੀ ਪਵੇਗੀ ਸਰਕਾਰੀ ਸਹਾਇਤਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਅਜਿਹੇ ਨਵੇਂ ਨਿਯਮ ਤਿਆਰ ਕੀਤੇ ਹਨ ਜਿਸ ਤਹਿਤ ਉਨ੍ਹਾਂ ਪਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ ਭੋਜਨ ਅਤੇ ਨਕਦ ਸਹਾਇਤਾ ਤਹਿਤ ਹੋਰ ਤਰ੍ਹਾਂ ਦੀ ਸਰਕਾਰੀ ਸਹਾਇਤਾ ਦਾ ਲਾਭ ਉਠਾਇਆ ਹੈ ਜਾਂ ਜੋ ਇਸ ਦਾ ਲਾਭ ਲੈ ਸਕਦੇ ਹਨ। ਇਸ ਨਵੇਂ ਨਿਯਮ ਨਾਲ ਅਮਰੀਕਾ ਵਿਚ ਰਹਿ ਰਹੇ ਹਜ਼ਾਰਾਂ ਭਾਰਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ।

ਗ੍ਰਹਿ ਮੰਤਰੀ ਨੇ ਇਸ ਪ੍ਰਸਤਾਵਿਤ ਨਿਯਮਾਂ 'ਤੇ 21 ਸਤੰਬਰ ਨੂੰ ਹਸਤਾਖਰ ਕੀਤੇ ਹਨ ਅਤੇ ਇਸ ਨੂੰ ਮੰਤਰਾਲੇ (ਡੀ.ਐਚ.ਐਸ.) ਦੀ ਵੈੱਬਸਾਈਟ ਉਤੇ ਪਾਇਆ ਗਿਆ ਹੈ। ਉਥੇ ਸਿਲੀਕਾਨ ਵੈਲੀ ਵਿਚ ਸਥਿਤ ਟੈਕ-ਇੰਡਸਟਰੀ ਅਤੇ ਸਿਆਸਤਦਾਨਾਂ ਨੇ ਇਸ ਦੀ ਆਲੋਚਨਾ ਕੀਤੀ ਹੈ। ਨਿਯਮ ਮੁਤਾਬਕ ਅਜਿਹੇ ਪਰਵਾਸੀ ਜੋ ਆਪਣੀ ਸਥਿਤੀ ਅਤੇ ਵੀਜ਼ਾ ਵਿਚ ਬਦਲਾਅ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਨਿਸ਼ਚਿਤ ਕਰਨਾ ਹੋਵੇਗਾ ਕਿ ਉਹ ਕਿਸੇ ਵੇਲੇ ਵੀ ਸਰਕਾਰੀ ਸਹਾਇਤਾ ਨਹੀਂ ਲੈਣਗੇ।

# ਭਾਰਤੀ ਮਹਿਲਾਵਾਂ ਤੋਂ ਰੁਜ਼ਗਾਰ ਖੁੱਸੇਗਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਇਕ ਫੈਡਰਲ ਅਦਾਲਤ ਨੂੰ ਦੱਸਿਆ ਹੈ ਕਿ ਐਚ-4 ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਰੱਦ ਕਰਨ ਦਾ ਫੈਸਲਾ ਤਿੰਨ ਕੁ ਮਹੀਨਿਆਂ 'ਚ ਲਏ ਜਾਣ ਦੀ ਆਸ ਹੈ। ਸਰਕਾਰ ਦੀ ਇਸ ਕਾਰਵਾਈ ਦਾ ਭਾਰਤੀ ਮਹਿਲਾ ਪਰਵਾਸੀਆਂ 'ਤੇ ਖਾਸਾ ਅਸਰ ਪੈਣ ਦੇ ਆਸਾਰ ਹਨ ਕਿਉਂਕਿ ਓਬਾਮਾ ਪ੍ਰਸ਼ਾਸਨ ਵੇਲੇ ਜਾਰੀ ਕੀਤੇ ਇਨ੍ਹਾਂ ਵੀਜ਼ਿਆਂ ਦਾ ਵੱਡਾ ਲਾਭ ਭਾਰਤੀ ਮਹਿਲਾਵਾਂ ਨੂੰ ਮਿਲਿਆ ਸੀ।




ਐਚ-4 ਵੀਜ਼ੇ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਐਚ-1ਬੀ ਵੀਜ਼ਾ ਧਾਰਕਾਂ ਦੇ ਨੇੜਲੇ ਪਰਿਵਾਰਕ ਜੀਆਂ (ਜੀਵਨ ਸਾਥੀ ਤੇ 21 ਸਾਲ ਤੋਂ ਘੱਟ ਉਮਰ ਦੇ ਬੱਚੇ) ਨੂੰ ਜਾਰੀ ਕੀਤੇ ਗਏ ਸਨ। ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ (ਡੀ.ਐਚ.ਐਸ.) ਵੱਲੋਂ ਕੋਲੰਬੀਆ ਦੀ ਜ਼ਿਲ੍ਹਾ ਅਦਾਲਤ ਵਿਚ ਦਾਖਲ ਕਰਵਾਏ ਆਪਣੇ ਜਵਾਬ ਵਿਚ ਕਿਹਾ ਗਿਆ ਹੈ ਕਿ 'ਉਸ ਵੱਲੋਂ ਐਚ-1ਬੀ ਗੈਰ ਆਵਾਸੀਆਂ ਦੇ ਕੁਝ ਐਚ-4 ਜੀਵਨ ਸਾਥੀਆਂ ਬਾਰੇ ਨੇਮ ਹਟਾ ਕੇ ਉਨ੍ਹਾਂ ਨੂੰ ਨੌਕਰੀ ਲਈ ਅਯੋਗ ਕਰਾਰ ਦੇਣ ਦੀ ਤਜਵੀਜ਼ ਹੈ। ਇਸ ਤੋਂ ਪਹਿਲਾਂ ਡੀ.ਐਚ.ਐਸ. ਵੱਲੋਂ ਲੰਘੀ 28 ਫਰਵਰੀ, 22 ਮਈ ਤੇ 20 ਅਗਸਤ ਨੂੰ ਸਟੇਟਸ ਰਿਪੋਰਟ ਦਾਖਲ ਕਰਵਾਈ ਗਈ ਸੀ।

# ਕਿਥੇ ਗਈਆਂ ਬਲਬੀਰ ਸਿੰਘ ਦੀਆਂ ਯਾਦਗਾਰੀ ਖੇਡ ਨਿਸ਼ਾਨੀਆਂ?

ਬਲਬੀਰ ਸਿੰਘ ਸੀਨੀਅਰ ਦੇ 36 ਮੈਡਲ, ਓਲੰਪਿਕ ਜੇਤੂ ਭਾਰਤੀ ਟੀਮ ਦੀ ਕਪਤਾਨੀ ਦਾ ਬਲੇਜ਼ਰ ਤੇ 100 ਯਾਦਗਾਰੀ ਫੋਟੋ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੇ ਅਦਾਰੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਵੱਲੋਂ 'ਗੁਆ/ਚੁਰਾ' ਦੇਣ ਦੀ 'ਬ੍ਰੇਕਿੰਗ ਨਿਊਜ਼' ਆਈ ਹੈ। 1985 'ਚ 'ਸਾਈ' ਨੇ ਆਪਣੇ ਖੇਡ ਮਿਊਜ਼ੀਅਮ ਵਿਚ ਸਜਾਉਣ ਲਈ ਬਲਬੀਰ ਸਿੰਘ ਤੋਂ ਖੇਡ ਨਿਸ਼ਾਨੀਆਂ ਮੰਗੀਆਂ ਸਨ, ਜੋ ਉਸ ਨੇ

**ਪ੍ਰਿੰ. ਸਰਵਣ ਸਿੰਘ**

ਟਰੇਅ ਵਿਚ ਰੱਖ ਕੇ ਸਾਈ ਦੇ ਸੈਕਟਰੀ ਸ੍ਰੀ ਤਲਵਾੜ ਨੂੰ ਭੇਟ ਕੀਤੀਆਂ ਸਨ। ਮੈਡਲਾਂ ਨਾਲ ਭਰੀ ਟਰੇਅ ਭੇਟ ਕਰਨ ਦੀ ਫੋਟੋ ਅਜੇ ਵੀ ਉਸ ਪਾਸ ਮੌਜੂਦ ਹੈ ਪਰ ਪਿਛਲੇ 6 ਸਾਲਾਂ ਤੋਂ ਉਹਦੀਆਂ ਖੇਡ ਨਿਸ਼ਾਨੀਆਂ ਲੱਭ ਨਹੀਂ ਰਹੀਆਂ।

ਬਲਬੀਰ ਸਿੰਘ ਸਾਧਾਰਨ ਖਿਡਾਰੀ ਨਹੀਂ। ਓਲੰਪਿਕ ਖੇਡਾਂ ਦੇ ਇਤਿਹਾਸ ਦਾ ਉਹ ਆਦਰਸ਼ਕ ਹਾਕੀ ਖਿਡਾਰੀ ਮੰਨਿਆ ਗਿਆ ਹੈ। 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ ਓਲੰਪਿਕ ਸਫਰ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ, ਉਨ੍ਹਾਂ ਵਿਚ ਹਿੰਦ ਮਹਾਂਦੀਪ ਦਾ ਕੇਵਲ ਬਲਬੀਰ ਸਿੰਘ ਹੀ ਚੁਣਿਆ ਗਿਆ ਸੀ।

ਓਲੰਪਿਕ ਖੇਡਾਂ ਦੇ ਤਿੰਨ ਗੋਲਡ ਮੈਡਲ, ਏਸ਼ਿਆਈ ਖੇਡਾਂ ਦਾ ਇਕ ਅਤੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਸੱਤ ਮੈਡਲ ਤੇ ਵਿਸ਼ਵ ਹਾਕੀ ਕੱਪ ਜਿਤਾਉਣ ਵਾਲੇ ਬਲਬੀਰ ਸਿੰਘ ਸੀਨੀਅਰ ਨੂੰ ਕਿਸੇ ਸਰਕਾਰ ਨੇ ਕੋਈ ਵਿਸ਼ੇਸ਼ ਇਨਾਮ ਸਨਮਾਨ ਤਾਂ ਕੀ ਦੇਣਾ ਸੀ, ਉਲਟਾ ਸਪੋਰਟਸ ਅਥਾਰਟੀ ਆਫ ਇੰਡੀਆ ਨੇ ਉਹਦੀਆਂ ਅਨਮੋਲ ਖੇਡ ਨਿਸ਼ਾਨੀਆਂ ਵੀ 'ਗੁਆ' ਜਾਂ 'ਪਾਸੇ' ਕਰ ਦਿੱਤੀਆਂ। ਇਹ ਹਾਲ ਹੈ, ਭਾਰਤੀ ਹਾਕੀ ਦੀ ਅਨਮੋਲ ਵਿਰਾਸਤ ਨੂੰ ਸਾਂਭਣ ਦਾ!

ਹਿੰਦ-ਚੀਨ ਜੰਗ ਸਮੇਂ ਬਲਬੀਰ ਸਿੰਘ ਨੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕਰ ਦਿੱਤੇ ਸਨ। ਇਹ ਤਾਂ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੀ ਦੂਰਅੰਦੇਸ਼ੀ ਸੀ ਕਿ ਉਸ ਨੇ ਮੈਡਲ ਸੰਭਾਲ ਰੱਖੇ ਤੇ ਬਲਬੀਰ ਸਿੰਘ ਨੂੰ ਮੋੜ ਦਿੱਤੇ। ਜੇ ਉਹ ਵੀ 'ਸਾਈ' ਨੂੰ ਦਿੱਤੇ ਹੁੰਦੇ ਤਾਂ ਉਹ ਵੀ 'ਜਾਂਦੇ' ਰਹਿਣੇ ਸਨ!

95 ਸਾਲਾਂ ਦਾ ਬਲਬੀਰ ਸਿੰਘ ਹੁਣ 'ਗੋਲਡਨ ਗੋਲ' ਦੇ ਦੌਰ ਵਿਚ ਹੈ। ਜੀਵਨ ਖੇਡ ਦੇ ਅੰਤਲੇ ਦੌਰ ਵਿਚ। 85 ਸਾਲ ਦੀ ਉਮਰ ਵਿਚ ਉਸ ਨੇ ਹਾਕੀ ਬਾਰੇ 'ਦੀ ਗੋਲਡਨ ਯਾਰਡਸਟਿਕ' ਪੁਸਤਕ ਲਿਖੀ ਸੀ। ਉਸ ਦਾ ਮੁੱਖ ਬੰਦ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਸਾਬਕਾ ਪ੍ਰਧਾਨ ਯੈਕ ਰੋਗ ਨੇ ਲਿਖਿਆ, "ਇਕ ਓਲੰਪੀਅਨ ਵਜੋਂ ਮੈਨੂੰ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਲੀਜੈਂਡਰੀ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਪੁਸਤਕ ਦਾ ਮੁੱਖ ਬੰਦ ਲਿਖਦਿਆਂ ਖੁਸ਼ੀ ਹੋ ਰਹੀ ਹੈ। ਸਾਡੇ ਸਮੇਂ ਦੇ ਖਿਡਾਰੀਆਂ, ਟੀਮ ਕਪਤਾਨਾਂ, ਕੋਚਾਂ ਤੇ ਮੈਨੇਜਰਾਂ ਨੇ ਬਲਬੀਰ ਸਿੰਘ ਨੂੰ ਹਾਕੀ ਦਾ ਸਰਬੋਤਮ ਖਿਡਾਰੀ ਮੰਨਿਆ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਨਾਲ ਬਲਬੀਰ ਸਿੰਘ ਨੇ ਹਾਕੀ ਨਾਲ ਆਪਣਾ ਸੱਚਾ ਸਨੇਹ ਜਤਾਇਆ ਹੈ ਤੇ ਹਾਕੀ ਦਾ ਸੰਦੇਸ਼ ਭਾਰਤ ਤੇ ਭਾਰਤ ਤੋਂ ਬਾਹਰ ਸਾਰੀ ਦੁਨੀਆਂ ਤਕ ਪੁਚਾਇਆ ਹੈ। ਹਾਕੀ ਨਾਲ ਉਸ ਦੀ ਲਗਨ ਅਤੇ ਖੇਡਾਂ ਦੀਆਂ ਕਦਰਾਂ ਨਾਲ ਪਿਆਰ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਦੇ ਰਹਿਣਗੇ। ਦੇਸ਼



ਬਲਬੀਰ ਸਿੰਘ ਸੀਨੀਅਰ

ਵਿਦੇਸ਼ ਦੇ ਬੱਚੇ ਤੇ ਨੌਜੁਆਨ ਉਸ ਦੇ ਵਿਖਾਏ ਖੇਡ ਮਾਰਗ 'ਤੇ ਚੱਲਣਗੇ। ਓਲੰਪਿਕ ਲਹਿਰ ਬਲਬੀਰ ਸਿੰਘ ਜਿਹੇ ਖਿਡਾਰੀਆਂ ਦੀ ਰਿਣੀ ਹੈ, ਜਿਨ੍ਹਾਂ ਨੇ 20ਵੀਂ ਸਦੀ ਦੇ ਖੇਡ ਇਤਿਹਾਸ ਨੂੰ ਸੁਨਹਿਰੀ ਬਣਾਇਆ।"

ਏਧਰ 'ਸਾਈ' ਦੇ ਸੈਕਟਰੀ ਤੇ ਐਨ. ਆਈ. ਐਸ. ਦੇ ਸਟਾਫ ਦਾ 'ਕਾਰਨਾਮਾ' ਵੇਖੋ ਕਿ ਅਗਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਦੇਣ ਵਾਲੀਆਂ ਮਹਾਨ ਖਿਡਾਰੀ ਦੀਆਂ ਅਨਮੋਲ ਨਿਸ਼ਾਨੀਆਂ ਹੀ 'ਗਾਇਬ' ਕਰ ਦਿੱਤੀਆਂ। ਉਨ੍ਹਾਂ ਦੇ 'ਗਾਇਬ' ਹੋਣ ਦਾ ਪਤਾ ਤਦ ਲੱਗਾ ਜਦ 2012 ਵਿਚ ਲੰਡਨ ਓਲੰਪਿਕ ਦੇ ਮਿਊਜ਼ੀਅਮ ਲਈ ਬਲਬੀਰ ਸਿੰਘ ਦਾ 1956 ਵਾਲਾ ਬਲੇਜ਼ਰ ਮੰਗਵਾਇਆ ਗਿਆ। ਬਲੇਜ਼ਰ ਕੀ, ਉਹਦੀ ਕੋਈ ਵੀ ਨਿਸ਼ਾਨੀ 'ਸਾਈ' ਕੋਲੋਂ ਨਹੀਂ ਮਿਲੀ। ਬਲਬੀਰ ਸਿੰਘ ਤੇ ਉਹਦਾ ਪਰਿਵਾਰ 6 ਸਾਲਾਂ ਤੋਂ ਉਨ੍ਹਾਂ ਖੇਡ ਨਿਸ਼ਾਨੀਆਂ ਦੀ ਭਾਲ ਵਿਚ ਭਟਕ ਰਿਹੈ। ਦਿੱਲੀ ਵਾਲੇ ਕਹਿ ਦਿੰਦੇ ਹਨ, ਪਟਿਆਲੇ ਭੇਜ ਦਿੱਤੀਆਂ ਸਨ ਪਰ ਪਟਿਆਲੇ ਵਾਲੇ ਕਹਿੰਦੇ ਹਨ, ਸਾਡੇ ਕੋਲ ਪੁੱਜੀਆਂ ਹੀ ਨਹੀਂ। ਆਖਰ ਉਹ ਹੈਨ ਕਿੱਥੇ? ਆਖਰ ਪਟਿਆਲਾ ਪੁਲਿਸ ਕੋਲ ਐਫ. ਆਈ. ਆਰ. ਦਰਜ ਕਰਵਾਈ ਹੈ।

ਪਿਛੇ ਜਿਹੇ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਦੇਣ ਦੀ ਸਿਫਾਰਸ਼ ਕੀਤੀ ਸੀ ਜਿਸ ਦਾ ਉਹ ਸਹੀ ਹੱਕਦਾਰ ਹੈ। ਉਸ ਦੀਆਂ ਪ੍ਰਾਪਤੀਆਂ ਹਾਕੀ ਦੇ ਜਾਦੂਗਰ ਧਿਆਨ ਚੰਦ ਤੋਂ ਵੀ ਬਿਹਤਰ ਹਨ। ਇਹ ਤੱਥ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਵੀ ਤਸਲੀਮ ਕੀਤਾ ਹੈ। ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਲਈ ਐਂਗਲੋ ਇੰਡੀਅਨ ਖਿਡਾਰੀਆਂ ਦੇ ਸਹਿਯੋਗ ਨਾਲ ਤਿੰਨ ਗੋਲਡ ਮੈਡਲ ਜਿੱਤੇ ਤੇ ਯੂਨੀਅਨ ਜੈਕ ਝੁਲਾਏ ਜਦ ਕਿ ਬਲਬੀਰ ਸਿੰਘ ਨੇ ਆਜ਼ਾਦ ਭਾਰਤ ਲਈ ਤਿੰਨ ਗੋਲਡ ਮੈਡਲ ਜਿੱਤੇ ਤੇ ਤਿਰੰਗੇ ਲਹਿਰਾਏ। ਉਹ ਦੋ ਓਲੰਪਿਕਸ ਵਿਚ ਭਾਰਤੀ ਖੇਡ ਦਲਾਂ ਦਾ ਝੰਡਾਬਰਦਾਰ ਬਣਿਆ। ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਅਜੇ ਵੀ ਉਹਦੇ ਨਾਂ ਬੋਲਦੈ।

ਓਲੰਪਿਕ ਖੇਡਾਂ ਵਿਚ ਤਿੰਨ ਗੋਲਡ ਮੈਡਲ ਤੇ ਏਸ਼ਿਆਈ ਖੇਡਾਂ ਵਿਚ ਇਕ ਸਿਲਵਰ ਮੈਡਲ ਜਿੱਤਣ ਤੋਂ ਬਿਨਾ ਬਲਬੀਰ ਸਿੰਘ ਨੇ ਭਾਰਤੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿੱਤਿਆ ਤੇ ਸੱਤ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਦੋ ਪੁਸਤਕਾਂ ਲਿਖੀਆਂ, ਜਿਨ੍ਹਾਂ 'ਚ ਇਕ ਹਾਕੀ ਦੀ ਕੋਚਿੰਗ ਬਾਰੇ ਹੈ। ਮੇਜਰ ਧਿਆਨ ਚੰਦ ਬ੍ਰਿਟਿਸ਼ ਆਰਮੀ ਦੇ ਫੌਜੀ ਦਾ ਪੁੱਤਰ ਸੀ, ਬਲਬੀਰ ਸਿੰਘ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਜੇਲ੍ਹਾਂ ਕੱਟਣ ਵਾਲੇ ਪਿਤਾ ਦਾ ਪੁੱਤਰ ਹੈ।

ਬਲਬੀਰ ਸਿੰਘ ਦੇ ਮੈਡਲ, ਬਲੇਜ਼ਰ ਤੇ ਫੋਟੋਗਰਾਫ 'ਗਾਇਬ' ਕਰਨ ਪਿੱਛੇ ਕਿਤੇ ਕੋਈ ਸਾਜ਼ਿਸ਼ ਤਾਂ ਨਹੀਂ? ਭਾਰਤ ਦੇ ਖੇਡ ਮੰਤਰੀ ਨੂੰ ਇਸ ਸਾਜ਼ਿਸ਼ ਦੀ ਪੂਰੀ ਪੜਤਾਲ ਕਰਵਾਉਣੀ ਚਾਹੀਦੀ ਹੈ। ਬਲਬੀਰ ਸਿੰਘ ਦਾ ਕਹਿਣਾ ਹੈ ਕਿ ਮੇਰੀਆਂ ਖੇਡ ਨਿਸ਼ਾਨੀਆਂ 'ਗੁਆ' ਦੇਣਾ ਮੇਰੇ ਸਭ ਤੋਂ ਨੇੜਲੇ ਰਿਸ਼ਤੇਦਾਰ/ਮਿੱਤਰ ਦੇ ਮਰ ਜਾਣ ਵਾਂਗ ਹੈ! ਕੀ ਭਾਰਤ ਦੇ ਲੋਕ, ਵਿਸ਼ਵ ਦੇ ਅੱਵਲ ਨੰਬਰ ਤੇ ਸਭ ਤੋਂ ਸੀਨੀਅਰ ਭਾਰਤੀ ਖਿਡਾਰੀ ਦਾ ਦੁੱਖ-ਦਰਦ ਮਹਿਸੂਸ ਕਰਦੇ ਹਨ?

# ਕੁੜੀਆਂ ਦੇ ਕਬੱਡੀ ਕੋਚ ਮੁਹਿੰਦਰ ਸਿੱਧੂ ਨਾਲ ਦੋ ਗੱਲਾਂ

**ਮੁਲਾਕਾਤ**

**ਸ਼ਿਕਾਗੋ:** ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਸਤੰਬਰ ਦੇ ਸ਼ੁਰੂ ਵਿਚ ਕਰਵਾਏ ਗਏ ਖੇਡ ਤੇ ਸਭਿਆਚਾਰਕ ਮੇਲੇ ਦੌਰਾਨ ਅਮਰੀਕਾ ਤੇ ਮੈਕਸੀਕੋ ਦੀਆਂ ਕੁੜੀਆਂ ਦੀਆਂ ਟੀਮਾਂ ਵਿਚਾਲੇ ਕਬੱਡੀ ਮੈਚ ਦਰਸ਼ਕਾਂ ਲਈ ਖਾਸ ਖਿੱਚ ਦਾ ਕਾਰਨ ਬਣਿਆ। ਦਿਲਚਸਪ ਗੱਲ ਇਹ ਸੀ ਕਿ ਦੋਹਾਂ ਹੀ ਟੀਮਾਂ ਦਾ ਕੋਚ ਮੁਹਿੰਦਰ ਸਿੰਘ ਸਿੱਧੂ ਸੀ। ਇਸ ਮੌਕੇ ਸ. ਸਿੱਧੂ ਨਾਲ ਕੁੜੀਆਂ ਦੀ ਕਬੱਡੀ ਬਾਰੇ ਕੁਝ ਗੱਲਾਂ ਹੋਈਆਂ ਜੋ ਪਾਠਕਾਂ ਦੀ ਨਜ਼ਰ ਹਨ:

ਮੁਹਿੰਦਰ ਸਿੰਘ ਸਿੱਧੂ ਨੂੰ ਪੁਛਿਆ ਕਿ ਉਨ੍ਹਾਂ ਦਾ ਕਬੱਡੀ ਮੇਲੇ ਨਾਲ ਜੁੜਨ ਦਾ ਸੱਬਬ ਕਿਵੇਂ ਬਣਿਆ ਤਾਂ ਉਨ੍ਹਾਂ ਕਿਹਾ ਕਿ ਉਹ 1992 ਵਿਚ ਨਿਊ ਯਾਰਕ ਸਪੋਰਟਸ ਕਲੱਬ ਦੇ ਕੈਸ਼ੀਅਰ ਸਨ। 2001 ਇਹ ਸੰਸਥਾ ਦੇ ਦੋ ਭਾਗ ਹੋ ਗਏ ਤੇ ਉਹ ਅਮੈਰੀਕਨ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਬਣੇ ਤੇ ਇਕ ਹੋਰ ਸੰਸਥਾ ਪੰਜਾਬੀ ਵਿਰਸਾ ਕਲੱਬ, ਨਿਊ ਯਾਰਕ ਦੇ ਉਹ ਮੌਜੂਦਾ ਪ੍ਰਧਾਨ ਹਨ।

ਕੁੜੀਆਂ ਦੀ ਅਮੈਰੀਕਨ ਕਬੱਡੀ ਟੀਮ ਬਣਾਉਣ ਤੇ ਉਸ ਦੀ ਕੋਚਿੰਗ ਬਾਰੇ ਉਨ੍ਹਾਂ ਦੱਸਿਆ ਕਿ ਇਹ ਸਭ ਪਰਮਾਤਮਾ ਦੀ ਮਿਹਰ ਸਦਕਾ ਹੈ। ਇੰਗਲੈਂਡ ਵਿਚ ਅਸ਼ੋਕ ਦਾਸ ਇੰਗਲੈਂਡ ਦੀ ਟੀਮ ਦੇ ਕੋਚ ਸਨ, ਅਸੀ ਸ਼ੋਅ ਮੈਚ ਬਾਰੇ ਗੱਲ ਕੀਤੀ ਪਰ ਇੰਗਲੈਂਡ ਦੀ ਇਸ ਟੀਮ ਵਿਚ ਪੁਲਿਸ ਤੇ ਆਰਮੀ ਦੀਆਂ ਕੁੜੀਆਂ ਸਨ ਤੇ ਇਹ ਨੈਸ਼ਨਲ ਸਟਾਈਲ ਕਬੱਡੀ ਖੇਡਦੀਆਂ ਸਨ। ਜਦੋਂ 2007 ਵਿਚ ਕੈਨੇਡਾ ਕਬੱਡੀ ਟੂਰਨਾਮੈਂਟਾਂ ਵਿਚ ਪੀਲ ਪੁਲਿਸ ਕੁੜੀਆਂ ਦਾ ਸ਼ੋਅ ਮੈਚ ਹੋਇਆ ਤਾਂ ਦਰਸ਼ਕਾਂ ਨੇ ਬਹੁਤ ਦਿਲਚਸਪੀ ਦਿਖਾਈ ਤੇ ਟੀਮ ਦੀ ਬਹੁਤ ਹੌਸਲਾ ਹਫਜ਼ਾਈ ਕੀਤੀ। ਮੈਂ ਅਮਰੀਕਾ ਵਿਚ ਕੁੜੀਆਂ ਦੀ ਟੀਮ ਬਣਾਉਣ ਦੀ ਸੋਚੀ ਤੇ 2008 ਵਿਚ ਇਹ ਟੀਮ ਬਣ ਗਈ।

ਇਹ ਪੁੱਛੇ ਜਾਣ 'ਤੇ ਕਿ ਮੈਕਸੀਕੋ ਟੀਮ ਦੇ ਵੀ ਤੁਸੀਂ ਕੋਚ ਹੋ, ਉਹ ਕਿਸ ਤਰ੍ਹਾਂ ਹੋਂਦ ਵਿਚ ਆਈ? ਉਨ੍ਹਾਂ ਦੱਸਿਆ ਕਿ ਅਮਰੀਕਾ ਟੀਮ ਤੋਂ ਬਾਅਦ ਕੁਝ ਹੋਰ ਅੰਤਰਰਾਸ਼ਟਰੀ ਕਬੱਡੀ ਖਿਡਾਰਨਾਂ ਨਾਲ ਰਾਬਤਾ ਹੋਇਆ। ਮੈਕਸੀਕੋ ਵਿਚ ਇਕ ਪੰਜਾਬਣ ਇਨ੍ਹਾਂ ਕੁੜੀਆਂ ਨੂੰ ਖੇਡਣ ਲਈ ਤਿਆਰ ਕਰ ਰਹੀ ਸੀ। ਰਾਬਤਾ ਕਾਇਮ ਕਰਕੇ ਇਸ ਟੀਮ ਦੀ ਕੋਚਿੰਗ ਕੀਤੀ।



ਮੁਹਿੰਦਰ ਸਿੰਘ ਸਿੱਧੂ (ਖੱਬਿਓਂ ਛੇਵੇਂ ਹਰੀ ਟੀ-ਸ਼ਰਟ) ਮੈਕਸੀਕੋ ਅਤੇ ਅਮਰੀਕਾ ਦੀਆਂ ਕੁੜੀਆਂ ਦੀਆਂ ਟੀਮਾਂ ਨਾਲ

2011 ਦੇ ਵਰਲਡ ਕਬੱਡੀ ਕੱਪ ਵਿਚ ਅਮਰੀਕਾ, ਇੰਗਲੈਂਡ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ ਤੇ ਇੰਡੀਆ ਦੀ ਟੀਮ ਖਿਲਾਫ ਚੰਗੀ ਖੇਡ ਦਿਖਾਈ ਸੀ। ਅਗਲੇ ਟੂਰਨਾਮੈਂਟ ਵਿਚ ਅਸੀਂ ਮੈਕਸੀਕੋ ਦੀ ਟੀਮ ਵੀ ਸ਼ਾਮਿਲ ਕਰ ਲਈ। ਦਰਸ਼ਕਾਂ ਤੋਂ ਇਨ੍ਹਾਂ ਟੀਮਾਂ ਨੂੰ ਚੰਗਾ ਹੁੰਗਾਰਾ ਮਿਲਿਆ। ਤੁਸੀ ਅੰਦਾਜ਼ਾ ਲਾ ਸਕਦੇ ਹੋ ਕਿ 2016 ਵਰਲਡ ਕੱਪ ਤੇ ਹੋਰ ਮੈਚਾਂ ਵਿਚ ਅਮਰੀਕਾ ਟੀਮ ਦੀ ਕਪਤਾਨ ਹਰੀ ਗੁਰ ਅੰਮ੍ਰਿਤ ਖਾਲਸਾ 2 ਵਾਰ ਬੈਸਟ ਰੇਡਰ ਚੁਣੀ ਗਈ। ਉਸ ਨੂੰ 5 ਲੀਗ ਮੈਚਾਂ ਵਿਚ ਇਕ ਵੀ ਜੱਫਾ ਨਹੀਂ ਲੱਗਾ। ਹੋਰ ਤੇ ਹੋਰ ਇੰਡੀਆ ਵਿਚ ਫਾਈਨਲ 'ਚ ਵੀ ਇਸ ਖਿਡਾਰਨ ਨੂੰ ਇਕ ਵੀ ਜੱਫਾ ਨਾ ਲੱਗਾ।

ਭਵਿਖ ਵਿਚ ਹੋਰ ਟੀਮ ਦੀ ਤਿਆਰੀ ਬਾਰੇ ਉਨ੍ਹਾਂ ਦਸਿਆ ਕਿ ਉਹ ਹੁਣ ਜਰਮਨੀ ਦੀ ਕੁੜੀਆਂ ਦੀ ਟੀਮ ਤਿਆਰ ਕਰ ਰਹੇ ਹਨ ਤੇ ਉਮੀਦ ਹੈ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਗਲੇ ਸਾਲ ਦੇ ਮੇਲੇ ਵਿਚ ਅਮਰੀਕਾ, ਮੈਕਸੀਕੋ, ਜਰਮਨੀ ਤੇ ਇੰਗਲੈਂਡ ਦੀਆਂ ਟੀਮਾਂ ਕਬੱਡੀ ਦੇ ਜੌਹਰ ਦਿਖਾਉਣਗੀਆਂ।

ਮੈਕਸੀਕੋ ਦੀਆਂ ਕਬੱਡੀ ਖਿਡਾਰਨਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਪਿਛਲੇ 5-6 ਸਾਲਾਂ ਤੋਂ ਖੇਡ ਰਹੀਆਂ ਹਨ ਤੇ ਹੌਲੀ ਹੌਲੀ ਇਸ ਖੇਡ ਵਿਚ ਹੋਰ ਮੁਹਾਰਤ ਹਾਸਲ ਕਰਨ ਲਈ ਸੋਸਪੋਟੋ, ਮੈਕਸੀਕੋ ਦੇ ਮੈਦਾਨ ਵਿਚ ਹਫਤੇ ਵਿਚ ਘਟੋ-ਘਟ ਤਿੰਨ ਦਿਨ ਅਭਿਆਸ ਕਰਦੀਆਂ ਹਨ।

ਜਦੋਂ ਅਮਰੀਕਾ ਦੀਆਂ ਖਿਡਾਰਨਾਂ ਨਾਲ ਗੱਲ ਹੋਈ ਤਾਂ ਯੂ. ਐਸ. ਏ. ਕਬੱਡੀ ਟੀਮ ਦੀ ਟੀ-ਸ਼ਰਟ ਪਾਈ ਇਕ ਖਿਡਾਰਨ ਨੇ ਕਿਹਾ, ਵੈਸੇ ਤਾਂ ਉਹ ਮੈਕਸੀਕੋ ਟੀਮ ਦੀ ਖਿਡਾਰਨ ਹੈ ਪਰ ਅਜ ਅਮਰੀਕਾ ਵਲੋਂ ਖੇਡੀ ਹੈ। ਗੱਲਬਾਤ ਦੌਰਾਨ ਪਤਾ ਲੱਗਾ ਕਿ ਅਮਰੀਕਨ ਟੀਮ ਵਿਚ ਜ਼ਿਆਦਾ ਮੋਰਿਸ ਕੈਥੋਲਿਕ ਸਕੂਲ ਦੀਆਂ ਵਿਦਿਆਰਥਣਾਂ ਹਨ ਤੇ ਬਹੁਤੀਆਂ ਪਹਿਲਾਂ ਰੈਸਲਿੰਗ ਕਰਦੀਆਂ ਸਨ। ਉਨ੍ਹਾਂ ਦਸਿਆ ਕਿ ਹਰੀ ਗੁਰ ਅੰਮ੍ਰਿਤ ਖਾਲਸਾ ਉਨ੍ਹਾਂ ਦੀ ਪ੍ਰੇਰਨਾ ਸ੍ਰੋਤ ਹੈ।

**-ਸੁਰਿੰਦਰ ਸਿੰਘ ਭਾਟੀਆ**

# ਪੰਜਾਬ ਪੁਲਿਸ ਦੇ ਐਨ. ਆਰ. ਆਈ. ਵਿੰਗ ਦੇ ਮੁਖੀ ਈਸ਼ਵਰ ਸਿੰਘ

1993 ਬੈਚ ਦੇ ਆਈ. ਪੀ. ਐਸ. ਪੁਲਿਸ ਅਫਸਰ ਈਸ਼ਵਰ ਸਿੰਘ ਦਾ ਨਾਂ ਪਿੰਡ ਅਮੀਨ (ਹਰਿਆਣਾ) ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਗਰੀਬ ਪਰਿਵਾਰ

**ਜੁਗਰਾਜ ਸਿੰਘ ਗਿੱਲ, ਯੌਰਕ**

ਵਿਚ ਪੈਦਾ ਹੋਣ ਦੇ ਬਾਵਜੂਦ ਆਪਣੀ ਮਿਹਨਤ ਅਤੇ ਇਮਾਨਦਾਰੀ ਸਦਕਾ ਉਹ ਪੁਲਿਸ ਦੇ ਉਚ ਅਹੁਦੇ 'ਤੇ ਪਹੁੰਚੇ ਹਨ। ਉਨ੍ਹਾਂ ਆਪਣੇ ਪਿੰਡ ਦੇ ਅਤੇ ਹੋਰ ਨੌਜਵਾਨਾਂ ਲਈ ਇਕ ਮਿਸਾਲ ਕਾਇਮ ਕੀਤੀ ਹੈ।

ਸਕੂਲੀ ਸਿਖਿਆ ਈਸ਼ਵਰ ਸਿੰਘ ਨੇ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਫਿਰ ਬੀ. ਐਸ. ਸੀ. ਇੰਜੀਨੀਅਰਿੰਗ ਪਾਸ ਕੀਤੀ। ਇਹ ਇੰਨੇ ਮਿਹਨਤੀ ਅਤੇ ਲਗਨ ਵਾਲੇ ਸਨ ਕਿ ਯੂ. ਪੀ. ਐਸ. ਈ. ਦੀ ਪ੍ਰੀਖਿਆ ਪਾਸ ਕਰਕੇ ਪੂਰੇ ਪਿੰਡ ਦਾ ਤੇ ਪਰਿਵਾਰ ਦਾ ਨਾਂ ਰੌਸ਼ਨ ਕਰ ਦਿੱਤਾ ਅਤੇ ਪੰਜਾਬ ਵਿਚ ਆਈ. ਪੀ. ਐਸ. ਅਧਿਕਾਰੀ ਵਜੋਂ ਵਧੀਆ ਤੇ ਈਮਾਨਦਾਰੀ ਨਾਲ ਬਤੌਰ ਏ. ਐਸ. ਪੀ. ਸੁਲਤਾਨਪੁਰ ਲੋਧੀ ਜਿਹੇ ਸਿੱਖਾਂ ਦੇ ਵਿਸ਼ੇਸ਼ ਧਾਰਮਿਕ ਸ਼ਹਿਰ ਤੋਂ ਸੇਵਾ ਸ਼ੁਰੂ ਕੀਤੀ। ਆਪਣੇ ਦਿਆਨਤਦਾਰੀ ਵਾਲੇ ਸੁਭਾਅ ਅਤੇ ਲੋੜਵੰਦਾਂ-ਦੁਖੀਆਂ ਦੀਆਂ ਸ਼ਿਕਾਇਤ ਦਾ ਹੱਲ ਕਰਕੇ ਤੇ ਇਨਸਾਫ ਦਿਵਾਉਣ ਕਾਰਨ ਫਿਰ ਤਰੱਕੀਆਂ ਕਰਦੇ ਹੋਏ ਐਸ. ਪੀ., ਐਸ. ਐਸ. ਪੀ., ਡੀ. ਆਈ. ਜੀ., ਆਈ. ਜੀ. ਤੇ ਹੁਣ ਬਤੌਰ ਏ. ਡੀ. ਜੀ. ਪੀ., ਐਨ. ਆਰ. ਆਈ.



ਵਿੰਗ ਮੋਹਾਲੀ (ਹੈਡ ਕੁਆਰਟਰ) ਦੇ ਮੁਖੀ ਹਨ। ਇਸ ਤੋਂ ਪਹਿਲਾਂ ਈਸ਼ਵਰ ਸਿੰਘ ਨੇ ਬਤੌਰ ਐਸ. ਐਸ. ਪੀ. ਹੁਸ਼ਿਆਰਪੁਰ, ਬਰਨਾਲਾ, ਨਵਾਂ ਸ਼ਹਿਰ, ਖੰਨਾ, ਬਠਿੰਡਾ, ਗੁਰਦਾਸਪੁਰ ਤੇ ਜਲੰਧਰ ਅਤੇ ਬਤੌਰ ਡੀ. ਆਈ. ਜੀ. ਲੁਧਿਆਣਾ, ਜਲੰਧਰ ਅਤੇ ਬਤੌਰ ਪੁਲਿਸ ਕਮਿਸ਼ਨਰ ਲੁਧਿਆਣਾ ਤੇ ਜਲੰਧਰ ਅਤੇ ਫਿਰ ਬਤੌਰ ਆਈ. ਜੀ. ਪਟਿਆਲਾ (ਜੋਨ ਇਕ) ਵਿਚ ਵਧੀਆ ਸੇਵਾਵਾਂ ਦਿੱਤੀਆਂ। ਲੋਕ ਅੱਜ ਵੀ ਉਨ੍ਹਾਂ ਦੀਆਂ ਤਾਰੀਫਾਂ ਕਰਦੇ ਸੁਣੇ ਜਾਂਦੇ ਹਨ।

ਭਾਰਤ ਸਰਕਾਰ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ 2009 ਵਿਚ ਆਜ਼ਾਦੀ ਦਿਵਸ 'ਤੇ ਪੁਲਿਸ ਮੈਡਲ, 15 ਅਗਸਤ 2014 ਨੂੰ ਸਟੇਟ ਐਵਾਰਡ ਅਤੇ ਪੰਜਾਬ ਵਿਚ ਨਸ਼ਿਆਂ ਵਿਰੁਧ ਜੰਗ ਲਈ ਰਾਸ਼ਟਰਪਤੀ ਮੈਡਲ ਨਾਲ ਉਨ੍ਹਾਂ ਦਾ ਸਨਮਾਨ ਕੀਤਾ। ਪੁਲਿਸ ਸਾਇੰਸ ਵਿਚ ਡਿਗਰੀ ਪ੍ਰਾਪਤ ਕਰ ਚੁਕੇ ਈਸ਼ਵਰ ਸਿੰਘ ਪੰਜਾਬ ਸਟੇਟ ਦੇ ਨਾਰਕੋਟਿਸ ਕੰਟਰੋਲ ਬਿਊਰੋ (ਐਸ. ਐਨ. ਸੀ. ਬੀ.) ਦੇ ਡਾਇਰੈਕਟਰ ਵੀ ਰਹੇ ਹਨ ਅਤੇ ਅੱਜ ਕਲ ਭਾਰਤੀ ਪਰਵਾਸੀ ਮਾਮਲਿਆਂ ਦੇ ਡਾਇਰੈਕਟਰ ਵੀ ਹਨ ਤੇ ਐਸ. ਐਨ. ਬੀ. ਸੀ. ਦਾ ਐਡੀਸ਼ਨਲ ਚਾਰਜ ਵੀ ਉਨ੍ਹਾਂ ਕੋਲ ਹੀ ਹੈ।

ਇਹ ਸਿਰਫ ਆਪਣੇ ਇਤਿਹਾਸਕ ਪਿੰਡ ਅਮੀਨ (ਅਭਿਮੰਨਿਊਪੁਰ) ਦੇ ਨੌਜੁਆਨਾਂ ਦੇ ਲਈ ਹੀ ਨਹੀਂ, ਪੰਜਾਬ ਦੇ ਨੌਜੁਆਨਾਂ ਲਈ ਵੀ ਇਕ ਪ੍ਰੇਰਨਾ ਸ੍ਰੋਤ ਹਨ, ਕਿਉਂਕਿ ਜ਼ਿੰਦਗੀ ਦੇ ਮੁਸ਼ਕਿਲ ਹਾਲਾਤ ਵਿਚ ਅਜਿਹੇ ਉਚੇ ਮੁਕਾਮ ਨੂੰ ਪ੍ਰਾਪਤ ਕਰਨਾ ਹਰ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਹੈ।

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਕਸ਼

1969 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਘੇ ਸਮਾਜ ਸ਼ਾਸਤਰੀ ਜੇ.ਪੀ.ਐਸ. ਓਬਰਾਏ ਨੇ ਕਿਹਾ ਸੀ: "ਪੰਜਾਬ ਇਜ਼ ਐਨ ਆਈਡੀਆ।" ਇਤਿਹਾਸਕਾਰ ਭਗਵਾਨ ਜੋਸ਼ ਦਾ ਖਿਆਲ ਹੈ ਕਿ ਪੰਜਾਬ ਇਕ ਵਿਚਾਰ ਹੈ ਜੋ ਇਤਿਹਾਸ ਵਿਚ ਆਪਣੀ ਥਾਂ ਨਾ ਬਣਾ ਸਕਿਆ। ਵੀਹਵੀਂ ਸਦੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਵਿਚਾਰ ਹੋਰ ਪ੍ਰੇਸ਼ਾਨ ਕਰਦਾ ਹੈ, ਕਿਉਂਕਿ ਅਸੀਂ ਪੰਜਾਬੀਆਂ ਨੇ ਇਕ ਦੂਸਰੇ ਦਾ ਇੰਨਾ ਖ਼ੂਨ ਵਹਾਇਆ ਹੈ, ਆਪੋ-ਆਪਣੇ ਧਰਮਾਂ ਦੇ ਇੰਨੇ ਸੋਹਲੇ ਗਾਏ ਹਨ ਤੇ ਦੂਸਰੇ ਧਰਮਾਂ ਨੂੰ ਇੰਨਾ ਸ਼ੈਤਾਨੀਅਤ ਵਾਲਾ ਤੇ ਮਾੜਾ ਦੱਸਿਆ ਹੈ ਕਿ ਰਹੇ ਰੱਬ ਦਾ ਨਾਂ। ਅਸੀਂ ਪੰਜਾਬ ਦੀ ਉਸਤਤ ਦੇ ਢੋਲੇ ਗਾਏ, "ਸੋਹਣੇ



**ਸਵਰਾਜਬੀਰ**

ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ" ਪਰ ਸੰਨ ਸੰਤਾਲੀ ਵਿਚ ਗ਼ਲਤ ਸੋਚ ਦੇ ਪਿੱਛੇ ਲੱਗ ਕੇ ਪੰਜਾਬ ਦੇ ਟੋਟੇ ਕਰ ਲਏ। ਇਤਿਹਾਸਕਾਰ ਇਆਨ ਟੈਲਬਟ ਅਤੇ ਗੁਰਹਰਪਾਲ ਸਿੰਘ ਦਾ ਮੱਤ ਹੈ, "ਪੰਜਾਬ ਦੇ ਭਵਿਖ ਦਾ ਫ਼ੈਸਲਾ ਦਿੱਲੀ ਵਿਚ ਕੀਤਾ ਗਿਆ।" ਚਿੰਤਕ ਸਤਿਆਪਾਲ ਗੌਤਮ ਨੇ ਕਿਹਾ ਸੀ, "ਵੰਡ ਹੋ ਗਈ। ਪੰਜਾਬੀਆਂ ਨੇ ਨਾ ਤਾਂ ਵੰਡ ਲਈ ਕਿਹਾ ਸੀ ਤੇ ਨਾ ਹੀ ਮੰਗ ਕੀਤੀ ਸੀ।" ਪੁਲਾਂ ਹੇਠੋਂ ਪਾਣੀ ਲੰਘ ਗਿਆ ਹੈ ਤੇ ਇਹ ਬਹਿਸ "ਕੀ ਪੰਜਾਬ ਦੀ ਵੰਡ ਠੀਕ ਸੀ ਜਾਂ ਗ਼ਲਤ? ਕੀ ਪੰਜਾਬ ਨੂੰ ਟੋਟੇ ਟੋਟੇ ਹੋਣ ਤੋਂ ਬਚਾਇਆ ਜਾ ਸਕਦਾ ਸੀ", ਹੁਣ ਸ਼ਾਇਦ ਵਿਦਵਾਨਾਂ ਦੀ ਬਹਿਸ ਬਣ ਕੇ ਰਹਿ ਗਈ ਹੈ।

1947 ਤੋਂ ਬਾਅਦ ਚੜ੍ਹਦੇ ਪੰਜਾਬ ਵਿਚ ਪੰਜਾਬੀ ਸੂਬੇ ਦੀ ਮੰਗ ਉਠੀ ਤੇ 1966 ਵਿਚ ਪੰਜਾਬ ਹੋਰ ਸਿਮਟ ਗਿਆ। ਕੁਝ ਲੋਕ ਕਹਿੰਦੇ ਹਨ- ਭੂਗੋਲਿਕ ਹੱਦਾਂ ਦੀ ਗੱਲ ਛੱਡੋ, ਪੰਜਾਬ ਹੁਣ ਕਈ ਥਾਵਾਂ 'ਤੇ ਵੱਸਦਾ ਹੈ: ਉਹ ਪੰਜਾਬ ਜਿਥੇ ਅਸੀਂ ਰਹਿੰਦੇ ਹਾਂ ਤੇ ਸਾਡੇ ਪੱਛਮ ਵਿਚ ਜਿਸ ਨੂੰ ਅਸੀਂ ਲਹਿੰਦਾ ਪੰਜਾਬ ਕਹਿੰਦੇ ਹਾਂ, ਤੇ ਹੋਰ ਕਈ ਥਾਵਾਂ 'ਤੇ ਵੀ: ਜੰਮੂ, ਹਰਿਆਣਾ, ਹਿਮਾਚਲ ਪ੍ਰਦੇਸ਼, ਯੂ.ਪੀ., ਦਿੱਲੀ ਤੇ ਹਿੰਦੋਸਤਾਨ ਦੇ ਹੋਰ ਸੂਬਿਆਂ ਵਿਚ; ਕੈਨੇਡਾ, ਯੂਰੋਪ, ਅਮਰੀਕਾ ਤੇ ਹੋਰ ਦੇਸ਼ਾਂ-ਵਿਦੇਸ਼ਾਂ ਵਿਚ; ਮਤਲਬ ਪੰਜਾਬ ਤੇ ਪੰਜਾਬੀਅਤ ਦਾ ਤਸੱਵਰ ਹੁਣ ਬਹੁਤ ਵਿਸ਼ਾਲ ਹੋ ਗਿਆ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਛੱਡੋ ਜਨਾਬ! ਕੀ ਗੱਲਾਂ ਕਰਦੇ ਓ? ਕਿਹੜਾ ਪੰਜਾਬ ਤੇ ਕਿਹੜੀ ਪੰਜਾਬੀਅਤ? ਚੜ੍ਹਦੇ ਪੰਜਾਬ ਦੇ ਸ਼ਹਿਰਾਂ ਵਿਚ ਰਹਿੰਦੇ ਪੰਜਾਬੀਆਂ ਦੇ ਘਰਾਂ ਵਿਚ ਗੱਲ ਹਿੰਦੀ ਜਾਂ ਅੰਗਰੇਜ਼ੀ ਵਿਚ ਹੁੰਦੀ ਏ, ਤੇ ਲਹਿੰਦੇ ਪੰਜਾਬ ਦੇ ਸ਼ਹਿਰਾਂ ਵਿਚ ਵੱਸਦੇ ਪੰਜਾਬੀਆਂ ਦੇ ਘਰਾਂ ਵਿਚ ਉਰਦੂ ਵਿਚ। ਪੰਜਾਬੀ ਬੋਲੀ ਦਾ ਕੋਈ ਭਵਿਖ ਨਹੀਂ।

ਰਣਜੀਤ ਸਿੰਘ ਦੇ ਰਾਜ ਵਿਚ ਵੀ ਪੰਜਾਬੀ ਬੋਲੀ ਸਰਕਾਰੀ ਕੰਮ ਕਾਜ ਦੀ ਭਾਸ਼ਾ ਨਾ ਬਣ ਸਕੀ। ਚੜ੍ਹਦੇ ਪੰਜਾਬ ਵਿਚ 1967 ਵਿਚ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆ ਪਰ ਇਸ 'ਤੇ ਅਮਲ ਨਾ ਹੋਇਆ। ਫਿਰ 2008 ਵਿਚ ਜਦ ਰਾਜ ਭਾਸ਼ਾ ਐਕਟ ਵਿਚ ਸੋਧ ਹੋਈ ਤਾਂ ਕੁਝ ਆਸ ਬੱਝੀ। ਜਾਣਕਾਰਾਂ ਦਾ ਕਹਿਣਾ ਏ ਕਿ ਸਰਕਾਰੀ ਦਫ਼ਤਰਾਂ ਵਿਚ ਬਹੁਤਾ ਕੰਮ ਅਜੇ ਵੀ ਅੰਗਰੇਜ਼ੀ ਵਿਚ ਹੁੰਦਾ ਹੈ। ਪੰਜਾਬੀ ਲੇਖਕ ਮੁਜ਼ਾਹਰੇ ਕਰਦੇ ਹਨ ਪਰ ਉਨ੍ਹਾਂ ਦੀ ਸੁਣਦਾ ਕੋਈ ਨਹੀਂ। ਲਹਿੰਦੇ ਪੰਜਾਬ ਦਾ ਹਾਲ ਹੋਰ ਬੁਰਾ ਹੈ। ਉਥੇ ਤਾਂ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ। ਪੰਜਾਬ ਦੇ ਗਵਾਂਢੀ ਸੂਬਿਆਂ ਅਤੇ ਚੰਡੀਗੜ੍ਹ ਵਿਚ ਪੰਜਾਬੀ ਦਾ ਜੋ ਹਾਲ ਹੈ, ਅਸੀਂ ਸਾਰੇ ਉਸ ਤੋਂ ਵਾਕਿਫ਼ ਹਾਂ। ਮੁੱਕਦੀ ਗੱਲ, ਜਦ ਪੰਜਾਬੀ ਬੋਲੀ ਦਾ ਕੋਈ ਭਵਿਖ ਨਹੀਂ, ਤਾਂ ਪੰਜਾਬ ਤੇ ਪੰਜਾਬੀਅਤ ਦੇ ਤਸੱਵਰ ਦਾ ਕੀ ਮਤਲਬ? ਇਤਿਹਾਸਕਾਰ ਸੁਮੇਲ ਸਿੰਘ ਨੇ 'ਹੀਰਵੰਨੇ ਪੰਜਾਬ' ਦੀ ਬਾਤ ਪਾਈ ਹੈ ਅਤੇ ਵਿਦੇਸ਼ਾਂ ਵਿਚ ਵੱਸਦੇ ਕੁਝ ਸੱਜਣ 'ਰੈਫਰੰਡਮ 2020' ਦੀ ਮੰਗ ਕਰ ਰਹੇ ਹਨ।

ਆਓ ਇਤਿਹਾਸ 'ਤੇ ਨਜ਼ਰ ਮਾਰੀਏ ਕਿ ਸ਼ਬਦ 'ਪੰਜਾਬ' ਕਿਥੋਂ ਆਇਆ? ਸਪਸ਼ਟ ਹੈ ਕਿ ਫ਼ਾਰਸੀ ਵਿਚੋਂ: ਪੰਜ ਤੇ ਆਬ ਦੀ ਸੰਧੀ ਨਾਲ। ਕੁਝ ਵਿਦਵਾਨਾਂ ਦਾ ਕਿਆਸ ਹੈ ਕਿ ਇਹ ਸ਼ਬਦ ਪਹਿਲੀ ਵਾਰ ਅਮੀਰ ਖੁਸਰੋ ਨੇ ਵਰਤਿਆ ਤੇ ਉਨ੍ਹਾਂ ਤੋਂ ਬਾਅਦ ਭਾਈ ਗੁਰਦਾਸ ਤੇ ਕਿੱਸਾਕਾਰ ਹਾਫਿਜ਼ ਬਰਖ਼ੁਰਦਾਰ ਨੇ। ਹਾਫਿਜ਼ ਬਰਖ਼ੁਰਦਾਰ ਪਹਿਲਾ ਸ਼ਾਇਰ ਹੈ ਜੋ ਆਪਣੀ ਬੋਲੀ ਨੂੰ ਪੰਜਾਬੀ

**ਕਲਾ ਪਰਿਕਰਮਾ**


ਬੋਲੀ ਕਹਿ ਕੇ ਪਛਾਣ ਕਰਵਾਉਂਦਾ ਹੈ। ਉਸ ਤੋਂ ਪਹਿਲਾਂ ਦੇ ਸ਼ਾਇਰ ਆਪਣੀ ਬੋਲੀ ਨੂੰ ਹਿੰਦੀ, ਹਿੰਦਕੀ ਜਾਂ ਹਿੰਦਵੀ ਕਹਿੰਦੇ ਸਨ। ਗੁਰੂ ਗੋਬਿੰਦ ਸਿੰਘ ਇਸ ਭੂਗੋਲਿਕ ਖ਼ਿੱਤੇ ਦੇ ਲੋਕ-ਸਮੂਹਾਂ ਦੀ ਲੜਾਈ ਨੂੰ ਪੰਜਾਬ ਦੀ ਲੜਾਈ ਬਣਾ ਕੇ ਪੇਸ਼ ਕਰਦੇ ਹਨ ਅਤੇ ਔਰੰਗਜ਼ੇਬ ਨੂੰ ਲਲਕਾਰਦਿਆਂ ਲਿਖਦੇ ਹਨ, "ਚੁਨਾਂ ਆਤਸ਼ੇ ਜ਼ੀਰ ਨਾਅਲਤ ਨਹਮ/ਜ਼ ਪੰਜਾਬ ਆਬਤ ਨਾ ਖ਼ੁਰਦਨ ਦਹਮ।" ਭਾਵ ਮੈਂ ਤੇਰੇ ਘੋੜੇ ਦੀਆਂ ਨਾਲਾਂ ਹੇਠ ਅਜਿਹੀ ਅੱਗ ਬਾਲ ਦਿਆਂਗਾ ਕਿ ਤੈਨੂੰ ਪੰਜਾਬ ਵਿਚ ਪਾਣੀ ਪੀਣਾ ਵੀ ਨਸੀਬ ਨਹੀਂ ਹੋਵੇਗਾ।

ਬਾਅਦ ਵਿਚ ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਵਾਰ-ਵਾਰ ਪੰਜਾਬ ਦਾ ਜ਼ਿਕਰ ਕਰਦਾ ਹੈ। ਉਸ ਦੀ ਸ਼ਾਇਰੀ ਪੰਜਾਬ ਦੀ ਧਰਤੀ ਦਾ ਜਸ਼ਨ ਮਨਾਉਂਦੀ ਹੈ। ਉਹ ਪੰਜਾਬ ਨੂੰ ਬਾਬਾ ਫਰੀਦ ਸ਼ਕਰਗੰਜ ਦੀ ਮਹਾਨ ਪਰੰਪਰਾ ਨਾਲ ਜੋੜ ਕੇ ਵੇਖਦਾ ਹੈ, "ਸ਼ਕਰਗੰਜ ਨੇ ਆਣ ਮੁਕਾਮ ਕੀਤਾ, ਦੁਖ ਦਰਦ ਪੰਜਾਬ ਦਾ ਦੂਰ ਹੈ ਜੀ।" ਉਹ ਪੰਜਾਬ ਦੇ ਨਾਂ ਅਤੇ ਇਸ ਭੂਗੋਲਿਕ ਇਕਾਈ ਦੇ ਸਭਿਆਚਾਰਕ ਮਹੱਤਵ ਨੂੰ ਪਛਾਣਦਾ ਹੈ ਤੇ ਲਿਖਦਾ ਹੈ, "ਰਾਂਝਾ ਹੀਰ ਪਿੱਛੇ ਮੱਝੀਂ ਚਾਰਦਾ ਸੀ ਤੇ ਮਸ਼ਹੂਰ ਸੀ ਵਿਚ ਪੰਜਾਬ ਹੋਇਆ।" ਉਹ ਪੰਜਾਬ ਦੀ ਭੂਗੋਲਿਕ ਇਕਾਈ ਦੇ ਇਤਿਹਾਸਕ ਮਹੱਤਵ ਨੂੰ ਵੀ ਬਾਖ਼ੂਬੀ ਜਾਣਦਾ ਹੈ ਅਤੇ ਨਾਦਰ ਸ਼ਾਹ ਨੂੰ ਧਾੜਵੀ ਮੰਨਦਾ ਹੈ ਜਿਸ ਦੇ ਹਮਲੇ ਨੇ ਪੰਜਾਬ ਨੂੰ ਖ਼ਰਾਬ ਕੀਤਾ: "ਸਾਰੇ ਮੁਲਕ ਪੰਜਾਬ ਖ਼ਰਾਬ ਵਿਚੋਂ, ਮੈਨੂੰ ਵੱਡਾ ਅਫ਼ਸੋਸ ਕਸੂਰ ਦਾ ਏ।" ਜਦ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਬਾਅਦ ਪੰਜਾਬ ਦਿੱਲੀ ਦੀ ਹਕੂਮਤ ਨਾਲੋਂ ਟੁੱਟ ਕੇ ਕੰਧਾਰ ਦੀ ਬਾਦਸ਼ਾਹਤ ਦਾ ਹਿੱਸਾ ਬਣਦਾ ਹੈ ਤਾਂ ਇਸ ਦੁੱਖ ਦਾ ਬਿਆਨ ਵਾਰਿਸ ਉਨ੍ਹਾਂ ਸ਼ਬਦਾਂ 'ਚ ਕਰਦਾ ਹੈ ਜਿਹੜੇ ਦਿਲ ਨੂੰ ਚੀਰ ਕੇ ਰੱਖ ਦਿੰਦੇ ਹਨ, "ਹੁਕਮ ਹੋਰ ਦਾ ਅੱਜ ਹੋਰ ਹੋਇ ਗਿਆ, ਅੱਜ ਮਿਲੀ ਪੰਜਾਬ ਕੰਧਾਰੀਆਂ ਨੂੰ"। ਅਹਿਮਦ ਸ਼ਾਹ ਅਬਦਾਲੀ ਦੁਆਰਾ ਪੰਜਾਬ ਨੂੰ ਹਥਿਆਉਣ ਦਾ ਦੁੱਖ ਵਾਰਿਸ ਸ਼ਾਹ ਤੋਂ ਬਿਨਾਂ ਕਿਸੇ ਹੋਰ ਸ਼ਾਇਰ ਨੇ ਨਹੀਂ ਮਨਾਇਆ। ਵਾਰਿਸ ਸ਼ਾਹ ਪੰਜਾਬ ਦੀਆਂ ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਮਨੋਵਿਗਿਆਨਕ ਬਰੀਕੀਆਂ ਚਿਤਰਨ ਵਾਲਾ ਸ਼ਾਇਰ ਹੈ। ਉਸ ਦਾ ਕਿੱਸਾ ਪੰਜਾਬ ਦਾ ਕਿੱਸਾ ਹੈ। ਇਸੇ ਲਈ ਪੰਜਾਬ ਦੀ ਵੰਡ ਵੇਲੇ ਅੰਮ੍ਰਿਤਾ ਪ੍ਰੀਤਮ ਨੇ ਉਸ ਨੂੰ ਹੀ 'ਵਾਜ ਮਾਰੀ ਸੀ। ਵਾਰਾਂ ਲਿਖਣ ਵਾਲਾ ਨਜ਼ਾਬਤ ਪੰਜਾਬ ਨੂੰ ਵਲਾਇਤ ਮੰਨਦਾ ਹੈ, "ਸਾਡਾ ਮੁਲਕ ਪੰਜਾਬ ਵਲਾਇਤ ਤੇ ਹਿੰਦ ਜਗੀਰਾਂ।" ਰਤਨ ਸਿੰਘ ਭੰਗੂ ਪੰਜਾਬ ਨੂੰ ਸਿੱਖ ਮਿਸਲਾਂ ਦੇ ਉਭਾਰ ਨਾਲ ਜੋੜਦਾ ਹੈ, "ਮਦ ਪੰਜਾਬ ਸਿੰਘ ਇਉਂ ਫਿਰੈ, ਜਿਉਂ ਬੇਲੇ ਮੇਂ ਸ਼ੇਰ।"

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਦੇ ਨਕਸ਼ ਸਿਆਸੀ ਰੂਪ ਵਿਚ ਬੱਝਦੇ ਹਨ ਤੇ ਸਮਾਜਿਕ ਤੇ ਸਭਿਆਚਾਰਕ ਸਾਂਝ ਹੋਰ ਮਜ਼ਬੂਤ ਹੁੰਦੀ ਹੈ। ਮੌਲਵੀ ਰੁਕਨਦੀਨ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਬਾਰੇ ਲਿਖਦਾ ਹੈ, "ਵਲਾਇਤ ਮੇਰਾ ਪੰਜਾਬ ਅੰਦਰ ਹਿੰਦੋਸਤਾਨ ਦੇ।" ਕਾਦਰਯਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 'ਤਖ਼ਤ ਪੰਜਾਬ ਦਾ' ਕਹਿੰਦਾ ਹੈ, "ਡਿੱਠਾ ਤਖ਼ਤ ਪੰਜਾਬ ਦਾ ਸ਼ਹਿਰ ਬਹਿਸ਼ਤ ਲਾਹੌਰ।" ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਪੰਜਾਬੀਆਂ ਦਾ ਰਾਜ ਕਹਿੰਦਾ ਹੈ ਤੇ ਉਹਦੀ ਮੌਤ ਬਾਅਦ ਹੋਈ ਬੁਰਛਾਗਰਦੀ ਨੇ ਪੰਜਾਬ ਦਾ ਜੋ ਬੁਰਾ ਹਾਲ ਕੀਤਾ, ਉਸ ਨੂੰ ਇੰਝ ਬਿਆਨ ਕਰਦਾ ਹੈ, "ਮੁੱਠੀ ਮੀਟੀ ਸੀ ਏਸ ਮੁਲਕ ਪੰਜਾਬ ਦੀ ਜੀ, ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।" ਮਹਾਰਾਜਾ ਦਲੀਪ ਸਿੰਘ ਦੀ ਬਾਦਸ਼ਾਹਤ ਤੇ ਅੰਗਰੇਜ਼ਾਂ ਦੀ ਟੱਕਰ ਬਾਰੇ ਕਹਿੰਦਾ ਹੈ, "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।" ਤੇ ਫ਼ਿਰ ਅੰਗਰੇਜ਼ਾਂ ਦੇ ਆਉਣ ਦਾ ਦੁੱਖ ਮਨਾਉਂਦਾ ਹੈ, "ਸ਼ਾਹ ਮੁਹੰਮਦ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।"

ਸ਼ਾਹ ਮੁਹੰਮਦ ਪਿਛੋਂ ਮੀਆਂ ਮੁਹੰਮਦ ਬਖ਼ਸ਼, ਕਿਸ਼ਨ ਸਿੰਘ ਆਰਿਫ, ਜੋਧ ਸਿੰਘ, ਵੀਰ ਸਿੰਘ, ਭਗਵਾਨ ਸਿੰਘ, ਮੁਹੰਮਦ ਬੂਟਾ, ਮੌਲਾ ਬਖ਼ਸ਼ ਕੁਸ਼ਤਾ, ਧਨੀ ਰਾਮ ਚਾਤ੍ਰਿਕ, ਫੀਰੋਜ਼ਦੀਨ ਸ਼ਰਫ਼, ਬਾਬੂ ਰਜਬ ਅਲੀ, ਮੋਹਨ ਸਿੰਘ ਤੇ ਹੋਰ ਕਈ ਸ਼ਾਇਰ ਤੇ ਲੇਖਕ ਪੰਜਾਬ ਦੀ ਬਾਤ ਪਾਉਂਦੇ ਹਨ ਪਰ ਪੂਰਨ ਸਿੰਘ ਨੂੰ ਪੰਜਾਬ ਦਾ ਹੋਣ ਵਾਲਾ ਉਜਾੜਾ ਦਿਸ ਰਿਹਾ ਹੈ ਅਤੇ ਉਹ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੈ, "ਆ ਭੈਣੇ ਹੀਰੇ, ਆ ਵੀਰਾ ਰਾਂਝਿਆ, ਸਾਨੂੰ ਛੋੜ ਨਾ ਜਾਵੋ, ਤੁਸਾਂ ਬਿਨ ਅਸਾਂ ਸੱਖਣੇ।" ਪਰ ਇਹ ਭਾਣਾ ਵਾਪਰ ਕੇ ਹੀ ਰਹਿੰਦਾ ਹੈ। ਪੰਜਾਬ ਦੀ ਵੰਡ ਹੁੰਦੀ ਹੈ ਤੇ ਅਸੀਂ ਸੱਖਣੇ ਹੋ ਕੇ ਰਹਿ ਜਾਂਦੇ ਹਾਂ।

ਹੁਣ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਕੇ ਗੱਲ ਨਹੀਂ ਬਣਨੀ। ਇਹ ਵੇਲੇ ਬੜੇ ਖ਼ਤਰਨਾਕ ਨੇ। ਚੜ੍ਹਦੇ ਪੰਜਾਬ ਦਾ ਭਵਿਖ ਹਨੇਰਾ ਦਿਸਦਾ ਹੈ। ਪੰਜਾਬ ਦੇ ਅਮੀਰ ਅਤੇ ਮੱਧ ਵਰਗੀ ਪਰਿਵਾਰਾਂ ਦੇ ਬੱਚੇ ਪੰਜਾਬੀ ਨਹੀਂ ਪੜ੍ਹਦੇ। ਸਿਰਫ਼ ਗਰੀਬਾਂ ਤੇ ਦਲਿਤਾਂ ਦੇ ਬੱਚੇ, ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਦੇ ਨੇ। 80ਵਿਆਂ ਵਿਚ ਜਵਾਨ ਹੋਈ ਪੀੜ੍ਹੀ ਨੂੰ ਅਤਿਵਾਦ ਦੀ ਹਨੇਰੀ ਤੇ ਸਰਕਾਰੀ ਤਸ਼ੱਦਦ ਨੇ ਰੋਲ ਕੇ ਰੱਖ ਦਿੱਤਾ। ਅਗਲੀ ਪੀੜ੍ਹੀ ਨਸ਼ਿਆਂ ਨੇ ਗਰਕ ਕਰ ਦਿੱਤੀ। ਪੰਜਾਬੀਆਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਏਸ ਪੰਜਾਬ ਦਾ ਕੋਈ ਭਵਿਖ ਨਹੀਂ। ਬਹੁਤੇ ਵਿਦੇਸ਼ਾਂ ਨੂੰ ਭੱਜੇ ਜਾ ਰਹੇ ਹਨ। ਲੋਕਾਂ ਦੇ ਮਨਾਂ ਵਿਚ ਚੜ੍ਹਦੇ ਪੰਜਾਬ ਦੀ ਪਛਾਣ ਨਾਉਮੀਦ ਤੇ ਆਸਹੀਣੀ ਥਾਂ ਵਜੋਂ ਹੋ ਰਹੀ ਹੈ, ਜਿਥੇ ਨਸ਼ੇ ਹਨ, ਬੇਰੁਜ਼ਗਾਰੀ ਹੈ, ਵਿਦਿਅਕ ਢਾਂਚਾ ਖੇਰੂੰ ਖੇਰੂੰ ਹੋ ਚੁੱਕਾ ਹੈ, ਰਿਸ਼ਵਤਖੋਰੀ ਸਿਖ਼ਰਾਂ 'ਤੇ ਹੈ। ਕਿਸੇ ਸਿਆਸੀ ਆਗੂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਫ਼ਿਕਰ ਨਹੀਂ। ਅਸਾਂ ਪੰਜਾਬ ਨੂੰ ਗੁਰੂਆਂ ਤੇ ਪੀਰਾਂ ਦੀ ਧਰਤੀ ਕਹਿੰਦੇ ਹਾਂ ਪਰ ਨਾ ਤਾਂ ਉਨ੍ਹਾਂ ਦਾ ਕਹਿਣਾ ਮੰਨਦੇ ਹਾਂ ਤੇ ਨਾ ਹੀ ਉਨ੍ਹਾਂ ਦੀ ਜ਼ੁਬਾਨ ਬੋਲਦੇ ਹਾਂ। ਇਹੋ ਜਿਹੇ ਹਾਲਾਤ ਵਿਚ ਪੰਜਾਬ ਤੇ ਪੰਜਾਬੀਅਤ ਦੇ ਨਕਸ਼ ਕਿਹੋ ਜਿਹੇ ਹੋ ਸਕਦੇ ਹਨ? ਅਸਾਂ ਕੀ ਕਰਨਾ ਹੈ, ਅਸੀਂ ਨਹੀਂ ਜਾਣਦੇ।




*1947 ਦੀ ਵੰਡ ਤੋਂ ਪਹਿਲਾਂ ਦਾ ਪੰਜਾਬ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਅਕਤੂਬਰ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-345



*ਕਿੱਥੇ ਗਏ ਸਾਡੇ ਗੁੱਡੀਆਂ ਪਟੋਲੇ, ਕਿੱਧਰ ਗਈ ਪੜ੍ਹਾਈ?*
*ਜੰਮਦਿਆਂ ਹੀ ਢਿੱਡ ਦੀ ਖਾਤਰ, ਕਰਨੀ ਪਈ ਕਮਾਈ!*

### ਕੈਪਸ਼ਨ ਮੁਕਾਬਲਾ-343



ਪੋਚਵੀਂ ਜਾਂ ਪਟਿਆਲਾ ਸ਼ਾਹੀ
ਸਿਰ ਸੋਂਹਦੀ ਇਹ ਦਸਤਾਰ।
ਚਾਈਂ ਚਾਈਂ ਕਰਨ ਮੁਕਾਬਲਾ
ਵਿਚ ਬਹਿ ਕੇ ਇੱਕ ਕਤਾਰ।
ਦੂਰੋਂ ਹੀ ਦਿੱਸਦੀ ਟੌਅਰ ਵੱਖਰੀ
ਇਹ ਬਖਸ਼ਿਸ਼ ਗੁਰਾਂ ਦੀ ਅਪਾਰ।
*-ਦਵਿੰਦਰ ਕੌਰ*

---

ਪੁਰਾਣਾ ਹੈ ਇਤਿਹਾਸ ਪੱਗ ਦਾ
ਨਾਲ ਸਮੇਂ ਤਬਦੀਲੀ ਆਵੇ।
ਰੰਗ ਤੇ ਢੰਗ ਬਦਲ ਗਏ ਨੇ
ਮੁਕਾਬਲੇਬਾਜ਼ੀ ਹੋਈ ਜਾਵੇ।
ਸੋਹਣਾ ਲੱਗਣ ਖਾਤਰ ਹਰ ਕੋਈ
ਚਿਣ ਚਿਣ ਸੋਹਣੇ ਪੇਚ ਲਗਾਵੇ
ਪਰ ਸਿਫਤ ਪੱਗ ਦੀ ਉਹੀਓ ਜਾਣੇ
ਜਿਹੜਾ ਇਸ ਦੀ ਸ਼ਾਨ ਬਚਾਵੇ ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ*
*ਫੋਨ: 91-98783-37222*

---

ਕੌਮਾਂ ਜਿਹੜੀਆਂ ਦਿੰਦੀਆਂ
ਵਿਰਸੇ ਨੂੰ ਵਿਸਾਰ।
ਇੱਕ ਨਾ ਇੱਕ ਦਿਨ ਝਲਦੀਆਂ
ਗੁਲਾਮੀ ਦੀ ਮਾਰ।
'ਮਾਂ ਬੋਲੀ' 'ਪਿਤਰੀ ਪਹਿਰਾਵਾ'
ਕੌਮਾਂ ਦੀ ਪਹਿਚਾਣ।
ਵਧਾਈ ਦੇ ਹੱਕਦਾਰ ਨੇ
ਜਿਹੜੇ ਵਿਰਸਾ ਸਾਂਭੀ ਜਾਣ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ।*
*ਫੋਨ: 91-94176-49275*

---

ਸਿੱਖੀ ਦੀ ਫੁਲਵਾੜੀ
ਸਦਾ ਖਿੰਡਾਵੇ ਮਹਿਕਾਂ।
ਸੋਹਣੀ ਦਸਤਾਰ ਸਜਾ ਕੇ
ਫੁੱਲਾਂ ਵਾਂਗੂੰ ਟਹਿਕਾਂ।
ਰੱਖਾਂ ਲਾਜ ਪੱਗ ਦੀ
ਗੁਰਾਂ ਨਾਲ ਕੌਲ ਨਿਭਾਵਾਂ।
ਭੀੜ ਪਵੇ ਤਾਂ ਦੇਸ਼ ਕੌਮ ਤੋਂ
ਖੁਦ ਮਰ ਮਿਟ ਜਾਵਾਂ।
*-ਸੇਵਾ ਸਿੰਘ ਨੂਰਪੁਰੀ,*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਪੱਗ ਹੈ ਪੰਜਾਬੀਅਤ ਦੀ ਪਛਾਣ
ਜੇ ਹੈ ਠੋਕਵੀਂ ਨੋਕ ਵਿਚਕਾਰ।
ਅਫਗਾਨੀ, ਇਰਾਨੀ ਤੇ ਜਪਾਨੀ ਪੱਗ
ਥੋੜ੍ਹੇ ਥੋੜ੍ਹੇ ਵਿੰਗ ਵਖਰੇਵੇਂ।
ਕੱਢਿਆ ਹੋਵੇ ਤੁਰਲਾ ਲੜ ਲਮਕਦਾ
ਮਾਂਡੀ ਨਾਲ ਆਕੜਿਆ ਹੋਇਆ
ਚਿਹਰੇ ਦਾ ਨੂਰ
ਰੋਅਬ ਭਰਿਆ ਭਾਸਦਾ
ਸਭ ਕਰਦੇ ਸਤਿਕਾਰ।
ਜਸ਼ਨਾਂ ਮੌਕੇ ਰੰਗ ਬਿਰੰਗੀਆਂ ਪੱਗਾਂ
ਨੀਲੀ, ਪੀਲੀ, ਗੁਲਾਬੀ ਤੇ ਲਾਲ।
ਲੱਗਦਾ ਜਿਵੇਂ ਬਾਗ ਖਿੜਿਆ
ਰੰਗ ਬਿਰੰਗੇ ਫੁੱਲਾਂ ਨਾਲ।
*-ਦਰਸ਼ਨਪਾਲ ਦੋਸਾਂਝ*

---

ਗੁਰਾਂ ਨੇ ਬਖਸ਼ੀ ਦਸਤਾਰ
ਕਰਦੇ ਹਾਂ ਸਰਦਾਰੀ।
ਬਖਸ਼ੇ ਪੰਜ ਕੱਕਾਰ, ਜ਼ਿੰਮੇਵਾਰੀ ਭਾਰੀ।
ਪੱਗ ਹੈ ਸਿੱਖ ਦੀ ਆਨ ਸ਼ਾਨ
ਲੱਖਾਂ 'ਚੋਂ ਹੁੰਦੀ ਪਛਾਣ ਨਿਆਰੀ।
ਸ਼ਾਲਾ! ਮੇਰੇ ਗੁਰੂ ਦੀ ਬਖਸ਼ੀ ਸਿੱਖੀ
ਵੱਸੇ ਵਿਚ ਦੁਨੀਆਂ ਸਾਰੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਅਜੋਕੇ ਵਰਤਾਰੇ, ਸਿਆਸਤ ਅਤੇ ਮਨੁੱਖ ਦੀ ਸਮਝ

ਗਲੈਲੀਓ ਨੇ ਜਦੋਂ ਇਹ ਕਿਹਾ ਕਿ ਸੂਰਜ ਧਰਤੀ ਦੇ ਚੱਕਰ ਨਹੀਂ ਕੱਢਦਾ, ਬਲਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤਾਂ ਧਰਮ ਆਧਾਰਿਤ ਸੱਤਾ ਨੇ ਉਸ ਸਿਆਣੇ ਮਨੁੱਖ ਨੂੰ ਕੈਦ ਕਰ ਲਿਆ ਅਤੇ ਘੋਰ ਤਸੀਹੇ ਦੇ ਕੇ ਮਾਰ ਦਿੱਤਾ। ਸਦੀਆਂ ਪਿੱਛੋਂ ਉਸ ਮਹਾਨ ਵਿਗਿਆਨੀ ਨੂੰ ਮਾਰਨ ਵਾਲੀ ਜਮਾਤ ਨੇ ਮੰਨਿਆ ਕਿ ਗਲੈਲੀਓ ਸਹੀ ਸੀ ਅਤੇ ਉਸ ਨੂੰ ਮਾਰਨ ਵਾਲੇ ਵੱਡੇ-ਵਡੇਰੇ ਉਸ ਵੇਲੇ ਹਨੇਰੇ ਵਿਚ ਸਨ। ਅਜਿਹੇ ਵਰਤਾਰੇ ਖਤਮ ਨਹੀਂ ਹੋਏ ਅੱਜ ਵੀ ਜਾਰੀ ਹਨ।

ਗੁਰਚਰਨ ਸਿੰਘ ਨੂਰਪੁਰਾ
ਫੋਨ: 91-98550-51099

ਭੀੜਾਂ ਕੋਲ ਸੱਚ ਨਹੀਂ ਹੁੰਦਾ। ਇਸ ਦੇ ਉਲਟ ਸੱਚ ਗੈਲੀਲੀਓ ਵਾਂਗ ਕਿਸੇ ਇਕ ਬੰਦੇ ਕੋਲ ਵੀ ਹੋ ਸਕਦਾ ਹੈ। ਦੁਨੀਆ ਦੀ ਬਹੁਗਿਣਤੀ ਹਰ ਯੁੱਗ ਵਿਚ ਝੂਠ ਵਿਚ ਜਿਉਂਦੀ ਹੈ। ਅੱਜ ਵੀ ਅਖੌਤੀ ਸਾਧ ਸੰਤ ਧਰਮ ਕਰਮ ਦੇ ਨਾਂ 'ਤੇ ਜੁੜੀਆਂ ਭੀੜਾਂ ਦੇ ਜਿਥੇ ਵਿਵੇਕ ਦੀ ਹੱਤਿਆ ਕਰਦੇ ਹਨ, ਉਥੇ ਇਨ੍ਹਾਂ ਦੀ ਸ਼ਰਧਾ ਰਾਹੀਂ ਇਨ੍ਹਾਂ ਦਾ ਆਰਥਿਕ ਸ਼ੋਸ਼ਣ ਵੀ ਕਰਦੇ ਹਨ। ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ, ਭੀੜਾਂ ਨੂੰ ਆਪਣੇ ਹੱਕ ਵਿਚ ਭੁਗਤਾ ਕੇ ਤਾਕਤ ਹਾਸਲ ਕਰਦੀਆਂ ਹਨ। ਇਹ ਤਾਕਤ ਮਗਰੋਂ ਉਸ ਖਿੱਤੇ ਦੇ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਦੇ ਕੰਮ ਆਉਂਦੀ ਹੈ। ਇਸੇ ਹੀ ਸੱਤਾ ਦੀ ਤਾਕਤ ਨਾਲ ਕੀਤੀ ਆਰਥਿਕ ਲੁੱਟ ਲੋਕਾਂ ਨੂੰ ਖੈਰਾਤਾਂ ਵੰਡਣ ਦੇ ਕੰਮ ਵੀ ਆਉਂਦੀ ਹੈ।

ਸੱਤਾ ਦੀ ਤਾਕਤ ਹਾਸਲ ਕਰਨ ਲਈ ਵੋਟਾਂ ਦੀ ਲੋੜ ਹੈ। ਜਦੋਂ ਅਵਾਮ ਨੂੰ ਵਰਗਲਾ ਕੇ ਵੋਟਾਂ ਹਾਸਲ ਕਰਨੀਆਂ ਹੋਣ ਤਾਂ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਸਮਾਜ ਦੀ ਬਹੁਗਿਣਤੀ ਬੁਧਹੀਣ ਹੋਵੇ। ਅਸੀਂ ਵਿਆਪਕ ਰੂਪ ਵਿਚ ਦੇਖਦੇ ਹਾਂ ਕਿ ਇਸ ਦੁਨੀਆ ਨੂੰ ਚਲਾਉਣ ਵਾਲੀਆਂ ਤਾਕਤਾਂ ਨੇ ਧਰਤੀ 'ਤੇ ਜਿਥੇ ਜਿਥੇ ਬੇਢੰਗੇ ਵਿਕਾਸ ਦਾ ਢੌਂਗ ਰਚਿਆ ਹੈ, ਉਥੇ ਇਸ ਨਾਲ ਜੀਵਨ ਵਿਕਾਰਾਂ ਦਾ ਸ਼ਿਕਾਰ ਹੋ ਗਿਆ ਅਤੇ ਇਸ ਨਾਲ ਸਮਾਜ ਵਿਚ ਆਰਥਿਕ ਅਸਮਾਨਤਾਵਾਂ ਵੀ ਬੜੀ ਤੇਜ਼ੀ ਨਾਲ ਵਧੀਆਂ ਹਨ। ਇਸ ਵਿਵਸਥਾ ਨੇ ਇਕ ਪਾਸੇ ਹਜ਼ਾਰਾਂ-ਕਰੋੜਾਂ ਦੇ ਘੁਟਾਲੇ ਕਰਕੇ ਵਿਦੇਸ਼ ਵਸਣ ਵਾਲੇ ਭੱਦਰ ਪੁਰਸ਼ ਪੈਦਾ ਕੀਤੇ ਹਨ ਅਤੇ ਦੂਜੇ ਪਾਸੇ ਬਿਮਾਰੀਆਂ ਮਹਾਂਮਾਰੀਆਂ ਕੁਪੋਸ਼ਣ ਤੇ ਭੋਖੜੇ ਵਰਗੀਆਂ ਅਲਾਮਤਾਂ ਦੇ ਸ਼ਿਕਾਰ ਬਣ ਰਹੇ ਮਾਸੂਮ, ਇਲਾਜ ਲਈ ਤਰਸਦੇ ਲੇਲੜੀਆਂ ਕੱਢਦੇ ਲੋਕ ਹਨ।

ਰਾਜ ਵਿਵਸਥਾ 'ਤੇ ਕੋਈ ਸਵਾਲ ਨਾ ਚੁੱਕੇ, ਇਸ ਲਈ ਪੁਰਾਣੇ ਸਮਿਆਂ ਤੋਂ ਹੀ ਬੜੇ ਕਾਰਗਰ ਤਰੀਕੇ ਖੋਜੇ ਗਏ ਹਨ। ਇਹ ਸਭ ਕੁਝ ਅੱਜ ਵੀ ਬੜੇ ਕਰੂਰ ਢੰਗ ਨਾਲ ਜਾਰੀ ਹੈ। ਅੱਜ ਜੇਕਰ ਕੋਈ ਸੁਕਰਾਤ ਬਣਨ ਦੀ ਜੁਰਅਤ ਕਰਦਾ ਵੀ ਹੈ ਤਾਂ ਉਸ ਲਈ ਅੱਜ ਵੀ ਜ਼ਹਿਰ ਦਾ ਪਿਆਲਾ ਤਿਆਰ ਹੈ। ਅਜਿਹੀ ਵਿਵਸਥਾ ਪੈਦਾ ਕੀਤੀ ਗਈ ਹੈ ਕਿ ਬਹੁਗਿਣਤੀ ਲੋਕਾਂ ਨੂੰ ਇਹ ਸਮਝ ਹੀ ਨਹੀਂ ਆਉਣ ਦਿੱਤੀ ਜਾ ਰਹੀ ਕਿ ਉਨ੍ਹਾਂ ਨੂੰ ਕਿਸ-ਕਿਸ ਤਰ੍ਹਾਂ ਦੀ ਅਦਿੱਖ ਗੁਲਾਮੀ ਦੇ ਸੰਗਲਾਂ ਨਾਲ ਨੂੜਿਆ ਜਾ ਰਿਹਾ ਹੈ। ਲੋਕਾਂ ਨੂੰ ਹਵਾਈ ਵਾਅਦਿਆਂ ਅਤੇ ਲਾਰਿਆਂ ਨਾਲ ਪ੍ਰਚਾਇਆ ਜਾ ਰਿਹਾ ਹੈ। ਹੋਰ ਫਜ਼ੂਲ ਦੇ ਕੰਮਾਂ ਵਿਚ ਉਲਝਾਇਆ ਜਾ ਰਿਹਾ ਹੈ। ਨੀਂਦ ਵਿਚ ਤੁਰਨ ਦੀ ਬਿਮਾਰੀ ਹੁੰਦੀ ਹੈ ਜਿਸ ਨੂੰ ਸੋਮਨਾਬੁਲਿਜ਼ਮ ਕਿਹਾ ਜਾਂਦਾ ਹੈ। ਇਸ ਬਿਮਾਰੀ ਤੋਂ ਪੀੜਤ ਬੰਦਾ ਰਾਤ ਨੂੰ ਨੀਂਦ ਵਿਚ ਉਠ ਕੇ ਨੀਂਦ ਵਿਚ ਹੀ ਕਈ ਗਲਤ ਠੀਕ ਕੰਮ ਕਰ ਜਾਂਦਾ ਹੈ। ਜਦੋਂ ਸਵੇਰੇ ਉਸ ਨੂੰ ਪੁੱਛੋ ਤਾਂ ਉਸ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਅੱਜ ਬਹੁਗਿਣਤੀ ਲੋਕ ਅਜਿਹੇ ਬਣਾ ਦਿੱਤੇ ਗਏ ਹਨ ਜਿਵੇਂ ਉਹ ਨੀਂਦ ਵਿਚ ਤੁਰਨ ਦੀ ਬਿਮਾਰੀ ਤੋਂ ਪੀੜਤ ਹੋਣ।

ਲੋਕ ਵਿਵੇਕਹੀਣ ਬਣੇ ਰਹਿਣ ਇਸ ਲਈ ਬੜੀਆਂ ਤਰਕੀਬਾਂ ਸੋਚੀਆਂ ਜਾ ਰਹੀਆਂ ਹਨ। ਟੀ.ਵੀ. ਚੈਨਲਾਂ ਅਤੇ ਇੰਟਰਨੈਟ ਦੀ ਦੁਨੀਆਂ ਨੇ ਮਨੁੱਖ ਲਈ ਨਵਾਂ ਰੁਝੇਵਾਂ ਇਹ ਪੈਦਾ ਕਰ ਦਿੱਤਾ ਹੈ ਕਿ ਉਹ ਚੀਜ਼ਾਂ ਨੂੰ ਵੇਖਦਾ ਅਤੇ ਕੁਝ ਹੱਦ ਤੱਕ ਪਰਖਦਾ ਜ਼ਰੂਰ ਹੈ ਪਰ ਹਾਲਾਤ ਵਿਚ ਸੁਧਾਰ ਲਈ ਕੁਝ ਕਰਨ ਦੀ ਵਿਹਲ ਉਸ ਕੋਲ ਨਹੀਂ ਰਹਿਣ ਦਿੱਤੀ ਗਈ; ਸਗੋਂ ਜੀਵਨ ਚੀਜ਼ਾਂ ਵਸਤਾਂ ਨੂੰ ਸਮਰਪਿਤ ਹੋ ਗਿਆ ਹੈ। ਦੂਜੇ ਪਾਸੇ ਸਮਾਜਿਕ ਰੂੜੀਵਾਦੀ ਧਾਰਨਾਵਾਂ ਅਤੇ ਆਲੇ-ਦੁਆਲੇ ਨੇ ਜੋ ਸਾਨੂੰ ਜੀਵਨ ਦੀ ਪ੍ਰੀਭਾਸ਼ਾ ਦੱਸੀ ਹੈ ਉਸ ਵਿਚ ਵਸਤਾਂ ਲਈ ਘੋੜ ਦੌੜ ਹੈ, ਉਚਾ ਰੁਤਬਾ ਹੈ, ਪਾਠ ਪੂਜਾ ਹੈ, ਮੋਕਸ਼ ਮੁਕਤੀ ਦੀਆਂ ਲੰਬੀਆਂ ਵਿਆਖਿਆਵਾਂ ਹਨ। ਅਗਲੇ ਜਨਮ ਨੂੰ ਸੁਧਾਰਨ ਦੀਆਂ ਜੁਗਤਾਂ ਹਨ ਪਰ ਜੀਵਨ ਦਾ ਸਾਰ ਤੱਤ ਕੀ ਹੋਵੇ, ਇਸ ਦਾ ਕਿਤੇ ਬਹੁਤਾ ਜ਼ਿਕਰ ਨਹੀਂ ਹੈ। ਜੇ ਹੈ ਵੀ ਤਾਂ ਉਸ ਦਾ ਜ਼ਿਕਰ ਘੱਟ ਹੋ ਰਿਹਾ ਹੈ।

ਸਮਾਜ ਦੀ ਮਾਨਸਿਕਤਾ ਨੂੰ ਖੁੰਢਾ ਕਰਨ ਦਾ ਕੰਮ ਕਰ ਰਹੇ ਅਜੋਕੇ ਧਾਰਮਿਕ ਰਹਿਬਰ ਜੋ ਲੋਕਾਂ ਦੀ ਸ਼ਰਧਾ ਤੋਂ ਕਮਾਏ ਪੈਸਿਆਂ ਨਾਲ ਮਾਲਾ ਮਾਲ ਹੋ ਗਏ। ਆਪਣੇ ਪੈਰੋਕਾਰਾਂ ਨੂੰ ਆਖਦੇ ਹਨ, ਸਾਡੇ ਮਗਰ ਆਓ, ਅਸੀਂ ਤੁਹਾਡੀ ਬੇੜੀ ਦੇ ਮਲਾਹ ਬਣ ਸਕਦੇ ਹਾਂ, ਭਵਜਲੋਂ ਪਾਰ ਪਹੁੰਚਾਉਣ ਦਾ ਗੁਰ ਸਾਡੇ ਕੋਲੋਂ ਲਵੋ ਅਤੇ ਨਰਕਕੁੰਡ ਨੂੰ ਪਾਰ ਕਰੋ, ਜਦਕਿ ਉਹ ਆਪ ਵਸਤਾਂ ਦੀਆਂ ਲਾਲਸਾਵਾਂ ਦੇ ਸ਼ਿਕਾਰ ਬਣੇ ਹੋਏ ਹਨ। ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਤਰਲੋਮੱਛੀ ਹੁੰਦੇ ਹਨ, ਆਪਣੇ ਵਰਗੇ ਦੂਜਿਆਂ ਤੋਂ ਵੱਡੇ ਵਪਾਰੀ ਬਣਨ ਦੀ ਦੌੜ ਉਨ੍ਹਾਂ ਵਿਚ ਲਗਾਤਾਰ ਜਾਰੀ ਰਹਿੰਦੀ ਹੈ। ਪੈਸੇ ਦੀ ਬਹੁਤਾਤ ਅਤੇ ਤਾਕਤ ਦੇ ਬਲਬੂਤੇ ਜ਼ਮੀਨਾਂ ਘੇਰ ਕੇ ਡੇਰੇ ਉਸਾਰੇ ਜਾ ਰਹੇ ਹਨ। ਟਿਕਾਅ ਨਹੀਂ ਹੈ, ਚੈਨ ਨਹੀਂ ਹੈ, ਲੋਕਾਂ ਨੂੰ ਆਤਮਿਕ ਸ਼ਾਂਤੀ ਦਾ ਰਾਹ




ਦੱਸਣ ਵਾਲੇ ਆਪ ਬੜੇ ਅਸ਼ਾਂਤ ਹਨ।

ਕਾਰਪੋਰੇਟ ਤਾਕਤਾਂ ਕੁਦਰਤੀ ਸਰੋਤਾਂ ਤੇ ਜਨਤਕ ਅਦਾਰਿਆਂ 'ਤੇ ਹੀ ਕਾਬਜ਼ ਨਹੀਂ ਹੋ ਰਹੀਆਂ, ਬਲਕਿ ਉਹ ਕੰਮ ਧੰਦੇ ਜੋ ਪਹਿਲਾਂ ਬਹੁਤ ਸਾਰੇ ਲੋਕ ਕਰਦੇ ਸਨ ਅਤੇ ਇਨ੍ਹਾਂ ਤੋਂ ਰੋਟੀ ਰੋਜ਼ੀ ਕਮਾਉਂਦੇ ਸਨ, ਨੂੰ ਆਪਣੇ ਗਲਬੇ ਵਿਚ ਲੈ ਰਹੀਆਂ ਹਨ। ਬੜੀ ਤੇਜ਼ੀ ਨਾਲ ਵੱਡੀ ਤਾਦਾਦ ਵਿਚ ਲੋਕ ਆਪਣੀ ਕਿਰਤ ਦੇ ਸਾਧਨਾਂ ਤੋਂ ਵਿਰਵੇ ਹੋ ਰਹੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਲੋਕ ਇਨ੍ਹਾਂ ਸਾਰੀਆਂ ਲੋਕਮਾਰੂ ਨੀਤੀਆਂ ਨੂੰ ਸਮਝਣ ਦੀ ਬਜਾਏ ਆਪਣੀਆਂ ਮੁਸ਼ਕਿਲਾਂ ਸਮੱਸਿਆਵਾਂ ਦੇ ਹੱਲ ਸਾਧਾਂ, ਸੰਤਾਂ, ਡੇਰਿਆਂ ਤੇ ਧਾਰਮਿਕ ਅਸਥਾਨਾਂ ਤੋਂ ਭਾਲ ਰਹੇ ਹਨ।

ਇਸ ਤੋਂ ਖਤਰਨਾਕ ਗੱਲ ਇਹ ਹੈ ਕਿ ਬਾਜ਼ਾਰ ਦੀਆਂ ਤਾਕਤਾਂ ਨੇ ਅੱਜ ਮਨੁੱਖ ਨੂੰ ਜਿਸ ਰਾਹ 'ਤੇ ਤੋਰਿਆ ਹੈ, ਉਸ ਵਿਚ ਵੱਡੀ ਪੱਧਰ 'ਤੇ ਕਿਰਤ ਦੀ ਲੁੱਟ ਤਾਂ ਹੋ ਹੀ ਰਹੀ ਹੈ ਪਰ ਇਨ੍ਹਾਂ ਤਰਜੀਹਾਂ 'ਤੇ ਚਲਦਿਆਂ ਕੁਦਰਤੀ ਸਾਧਨਾਂ ਦੀ ਲੁੱਟ ਨਾਲ ਪੈਦਾ ਹੋ ਰਹੇ ਕੁਦਰਤੀ ਵਿਗਾੜਾਂ ਕਰਕੇ ਲਗਾਤਾਰ ਵਧ ਰਹੀਆਂ ਬਿਮਾਰੀਆਂ ਦੁਸ਼ਵਾਰੀਆਂ ਨੇ ਧਨਾਢ ਦਵਾਈ ਕੰਪਨੀਆਂ ਲਈ ਬੜੇ ਸਾਜ਼ਗਾਰ ਹਾਲਾਤ ਪੈਦਾ ਕਰ ਦਿੱਤੇ ਹਨ। ਇਸ ਨੂੰ ਸਮਝਣ ਦੀ ਲੋੜ ਹੈ, ਉਨ੍ਹਾਂ ਸਭ ਸਰੋਤਾਂ ਸੋਮਿਆਂ ਦੀ ਸ਼ਨਾਖਤ ਕਰਨ ਦੀ ਲੋੜ ਹੈ ਜਿਹੜੇ ਸਾਨੂੰ ਬਰਬਾਦੀ ਦੇ ਰਾਹ ਤੋਰਦੇ ਹਨ ਅਤੇ ਸਮਾਜ ਲਈ ਦੁਸ਼ਵਾਰੀਆਂ ਦਾ ਮੁੱਢ ਬੰਨ੍ਹਦੇ ਹਨ ਪਰ ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਸਮਾਜ ਅਜਿਹੀਆਂ ਕੁਟਿਲ ਨੀਤੀਆਂ ਪ੍ਰਤੀ ਸੁਚੇਤ ਹੋਵੇਗਾ। ਇਹ ਸਭ ਸਾਡੇ ਜੀਵਨ ਨਾਲ ਹੀ ਜੁੜੀਆਂ ਗੱਲਾਂ ਨਹੀਂ, ਬਲਕਿ ਸਾਡੇ ਅਤੇ ਸਾਡੇ ਬੱਚਿਆਂ ਦੇ ਭਵਿਖ ਨਾਲ ਜੁੜੀਆਂ ਗੱਲਾਂ ਵੀ ਹਨ। ਸਾਡੀਆਂ ਰਾਜਸੀ ਧਿਰਾਂ ਅਵਾਮ ਨੂੰ ਉਨ੍ਹਾਂ ਗੱਲਾਂ ਵਿਚ ਉਲਝਾਉਣ ਵਿਚ ਸਫਲ ਹਨ ਜਿਨ੍ਹਾਂ ਨਾਲ ਉਨ੍ਹਾਂ ਪ੍ਰਤੀ ਜਵਾਬਦੇਹੀ ਨੂੰ ਟਾਲਿਆ ਜਾਂਦਾ ਰਹੇ। ਲੋਕਾਂ ਨੂੰ ਧਰਮਾਂ ਮਜ਼ਬ੍ਹਾਂ ਜਾਤਾਂ-ਪਾਤਾਂ ਵਿਚ ਉਲਝਾ ਕੇ ਸੱਤਾ ਦੇ ਸੁੱਖਾਂ ਦੀ ਉਮਰ ਲੰਮੀ ਕੀਤੀ ਜਾ ਰਹੀ ਹੈ। ਸਾਡੇ ਲੋਕਾਂ ਨੂੰ ਵੀ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਲੋਕ ਹੋਰ ਮਸਲਿਆਂ ਲਈ ਤਾਂ ਇਕੱਠੇ ਹੋ ਜਾਂਦੇ ਹਨ ਧਰਨੇ ਮੁਜ਼ਾਹਰੇ ਲਾਉਣ ਲੱਗ ਪੈਂਦੇ ਹਨ ਪਰ ਜਿਥੇ ਜੀਵਨ ਨਾਲ ਜੁੜੇ ਮਸਲੇ ਹੋਣ, ਉਨ੍ਹਾਂ ਪ੍ਰਤੀ ਸਾਡੇ ਲੋਕ ਅਜੇ ਤੱਕ ਸੁਚੇਤ ਨਹੀਂ ਹੋਏ।

ਅੱਜ ਧਰਤੀ ਤੋਂ ਜੇ ਕਾਣੀ ਵੰਡ ਸਮਾਪਤ ਹੋ ਜਾਵੇ ਤਾਂ ਧਰਤੀ 'ਤੇ ਰਹਿਣ ਵਾਲੇ ਹਰ ਮਨੁੱਖ ਲਈ ਸੁੱਖ ਸਾਧਨ ਮੁਹੱਈਆ ਕਰਵਾਏ ਜਾ ਸਕਦੇ ਹਨ ਪਰ ਹਰ ਪਾਸੇ ਮਨੁੱਖੀ ਲੋੜਾਂ 'ਤੇ ਕਬਜ਼ੇ ਦੀ ਕਵਾਇਦ ਚੱਲ ਰਹੀ ਹੈ। ਹਰ ਪਾਸੇ ਕੁਦਰਤੀ ਸਾਧਨਾਂ ਦੀ ਵੱਡੀ ਲੁੱਟ ਹੋ ਰਹੀ ਹੈ। ਇਕ ਦੇਸ਼ ਦੂਜੇ ਦੇਸ਼ ਦੀ ਸੰਪਤੀ ਲੁੱਟਣ ਲਈ ਹਰ ਹੀਲਾ ਵਰਤ ਰਿਹਾ ਹੈ। ਇਸ ਲਈ ਵੱਡੀ ਪੱਧਰ 'ਤੇ ਲੋਕਾਂ ਨੂੰ ਜੰਗਾਂ-ਯੁੱਧਾਂ ਦੀ ਭੱਠੀ ਵਿਚ ਕਿਉਂ ਨਾ ਝੋਕਿਆ ਜਾਵੇ। ਇਸੇ ਤਰ੍ਹਾਂ ਹਰ ਦੇਸ਼ ਵਿਚ ਵੱਡੀਆਂ ਕਾਰਪੋਰੇਸ਼ਨਾਂ ਸਰਕਾਰਾਂ ਨਾਲ ਮਿਲ ਕੇ ਕੁਦਰਤੀ ਸਾਧਨਾਂ ਨੂੰ ਲੁੱਟ ਰਹੀਆਂ ਹਨ। ਬੇਸ਼ੱਕ ਦੁਨੀਆ ਵਿਚ ਲੁੱਟਮਾਰ ਦਾ ਬੜਾ ਲੰਮਾ ਇਤਿਹਾਸ ਹੈ ਪਰ ਅੱਜ ਤਕਨੀਕੀ ਸਾਧਨਾਂ ਦੀ ਗਲਤ ਵਰਤੋਂ ਨੇ ਇਸ ਲੁੱਟ ਨੂੰ ਹਜ਼ਾਰਾਂ ਗੁਣਾ ਵਧਾ ਦਿੱਤਾ ਹੈ। ਇਸ ਵੇਲੇ ਬਹੁਤੀਆਂ ਰਾਜਸੀ ਧਿਰਾਂ ਦਾ ਟੀਚਾ ਇਹ ਨਹੀਂ ਕਿ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਸੁਹਿਰਦ ਨੀਤੀਆਂ ਘੜੀਆਂ ਜਾਣ ਬਲਕਿ ਇਹ ਹੈ ਕਿ ਬਹੁਗਿਣਤੀ ਲੋਕਾਂ ਨੂੰ ਵਰਗਲਾਉਣ ਲਈ ਕਿਹੜੇ-ਕਿਹੜੇ ਢੰਗ-ਤਰੀਕੇ ਖੋਜੇ ਜਾਣ।

ਅਸੀਂ ਜਿਸ ਯੁੱਗ ਵਿਚ ਵਿਚਰ ਰਹੇ ਹਾਂ ਅਤੇ ਇਸ ਨੂੰ ਚਲਾਉਣ ਵਾਲੀਆਂ ਤਾਕਤਾਂ ਦੀ ਸਾਜ਼ਿਸ਼ ਨੂੰ ਸਮਝਣ ਲਈ ਬੜਾ ਜ਼ਰੂਰੀ ਹੈ ਕਿ ਬਹੁਗਿਣਤੀ ਵਿਵੇਕਸ਼ੀਲ ਹੋਵੇ, ਅਖਬਾਰਾਂ, ਟੀ.ਵੀ. ਚੈਨਲ ਆਪਣੀ ਬਣਦੀ ਸੁਹਿਰਦ ਭੂਮਿਕਾ ਅਦਾ ਕਰਨ। ਸਰਕਾਰਾਂ ਤੋਂ ਖੈਰਾਤਾਂ ਦੀ ਮੰਗ ਕਰਨ ਦੀ ਬਜਾਏ ਸਰਕਾਰੀ ਕੰਮਾਂ ਦੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦੀ ਗੱਲ ਹੋਵੇ। ਕੁਦਰਤੀ ਸਾਧਨਾਂ ਦੀ ਤਬਾਹੀ ਨੂੰ ਰੋਕਣ ਲਈ ਆਵਾਜ਼ ਬੁਲੰਦ ਕੀਤੀ ਜਾਵੇ। ਲੇਖਕ, ਸਹਿਤਕਾਰ ਤੇ ਵਿਦਵਾਨ ਇਨ੍ਹਾਂ ਸਭ ਗੱਲਾਂ ਦੀਆਂ ਲੋਕਾਂ ਨੂੰ ਸਮਝ ਦੇਣ ਲਈ ਆਪਣੀ ਬਣਦੀ ਭੂਮਿਕਾ ਨਿਭਾਉਣ ਤਾਂ ਕਿ ਲੋਕ ਬੌਧਿਕ ਕੰਗਾਲੀ ਦੇ ਵਰਤਾਰੇ ਤੋਂ ਬਾਹਰ ਨਿਕਲ ਕੇ ਆਪਣੀਆਂ ਸਮੱਸਿਆਵਾਂ ਨੂੰ ਸਮਝ ਸਕਣ ਅਤੇ ਇਨ੍ਹਾਂ ਦੇ ਸਾਰਥਕ ਹੱਲ ਲੱਭ ਸਕਣ।

ਕਹਿੰਦੇ ਹਨ, ਸੁਕਰਾਤ ਨੂੰ ਮਾਰਨ ਲਈ ਜਦੋਂ ਜ਼ਹਿਰ ਘੋਟਿਆ ਜਾ ਰਿਹਾ ਸੀ ਤਾਂ ਉਹ ਆਪਣੇ ਚੇਲਿਆਂ ਨਾਲ ਕਿਸੇ ਵਿਸ਼ੇ 'ਤੇ ਗੱਲਬਾਤ ਕਰ ਰਿਹਾ ਸੀ। ਗੱਲਾਂ ਕਰਦਿਆਂ-ਕਰਦਿਆਂ ਆਪਣੀ ਗੱਲ ਨੂੰ ਵਿਚਾਲੇ ਰੋਕ ਕੇ ਉਸ ਨੇ ਜ਼ਹਿਰ ਘੋਟਣ ਵਾਲੇ ਜਲਾਦ ਨੂੰ ਪੁੱਛਿਆ, 'ਕਿੰਨੀ ਕੁ ਦੇਰ ਹੋਰ ਲੱਗਣੀ ਹੈ ਅਜੇ?' ਸੁਕਰਾਤ ਦੇ ਚੇਲੇ ਕਰਾਈਟੋ ਨੇ ਰੋਣਹਾਕਾ ਹੋ ਕੇ ਪੁੱਛਿਆ, 'ਇੰਨੀ ਵੀ ਕੀ ਕਾਹਲੀ ਹੈ ਗੁਰੂ ਜੀ?' ਸੁਕਰਾਤ ਨੇ ਕਿਹਾ, 'ਸਾਰੀ ਉਮਰ ਨਵੀਆਂ ਗੱਲਾਂ ਸਿੱਖਣ ਜਾਨਣ ਦੀ ਚਾਹਤ ਰਹੀ ਹੈ, ਹੁਣ ਅੰਤਿਮ ਸਮਾਂ ਨੇੜੇ ਆਇਆ ਹੈ ਤਾਂ ਮਨ ਵਿਚ ਤੀਬਰ ਇੱਛਾ ਹੋ ਰਹੀ ਹੈ ਕਿ ਮੌਤ ਨੂੰ ਵੀ ਜਾਣ ਲਵਾਂ ਕਿ ਇਹ ਕੀ ਹੈ।' ਸਵੇਰੇ ਜਾਗਣ, ਖਾਣ, ਕੰਮ ਕਰਨ, ਫਿਰ ਖਾਣਾ ਤੇ ਸੌਂ ਜਾਣ ਤੱਕ ਹੀ ਜੀਵਨ ਸੀਮਤ ਨਹੀਂ ਹੈ। ਮਨੁੱਖ ਨੂੰ ਆਪਣੇ ਅੰਦਰ ਸਭ ਚੰਗੇ ਮਾੜੇ ਵਰਤਾਰਿਆਂ ਨੂੰ ਜਾਣਨ, ਸਮਝਣ ਅਤੇ ਇਨ੍ਹਾਂ ਸਬੰਧੀ ਬੋਲਣ ਤੇ ਲਿਖਣ ਦਾ ਰੁਝਾਨ ਪੈਦਾ ਕਰਨ ਦੀ ਵੀ ਲੋੜ ਹੈ।

# ਭਾਜਪਾ ਦੇ ਮੁਕਾਬਲੇ ਕਿੰਨੇ ਕੁ ਪਾਣੀ ਵਿਚ ਹੈ ਵਿਰੋਧੀ ਧਿਰ

ਕਰਨਾਟਕ ਨਗਰ ਨਿਗਮ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਕਾਂਗਰਸ ਸੂਬੇ ਦੇ ਅਰਧ-ਸ਼ਹਿਰੀ ਇਲਾਕਿਆਂ ਵਿਚ ਭਾਜਪਾ ਦੇ ਵਿਰੁਧ ਮਜ਼ਬੂਤ ਹਾਲਤ ਵਿਚ ਹੈ ਅਤੇ ਲੋਕ ਸਭਾ ਚੋਣਾਂ ਵਿਚ ਇਹ ਜਨਤਾ ਦਲ (ਐਸ) ਨਾਲ ਗਠਜੋੜ ਬਰਕਰਾਰ ਰੱਖ ਕੇ ਭਾਜਪਾ ਨੂੰ ਕਰਾਰੀ ਮਾਤ ਦੇ ਸਕਦੀ ਹੈ।

ਕਰਨਾਟਕ ਵਿਚ ਭਾਜਪਾ ਨੂੰ 2014 ਦੀਆਂ ਲੋਕ ਸਭਾ ਚੋਣਾਂ ਸਮੇਂ 28 ਵਿਚੋਂ 17 ਸੀਟਾਂ ਮਿਲੀਆਂ ਸਨ। ਮੌਜੂਦਾ ਰੁਝਾਨਾਂ ਅਤੇ ਮਿਲ ਰਹੇ ਸੰਕੇਤਾਂ ਦੇ ਅਨੁਸਾਰ ਕਾਂਗਰਸ ਜਨਤਾ ਦਲ (ਐਸ) ਦਾ ਗਠਜੋੜ ਆਉਣ ਵਾਲੀਆਂ ਲੋਕ ਸਭਾ

ਨਿਤਿਆ ਚੱਕਰਵਰਤੀ

ਚੋਣਾਂ ਵਿਚ 28 ਸੀਟਾਂ ਵਿਚੋਂ ਘੱਟੋ-ਘੱਟ 20 ਸੀਟਾਂ 'ਤੇ ਜਿੱਤ ਹਾਸਲ ਕਰਨ ਦੀ ਹਾਲਤ ਵਿਚ ਹੈ।

ਖਬਰਾਂ ਹਨ ਕਿ ਜੇ.ਐਨ.ਯੂ. ਵਿਦਿਆਰਥੀ ਕੌਂਸਲ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਬੇਗੂਸਰਾਏ ਵਿਚ ਮੌਜੂਦਾ ਭਾਜਪਾ ਮੈਂਬਰ ਵਿਰੁਧ ਮਹਾਂਗਠਜੋੜ ਦੇ ਉਮੀਦਵਾਰ ਹੋ ਸਕਦੇ ਹਨ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ ਅਤੇ ਜੇ ਉਨ੍ਹਾਂ ਨੂੰ ਉਮੀਦਵਾਰ ਵਜੋਂ ਲਿਆਂਦਾ ਗਿਆ ਤਾਂ ਇਸ ਦਾ ਮਤਲਬ ਹੈ ਕਿ ਭਾਜਪਾ ਵਿਰੋਧੀ ਗਠਜੋੜ ਨੂੰ ਇਸ ਸਮੇਂ ਕਮਿਊਨਿਸਟ ਪਾਰਟੀ ਅਤੇ ਹੋਰ ਖੱਬੇ-ਪੱਖੀ ਦਲਾਂ ਨਾਲ ਮਿਲ ਕੇ ਹੋਰ ਵਿਸਤਾਰ ਦਿੱਤਾ ਜਾਵੇਗਾ। ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਐਮ.ਐਲ.), ਦੋਵਾਂ ਦਾ ਬਿਹਾਰ ਵਿਚ ਚੰਗਾ ਆਧਾਰ ਰਿਹਾ ਹੈ।

ਕਮਿਊਨਿਸਟ ਪਾਰਟੀ ਦੇ ਬਿਹਾਰ ਸੂਬੇ ਵਿਚ 60 ਅਤੇ 70 ਦੇ ਦਹਾਕੇ ਵਿਚ ਲੋਕ ਸਭਾ ਦੇ 5 ਦੇ ਕਰੀਬ ਮੈਂਬਰ ਹੁੰਦੇ ਸਨ। 1991 ਵਿਚ ਇਸ ਦੇ 5 ਸੰਸਦ ਮੈਂਬਰ ਉਥੋਂ ਚੋਣ ਜਿੱਤੇ ਸਨ। ਬਿਹਾਰ ਦੀ ਕਮਿਊਨਿਸਟ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨਾਲ ਚਰਚਾ ਕਰ ਰਹੀ ਹੈ। ਭਾਜਪਾ ਨੂੰ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਇਸ ਸੂਬੇ ਦੀਆਂ 40 ਵਿਚੋਂ 22 ਸੀਟਾਂ ਹਾਸਲ ਹੋਈਆਂ ਸਨ ਪਰ 2015 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਹਾਲਤ ਵਿਚ ਕਾਫ਼ੀ ਬਦਲਾਓ ਆ ਗਏ ਅਤੇ ਹੁਣ ਉਪ ਚੋਣਾਂ ਦੇ ਨਤੀਜਿਆਂ ਤੋਂ ਸੰਕੇਤ ਮਿਲਦਾ ਹੈ ਕਿ ਮਹਾਂਗਠਜੋੜ ਦਾ ਸਮਰਥਨ ਵਧ ਰਿਹਾ ਹੈ।

ਜਨਤਾ ਦਲ (ਯੂ) ਦੇ ਨੇਤਾ ਅਤੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਪਿਛਲੇ ਕੁਝ ਮਹੀਨਿਆਂ ਵਿਚ ਆਪਣਾ ਅਕਸ ਕਾਫ਼ੀ ਹੱਦ ਤੱਕ ਖਰਾਬ ਕਰ ਲਿਆ ਹੈ। ਰਾਸ਼ਟਰੀ ਜਨਤਾ ਦਲ ਦੀ ਅਗਵਾਈ ਵਿਚ ਮਹਾਂਗਠਜੋੜ ਕੋਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ 40 ਵਿਚੋਂ 30 ਸੀਟਾਂ ਹਾਸਲ ਕਰਨ ਦਾ ਮੌਕਾ ਹੈ। ਮਹਾਂਗਠਜੋੜ ਦੀ ਬਿਹਾਰ ਵਿਚ ਜਿੱਤ 2019 ਦੀਆਂ ਚੋਣਾਂ ਵਿਚ ਭਾਜਪਾ ਦੀਆਂ ਸੀਟਾਂ ਨੂੰ ਘਟ ਕਰਨ ਵਿਚ ਅਹਿਮ ਯੋਗਦਾਨ ਪਾ ਸਕਦੀ ਹੈ।

ਕਾਂਗਰਸ ਨੂੰ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਬਹੁਜਨ ਸਮਾਜ ਪਾਰਟੀ ਨਾਲ ਵਿਧਾਨ ਸਭਾ ਚੋਣਾਂ ਵਿਚ ਤਾਲਮੇਲ ਬਣਾਉਣ ਲਈ ਪਹਿਲਕਦਮੀ ਕਰਨੀ ਚਾਹੀਦੀ ਸੀ ਪਰ ਛੱਤੀਸਗੜ੍ਹ ਵਿਚ ਬਸਪਾ ਨੇ ਅਜੀਤ ਜੋਗੀ ਦੀ ਅਗਵਾਈ ਵਾਲੀ ਜਨਤਾ ਕਾਂਗਰਸ ਨਾਲ ਸਮਝੌਤਾ ਕਰ ਲਿਆ ਹੈ ਜੋ ਵਿਰੋਧੀ ਖੇਮੇ ਲਈ ਮਾੜੀ ਖਬਰ ਹੈ। ਹੁਣ ਕਾਂਗਰਸ ਨੂੰ ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਮੌਕਾ ਸੰਭਾਲਣਾ ਚਾਹੀਦਾ ਹੈ। ਸੀਟਾਂ ਦੀ ਵੰਡ ਦੇ ਸਬੰਧ ਵਿਚ ਹਕੀਕੀ ਅਤੇ ਅਮਲੀ ਪਹੁੰਚ ਅਖਤਿਆਰ ਕਰਨ ਦੀ ਲੋੜ ਹੋਵੇਗੀ। ਭਾਜਪਾ ਨੂੰ ਕੇਂਦਰ ਤੋਂ ਬਾਹਰ ਕਰਨ ਲਈ ਇਹ ਜ਼ਰੂਰੀ ਹੈ। ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਵਜੋਂ ਕਾਂਗਰਸ ਨੂੰ ਗਠਜੋੜ ਬਣਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ।

ਭਾਜਪਾ ਦੇ ਸਾਬਕਾ ਨੇਤਾ, ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਨੂੰ ਇਹ ਨਿਸਚਿਤ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ ਕਿ ਉਹ ਹਰ ਚੋਣ ਖੇਤਰ ਵਿਚ ਭਾਜਪਾ ਵਿਰੁਧ ਇਕ ਸਾਂਝਾ ਉਮੀਦਵਾਰ ਉਤਾਰਨ ਪਰ ਵੱਖ-ਵੱਖ ਸੂਬਿਆਂ ਦੇ ਰਾਜਨੀਤਕ ਸਮੀਕਰਨਾਂ ਕਾਰਨ ਸ਼ਾਇਦ ਇਹ ਸੰਭਵ ਨਾ ਹੋਵੇ, ਇਸ ਦੀ ਬਜਾਏ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਨੀਤੀ ਜ਼ਿਆਦਾ ਵਿਹਾਰਕ ਹੈ।

ਕਾਂਗਰਸ ਉਨ੍ਹਾਂ ਸੂਬਿਆਂ ਵਿਚ ਨੇਤਾ ਹੋਵੇਗੀ ਜਿਥੇ ਇਹ ਭਾਜਪਾ ਦੀ ਮੁੱਖ ਵਿਰੋਧੀ ਪਾਰਟੀ ਵਜੋਂ ਲੜ ਰਹੀ ਹੈ ਪਰ ਜਿਥੇ ਹੋਰ ਖੇਤਰੀ ਦਲ ਸ਼ਾਸਕ ਹਨ, ਉਥੇ ਭਾਜਪਾ ਵਿਰੋਧੀ ਗਠਜੋੜ ਦੇ ਨਾਂ 'ਤੇ ਉਹ ਕਾਂਗਰਸ ਨੂੰ ਜਗ੍ਹਾ ਨਹੀਂ ਦੇਣਗੇ। ਖੇਤਰੀ ਪਾਰਟੀਆਂ ਨਾਲ ਉਥੇ ਕਾਂਗਰਸ ਦਾ ਟਕਰਾਅ ਹੋ ਸਕਦਾ ਹੈ ਪਰ ਚੋਣਾਂ ਤੋਂ ਬਾਅਦ ਕਾਂਗਰਸ ਨਾਲ ਗਠਜੋੜ ਕਰਨ ਸਬੰਧੀ ਹੁਣ ਤੋਂ ਹੀ ਸਮਝ ਬਣਾਈ ਜਾ ਸਕਦੀ ਹੈ ਤਾਂ ਕਿ ਭਾਜਪਾ 2019 ਵਿਚ ਸੱਤਾ ਵਿਚ ਨਾ ਆ ਸਕੇ।

ਇਸ ਦੋ ਤਰ੍ਹਾਂ ਦੇ ਨਜ਼ਰੀਏ ਤਹਿਤ 543 ਸੀਟਾਂ ਵਿਚੋਂ ਤਕਰੀਬਨ 400 ਸੀਟਾਂ 'ਤੇ ਆਮ ਵਿਰੋਧੀ ਧਿਰ ਦੇ ਉਮੀਦਵਾਰਾਂ ਦੀ ਸੰਭਾਵਨਾ ਹੈ। ਜੇ 400 ਸੀਟਾਂ 'ਤੇ ਭਾਜਪਾ ਵਿਰੁਧ ਵਿਰੋਧੀ ਪਾਰਟੀਆਂ ਦੀ ਏਕਤਾ ਸੰਭਵ ਹੋ ਗਈ ਤਾਂ ਇਹ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਵਿਰੋਧੀ ਧਿਰ 272 ਸੀਟਾਂ 'ਤੇ ਜਿੱਤ ਹਾਸਲ ਕਰਨ ਵਿਚ ਕਾਮਯਾਬ ਹੋ ਜਾਵੇਗੀ। ਹੋਰ 140 ਸੀਟਾਂ 'ਤੇ ਤਿਕੋਣੇ ਸੰਘਰਸ਼ ਹੋ ਸਕਦੇ ਹਨ। ਉਨ੍ਹਾਂ ਵਿਚ ਵੀ ਭਾਜਪਾ ਵਿਰੋਧੀ ਖੇਮੇ ਨੂੰ ਸੀਟਾਂ ਮਿਲਣਗੀਆਂ, ਜਿਵੇਂ ਸ਼ੋਰੀ ਨੇ ਸਮਝਾਇਆ ਹੈ ਕਿ ਵਿਰੋਧੀ ਧਿਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ 31 ਫੀਸਦੀ ਵੋਟਾਂ ਨਾਲ ਹੀ ਮੋਦੀ 2014 ਵਿਚ ਆਪਣੀ ਹਰਮਨ-ਪਿਆਰਤਾ ਦੀ ਉਚਾਈ 'ਤੇ ਪਹੁੰਚਿਆ ਸੀ। ਜੇ ਵਿਰੋਧੀ ਧਿਰ ਸਿਰਫ 3 ਸੂਬਿਆਂ ਉਤਰ ਪ੍ਰਦੇਸ਼, ਬਿਹਾਰ ਅਤੇ ਮਹਾਰਾਸ਼ਟਰ ਵਿਚ ਇਕੱਠਿਆਂ ਚੋਣ ਲੜੇ ਤਾਂ ਭਾਜਪਾ ਸ਼ਾਸਨ ਦਾ ਅੰਤ ਹੋ ਜਾਵੇਗਾ।

ਹੁਣ ਤੱਕ ਦੇ ਰੁਝਾਨ ਦੱਸਦੇ ਹਨ ਕਿ ਭਾਜਪਾ ਉੜੀਸਾ ਵਿਚ ਕੁਝ ਸੀਟਾਂ ਅਤੇ ਉਤਰ-ਪੂਰਬ ਵਿਚ ਕੁਝ ਹੋਰ ਸੀਟਾਂ ਹਾਸਲ ਕਰ ਸਕਦੀ ਹੈ। ਬੰਗਾਲ ਵਿਚ ਇਸ ਦੀ ਗਿਣਤੀ ਇਕ ਜਾਂ ਦੋ ਜ਼ਿਆਦਾ ਹੋ ਜਾਵੇਗੀ ਪਰ ਇਨ੍ਹਾਂ ਪੂਰਬੀ ਅਤੇ ਉਤਰ-ਪੂਰਬੀ ਸੂਬਿਆਂ ਤੋਂ 87 ਸੰਸਦ ਮੈਂਬਰ ਆਉਂਦੇ ਹਨ, ਜਦਕਿ ਉਨ੍ਹਾਂ ਵਿਚ ਜਿਥੇ ਭਾਜਪਾ ਨੇ 2014 ਦੀ ਚੋਣ ਵਿਚ ਭਾਰੀ ਜਿੱਤ ਦਰਜ ਕੀਤੀ, ਉਸ ਨੂੰ ਨੁਕਸਾਨ ਵੀ ਓਨਾ ਹੀ ਭਾਰੀ ਹੋਵੇਗਾ। ਉਂਜ ਇਹ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਕਿਵੇਂ ਭਗਵਾ ਅਗਵਾਈ ਹਿੰਦੀ ਭਾਸ਼ਾਈ ਸੂਬਿਆਂ ਵਿਚ ਇਕਜੁੱਟ ਵਿਰੋਧੀ ਧਿਰ ਦੀ ਚੁਣੌਤੀ ਦਾ ਸਾਹਮਣਾ ਕਰਦੀ ਹੈ।

ਦੱਖਣੀ ਸੂਬਿਆਂ ਵਿਚ ਕਰਨਾਟਕ ਤੋਂ ਇਲਾਵਾ ਭਾਜਪਾ ਕੋਲ ਹੋਰ ਸੂਬਿਆਂ ਵਿਚ ਜ਼ਿਆਦਾ ਤਾਕਤ ਨਹੀਂ ਹੈ। ਕੇਰਲ, ਤਾਮਿਲਨਾਡੂ, ਪੁਡੂਚੇਰੀ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿਚ ਲੋਕ ਸਭਾ ਸੀਟਾਂ ਦੀ ਕੁੱਲ ਗਿਣਤੀ 102 ਹੈ। 2014 ਦੀਆਂ ਚੋਣਾਂ ਵਿਚ ਭਾਜਪਾ ਨੇ ਇਥੇ 4 ਸੀਟਾਂ ਜਿੱਤੀਆਂ ਸਨ, ਜਿਨ੍ਹਾਂ ਵਿਚੋਂ 2 ਆਂਧਰਾ ਪ੍ਰਦੇਸ਼ ਵਿਚ ਹਨ, ਜਿਥੇ ਤੇਲਗੂ ਦੇਸ਼ਮ ਪਾਰਟੀ ਨਾਲ ਉਸ ਦਾ ਗਠਜੋੜ ਸੀ, ਜਿਹੜਾ ਹੁਣ ਟੁੱਟ ਚੁੱਕਾ ਹੈ।

ਰਾਹੁਲ ਤੋਂ ਇਲਾਵਾ ਅਹਿਮ ਆਗੂਆਂ ਦੀ ਪਹਿਲੀ ਕਤਾਰ ਵਿਚ ਮਮਤਾ ਬੈਨਰਜੀ, ਐਮ.ਕੇ. ਸਟਾਲਿਨ, ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੂੰ ਸਾਂਝੇ ਤੌਰ 'ਤੇ ਜਗ੍ਹਾ ਦਿੱਤੀ ਜਾਣੀ ਚਾਹੀਦੀ ਹੈ। ਜੇ ਸੰਭਵ ਹੋਵੇ ਤਾਂ ਖੇਤਰੀ ਪਾਰਟੀਆਂ ਅਤੇ ਕੌਮੀ ਜਮਹੂਰੀ ਗਠਜੋੜ ਵਿਚ ਸ਼ਾਮਿਲ ਖੇਤਰੀ ਪਾਰਟੀਆਂ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ। ਇਸ ਵਿਚ ਮਮਤਾ ਬੈਨਰਜੀ ਮੁੱਖ ਭੂਮਿਕਾ ਨਿਭਾਅ ਸਕਦੀ ਹੈ। ਖੱਬੇ-ਪੱਖੀ ਆਗੂ ਸੀਤਾਰਾਮ ਯੇਚੁਰੀ ਅਤੇ ਐਸ. ਸੁਧਾਕਰ ਰੈਡੀ ਹਮੇਸ਼ਾ ਸਾਂਝਾ ਪ੍ਰੋਗਰਾਮ ਤਿਆਰ ਕਰਨ ਲਈ ਸਲਾਹ-ਮਸ਼ਵਰਾ ਦੇਣ ਲਈ ਉਪਲਬਧ ਹੋਣਗੇ।

# ਬੇਅਦਬੀ ਕਾਂਡ: ਅਕਾਲੀਆਂ ਤੇ ਕਾਂਗਰਸੀਆਂ ਵਲੋਂ ਰਾਜਨੀਤੀ

ਪੰਜਾਬ ਵਿਚ ਅੱਜ ਕਲ ਬੇਅਦਬੀ ਕਾਂਡ, ਬਹਿਬਲ ਕਲਾਂ ਗੋਲੀ ਕਾਂਡ ਅਤੇ ਕੋਟਕਪੂਰੇ ਵਿਚ ਧਰਨੇ ਉਪਰ ਬੈਠੇ ਲੋਕਾਂ 'ਤੇ ਤਸ਼ਦੱਦ ਦੇ ਮਾਮਲੇ ਵਿਰੁਧ ਲੋਕਾਂ ਦਾ ਗੁੱਸਾ ਭੜਕਿਆ ਹੋਇਆ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ 'ਤੇ ਪਾਈ ਹੋਈ 'ਪੰਥਕ ਚਾਦਰ' ਲੀਰੋ ਲੀਰ ਹੋ ਚੁਕੀ ਹੈ ਅਤੇ ਵਿਸ਼ੇਸ਼ ਤੌਰ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਲੋਕਾਂ ਦੇ ਨਿਸ਼ਾਨੇ 'ਤੇ ਹਨ।

ਇਸ ਸਮੇਂ ਜਦੋਂ ਪੰਜਾਬ ਭਾਰੀ ਕਰਜ਼ੇ ਦੇ ਬੋਝ ਹੇਠ ਬੇਰੁਜ਼ਗਾਰੀ, ਮਹਿੰਗਾਈ, ਰਿਸ਼ਵਤਖੋਰੀ, ਨਸ਼ਾ (ਕੇਬਲ, ਟਰਾਂਸਪੋਰਟ, ਰੇਤ ਬਜਰੀ, ਨਸ਼ਾ ਤਸਕਰੀ ਆਦਿ) ਮਾਫੀਆ, ਗੁੰਡਾਗਰਦੀ, ਪ੍ਰਸ਼ਾਸਨਿਕ ਕੰਮਾਂ ਵਿਚ ਸਿਆਸੀ ਦਖਲਅੰਦਾਜ਼ੀ ਅਤੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਆਦਿ ਦੇ

**ਨਰਿੰਦਰ ਸਿੰਘ ਢਿੱਲੋਂ**
ਫੋਨ: 403-616-4032

ਸੰਘਰਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਤਾਂ ਕਾਂਗਰਸ ਪਾਰਟੀ ਅਤੇ ਇਸ ਦੀ ਸਰਕਾਰ ਬੇਅਦਬੀ ਕਾਂਡ ਤੇ ਲੋਕਾਂ 'ਤੇ ਤਸ਼ੱਦਦ ਕਰਨ ਵਾਲੇ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਦੀ ਥਾਂ ਇਸ ਧਾਰਮਿਕ ਮੁੱਦੇ ਵਿਚੋਂ ਸਿਆਸੀ ਲਾਹਾ ਲੈਣ ਦੇ ਰਸਤੇ 'ਤੇ ਤੁਰੀ ਹੋਈ ਹੈ। ਖਤਰਾ ਇਸ ਗੱਲ ਦਾ ਵੀ ਹੈ ਕਿ ਪੰਜਾਬ ਦੇ ਹਾਲਾਤ ਅਕਤੂਬਰ 2015 ਵਾਲੇ ਨਾ ਬਣ ਜਾਣ ਜਦ ਇਸੇ ਕਾਂਡ ਕਰਕੇ ਸਾਰਾ ਪੰਜਾਬ ਜਾਮ ਹੋ ਗਿਆ ਸੀ। ਇਸ ਵਿਚ ਕਾਂਗਰਸ ਪਾਰਟੀ ਦੋਹਰਾ ਲਾਭ ਲੈਣਾ ਚਾਹੁੰਦੀ ਹੈ। ਇਕ ਤਾਂ ਮੁਲਾਜ਼ਮ, ਕਿਸਾਨ ਅਤੇ ਮਜ਼ਦੂਰ, ਜੋ ਕਾਂਗਰਸ ਵਲੋਂ ਚੋਣਾਂ ਵਿਚ ਕੀਤੇ ਵਾਅਦੇ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ ਸੜਕਾਂ 'ਤੇ ਉਤਰੇ ਹੋਏ ਸਨ, ਦੇ ਸੰਘਰਸ਼ ਪਿੱਛੇ ਚਲੇ ਗਏ ਹਨ ਅਤੇ ਦੂਜਾ ਅਕਾਲੀ ਦਲ ਦੀ ਮਿੱਟੀ ਪਲੀਤ ਹੋ ਰਹੀ ਹੈ।

ਅਸਲ ਵਿਚ ਇਹੀ ਖੇਡ ਜੋ ਅੱਜ ਕਲ ਕਾਂਗਰਸ ਪਾਰਟੀ ਖੇਡ ਰਹੀ ਹੈ, 2015 ਵਿਚ ਸ਼੍ਰੋਮਣੀ ਅਕਾਲੀ ਨੇ ਖੇਡ ਕੇ ਵੋਟਾਂ ਬਟੋਰਨ ਦੀ ਚਾਲ ਚਲੀ ਸੀ ਪਰ ਇਹ ਚਾਲ ਉਸ ਨੂੰ ਮਹਿੰਗੀ ਤੇ ਉਲਟੀ ਪਈ। ਉਸ ਵੇਲੇ ਅਕਾਲੀ-ਭਾਜਪਾ ਸਰਕਾਰ ਸੀ ਤੇ ਮੁਲਾਜ਼ਮ, ਮਜ਼ਦੂਰ ਅਤੇ ਕਿਸਾਨ ਜਥੇਬੰਦੀਆਂ ਆਪਣੀਆਂ ਮੰਗਾਂ ਲਈ ਸਰਕਾਰ ਦੇ ਨੱਕ ਵਿਚ ਦਮ ਕਰਕੇ ਅਤੇ ਸੜਕਾਂ ਰੋਕ ਕੇ ਬੈਠੀਆਂ ਸਨ ਤੇ ਵਜ਼ੀਰਾਂ ਦਾ ਬਾਹਰ ਨਿਕਲਣਾ ਔਖਾ ਹੋਇਆ ਪਿਆ ਸੀ। ਕਿਸਾਨ ਮੰਗ ਕਰ ਰਹੇ ਸਨ ਕਿ ਨਰਮਾ ਮਾਰੇ ਜਾਣ ਅਤੇ ਕੀੜੇਮਾਰ ਦਵਾਈ ਨਕਲੀ ਦੇਣ ਕਰ ਕੇ ਉਨ੍ਹਾਂ ਦੇ ਨਰਮੇ ਦਾ ਜੋ ਨੁਕਸਾਨ ਹੋਇਆ ਹੈ, ਉਸ ਦਾ ਮੁਆਵਜ਼ਾ ਦਿੱਤਾ ਜਾਵੇ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਪੱਕੀਆਂ ਕਰਨ ਅਤੇ ਲੋਕਾਂ ਦਾ ਧਿਆਨ ਇਨ੍ਹਾਂ ਸੰਘਰਸ਼ਾਂ ਤੋਂ ਲਾਂਭੇ ਕਰਨ ਲਈ ਅਕਾਲੀ ਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪਾਸੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਮੁਆਫੀ ਦਾ ਐਲਾਨ ਕਰਵਾ ਦਿੱਤਾ। ਮੀਡੀਆ ਵਿਚ ਚਰਚਾ ਹੈ ਕਿ ਇਸ ਮੁਆਫੀ ਦੀ ਯੋਜਨਾ ਮੁੰਬਈ ਵਿਚ ਐਕਟਰ ਅਕਸ਼ੈ ਕੁਮਾਰ ਦੇ ਘਰ ਡੇਰਾਮੁਖੀ ਅਤੇ ਸੁਖਬੀਰ ਸਿੰਘ ਬਾਦਲ ਦੀ ਮੀਟਿੰਗ ਵਿਚ ਬਣਾਈ ਗਈ। ਲੋਕਾਂ ਵਿਚ ਇਹ ਵੀ ਚਰਚਾ ਹੈ ਕਿ ਆਪਣੀ ਫਿਲਮ ਚਲਾਉਣ ਲਈ ਡੇਰਾ ਮੁਖੀ ਨੇ ਇਕ ਸੌ ਕਰੋੜ ਰੁਪਏ ਵੀ ਖਰਚੇ।

ਇਸ ਸਾਰੇ ਭੇਤ ਤੋਂ ਗਿਆਨੀ ਗੁਰਮੁਖ ਸਿੰਘ, ਜੋ ਇਸ ਸਮੇਂ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਹਨ, ਨੇ ਵੀ ਪਰਦਾ ਚੁਕਿਆ ਸੀ। ਇਕ ਟੀ. ਵੀ. ਇੰਟਰਵਿਊ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਸੀ ਕਿ ਉਹ ਜਥੇਦਾਰ, ਜਿਸ ਨੇ ਦੁਨਿਆਵੀ ਅਦਾਲਤ ਵਿਚ ਪੇਸ਼ ਨਹੀਂ ਹੋਣਾ ਹੁੰਦਾ, ਕਿਵੇਂ ਚੰਡੀਗੜ੍ਹ ਵਿਚ ਇਕ ਵੱਡੇ ਘਰ ਦੀ ਪੇਸ਼ੀ ਖਾਤਰ ਗਏ ਤੇ ਡੇਰਾ ਸਿਰਸਾ ਦੀ ਮੁਆਫੀ ਦਾ 'ਹੁਕਮ' ਲੈ ਕੇ ਆਏ।

ਡੇਰਾ ਸਿਰਸਾ ਦੀ ਮੁਆਫੀ ਦਾ ਮਾਮਲਾ ਅਜੇ ਸੁਲਘ ਹੀ ਰਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਗ ਬਰਗਾੜੀ ਵਿਚ ਪਾੜ ਕੇ ਸੁੱਟੇ ਗਏ। ਇਸ ਤੋਂ ਪਹਿਲਾਂ ਜੂਨ 2015 ਵਿਚ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋ ਗਈ ਸੀ ਤੇ ਬਾਅਦ ਵਿਚ ਹੱਥ ਲਿਖਤ ਇਸ਼ਤਿਹਾਰ ਕੰਧ 'ਤੇ ਲਿਖਿਆ ਮਿਲਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਵੇਗੀ। ਜੇ 'ਪੰਥਕ' ਸਰਕਾਰ ਉਦੋਂ ਹੀ ਹਰਕਤ ਵਿਚ ਆਉਂਦੀ ਤਾਂ ਦੋਸ਼ੀਆਂ ਨੂੰ ਫੜ੍ਹਿਆ ਜਾ ਸਕਦਾ ਸੀ ਪਰ ਅਕਾਲੀ ਦਲ ਰਾਮ ਰਹੀਮ ਦੇ ਮੁਆਫੀ ਦੇ ਮਾਮਲੇ ਨੂੰ ਕਿਸੇ ਤਰ੍ਹਾਂ ਢੱਕ ਕੇ ਲੋਕਾਂ ਦਾ ਧਿਆਨ ਹੋਰ ਪਾਸੇ ਲਾ ਕੇ ਡੇਰਾ ਸਿਰਸਾ ਪ੍ਰੇਮੀਆਂ ਦੀਆਂ ਵੋਟਾਂ 'ਤੇ ਅੱਖ ਰੱਖੀ ਬੈਠਾ ਸੀ। ਲੋਕਾਂ ਨੇ ਇਸ ਦਾ ਏਨਾ ਵਿਰੋਧ ਕੀਤਾ ਕਿ ਸਾਧਾਰਨ ਅਕਾਲੀ ਵਰਕਰ ਦਾ ਵੀ ਘਰੋਂ ਨਿਕਲਣਾ ਔਖਾ ਹੋ ਗਿਆ ਅਤੇ ਕਈ ਥਾਂਈਂ ਅਕਾਲੀ ਲੀਡਰਾਂ ਦੇ ਕੁਟ ਕੁਟਾਪੇ ਵੀ ਹੋਏ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਤਲੇ ਫੂਕੇ ਗਏ। ਜੇ ਡੇਰਾ ਮੁਖੀ ਆਪ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋ ਕੇ ਮੁਆਫੀ ਮੰਗਦਾ ਅਤੇ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਕੀਤੇ ਸਰੂਪ ਦੇ ਦੋਸ਼ੀਆਂ ਵਿਰੁਧ ਤੁਰਤ ਕਾਰਵਾਈ ਕੀਤੀ ਜਾਂਦੀ ਤਾਂ ਬਾਅਦ ਦੇ ਘਟਨਾਕ੍ਰਮ ਵਾਪਰਨੇ ਹੀ ਨਹੀਂ ਸਨ।

ਇਹ ਚੰਗੀ ਗੱਲ ਸੀ ਕਿ ਇੱਕਾ-ਦੁੱਕਾ ਛੋਟੀਆਂ ਮੋਟੀਆਂ ਘਟਨਾਵਾਂ ਤੋਂ ਬਿਨਾ ਲੋਕਾਂ ਦਾ ਵਿਰੋਧ ਸ਼ਾਂਤੀਪੂਰਨ ਸੀ। 14 ਅਕਤੂਬਰ ਨੂੰ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨੇ 'ਤੇ ਬੈਠੇ ਲੋਕਾਂ 'ਤੇ ਗੋਲੀ ਚਲਾ ਕੇ ਨੌਜਆਨ ਮਾਰ ਦਿੱਤੇ। ਜਦ ਲੋਕਾਂ ਇਸ ਘਟਨਾ ਦੀ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਤਾਂ ਪੰਜਾਬ ਸਰਕਾਰ ਨੇ ਜਾਂਚ ਲਈ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਨਿਯੁਕਤ ਕਰ ਦਿੱਤਾ। ਹੈਰਾਨਗੀ ਦੀ ਗੱਲ ਹੈ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਅੱਜ ਤਕ ਸਾਹਮਣੇ ਨਹੀਂ ਆਈ ਅਤੇ ਚਰਚਾ ਇਹ ਵੀ ਹੈ ਕਿ ਉਹ ਰਿਪੋਰਟ ਵੀ ਬਾਦਲ ਸਰਕਾਰ ਦੇ ਵਿਰੁਧ ਜਾਂਦੀ ਸੀ, ਜਿਸ ਕਰਕੇ ਉਸ ਨੂੰ ਠੰਡੇ ਬਸਤੇ ਵਿਚ ਪਾ ਦਿਤਾ ਗਿਆ।

ਅਕਾਲੀ ਦਲ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸ਼ੁਰੂ ਤੋਂ ਹੀ ਰੱਦ ਕਰਦਾ ਤੇ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਿਚ ਕਮਿਸ਼ਨ ਬਣਾਉਣ ਦੀ ਮੰਗ ਕਰਦਾ ਆਇਆ ਹੈ ਪਰ ਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਪੁੱਛਿਆ ਜਾਵੇ ਕਿ ਤੁਹਾਡੀ ਸਰਕਾਰ ਨੇ ਜ਼ੋਰਾ ਸਿੰਘ ਕਮਿਸ਼ਨ ਕਿਉਂ ਬਣਾਇਆ, ਉਦੋਂ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਿਚ ਕਮਿਸ਼ਨ ਕਿਉਂ ਨਾ ਬਣਾਇਆ ਅਤੇ ਦੂਜਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤਾਂ ਤੁਸੀਂ ਮੰਨਦੇ ਨਹੀਂ, ਜਸਟਿਸ ਜ਼ੋਰਾ ਸਿੰਘ ਕਮਿਸ਼ਨ ਜੋ ਤੁਸੀਂ ਬਣਾਇਆ ਸੀ, ਉਸ ਦੀ ਰਿਪੋਰਟ ਕਿਉਂ ਨਾ ਜਨਤਕ ਕੀਤੀ? ਇਨ੍ਹਾਂ ਗੱਲਾਂ ਦਾ ਉਸ ਕੋਲ ਕੋਈ ਜੁਆਬ ਨਹੀਂ ਹੈ।

ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ ਗਈ ਤਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਵਿਧਾਇਕਾਂ ਨੇ ਰਿਪੋਰਟ ਪਾੜ ਕੇ ਸਦਨ ਵਿਚ ਖੌਰੂ ਪਾਇਆ ਤੇ ਬਹਿਸ ਤੋਂ ਡਰਦੇ ਸਦਨ ਵਿਚੋਂ ਬਾਹਰ ਚਲੇ ਗਏ। ਬਹਿਸ ਦਾ ਸਾਹਮਣਾ ਨਾ ਕਰਨ ਕਰਕੇ ਹੁਣ ਅਕਾਲੀ ਦਲ ਦੇ ਅੰਦਰੋਂ ਵੀ ਸੁਖਬੀਰ ਬਾਦਲ ਵਿਰੁਧ ਅਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਅਤੇ ਆਉਣ ਵਾਲੇ ਸਮੇਂ 'ਚ ਪਾਰਟੀ ਅੰਦਰ ਸੰਕਟ ਵਧ ਸਕਦਾ ਹੈ।

ਵਿਧਾਨ ਸਭਾ ਵਿਚ ਹੋਰ ਵਿਰੋਧੀ ਧਿਰ ਦੇ ਮੈਂਬਰਾਂ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਮੈਂਬਰਾਂ ਅਤੇ ਮੰਤਰੀਆਂ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਉਪ ਮੁੱਖ ਮੰਤਰੀ ਬਾਦਲ ਪਿਉ-ਪੁੱਤ 'ਤੇ ਖੂਬ ਹਮਲੇ ਕੀਤੇ। ਇਨ੍ਹਾਂ ਸਮੇਤ ਬਹਿਬਲ ਕਲਾਂ ਵਿਚ ਗੋਲੀ ਚਲਾਉਣ ਵਾਲੇ ਪੁਲਿਸ ਅਫਸਰਾਂ ਵਿਰੁਧ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲਾਂ ਕੀਤੀਆਂ। ਇਕ ਮੰਤਰੀ ਨੇ ਤਾਂ ਝੋਲੀ ਅੱਡ ਕੇ ਕੈਪਟਨ ਤੋਂ ਮੰਗ ਕੀਤੀ ਕਿ ਬਾਦਲਾਂ ਨੂੰ ਜਸਟਿਸ ਰਣਜੀਤ ਸਿੰਘ ਨੇ ਦੋਸ਼ੀ ਕਰਾਰ ਦਿੱਤਾ ਹੈ, ਇਸ ਲਈ ਇਨ੍ਹਾਂ ਵਿਰੁਧ ਕਾਰਵਾਈ ਕੀਤੀ ਜਾਵੇ। ਇਕ ਵਿਧਾਇਕ ਨੇ ਇਹ ਵੀ ਤਰਲਾ ਮਾਰਿਆ ਕਿ ਜੇ ਹੁਣ ਵੀ ਕੋਈ ਕਾਰਵਾਈ ਨਾ ਕੀਤੀ ਤਾਂ ਬਾਦਲਾਂ ਵਾਂਗ ਅਸੀਂ ਵੀ ਦੋਸ਼ੀ ਹੋਵਾਂਗੇ।

ਸਾਰੇ ਵਿਧਾਇਕਾਂ ਨੇ ਕੇਸ ਜਾਂਚ ਲਈ ਸੀ. ਬੀ. ਆਈ. ਨੂੰ ਦੇਣ ਦਾ ਵਿਰੋਧ ਕੀਤਾ। ਪਰ 'ਖੋਦਿਆ ਪਹਾੜ ਤੇ ਨਿਕਲਿਆ ਚੂਹਾ' ਵਾਂਗ ਮੁੱਖ ਮੰਤਰੀ ਨੇ ਪੰਜ-ਦਸ ਮਿੰਟਾਂ ਵਿਚ ਬਹਿਸ ਸਮੇਟ ਦਿੱਤੀ ਤੇ ਕੇਵਲ ਇੰਨਾ ਹੀ ਕਿਹਾ ਕਿ ਜਾਂਚ ਸੀ. ਬੀ. ਆਈ. ਕੋਲੋਂ ਲੈ ਕੇ ਪੰਜਾਬ ਪੁਲਿਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿੱਟ) ਨੂੰ ਦਿੱਤੀ ਜਾਵੇਗੀ। ਇਸ ਪਿਛੋਂ ਸਦਨ ਅਣਮਿਥੇ ਸਮੇਂ ਲਈ ਉਠਾ ਦਿੱਤਾ। 'ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਓਥੇ ਦਾ ਓਥੇ' ਵਾਂਗ ਕੈਪਟਨ ਅਮਰਿੰਦਰ ਸਿੰਘ ਬਾਦਲਾਂ ਵਿਰੁਧ ਕੁਝ ਵੀ ਕਰਨ ਨੂੰ ਤਿਆਰ ਨਹੀਂ। ਪਿਛਲੇ ਸਾਰੇ ਘਟਨਾਕ੍ਰਮ ਤੋਂ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸ ਮੰਤਰੀ, ਵਿਧਾਇਕ ਤੇ ਹੋਰ ਲੀਡਰ ਜੋ ਮਰਜ਼ੀ ਕਹੀ ਜਾਣ, ਕੈਪਟਨ ਅਮਰਿੰਦਰ ਸਿੰਘ ਬਾਦਲ ਪਰਿਵਾਰ ਵਿਰੁਧ ਕੁਝ ਨਹੀਂ ਕਰੇਗਾ। ਉਹ ਬਾਦਲਾਂ ਨੂੰ ਬੁਰਾ ਭਲਾ ਕਹਿ ਸਕਦਾ ਹੈ, ਪਰ ਕਾਨੂੰਨੀ ਕਾਰਵਾਈ ਕੋਈ ਨਹੀਂ ਕਰੇਗਾ। ਇਸੇ ਤਰ੍ਹਾਂ ਬਾਦਲ ਅਤੇ ਮਜੀਠੀਆ ਕੈਪਟਨ ਬਾਰੇ ਜ਼ਬਾਨੀ ਕਲਾਮੀ ਬਹੁਤ ਕੁਝ ਕਹਿਣਗੇ ਪਰ ਕੈਪਟਨ ਪਰਿਵਾਰ ਵਿਰੁਧ ਕਾਨੂੰਨੀ ਕਾਰਵਾਈ ਕੋਈ ਨਹੀਂ ਕਰੇਗਾ।

ਹੁਣ ਕਾਂਗਰਸੀ ਵੀ ਕੈਪਟਨ ਤੇ ਬਾਦਲਾਂ ਦੇ ਆਪਸੀ ਸਮਝੌਤੇ ਬਾਰੇ ਕਾਨਾਫੂਸੀ ਕਰਨ ਲਗ ਪਏ ਹਨ। ਮੀਡੀਆ ਮੁਤਾਬਕ ਹੁਣ ਤਾਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੋਲੀ ਚਲਾਉਣ ਦੇ ਹੁਕਮ ਉਸ ਸਮੇਂ ਦੇ ਮੁੱਖ ਮੰਤਰੀ ਨੇ ਦਿੱਤੇ ਸਨ। ਗੋਲੀ ਚਲਾਉਣ ਵਾਲੇ ਸੀਨੀਅਰ ਪੁਲਿਸ ਅਫਸਰਾਂ ਨੂੰ ਵੀ ਰਿਪੋਰਟ ਨੇ ਨਾਮਜ਼ਦ ਕੀਤਾ ਹੈ, ਜਿਨ੍ਹਾਂ ਵਿਰੁਧ ਕਾਰਵਾਈ ਕਰਨੀ ਬਣਦੀ ਹੈ।

ਕੁਝ ਹਲਕਿਆਂ ਵਿਚ ਇਹ ਚਰਚਾ ਵੀ ਹੈ ਕਿ ਜਸਟਿਸ ਰਣਜੀਤ ਸਿੰਘ ਵਲੋਂ 30 ਜੂਨ 2018 ਨੂੰ ਪੇਸ਼ ਕੀਤੀ ਰਿਪੋਰਟ ਅੰਦਰਖਾਤੇ ਸਾਬਕਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਨੋਟਿਸ ਵਿਚ ਲਿਆਂਦੀ ਗਈ, ਜਿਸ ਕਰਕੇ ਸੁਖਬੀਰ ਬਾਦਲ ਇਕ ਦਮ ਭੜਕ ਉਠਿਆ। ਉਸ ਨੇ ਜਸਟਿਸ ਰਣਜੀਤ ਸਿੰਘ ਬਾਰੇ 'ਰਣਜੀਤ, ਜਾਅਲੀ ਡਿਗਰੀ, ਕਾਂਗਰਸੀ ਲੀਡਰਾਂ ਨਾਲ ਮੀਟਿੰਗ ਕੀਤੀ, ਸਿੱਖ ਵੀ ਨਹੀਂ ਹੈ, ਸਾਡੀ ਸਰਕਾਰ ਆਈ ਤਾਂ ਕੇਸ ਦਰਜ ਕਰਾਂਗੇ' ਆਦਿ ਅਪਮਾਨਜਨਕ ਸ਼ਬਦ ਵਰਤੇ। ਉਸ ਦੇ ਵਿਹਾਰ ਦੀ ਵਿਧਾਨ ਸਭਾ ਮੈਂਬਰਾਂ ਨੇ ਨਿਖੇਧੀ ਕੀਤੀ।

ਜਿਸ ਵਿਅਕਤੀ ਨੇ ਕੇਂਦਰ ਵਿਚ ਵਜ਼ੀਰੀ ਅਤੇ ਦਸ ਸਾਲ ਪੰਜਾਬ ਵਿਚ ਉਚ ਸੰਵਿਧਾਨਕ ਅਹੁਦਾ ਹੰਢਾਇਆ ਹੋਵੇ, ਉਸ ਵਲੋਂ ਐਸੀ ਬਚਗਾਨਾ ਹਰਕਤਾਂ ਨਿਖੇਧੀਯੋਗ ਹਨ। ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਤਾਂ ਵਿਅਕਤੀ ਨੂੰ ਅਧਿਕਾਰ ਹੈ ਕਿ ਉਹ ਤੱਥਾਂ ਦੇ ਆਧਾਰ 'ਤੇ ਰਿਪੋਰਟ ਰੱਦ ਕਰੇ, ਪਰ ਪਹਿਲਾਂ ਹੀ ਰੱਦ ਕਰਨਾ ਨਿਆਂਪਾਲਿਕਾ ਵਿਚ ਬੇਵਿਸ਼ਵਾਸੀ ਅਤੇ ਕਾਨੂੰਨ ਤੋਂ ਭਗੌੜਾ ਹੋਣ ਦੇ ਤੁਲ ਹੈ। ਸੁਖਬੀਰ ਬਾਦਲ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਇਤਿਹਾਸ ਵਿਚ ਬਹੁਤ ਘਟਨਾਵਾਂ ਮਿਲਦੀਆਂ ਹਨ ਕਿ ਜਦ ਵੀ ਕਿਸੇ ਰਾਜੇ, ਮਹਾਰਾਜੇ ਜਾਂ ਸ਼ਾਸਕ ਨੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤਾ, ਲੋਕਾਂ ਨੇ ਉਸ ਦਾ ਡਟ ਕੇ ਵਿਰੋਧ ਕੀਤਾ ਪਰ ਜਿਸ ਰਾਜੇ ਨੇ ਸਾਰੇ ਧਰਮਾਂ ਦਾ ਸਤਿਕਾਰ ਕੀਤਾ, ਲੋਕਾਂ ਉਸ ਰਾਜੇ ਦਾ ਸਤਿਕਾਰ ਕੀਤਾ। ਲੋਕ ਹੋਰ ਬੇਇਨਸਾਫੀ ਬਰਦਾਸ਼ਤ ਕਰ ਸਕਦੇ ਹਨ ਪਰ ਆਪਣੇ ਧਾਰਮਿਕ ਅਕੀਦਿਆਂ ਨਾਲ ਖਿਲਵਾੜ ਬਰਦਾਸ਼ਤ ਨਹੀਂ ਕਰਦੇ। ਇਸ ਰੌਸ਼ਨੀ ਵਿਚ ਪੰਜਾਬ ਦੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਸੀ ਕਰਨੀ ਅਤੇ ਨਾ ਹੀ ਕੀਤੀ। ਮੈਂ ਕੋਈ ਕਾਨੂੰਨੀ ਮਾਹਿਰ ਤਾਂ ਨਹੀਂ ਪਰ ਮੈਨੂੰ ਏਨਾ ਕੁ ਜ਼ਰੂਰ ਪਤਾ ਹੈ ਕਿ ਜਦ ਲੋਕ ਸੰਵੇਦਨਸ਼ੀਲ ਮੁੱਦੇ 'ਤੇ ਇਕੱਠ ਕਰਦੇ ਹਨ ਤਾਂ ਪੁਲਿਸ ਦੇ ਨਾਲ ਮੌਕੇ 'ਤੇ ਡਿਊਟੀ ਮੈਜਿਸਟ੍ਰੇਟ ਹੁੰਦਾ ਹੈ। ਜੇ ਹਜੂਮ ਹਿੰਸਕ ਹੋ ਰਿਹਾ ਹੋਵੇ ਤਾਂ ਮੈਜਿਸਟਰੇਟ ਲਾਠੀਚਾਰਜ ਕਰਨ, ਗ੍ਰਿਫਤਾਰ ਕਰਨ, ਹਵਾਈ ਫਾਇਰ ਕਰਨ ਆਦਿ ਦੀ ਆਗਿਆ ਦਿੰਦਾ ਹੈ।

ਸੁਖਬੀਰ ਬਾਦਲ ਤਾਂ ਗ੍ਰਹਿ ਮੰਤਰੀ ਹੁੰਦਿਆਂ ਇਹ ਹੀ ਨਹੀਂ ਦਸ ਸਕਿਆ ਕਿ ਗੋਲੀ ਚਲਾਉਣ ਦੀ ਆਗਿਆ ਕਿਸ ਨੇ ਦਿੱਤੀ, ਜਿਸ ਨਾਲ ਦੋ ਨੌਜੁਆਨ ਮਾਰੇ ਗਏ। ਜੇ ਇਹ ਮੰਨ ਵੀ ਲਿਆ ਜਾਵੇ ਕਿ ਬਾਦਲ ਪਿਉ-ਪੁੱਤ ਨੇ ਗੋਲੀ ਚਲਾਉਣ ਦੀ ਆਗਿਆ ਨਹੀਂ ਸੀ ਦਿੱਤੀ ਤਾਂ ਫਿਰ ਕਿਸ ਨੇ ਦਿੱਤੀ ਤੇ ਕਿਸ ਦੀ ਗੋਲੀ ਨਾਲ ਦੋ ਨੌਜੁਆਨ ਮਾਰੇ ਗਏ? ਇਸ ਬਾਰੇ ਬਾਦਲ ਪਿਉ-ਪੁੱਤ ਹੁਣ ਤਕ ਚੁੱਪ ਕਿਉਂ ਹਨ ਤੇ ਇਸ ਕੇਸ ਨੂੰ ਲੋਕਾਂ ਸਾਹਮਣੇ ਲਿਆਉਣ ਲਈ ਇਨ੍ਹਾਂ ਕੋਈ ਕਾਰਵਾਈ ਕਿਉਂ ਨਾ ਕੀਤੀ?

ਕਾਂਗਰਸ ਪ੍ਰਧਾਨ ਸੁਨੀਲ ਜਾਖੜ ਕੁਝ ਮੰਤਰੀਆਂ ਨੂੰ ਨਾਲ ਲੈ ਕੇ ਬਰਗਾੜੀ ਕਾਂਡ ਨਾਲ ਪੀੜਤ ਲੋਕਾਂ ਨੂੰ ਪਿੰਡ ਪਿੰਡ ਜਾ ਕੇ ਮਿਲ ਰਹੇ ਹਨ। ਇਹ ਨੇਤਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਦੋਸ਼ੀਆਂ ਵਿਰੁਧ ਕਾਰਵਾਈ ਕਰਵਾਉਣ ਤੋਂ ਅਸਮਰਥ ਹਨ ਪਰ ਢਾਈ ਸਾਲ ਬਾਅਦ ਹੁਣ ਪੀੜਤਾਂ ਨੂੰ ਮਿਲ ਰਹੇ ਹਨ ਅਤੇ ਧਾਰਮਿਕ ਸੰਕਟ ਵਿਚ ਇਸ ਮੁੱਦੇ 'ਤੇ ਰਾਜਨੀਤੀ ਕਰ ਰਹੇ ਹਨ। ਵਿਧਾਨ ਸਭਾ ਜਿਸ ਦਾ ਅਮਲੀ ਤੌਰ 'ਤੇ ਦੋ ਦਿਨ ਦਾ ਮੌਨਸੂਨ ਸੈਸ਼ਨ ਸੱਦਿਆ ਗਿਆ, ਬਾਰੇ ਤਾਂ ਕਾਂਗਰਸ ਪ੍ਰਧਾਨ ਜਾਂ ਵਿਧਾਇਕ ਤਾਂ ਬੋਲੇ ਨਹੀਂ, ਜਿਸ ਵਿਚ ਪੰਜਾਬ ਦੇ ਮਸਲੇ ਵਿਚਾਰੇ ਜਾਣੇ ਸਨ। ਸਕੂਲ, ਕਾਲਜ, ਸਰਕਾਰੀ ਦਫਤਰ, ਹਸਪਤਾਲ, ਥਾਣੇ ਆਦਿ ਮੁਲਾਜ਼ਮਾਂ ਦੇ ਅਧਿਕਾਰੀਆਂ ਤੋਂ ਖਾਲੀ ਪਏ ਹਨ। ਨੌਜੁਆਨ ਬੇਰੁਜ਼ਗਾਰ ਫਿਰ ਰਹੇ ਹਨ, ਕਿਸਾਨ ਕਰਜ਼ਾ ਤੋਂ ਖੁਦਕਸ਼ੀਆਂ, ਨਸ਼ਾ, ਮਹਿੰਗਾਈ, ਪਾਣੀਆਂ ਦਾ ਮਸਲਾ, ਗੁੰਡਾਗਰਦੀ ਆਦਿ ਉਤੇ ਬਹਿਸ ਕਰਕੇ ਹੱਲ ਕੱਢਣੇ ਚਾਹੀਦੇ ਸਨ ਪਰ ਕਾਂਗਰਸੀ ਇਨ੍ਹਾਂ ਮੁੱਦਿਆਂ ਤੋਂ ਅਕਾਲੀਆਂ ਵਾਂਗ ਹੀ ਲੋਕਾਂ ਦਾ ਧਿਆਨ ਹੋਰ ਪਾਸੇ ਲਿਜਾ ਰਹੇ ਹਨ। ਜੇ ਕਾਂਗਰਸ ਪਾਰਟੀ ਦਾ ਵਤੀਰਾ ਇਹੋ ਰਿਹਾ ਤਾਂ ਕੁਝ ਸਮੇਂ ਬਾਅਦ ਕਾਂਗਰਸ ਅੰਦਰੋਂ ਕੈਪਟਨ ਅਮਰਿੰਦਰ ਸਿੰਘ ਵਿਰੁਧ ਅਵਾਜ਼ਾਂ ਉਠਣੀਆਂ ਤੈਅ ਹਨ ਤੇ ਬਾਦਲਾਂ ਨਾਲ ਸਮਝੌਤਾ ਪੁਗਾ ਕੇ ਕੈਪਟਨ ਕਾਂਗਰਸ ਦੀ ਬੇੜੀ ਡੋਬਣ ਦਾ ਕਾਰਨ ਬਣੇਗਾ।

ਹੁਣ ਕਰਤਾਰਪੁਰ ਲਾਂਘਾ ਲੈਣ ਦੇ ਮੁੱਦੇ 'ਤੇ ਰਾਜਨੀਤੀ ਸ਼ੁਰੂ ਹੋ ਗਈ ਹੈ। ਇਹ ਲਾਂਘਾ ਮਿਲਣ ਦੀ ਕੋਈ ਸੰਭਾਵਨਾ ਨਹੀਂ। ਪਾਕਿਸਤਾਨ ਉਹ ਮੁਲਕ ਹੈ, ਜਿਸ ਨੇ ਪੰਜਾਬ ਵਿਚ ਅਮਰੀਕਾ ਦੇ ਸਹਿਯੋਗ ਨਾਲ ਅਤਿਵਾਦ ਦਾ ਬੀਜ ਬੀਜਿਆ ਸੀ। ਏ. ਕੇ. 47 ਅਤੇ ਏ. ਕੇ. 56 ਰਾਈਫਲ ਪਾਕਿਸਤਾਨ ਰਾਹੀਂ ਹੀ ਪੰਜਾਬ ਆਈ ਸੀ। ਅੱਜ ਵੀ ਜੰਮੂ-ਕਸ਼ਮੀਰ ਵਿਚ ਉਹ ਲਗਾਤਾਰ ਸਰਹੱਦੀ ਉਲੰਘਣਾ ਕਰ ਰਿਹਾ ਹੈ, ਜਿਸ ਨਾਲ ਭਾਰਤੀ ਜਵਾਨ ਅਤੇ ਆਮ ਲੋਕ ਸ਼ਹੀਦ ਹੋ ਰਹੇ ਹਨ। ਉਸ ਦੇਸ਼ ਦੇ ਫੌਜ ਦੇ ਮੁਖੀ ਜਾਂ ਕਿਸੇ ਵਜ਼ੀਰ ਦੇ ਬਿਆਨ 'ਤੇ ਸਾਨੂੰ ਐਵੇਂ ਕੱਛਾਂ ਨਹੀਂ ਵਜਾਉਣੀਆਂ ਚਾਹੀਦੀਆਂ। ਡੇਰਾ ਬਾਬਾ ਨਾਨਕ ਲਾਗੋਂ ਜਿਥੋਂ ਲਾਂਘਾ ਮੰਗਿਆ ਜਾ ਰਿਹਾ ਹੈ, ਉਥੇ ਰਾਵੀ ਦਰਿਆ ਪਾਕਿਸਤਾਨ ਦੀ ਹੱਦ ਅੰਦਰ ਹੈ। ਇਸ ਲਾਂਘੇ ਲਈ ਜਿੰਨਾ ਚਿਰ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਬਹਿ ਕੇ ਫੈਸਲਾ ਨਹੀਂ ਕਰਦੀਆਂ, ਓਨਾ ਚਿਰ ਕੋਈ ਕਾਰਵਾਈ ਨਹੀਂ ਹੋ ਸਕਦੀ। ਅੱਜ ਦੇ ਤਣਾਓ ਭਰੇ ਹਾਲਾਤ ਵਿਚ ਦੋਹਾਂ ਸਰਕਾਰਾਂ ਦਾ ਇਸ ਮੁੱਦੇ 'ਤੇ ਬੈਠਣਾ ਅਸੰਭਵ ਲਗਦਾ ਹੈ। ਪਾਕਿਸਤਾਨ ਦੇ ਇਕ ਵਜ਼ੀਰ ਵਲੋਂ ਬਿਨਾ ਵੀਜ਼ਾ ਲਾਂਘਾ ਦੇਣ ਦੀ ਗੱਲ ਕਰਨਾ ਅਸਲੋਂ ਹੀ ਗੁਮਰਾਹਕੁੰਨ ਹੈ। ਇਸ ਵਿਚ ਨਵਜੋਤ ਸਿੱਧੂ ਵੱਖ ਦਾਅਵੇ ਕਰੀ ਜਾ ਰਿਹਾ ਹੈ ਤੇ ਅਕਾਲੀ ਮੋਦੀ ਨੂੰ ਮਿਲਣ ਦੀਆਂ ਗੱਲਾਂ ਕਰ ਰਹੇ ਹਨ। ਇਸ ਧਾਰਮਿਕ ਮੁੱਦੇ ਨੂੰ ਬੇਲੋੜਾ ਸਿਆਸੀ ਪਿੜ ਵਿਚ ਘਸੀਟਿਆ ਜਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਕਾਬਜ਼ ਹੈ। ਚਾਹੀਦਾ ਤਾਂ ਇਹ ਸੀ ਕਿ ਸ਼੍ਰੋਮਣੀ ਕਮੇਟੀ ਮੈਂਬਰ ਬਣਨ ਤੋਂ ਬਾਅਦ ਇਹ ਮੈਂਬਰ ਨਿਰੋਲ ਧਾਰਮਿਕ ਮੁੱਦਿਆਂ ਤਕ ਹੀ ਰਹਿੰਦੇ ਲੇਕਿਨ ਇਹ ਕਮੇਟੀ ਹੁਣ ਧਾਰਮਿਕ ਨਾ ਰਹਿ ਕੇ ਇਕ ਸਿਆਸੀ ਸੰਸਥਾ

**ਭਖਦੇ ਮਸਲੇ**

ਦਾ ਰੂਪ ਹੀ ਧਾਰ ਗਈ ਹੈ ਅਤੇ ਇਸ ਵਲੋਂ ਨਿਯੁਕਤ ਕੀਤੇ ਤਖਤਾਂ ਦੇ ਜਥੇਦਾਰ ਸਾਹਿਬਾਨ ਆਪਣੇ ਅਹੁਦੇ ਦਾ ਵੱਕਾਰ ਗੁਆ ਚੁਕੇ ਹਨ। ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਨੇ ਤਾਂ ਆਪਣੀ ਕਾਰਜਸ਼ੈਲੀ ਨਾਲ ਇਸ ਸੰਸਥਾ ਦੇ ਵੱਕਾਰ ਨੂੰ ਬਹੁਤ ਢਾਹ ਲਾਈ ਹੈ, ਜਿਸ ਨਾਲ ਲੋਕ ਇਥੋਂ ਜਾਰੀ ਕੀਤੇ ਜਾਂਦੇ ਹੁਕਮਨਾਮਿਆਂ ਨੂੰ ਟਿੱਚ ਜਾਣਨ ਲੱਗੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਜਥੇਦਾਰ ਨੇ ਪਹਿਲਾਂ ਡੇਰਾ ਸਿਰਸਾ ਦੀ ਮੁਆਫੀ ਦਾ ਐਲਾਨ ਕੀਤਾ। ਜਦ ਲੋਕਾਂ ਵਲੋਂ ਜ਼ਬਰਦਸਤ ਵਿਰੋਧ ਹੋਇਆ ਤਾਂ ਮੁਆਫੀਨਾਮਾ ਵਾਪਸ ਲੈ ਲਿਆ ਤੇ ਕੁਝ ਸਮੇਂ ਬਾਅਦ ਕਿਹਾ ਕਿ 'ਅਸੀਂ ਤਾਂ ਮੁਆਫ ਕੀਤਾ ਹੀ ਨਹੀਂ ਸੀ।' ਜਦ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਚਰਚਾ ਚਲੀ ਸੀ, ਉਦੋਂ ਵੀ ਇਸ ਜਥੇਦਾਰ ਨੇ ਇਕ ਪਾਸੜ ਰੋਲ ਅਦਾ ਕਰਕੇ ਆਪਣੇ ਅਹੁਦੇ ਦੀ ਮਰਿਆਦਾ ਦਾ ਘਾਣ ਕੀਤਾ ਸੀ। ਸ਼੍ਰੋਮਣੀ ਕਮੇਟੀ ਅਤੇ ਤਖਤਾਂ ਦੇ ਜਥੇਦਾਰਾਂ ਨੂੰ ਰਾਜਨੀਤੀ ਲਈ ਵਰਤਣਾ ਅੰਤ ਅਕਾਲੀ ਦਲ ਦੇ ਹਿੱਤ ਵਿਚ ਨਹੀਂ ਹੋਵੇਗਾ।

ਸ਼੍ਰੋਮਣੀ ਕਮੇਟੀ ਇਕ ਸੰਵਿਧਾਨਕ ਸੰਸਥਾ ਹੈ। ਡੇਰਾ ਸਿਰਸਾ ਨੂੰ ਮੁਆਫੀ ਦੇ ਮੁੱਦੇ 'ਤੇ ਜਦ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇਸ ਸੰਸਥਾ ਤੋਂ ਕੋਈ ਜਾਣਕਾਰੀ ਲੈਣੀ ਚਾਹੀ ਤਾਂ ਇਸ ਦੇ ਆਗੂਆਂ ਨੇ ਨਾਂਹ ਕਰ ਦਿੱਤੀ ਤੇ ਹੈਰਾਨੀ ਦੀ ਗੱਲ ਹੈ ਕਿ ਇਸ ਦੇ ਪ੍ਰਧਾਨ ਨੇ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਉਸ ਨੂੰ ਕੈਦ ਕਰਨ ਦਾ ਬਿਆਨ ਦਾਗ ਦਿੱਤਾ। ਇਸ ਤੋਂ ਵੱਧ ਇਸ ਸੰਸਥਾ ਲਈ ਮਾੜੀ ਗੱਲ ਕੀ ਹੋ ਸਕਦੀ ਹੈ? ਚਰਚਾ ਹੈ ਕਿ ਉਸ ਰਿਪੋਰਟ ਵਿਚ ਸੁਖਬੀਰ ਬਾਦਲ ਦੀਆਂ ਸਿੱਖ ਪੰਥ ਤੋਂ ਖਾਰਜ ਕੀਤੇ ਗੁਰਮੀਤ ਰਾਮ ਰਹੀਮ ਨਾਲ ਮੀਟਿੰਗਾਂ ਦਾ ਜ਼ਿਕਰ ਹੈ। ਇਸ 'ਤੇ ਸਾਰੇ ਜਥੇਦਾਰ ਅਤੇ ਅਕਾਲੀ ਲੀਡਰ ਚੁੱਪ ਹਨ ਪਰ ਜੇ ਕਿਸੇ ਹੋਰ ਪਾਰਟੀ ਦਾ ਨੇਤਾ ਹੁੰਦਾ ਤਾਂ ਉਸ ਨੂੰ ਤੁਰੰਤ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਜਾਣਾ ਸੀ। ਜੋ ਹੋਰ ਆਪਣੇ ਆਪ ਨੂੰ ਪੰਥਕ ਪਾਰਟੀਆਂ ਅਖਵਾਉਂਦੀਆਂ ਤੇ ਇਨ੍ਹਾਂ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਦਾ ਵਿਰੋਧ ਕਰਦੀਆਂ ਹਨ, ਉਨ੍ਹਾਂ ਦੀ ਵੀ ਲੋਕਾਂ ਵਿਚ ਭਰੋਸੇਯੋਗਤਾ ਨਹੀਂ ਹੈ। ਇਨ੍ਹਾਂ ਵਿਚ ਬਹੁਤੇ ਉਹ ਹਨ ਜੋ ਪੰਜਾਬ ਅੰਦਰ ਕਾਲੇ ਦੌਰ ਵਿਚ ਬੇਦੋਸ਼ਿਆਂ ਦੇ ਕਤਲ ਕਰਨ ਵਾਲੇ ਬੰਦੂਕਧਾਰੀਆਂ ਦੀ ਹਮਾਇਤ ਕਰਦੇ ਰਹੇ ਤੇ ਉਹ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਹਿਤ ਵਿਚ ਵਰਤਣਾ ਚਾਹੁੰਦੇ ਹਨ।

ਇਸ ਅਵਸਥਾ ਵਿਚ ਪੰਜਾਬ ਦੇ ਲੋਕ ਸੋਚ ਰਹੇ ਹਨ ਕਿ ਉਹ ਕਿਧਰ ਜਾਣ। ਮੇਰਾ ਵਿਚਾਰ ਹੈ ਕਿ ਪੰਜਾਬ ਦੇ ਵੱਖ-ਵੱਖ ਫਿਰਕਿਆਂ ਦੇ ਲੋਕਾਂ ਨੂੰ ਆਪਣੀ ਭਾਈਚਾਰਕ ਏਕਤਾ ਕਾਇਮ ਰਖਦਿਆਂ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਸ਼ਾਂਤਮਈ ਸਾਂਝੀ ਆਵਾਜ਼ ਉਠਾਉਣੀ ਚਾਹੀਦੀ ਹੈ। ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਅਤੇ ਕਾਂਗਰਸ ਵਲੋਂ ਚੋਣਾਂ ਵਿਚ ਕੀਤੇ ਵਾਅਦੇ ਪੂਰੇ ਕਰਨ ਲਈ ਸੰਘਰਸ਼ ਕਰਦਿਆਂ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ। ਕਾਂਗਰਸ ਅਤੇ ਅਕਾਲੀ ਦਲ ਵਲੋਂ ਧਾਰਮਿਕ ਮੁੱਦਿਆਂ 'ਤੇ ਰਾਜਨੀਤੀ ਕਰਨ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਨਾਲ ਧਰਮ ਜਾਂ ਜਾਤ ਪਾਤ ਦੇ ਨਾਂ 'ਤੇ ਲੋਕਾਂ ਨੂੰ ਭੜਕਾਉਣ ਵਾਲੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਜੇ ਭਾਰਤ ਅਤੇ ਪਾਕਿਸਤਾਨ ਸਰਕਾਰ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਨੂੰ ਲਾਂਘਾ ਦਿੰਦੀਆਂ ਹਨ ਤਾਂ ਸਵਾਗਤਯੋਗ ਹੈ ਪਰ ਪਾਕਿਸਤਾਨ ਦੀਆਂ ਸਿਆਸੀ ਚਾਲਾਂ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ। ਭਾਵੇਂ ਦੋਹਾਂ ਦੇਸ਼ਾਂ ਦੇ ਆਮ ਨਾਗਰਿਕ ਅਮਨਪੂਰਵਕ ਇਕ ਦੂਜੇ ਨੂੰ ਮਿਲਣਾ ਚਾਹੁੰਦੇ ਹਨ ਪਰ ਇਹ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦੀ ਸਹਿਮਤੀ ਨਾਲ ਹੀ ਹੋ ਸਕਦਾ ਹੈ ਤੇ ਇਸ ਵਿਸ਼ੇ 'ਤੇ ਬੇਲੋੜੀ ਬਿਆਨਬਾਜ਼ੀ ਬੰਦ ਕਰਨੀ ਚਾਹੀਦੀ ਹੈ, ਇਸੇ ਵਿਚ ਹੀ ਸਭ ਦਾ ਭਲਾ ਹੈ।

*ਅਕਾਲੀ ਦਲ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸ਼ੁਰੂ ਤੋਂ ਹੀ ਰੱਦ ਕਰਦਾ ਤੇ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਿਚ ਕਮਿਸ਼ਨ ਬਣਾਉਣ ਦੀ ਮੰਗ ਕਰਦਾ ਆਇਆ ਹੈ ਪਰ ਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਪੁੱਛਿਆ ਜਾਵੇ ਕਿ ਤੁਹਾਡੀ ਸਰਕਾਰ ਨੇ ਜ਼ੋਰਾ ਸਿੰਘ ਕਮਿਸ਼ਨ ਕਿਉਂ ਬਣਾਇਆ, ਉਦੋਂ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਿਚ ਕਮਿਸ਼ਨ ਕਿਉਂ ਨਾ ਬਣਾਇਆ ਅਤੇ ਦੂਜਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤਾਂ ਤੁਸੀਂ ਮੰਨਦੇ ਨਹੀਂ, ਜਸਟਿਸ ਜ਼ੋਰਾ ਸਿੰਘ ਕਮਿਸ਼ਨ ਜੋ ਤੁਸੀਂ ਬਣਾਇਆ ਸੀ, ਉਸ ਦੀ ਰਿਪੋਰਟ ਕਿਉਂ ਨਾ ਜਨਤਕ ਕੀਤੀ? ਇਨ੍ਹਾਂ ਗੱਲਾਂ ਦਾ ਉਸ ਕੋਲ ਕੋਈ ਜੁਆਬ ਨਹੀਂ ਹੈ।*

# ਲੋੜ ਹੈ ਇੱਕ ਹੋਰ ਗੁਰਦੁਆਰਾ ਸੁਧਾਰ ਲਹਿਰ ਦੀ!

***ਪੰਜਾਬ ਵਿਚ ਬਾਦਲਾਂ ਦੇ ਰਾਜ ਦੌਰਾਨ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿਛੋਂ ਉਨ੍ਹਾਂ ਦੀ 'ਪੰਥਪ੍ਰਸਤੀ' ਉਤੇ ਸਵਾਲਾਂ ਦੀ ਝੜੀ ਲੱਗੀ ਹੋਈ ਹੈ। ਪੰਜਾਬ ਵਿਚ ਕਾਲੇ ਦੌਰ ਤੋਂ ਲੈ ਕੇ ਹੁਣ ਤੱਕ ਸ. ਪ੍ਰਕਾਸ਼ ਸਿੰਘ ਬਾਦਲ ਦੇ ਰੋਲ ਬਾਰੇ ਸਵਾਲ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਅਤੇ ਇਸ ਵਲੋਂ ਥਾਪੇ ਗਏ ਜਥੇਦਾਰਾਂ ਦੀ ਬਾਦਲਪ੍ਰਸਤੀ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਹ ਕੁਝ ਮੁੱਦੇ ਹਨ ਜੋ ਲੇਖਕ ਨੀਟਾ ਮਾਛੀਕੇ ਨੇ ਇਸ ਲੇਖ ਵਿਚ ਉਠਾਏ ਹਨ। ਉਨ੍ਹਾਂ ਦੇ ਵਿਚਾਰਾਂ ਨਾਲ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ। -ਸੰਪਾਦਕ***

ਜਿਵੇਂ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਤਹਿਤ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਏ ਗਏ ਸਨ, ਅੱਜ ਵੀ ਭਾਰਤ ਵਿਚ ਗੁਰੂ-ਘਰ ਭਗਵਿਆਂ ਦੇ ਪ੍ਰਭਾਵ ਹੇਠ ਹਨ। ਸ਼੍ਰੋਮਣੀ ਕਮੇਟੀ ਕਦੇ ਗੁਰੂ ਘਰਾਂ ਨੂੰ ਮਹੰਤਾਂ ਦੇ ਕਬਜਿਆਂ ਤੋਂ ਮੁਕਤ ਕਰਵਾਉਣ ਅਤੇ ਗੁਰੂ ਘਰਾਂ ਦੇ ਸੁਚੱਜੇ ਪ੍ਰਬੰਧ ਲਈ ਬਣੀ ਸੀ, ਅੱਜ ਬਾਦਲ ਪਰਿਵਾਰ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਜਥੇਦਾਰ ਸ਼ਬਦ ਬੜਾ ਪਾਕਿ-ਪਵਿੱਤਰ ਸ਼ਬਦ ਹੈ ਪਰ ਜੋ ਬੇਪਤੀ ਇਸ ਸ਼ਬਦ ਦੀ ਅਖੌਤੀ ਅਕਾਲੀਆਂ ਨੇ ਕੀਤੀ ਹੈ, ਲੋਕੀਂ ਇਸ ਸ਼ਬਦ ਤੋਂ ਹੀ ਘ੍ਰਿਣਾ ਕਰਨ ਲੱਗੇ ਹਨ। ਅਕਾਲ ਤਖਤ ਦੇ ਕੁਝ ਜਥੇਦਾਰਾਂ ਨੇ ਸਿਆਸੀ ਜਮਾਤ ਦੀ ਅਧੀਨਗੀ ਮੰਨ ਕੇ ਇਸ



ਅਹੁਦੇ ਨੂੰ ਕਲੰਕਿਤ ਕੀਤਾ ਹੈ। ਸ਼੍ਰੋਮਣੀ ਕਮੇਟੀ ਵਿਕਾਊ ਤੇ ਝੋਲੀ ਚੁੱਕਾਂ ਦੀ ਸੰਸਥਾ ਬਣ ਕੇ ਰਹਿ ਗਈ ਹੈ।

**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ**
**ਫਰਿਜ਼ਨੋ, ਕੈਲੀਫੋਰਨੀਆ।**
**ਫੋਨ: 559-333-5776**

ਜਿਹੜਾ ਜਥੇਦਾਰ ਬਾਦਲਾਂ ਦੇ ਕਹਿਣ ਉਤੇ ਹੁਕਮਨਾਮੇ 'ਤੇ ਹੁਕਮਨਾਮਾ ਜਾਰੀ ਕਰ ਰਿਹਾ ਸੀ, ਅੱਜ ਜਦੋਂ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਦੀ ਗੱਲ ਆਈ ਤਾਂ ਮੂੰਹ 'ਚ ਘੁੰਗਣੀਆਂ ਪਾ ਕੇ ਬੈਠ ਗਿਆ। ਸ਼੍ਰੋਮਣੀ ਕਮੇਟੀ ਜੀਹਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਦੋਖੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਨੀ ਚਾਹੀਦੀ ਸੀ, ਉਹ ਦੋਖੀਆਂ ਦੇ ਪਾਲੇ ਵਿਚ ਜਾ ਖਲੋਤੀ।

ਕਰੋੜਾਂ ਰੁਪਏ ਚੜ੍ਹਾਵਾ ਪੰਜਾਬ ਦੇ ਲੋਕਾਂ ਦੀ ਅਥਾਹ ਸ਼ਰਧਾ ਦੀ ਪੂੰਜੀ ਹੈ, ਪਰ ਖਰਚ ਹੁੰਦਾ ਹੈ ਸਿਆਸੀ ਰੈਲੀਆਂ 'ਤੇ! ਪੰਜਾਬ ਸਰਕਾਰ ਜਿੰਨਾ ਇਨ੍ਹਾਂ ਦਾ ਬਜਟ ਹੋਵੇ, ਗਰੀਬ ਤੇ ਲਾਚਾਰ ਪੰਜਾਬੀ ਇਲਾਜ ਲਈ ਰਾਜਸਥਾਨ ਨੂੰ ਜਾਂਦੇ ਹੋਣ, ਪੈਸਿਆਂ ਤੋਂ ਸੱਖਣੇ ਮਰੀਜ਼ਾਂ ਨੂੰ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ 'ਚੋਂ ਬਾਹਰ ਸੁਟਿਆ ਜਾਂਦਾ ਹੋਵੇ! ਕੋਈ ਚੱਜ ਦਾ ਸਕੂਲ ਨਹੀਂ, ਜੇ ਹੈ, ਉਥੇ ਰਿਸ਼ਵਤ ਚੱਲਦੀ ਹੋਣ ਕਰਕੇ ਲੋੜਵੰਦਾਂ ਨੂੰ ਦਾਖਲਾ ਨਾ ਮਿਲਦਾ ਹੋਵੇ। ਸ਼ਰਮ ਨਾਲ ਡੁੱਬ ਮਰਨਾ ਚਾਹੀਦਾ ਹੈ, ਇਨ੍ਹਾਂ ਧਰਮ ਦੇ ਵੱਡੇ ਠੇਕੇਦਾਰਾਂ ਨੂੰ।

11 ਹਜ਼ਾਰ ਕਰੋੜ ਰੁਪਏ ਦਾ ਬਜਟ ਹੋਵੇ ਤੇ ਪੰਜਾਬ ਦਾ ਮਜ਼ਦੂਰ-ਕਿਸਾਨ ਖੁਦਕੁਸ਼ੀਆਂ ਕਰੇ? ਜੇ ਸ਼੍ਰੋਮਣੀ ਕਮੇਟੀ ਦਾ ਪੈਸਾ ਸਹੀ ਥਾਂ ਲੱਗੇ ਤਾਂ ਕਿਸੇ ਗਰੀਬ ਨੂੰ ਬੱਚਾ ਪ੍ਰਾਈਵੇਟ ਸਕੂਲਾਂ 'ਚ ਨਾ ਭੇਜਣਾ ਪਏ, ਪੰਜਾਬ ਅੰਦਰ ਕੋਈ ਗਰੀਬ ਇਲਾਜ ਖੁਣੋਂ ਨਾ ਮਰੇ। ਪਰ ਨੀਅਤ ਸਾਫ ਨਹੀਂ, ਆਪਣੇ ਖਾਕੀ ਨਿੱਕਰ ਵਾਲੇ ਸਕੱਤਰ ਨੂੰ ਮਹੀਨੇ ਦੀ ਤਿੰਨ ਲੱਖ ਰੁਪਏ ਤਨਖਾਹ ਤਾਂ ਇਹ ਦੇ ਸਕਦੇ ਨੇ, ਪਰ ਕਿਸੇ ਗਰੀਬ ਦਾ ਮੈਡੀਕਲ ਦਾ ਵੀਹ ਹਜ਼ਾਰ ਰੁਪਏ ਬਿੱਲ ਨਹੀਂ! ਚੜ੍ਹਾਵਾ ਸੰਗਤ ਦਾ, ਏਜੰਡਾ ਬਾਦਲਾਂ ਵਿਚਦੀ ਆਰ. ਐਸ. ਐਸ. ਦਾ!

ਫਖਰ-ਏ-ਕੌਮ ਦਾ ਸਨਮਾਨ ਲੈਣ ਵਾਲੇ ਪ੍ਰਕਾਸ਼ ਸਿੰਘ ਬਾਦਲ ਦੀ ਸਿੱਖ ਕੌਮ ਨੂੰ ਕੀ ਦੇਣ ਹੈ? ਆਓ, ਉਸ 'ਤੇ ਵੀ ਪੰਛੀ ਝਾਤ ਮਾਰੀਏ। ਪੰਜਾਬ ਦੇ ਅਮਨ ਨੂੰ 1978 ਵਿਚ ਲਾਈ ਗਈ ਅੱਗ ਅੱਜ ਤੱਕ ਸੁਲਘ ਰਹੀ ਹੈ, ਜੋ ਉਸ ਸਮੇਂ ਦੇ ਮੁੱਖ ਮੰਤਰੀ ਬਾਦਲ ਨੇ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਚ ਸਮਾਗਮ ਕਰਨ ਦੀ ਖੁੱਲ੍ਹ ਦੇ ਕੇ ਲਵਾਈ। ਇਸ ਦਾ ਖੁਲਾਸਾ ਮਨਪ੍ਰੀਤ ਸਿੰਘ ਬਾਦਲ ਨੇ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਕੀਤਾ। ਇਸ ਅੱਗ ਨੇ ਅਣਗਿਣਤ ਪੰਜਾਬੀਆਂ ਨੂੰ ਭਸਮ ਕਰ ਦਿੱਤਾ ਅਤੇ ਅੱਜ ਵੀ ਕਰ ਰਹੀ ਹੈ। ਜੂਨ 1984 'ਚ ਦਰਬਾਰ ਸਾਹਿਬ 'ਤੇ ਹਮਲਾ ਅਤੇ ਦਿੱਲੀ ਦਾ ਸਿੱਖ ਕਤਲੇਆਮ ਇਸੇ ਕੜੀ ਦਾ ਹਿੱਸਾ ਸਨ। ਸ. ਬਾਦਲ ਦੇ ਮਿੱਤਰ ਲਾਲ ਕ੍ਰਿਸ਼ਨ ਅਡਵਾਨੀ ਨੇ ਇੰਦਰਾ ਗਾਂਧੀ 'ਤੇ ਦਬਾਅ ਪਾ ਕੇ ਦਰਬਾਰ ਸਾਹਿਬ 'ਤੇ ਹਮਲਾ ਕਰਵਾਇਆ। ਹੁਣ ਇਹ ਤੱਥ ਜੱਗ ਜਾਹਰ ਹੋ ਗਏ ਹਨ ਕਿ ਬਾਦਲ ਦਲੀਏ ਦਰਬਾਰ ਸਾਹਿਬ 'ਤੇ ਛੇਤੀ ਹਮਲਾ ਕਰਨ ਲਈ ਇੰਦਰਾ ਗਾਂਧੀ ਨੂੰ ਚਿੱਠੀਆਂ ਲਿਖਦੇ ਰਹੇ ਹਨ। ਅਜਿਹੀ ਇਕ ਚਿੱਠੀ ਅੱਜ ਵੀ ਸ਼ੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ। ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਇਜਾਜ਼ਤ ਬਾਦਲ ਦੇ ਰਿਸ਼ਤੇਦਾਰ ਰਮੇਸ਼ਇੰਦਰ ਸਿੰਘ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦਿੱਤੀ ਸੀ, ਜਿਸ ਨੂੰ ਫੌਰੀ ਤੌਰ 'ਤੇ ਤਬਾਦਲਾ ਕਰਕੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਲਾਇਆ ਗਿਆ ਸੀ।

ਕਾਲੇ ਦੌਰ ਸਮੇਂ ਪੁਲਿਸ ਅਫਸਰ ਇਜਹਾਰ ਆਲਮ ਨੇ ਅੰਮ੍ਰਿਤਸਰ ਵਿਚ ਨਿਰਦੋਸ਼ ਸਿੱਖ ਨੌਜੁਆਨਾਂ ਦੇ ਖੂਨ ਦੀ ਹੋਲੀ ਖੇਡੀ, ਬਾਦਲ ਨੇ ਇਸ ਸਾਬਕਾ ਪੁਲਿਸ ਅਫਸਰ ਨੂੰ ਮਲੇਰਕੋਟਲੇ ਤੋਂ ਆਪਣੇ ਦਲ ਦਾ ਆਗੂ ਥਾਪਿਆ ਅਤੇ ਉਹਦੀ ਘਰਵਾਲੀ ਨੂੰ ਆਪਣੀ ਪਾਰਟੀ ਵੱਲੋਂ ਵਿਧਾਨ ਸਭਾ ਦੀ ਟਿਕਟ ਦੇ ਕੇ ਜਿਤਾਇਆ।

ਸੁਮੇਧ ਸੈਣੀ ਨੇ ਵੱਡੀ ਗਿਣਤੀ ਵਿਚ ਸਿੱਖ ਨੌਜਵਾਨਾਂ ਦਾ ਕਤਲ ਕਰਵਾਇਆ, ਬਾਦਲ ਨੇ ਉਸ ਦਾ ਸਨਮਾਨ ਕਰਦਿਆਂ ਪੰਜਾਬ ਪੁਲਿਸ ਦਾ ਮੁਖੀ ਬਣਾਇਆ। ਪੱਛਮੀ ਬੰਗਾਲ ਦਾ ਪ੍ਰਸਿਧ ਕਾਂਗਰਸੀ ਸਿਧਾਰਥ ਸ਼ੰਕਰ ਰੇਅ, ਜੋ ਬੰਗਾਲ ਵਿਚ ਨਕਸਲੀ ਲਹਿਰ ਨੂੰ ਕੁਚਲਣ ਦਾ ਮਾਹਿਰ ਸੀ, 1986 ਤੋਂ 1989 ਤੱਕ ਪੰਜਾਬ ਦਾ ਗਵਰਨਰ ਰਿਹਾ। ਰੇਅ ਨੇ ਵੱਡੀ ਪੱਧਰ 'ਤੇ ਸਿੱਖ ਨੌਜੁਆਨਾਂ ਦਾ ਘਾਣ ਕਰਵਾਇਆ। ਉਸ ਦੀ ਮੌਤ 6 ਨਵੰਬਰ 2010 ਨੂੰ ਪੱਛਮੀ ਬੰਗਾਲ ਵਿਚ ਹੋਈ ਤਾਂ ਬਾਦਲ ਸਰਕਾਰ ਨੇ ਪੰਜਾਬ ਵਿਚ ਦੋ ਦਿਨਾਂ ਦੇ ਸੋਗ ਦਾ ਐਲਾਨ ਕੀਤਾ। ਹਰਿਆਣਾ ਦੇ ਸਵਰਗੀ ਮੁੱਖ ਮੰਤਰੀ ਦੇਵੀ ਲਾਲ ਦਾ ਬੁੱਤ ਲੱਖਾਂ ਰੁਪਏ ਖਰਚ ਕੇ ਪੰਜਾਬ ਦੇ ਲੰਬੀ ਹਲਕੇ ਵਿਚ ਲਾਇਆ।

ਆਰ. ਐਸ. ਐਸ. ਸ਼ਰੇਆਮ ਸਿੱਖ ਧਰਮ ਵਿਚ ਦਖਲਅੰਦਾਜ਼ੀ ਕਰਦੀ ਹੈ, ਜਿਸ ਕਾਰਨ ਸਿੱਖਾਂ ਵਿਚ ਆਰ. ਐਸ. ਐਸ. ਵਿਰੁਧ ਰੋਸ ਫੈਲਦਾ ਰਹਿੰਦਾ ਹੈ। ਇਸ ਰੋਸ ਵਿਰੁਧ 9 ਦਸੰਬਰ 2000 ਦੇ 'ਪੰਜਾਬੀ ਟ੍ਰਿਬਿਊਨ' 'ਚ ਬਾਦਲ ਦਾ ਬਿਆਨ ਸੀ ਕਿ ਆਰ. ਐਸ. ਐਸ. ਵਿਰੁਧ ਬਿਆਨ ਦੇਣ ਵਾਲੇ ਪੰਜਾਬ ਦੇ ਦੁਸ਼ਮਣ ਅਤੇ ਅਮਨ ਨੂੰ ਅੱਗ ਲਾਉਣ ਵਾਲੇ ਹਨ।

ਲੁਧਿਆਣਾ 'ਚ 5 ਦਸੰਬਰ 2009 ਨੂੰ ਆਸ਼ੂਤੋਸ਼ ਦਾ ਸਮਾਗਮ ਰੋਕਣ ਲਈ ਸ਼ਾਂਤਮਈ ਰੋਸ ਕਰ ਰਹੇ ਸਿੰਘਾਂ 'ਤੇ ਬਾਦਲ ਸਰਕਾਰ ਨੇ ਗੋਲੀਆਂ ਚਲਵਾਈਆਂ, ਜਿਸ ਵਿਚ ਇੱਕ ਸਿੱਖ ਦਰਸ਼ਨ ਸਿੰਘ ਲੁਹਾਰਾ ਸ਼ਹੀਦ ਹੋ ਗਿਆ ਤੇ ਦਰਜਨਾਂ ਸਿੰਘ ਜਖਮੀ ਹੋ ਗਏ, ਕਿਉਂਕਿ ਬਾਦਲ ਪਰਿਵਾਰ ਆਸ਼ੂਤੋਸ਼ ਦਾ ਸੇਵਕ ਹੈ, ਬਾਦਲ ਦੀ ਪਤਨੀ ਸੁਰਿੰਦਰ ਕੌਰ ਆਸ਼ੂਤੋਸ਼ ਦੀ ਚੌਕੀ ਭਰਦੀ ਰਹੀ ਹੈ। ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸ਼ਰੇਆਮ ਡੇਰਾ ਸਿਰਸਾ ਦੇ ਸੌਦਾ ਸਾਧ ਤੋਂ ਆਸ਼ੀਰਵਾਦ ਲੈਂਦੇ ਰਹੇ ਹਨ ਅਤੇ ਪੰਜਾਬ ਦੇ ਸਿਰ 'ਤੇ ਮੁਕਟ ਸਜਾਉਂਦਾ ਰਿਹਾ ਹੈ, ਗੁਰਮਤਿ ਵਿਰੋਧੀ ਹਰ ਡੇਰੇ ਵਿਚ ਜਾਂਦਾ ਰਿਹਾ ਹੈ।

ਮਈ 2009 ਵਿਚ ਹੋਏ ਆਸਟਰੀਆ ਦੇ ਵੀਆਨਾ ਕਾਂਡ ਦੇ ਪੀੜਤ ਸਿੱਖਾਂ ਵਿਰੁਧ ਬਾਦਲ ਦੇ ਗੁਲਾਮ ਅਵਤਾਰ ਸਿੰਘ ਮੱਕੜ ਨੇ ਅਖਬਾਰ ਵਿਚ ਇਸ਼ਤਿਹਾਰ ਦੇ ਕੇ ਗੁਰਮਤਿ ਦੀਆਂ ਧੱਜੀਆਂ ਉਡਾਉਣ ਵਾਲੇ ਸਾਧ ਦੀ ਪ੍ਰਸ਼ੰਸਾ ਕੀਤੀ ਅਤੇ ਮਨਮਤਿ ਨੂੰ ਰੋਕਣ ਵਾਲੇ ਸਿੰਘਾਂ ਨੂੰ ਸਖਤ ਸਜ਼ਾ ਦੇਣ ਦੀ ਮੰਗ ਕੀਤੀ। ਇਸੇ ਸਾਧ ਨਮਿਤ ਅਖੰਡ ਪਾਠ ਕਰਵਾਉਣ ਸਮੇਂ ਪ੍ਰਕਾਸ਼ ਸਿੰਘ ਬਾਦਲ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਕੁਰਸੀ 'ਤੇ ਬੈਠਾ ਅਤੇ ਬੱਲਾਂ ਦੇ ਡੇਰੇ ਵਿਚ ਜਾ ਕੇ ਭੁੰਜੇ ਬੈਠਾ।

ਸਿੱਖ ਕੌਮ ਦੀ ਵੱਖਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ, ਜੋ 2003 ਵਿਚ ਲਾਗੂ ਹੋਇਆ ਸੀ, ਨੂੰ ਆਰ. ਐਸ. ਐਸ. ਅਤੇ ਸੰਤ ਸਮਾਜ ਦੇ ਇਸ਼ਾਰੇ 'ਤੇ 2010 ਵਿਚ ਬਾਦਲਕਿਆਂ ਨੇ ਖਤਮ ਕੀਤਾ। ਮਹੰਤਾਂ ਤੋਂ ਗੁਰੂ ਘਰਾਂ ਨੂੰ ਅਜਾਦ ਕਰਵਾਉਣ ਲਈ ਸਿੰਘਾਂ ਨੇ ਬੇਅੰਤ ਕੁਰਬਾਨੀਆਂ ਕੀਤੀਆਂ, ਫਿਰ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਸੀ, ਪਰ ਬਾਦਲ ਨੇ ਅਜੋਕੇ ਮਹੰਤਾਂ (ਸੰਤ ਸਮਾਜ) ਨੂੰ ਗੁਰੂ ਘਰਾਂ 'ਤੇ ਮੁੜ ਕਾਬਜ ਕਰਨ ਲਈ ਟਿਕਟਾਂ ਦੇ ਕੇ ਨਿਵਾਜਿਆ, ਜਦਕਿ ਇਨ੍ਹਾਂ ਮਹੰਤਾਂ ਨੇ ਅੱਜ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਆਦਾ ਨੂੰ ਮੰਨਣਾ ਤਾਂ ਦੂਰ ਰਿਹਾ, ਉਲਟਾ ਇਸ ਦੇ ਬਰਾਬਰ ਆਪਣੀ ਵੱਖਰੀ ਮਰਿਆਦਾ ਪ੍ਰਕਾਸ਼ਿਤ ਕੀਤੀ ਹੋਈ ਹੈ ਅਤੇ ਨਾਲੇ ਆਪੋ ਆਪਣੇ ਡੇਰਿਆਂ ਦੀਆਂ ਵੱਖੋ-ਵੱਖਰੀਆਂ ਮਰਿਆਦਾਵਾਂ ਵੀ ਚਲਾਈਆਂ ਹੋਈਆਂ ਹਨ।

ਸ਼੍ਰੋਮਣੀ ਕਮੇਟੀ 'ਤੇ ਲੰਮੇ ਸਮੇਂ ਤੋਂ ਕਾਬਜ ਚੱਲੇ ਆ ਰਹੇ ਬਾਦਲ ਧੜੇ ਨੇ ਜਿੱਥੇ ਗੁਰੂ ਘਰਾਂ ਦੀ ਵੱਡੀ ਪੱਧਰ 'ਤੇ ਆਰਥਕ ਲੁੱਟ ਕੀਤੀ ਹੈ, ਉਥੇ ਸਮਾਜਕ, ਧਾਰਮਿਕ ਅਤੇ ਮਾਨਸਿਕ ਤੌਰ 'ਤੇ ਸਿੱਖੀ ਜਜ਼ਬੇ ਨੂੰ 99% ਖਤਮ ਕਰ ਦਿੱਤਾ ਹੈ। ਜੱਗ ਜਾਹਰ ਹੈ ਕਿ ਬਾਦਲਾਂ ਨੇ ਪੰਜਾਬ ਵਿਚ ਸ਼ਰਾਬ ਦੀਆਂ ਹੋਰ ਫੈਕਟਰੀਆਂ ਖੋਲ੍ਹਣ ਦੀ ਮਨਜੂਰੀ ਦੇ ਕੇ ਅਤੇ ਪੰਜਾਬ ਨੂੰ ਸਮੈਕ ਦੀ ਮੰਡੀ ਬਣਾ ਕੇ ਪੂਰੇ ਪੰਜਾਬ ਨੂੰ ਨਸ਼ੇੜੀ ਬਣਾਇਆ, ਪੰਜਾਬੀਆਂ ਵਿਚੋਂ ਅਣਖ ਇੱਜਤ ਅਤੇ ਸਿੱਖੀ ਜਜ਼ਬਾ ਖਤਮ ਕੀਤਾ। ਪੰਜਾਬ ਹਰ ਪੱਖੋਂ ਖਤਮ ਹੋ ਰਿਹਾ ਹੈ, ਬਾਦਲਾਂ ਦੀ ਜਾਇਦਾਦ ਨਿਰੰਤਰ ਵਧ ਰਹੀ ਹੈ। ਉਨ੍ਹਾਂ ਪੰਜਾਬ ਵਿਚ ਡੇਰਾਵਾਦ ਨੂੰ ਉਤਸ਼ਾਹਿਤ ਕਰਕੇ ਸਿੱਖੀ ਕਦਰਾਂ ਕੀਮਤਾਂ ਦਾ ਘਾਣ ਕੀਤਾ।

ਬਾਦਲਾਂ ਦੇ ਰਾਜ ਦੌਰਾਨ ਆਪਣੀਆਂ ਮੰਗਾਂ ਲਈ ਧਰਨਿਆਂ 'ਤੇ ਬੈਠੇ ਪੰਜਾਬੀ ਮੁੰਡਿਆਂ-ਕੁੜੀਆਂ ਦੀਆਂ ਪੱਗਾਂ-ਚੁੰਨੀਆਂ ਪੈਰਾਂ ਹੇਠ ਰੋਲੀਆਂ ਗਈਆਂ। ਪੰਜਾਬ ਵਿਚ ਸੈਂਕੜੇ ਮੁੰਡੇ ਝੂਠੇ ਪੁਲਿਸ



ਮੁਕਾਬਲਿਆਂ ਵਿਚ ਮਾਰੇ ਗਏ, ਅਨੇਕਾਂ ਮੁੰਡਿਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਗਿਆ। ਮੁੰਡਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਵਾਲਿਆਂ ਅਤੇ ਇਨ੍ਹਾਂ ਉਪਰ ਝੂਠੇ ਕੇਸ ਪਾਉਣ ਵਾਲੇ ਦੋਸ਼ੀ ਪੁਲਿਸ ਅਫਸਰਾਂ ਨੂੰ ਬਾਦਲ ਤਰੱਕੀਆਂ ਦੇ ਕੇ ਨਿਵਾਜਦਾ ਰਿਹਾ। ਨਿਰਦੋਸ਼ ਮੁੰਡਿਆਂ ਨੂੰ ਆਪੇ ਮਰਨ ਮਾਰਨ ਲਈ ਪ੍ਰੇਰਦਾ ਰਿਹਾ ਤੇ ਆਪੇ ਹੀ ਅਤਿਵਾਦੀ ਵਿਸ਼ੇਸ਼ਣਾਂ ਨਾਲ ਪੁਕਾਰਦਾ ਰਿਹਾ ਹੈ।

ਘੱਟ ਗਿਣਤੀਆਂ ਵਿਰੁਧ ਹਿੰਦੂਤਵੀ ਏਜੰਡੇ ਨੂੰ ਉਤਸ਼ਾਹਿਤ ਕਰਨ ਵਾਲੇ ਨਰਿੰਦਰ ਮੋਦੀ ਦਾ ਬਾਦਲ ਪ੍ਰਸ਼ੰਸਕ ਹੈ। ਇਸੇ ਲਈ 16 ਸਤੰਬਰ 2011 ਨੂੰ ਮੋਦੀ ਵੱਲੋਂ ਸਦਭਾਵਨਾ ਦੇ ਕੀਤੇ ਡਰਾਮੇ ਵਿਚ ਬਾਦਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਇਆ। ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣ ਵਾਲੇ ਲਾਲ ਕ੍ਰਿਸ਼ਨ ਅਡਵਾਨੀ ਦੀ ਫਿਰਕੂ ਯਾਤਰਾ ਦਾ 13 ਨਵੰਬਰ 2011 ਨੂੰ ਪੰਜਾਬ ਪਹੁੰਚਣ 'ਤੇ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਵਿਤੋਂ ਬਾਹਰ ਹੋ ਕੇ ਸਵਾਗਤ ਕੀਤਾ। 29 ਮਾਰਚ 2012 ਨੂੰ ਭਾਈ ਰਾਜੋਆਣਾ ਦੀ ਫਾਂਸੀ ਦੇ ਵਿਰੋਧ ਵਿਚ ਗੁਰਦਾਸਪੁਰ ਵਿਖੇ ਰੋਸ ਮਾਰਚ ਸਮੇਂ ਹੋਏ ਝਗੜੇ ਵਿਚ ਕੁਝ ਹਿੰਦੂ ਕੱਟੜ ਪੰਥੀਆਂ ਨੇ ਇਕ ਸਿੱਖ ਦੀ ਪੱਗ ਲਾਹ ਕੇ ਸਾੜ ਦਿੱਤੀ ਸੀ। ਇਸ ਘਟਨਾ ਵਿਰੁਧ 30 ਮਾਰਚ ਨੂੰ ਰੋਸ ਮੁਜਾਹਰਾ ਕਰਦੇ ਸਿੱਖਾਂ ਉਤੇ ਬਾਦਲ ਸਰਕਾਰ ਨੇ ਗੋਲੀਆਂ ਚਲਾ ਕੇ ਭਾਈ ਜਸਪਾਲ ਸਿੰਘ ਨੂੰ ਸ਼ਹੀਦ ਕਰ ਦਿੱਤਾ ਤੇ ਕਈ ਹੋਰ ਸਿੱਖਾਂ ਨੂੰ ਜਖਮੀ ਕਰ ਦਿੱਤਾ, ਇਹ ਸੀ ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਪ੍ਰਤੀ ਹਮਦਰਦੀ ਅਤੇ ਪੱਗ ਦਾ ਸਤਿਕਾਰ।

ਪੰਜਾਬ 'ਚ ਖਾੜਕੂ ਸੰਘਰਸ਼ ਦੌਰਾਨ ਬੇਗੁਨਾਹ ਸਿੱਖਾਂ 'ਤੇ ਹੋਏ ਤਸ਼ੱਦਦ ਦੀ ਕਹਾਣੀ ਨੂੰ ਬਿਆਨ ਕਰਦੀ ਫਿਲਮ 'ਸਾਡਾ ਹੱਕ', ਜਿਸ ਨੂੰ ਮੁੰਬਈ ਸੈਂਸਰ ਬੋਰਡ ਨੇ ਵੀ ਪਾਸ ਕਰ ਦਿੱਤਾ ਸੀ, ਪ੍ਰਕਾਸ਼ ਸਿੰਘ ਬਾਦਲ ਦੇ ਸੱਚ ਨੂੰ ਸਾਹਮਣੇ ਆਉਣ ਤੋਂ ਰੋਕਣ ਲਈ ਇਸ ਫਿਲਮ 'ਤੇ 4 ਅਪਰੈਲ ਨੂੰ ਪਾਬੰਦੀ ਲਾ ਦਿੱਤੀ ਗਈ। ਕੀ ਗੱਲ, ਬਾਦਲਾਂ ਨੇ ਅਸ਼ਲੀਲ ਫਿਲਮਾਂ ਜਾਂ ਗਾਣਿਆਂ 'ਤੇ ਪਾਬੰਦੀ ਕਿਉਂ ਨਾ ਲਾਈ? ਸਿੱਖਾਂ 'ਤੇ ਹੋਏ ਜੁਲਮ ਨੂੰ ਵਿਖਾਉਣ ਨਾਲ ਤਾਂ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ, ਕੀ ਬੱਸਾਂ, ਕਾਰਾਂ, ਟਰੱਕਾਂ, ਟਰੈਕਟਰਾਂ, ਮੋਬਾਈਲ ਫੋਨਾਂ, ਮੈਰਿਜ ਪੈਲੇਸਾਂ ਵਿਚ ਚੱਲਦੇ ਅਤਿ ਘਟੀਆ ਅਸ਼ਲੀਲ ਗੀਤਾਂ ਨਾਲ ਪੰਜਾਬ ਦਾ ਮਾਹੌਲ ਠੀਕ ਹੁੰਦਾ ਹੈ?

'ਸਾਡਾ ਹੱਕ' ਵਰਗੀਆਂ ਫਿਲਮਾਂ ਹੋ ਸਕਦਾ, ਨੌਜਵਾਨਾਂ ਵਿਚ ਅਣਖ, ਗੈਰਤ ਜਾਂ ਸਾਡੇ ਹੱਕਾਂ ਲਈ ਜਾਗਰੂਕਤਾ ਪੈਦਾ ਕਰ ਦੇਣ। ਜਾਗੇ ਹੋਏ ਲੋਕ ਬਾਦਲਾਂ ਨੂੰ ਪਸੰਦ ਨਹੀਂ ਕਿਉਂਕਿ ਉਹ ਇਨ੍ਹਾਂ ਲਈ ਮੁਸੀਬਤ ਬਣ ਜਾਣਗੇ। ਇਸੇ ਲਈ ਇਹ ਪੰਜਾਬ ਵਾਸੀਆਂ ਨੂੰ ਅਸ਼ਲੀਲਤਾ ਅਤੇ ਨਸ਼ਿਆਂ ਦੀਆਂ ਲੋਰੀਆਂ ਦੇ ਕੇ ਸਦਾ ਲਈ ਸੁਆ ਦੇਣਾ ਚਾਹੁੰਦੇ ਹਨ।

'ਪੰਜਾਬੀ ਟ੍ਰਿਬਿਊਨ' 'ਚ 20 ਅਪਰੈਲ ਨੂੰ ਲੱਗੀ ਖਬਰ ਅਨੁਸਾਰ ਪੱਤਰਕਾਰਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ ਕਿ 2009 ਵਿਚ ਦਵਿੰਦਰਪਾਲ ਸਿੰਘ ਭੁੱਲਰ ਬਾਰੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਹਲਫਨਾਮਾ ਦਿੱਤਾ ਸੀ, ਜਿਸ 'ਚ ਉਸ ਨੂੰ ਖਤਰਨਾਕ ਅਤਿਵਾਦੀ ਦੱਸਿਆ ਹੈ? ਬਾਦਲ ਨੇ ਕਿਹਾ ਕਿ ਸਰਕਾਰ ਵੱਲੋਂ ਦਿੱਤੇ ਗਏ ਅਜਿਹੇ ਕਿਸੇ ਹਲਫਨਾਮੇ ਬਾਰੇ ਉਨ੍ਹਾਂ ਨੂੰ ਰੱਤੀ ਭਰ ਗਿਆਨ ਨਹੀਂ ਹੈ, ਨਾ ਹੀ ਉਨ੍ਹਾਂ ਨੂੰ ਇਹ ਪਤਾ ਹੈ ਕਿ ਉਸ ਹਲਫਨਾਮੇ ਵਿਚ ਕੀ ਲਿਖਿਆ ਹੈ। ਇਹ ਸੀ, ਸ. ਬਾਦਲ ਦਾ ਜਵਾਬ।

ਪੱਤਰਕਾਰਾਂ ਨੇ ਇਕ ਹੋਰ ਸਵਾਲ ਕੀਤਾ ਕਿ 1991 ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਪਿਤਾ ਨੂੰ ਪੁਲਿਸ ਨੇ ਘਰੋਂ ਚੁੱਕ ਕੇ ਮਾਰ ਦਿੱਤਾ ਸੀ। ਕੀ ਉਹ ਇਸ ਦੀ ਜਾਂਚ ਕਰਵਾਉਣਗੇ? ਬਾਦਲ ਦਾ ਜਵਾਬ ਸੀ, ਏਨੇ ਪੁਰਾਣੇ ਕੇਸ ਬਾਰੇ ਕੀ ਕਿਹਾ ਜਾ ਸਕਦਾ ਹੈ, ਉਦੋਂ ਬੜਾ ਕੁਝ ਵਾਪਰਿਆ ਸੀ। ਅਖਬਾਰ ਅਨੁਸਾਰ ਪ੍ਰੋ. ਭੁੱਲਰ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਹੈ ਕਿ ਪ੍ਰੋ. ਭੁੱਲਰ ਦੇ ਪਿਤਾ ਅਤੇ ਮਾਸੜ ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਸੀ, ਜਿਨ੍ਹਾਂ ਦਾ ਹੁਣ ਤੱਕ ਪਤਾ ਨਹੀਂ ਲੱਗਿਆ। ਇਸ ਮਾਮਲੇ 'ਚ ਉਂਗਲ ਸੁਮੇਧ ਸੈਣੀ ਵੱਲ ਉਠ ਰਹੀ ਹੈ।

ਪੰਜਾਬ ਸਰਕਾਰ ਸੁਮੇਧ ਸੈਣੀ ਨੂੰ ਬਚਾਉਣ ਲਈ ਸੁਪਰੀਮ ਕੋਰਟ ਤੱਕ ਗਈ ਹੈ। ਇੱਕ ਪਾਸੇ ਬਾਦਲ 1991 ਦੇ ਕਾਤਲਾਂ ਨੂੰ ਪੁਰਾਣੇ ਕੇਸ ਕਹਿ ਕੇ ਮਾਮਲਾ ਰਫਾ-ਦਫਾ ਕਰਨ ਦੀ ਗੱਲ ਕਹਿੰਦੇ ਰਹੇ ਤੇ ਦੂਜੇ ਪਾਸੇ 1984 ਦੇ ਕੇਸਾਂ ਨੂੰ ਲੈ ਕੇ 'ਕਾਂਗਰਸ ਸਿੱਖਾਂ ਦੀ ਦੁਸ਼ਮਣ ਹੈ' ਦਾ ਸ਼ੋਰ ਪਾ ਰਹੇ ਹਨ। ਅਕਾਲ ਤਖਤ ਸਾਹਿਬ 'ਤੇ ਇੰਦਰਾ ਗਾਂਧੀ ਨੇ ਫੌਜ ਤੋਂ ਹਮਲਾ ਕਰਵਾਇਆ ਤਾਂ ਪੂਰੀ ਕਾਂਗਰਸ ਪਾਰਟੀ ਸਿੱਖਾਂ ਦੀ ਦੁਸ਼ਮਣ, ਲਾਲ ਕ੍ਰਿਸ਼ਨ ਅਡਵਾਨੀ (ਬਾਦਲ ਦੇ ਮਿੱਤਰ) ਨੇ ਇੰਦਰਾ ਗਾਂਧੀ 'ਤੇ ਦਬਾਅ ਪਾ ਕੇ ਅਕਾਲ ਤਖਤ 'ਤੇ ਹਮਲਾ ਕਰਵਾਇਆ ਤਾਂ ਉਹ ਸਿੱਖਾਂ ਦਾ ਮਿੱਤਰ! ਜੇ ਬੇਦੋਸ਼ੇ ਸਿੱਖਾਂ ਦੇ ਕਾਤਲ ਸੱਜਣ ਕੁਮਾਰ ਨੂੰ ਦਿੱਲੀ ਦੀ ਅਦਾਲਤ ਬਰੀ ਕਰ ਦੇਵੇ ਤਾਂ ਦਿੱਲੀ ਦੀ ਅਦਾਲਤ ਅਤੇ ਦਿੱਲੀ ਦੀ ਕੇਂਦਰ ਸਰਕਾਰ ਸਿੱਖਾਂ ਦੀ ਦੁਸ਼ਮਣ। ਜੇ ਪੰਜਾਬ ਵਿਚ ਮਾਰੇ ਗਏ ਬੇਦੋਸ਼ੇ ਸਿੱਖਾਂ ਦੇ ਕਥਿਤ ਕਾਤਲ ਸੁਮੇਧ ਸੈਣੀ ਨੂੰ ਪ੍ਰਕਾਸ਼ ਸਿੰਘ ਬਾਦਲ ਬਰੀ ਕਰਕੇ ਉਸ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾ ਦੇਵੇ ਤਾਂ ਉਹ ਸਿੱਖਾਂ ਦਾ ਹਮਦਰਦ!

ਜੇ ਦਿੱਲੀ ਵਿਚ ਸਿੱਖਾਂ ਦੇ ਕਾਤਲਾਂ ਨੂੰ ਪੁਲਿਸ ਨਾ ਫੜੇ ਤਾਂ ਕੇਂਦਰ ਦੀ ਕਾਂਗਰਸ ਸਰਕਾਰ ਸਿੱਖਾਂ ਦੀ ਦੁਸ਼ਮਣ, ਜੇ ਪੰਜਾਬ ਵਿਚ ਸਿੱਖਾਂ ਦੇ ਕੇਂਦਰੀ ਸਥਾਨ ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀਏ ਗੁਰੂਆਂ ਦੇ ਵਿਰੁਧ ਬੋਲਣ ਤੇ ਸਿੱਖਾਂ ਨੂੰ ਚਿੜਾਉਣ, ਸਿੱਖਾਂ ਵੱਲੋਂ ਇਸ ਦਾ ਵਿਰੋਧ ਕਰਨ 'ਤੇ ਗੋਲੀਆਂ ਚਲਾ ਕੇ 13 ਸਿੰਘਾਂ ਨੂੰ ਸ਼ਹੀਦ ਤੇ ਦਰਜਨਾਂ ਸਿੰਘਾਂ ਨੂੰ ਜਖਮੀ ਕਰ ਦੇਣ, ਬਾਦਲ ਸਰਕਾਰ ਦੀ ਪੁਲਿਸ ਨਿਰੰਕਾਰੀਆਂ ਨੂੰ ਫੜਨ ਦੀ ਥਾਂ ਸੁਰੱਖਿਅਤ ਪੰਜਾਬ ਵਿਚੋਂ ਬਾਹਰ ਕੱਢ ਦੇਵੇ, ਬਾਦਲ ਫਿਰ ਵੀ ਸਿੱਖਾਂ ਦਾ ਹਮਦਰਦ! ਸਿੱਖਾਂ ਦੀ ਨਸਲਕੁਸ਼ੀ ਕਰਵਾਉਣ ਵਾਲੀ ਕਾਂਗਰਸ ਸਰਕਾਰ ਲਈ ਕੁਹਾੜੀ 'ਚ ਦਸਤੇ ਦਾ ਕੰਮ ਬਾਦਲ ਕਰਦਾ ਰਿਹਾ।

ਦਿੱਲੀ ਵਿਚ ਆਪਣੀ ਮਾਂ ਦੇ ਕਤਲ ਤੋਂ ਬਾਅਦ ਸਿੱਖ ਕਤਲੇਆਮ ਸਮੇਂ ਰਾਜੀਵ ਗਾਂਧੀ ਨੇ ਕਿਹਾ, ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ, ਤਾਂ ਰਾਜੀਵ ਗਾਂਧੀ ਸਿੱਖਾਂ ਦਾ ਦੁਸ਼ਮਣ। ਜੂਨ 1984 ਵਿਚ ਅਕਾਲ ਤਖਤ 'ਤੇ ਹੋਏ ਹਮਲੇ ਸਮੇਂ ਮਾਰੇ ਗਏ ਹਜ਼ਾਰਾਂ ਬੇਦੋਸ਼ਿਆਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਦੀ ਥਾਂ ਅਟਲ ਬਿਹਾਰੀ ਵਾਜਪਾਈ (ਬਾਦਲ ਦਾ ਮਿੱਤਰ) ਇੰਦਰਾ ਗਾਂਧੀ ਨੂੰ ਵਧਾਈਆਂ ਅਤੇ ਦੁਰਗਾ ਦਾ ਖਿਤਾਬ ਦੇਵੇ ਤਾਂ ਉਹ ਸਿੱਖਾਂ ਦਾ ਮਿੱਤਰ!

ਜੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਕਾਂਗਰਸ ਆਪਣੀ ਪਾਰਟੀ ਦੀ ਟਿਕਟ ਦੇਵੇ ਤਾਂ ਉਹ ਸਿੱਖਾਂ ਦੀ ਦੁਸ਼ਮਣ, ਜੇ ਪ੍ਰਕਾਸ਼ ਸਿੰਘ ਬਾਦਲ ਬੇਦੋਸ਼ੇ ਸਿੱਖਾਂ ਦੇ ਕਾਤਲ ਇਜਹਾਰ ਆਲਮ ਨੂੰ ਆਪਣੀ ਪਾਰਟੀ ਦੀ ਟਿਕਟ ਦੇਵੇ ਤਾਂ ਉਹ ਸਿੱਖਾਂ ਦਾ ਮਿੱਤਰ!

ਇਹ ਕੋਈ ਉਹ ਗੱਲਾਂ ਨਹੀਂ ਜੋ ਮੈਨੂੰ ਹੀ ਪਤਾ ਹੋਣ, ਇਹ ਕੁਝ ਤਾਂ ਮੈਂ ਅਖਬਾਰਾਂ, ਰਸਾਲਿਆਂ ਵਿਚੋਂ ਹੀ ਪੜ੍ਹਿਆ ਹੈ। ਇਹ ਸਭ ਕੁਝ ਤਾਂ ਹਰ ਕੋਈ ਅਖਬਾਰ ਰਸਾਲਾ ਪੜ੍ਹਨ ਵਾਲੇ ਚੰਗੀ ਤਰ੍ਹਾਂ ਮੇਰੇ ਨਾਲੋਂ ਵੀ ਵੱਧ ਜਾਣਦਾ ਹੋਵੇਗਾ।

ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਦੇ ਘਾਣ ਲਈ ਜਿੰਮੇਵਾਰ ਸ਼ਖਸ ਅਕਾਲੀ ਦਲ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਕਾਬਜ਼ ਰਿਹਾ, ਪਰ ਸਿੱਖ ਇਸ ਨੂੰ ਸੱਜਣ ਕੁਮਾਰਾਂ ਦੀ ਲਾਈਨ ਵਿਚ ਖੜ੍ਹਾ ਕਰਨ ਦੀ ਥਾਂ ਬਾਦਲ ਜਿੰਦਾਬਾਦ ਦੇ ਨਾਅਰੇ ਲਾਉਂਦੇ ਰਹੇ ਅਤੇ ਦਿੱਲੀ ਦੀਆਂ ਸਰਕਾਰਾਂ ਤੇ ਅਦਾਲਤਾਂ ਤੋਂ ਇਨਸਾਫ ਦੀ ਮੰਗ ਕਰਦੇ ਰਹੇ। ਇਸ ਵਿਚ ਕੋਈ ਝੂਠ ਨਹੀਂ ਕਿ ਕਾਂਗਰਸ ਸਿੱਖਾਂ ਦੀ ਵੱਡੀ ਦੁਸ਼ਮਣ ਹੈ, ਬਾਦਲ ਨੇ ਸਿਰਸੇ ਵਾਲੇ ਸਾਧ ਨੂੰ ਮੁਆਫ ਕਰਵਾਇਆ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਾਰਵਾਈਆਂ, ਰੋਸ ਧਰਨਿਆਂ 'ਤੇ ਬੈਠੇ ਸਿੱਖਾਂ 'ਤੇ ਗੋਲੀਆਂ ਚਲਵਾਈਆਂ, ਸਿੱਖਾਂ ਦੀਆਂ ਪੱਗਾਂ ਰੋਲੀਆਂ। ਅੱਜ ਬਾਦਲ ਦੀਆਂ ਸਿੱਖ ਵਿਰੋਧੀ ਚਾਲਾਂ ਨੰਗੀਆਂ ਹੋ ਚੁਕੀਆਂ ਹਨ, ਪਰ ਇਹ ਵੀ ਸੱਚ ਹੈ ਕਿ ਪ੍ਰਕਾਸ਼ ਸਿੰਘ ਬਾਦਲ ਸਿੱਖਾਂ ਦਾ ਕਾਂਗਰਸ ਨਾਲੋਂ ਵੀ ਵੱਡਾ ਦੁਸ਼ਮਣ ਹੈ। ਪਰ ਅਸੀਂ ਬਾਹਰਲੇ ਦੁਸ਼ਮਣਾਂ ਨੂੰ ਤਾਂ ਫਾਂਸੀ 'ਤੇ ਟੰਗਵਾਉਣਾ ਚਾਹੁੰਦੇ ਹਾਂ, ਅੰਦਰਲੇ ਦੁਸ਼ਮਣ ਨੂੰ ਮੁੱਖ ਮੰਤਰੀ ਬਣਾ ਰਹੇ ਹਾਂ; ਜੇ ਸਾਡਾ ਇਹੀ ਹਾਲ ਰਿਹਾ ਤਾਂ ਸਾਨੂੰ ਇਨਸਾਫ ਕਦੇ ਵੀ ਨਹੀਂ ਮਿਲ ਸਕੇਗਾ, ਕਿਉਂਕਿ ਜੋ ਲੋਕ ਆਪਣੇ ਆਪ ਨਾਲ ਇਨਸਾਫ ਨਹੀਂ ਕਰਦੇ (ਵੋਟ ਪਾਉਣ ਸਮੇਂ ਨਹੀਂ ਸੋਚਦੇ) ਉਨ੍ਹਾਂ ਨੂੰ ਕਿਸੇ ਨੇ ਕੀ ਇਨਸਾਫ ਦੇਣਾ?


ਹਿੰਦੂਆਂ ਲਈ ਗੀਤਾ, ਮੁਸਲਮਾਨਾਂ ਲਈ ਕੁਰਾਨ, ਕ੍ਰਿਸ਼ਚੀਅਨ ਲੋਕਾਂ ਲਈ ਬਾਈਬਲ ਤੇ ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਤੋਂ ਵੱਧ ਪਵਿੱਤਰ ਕੋਈ ਚੀਜ਼ ਨਹੀਂ ਅਤੇ ਜੀਹਦੇ ਰਾਜ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੋਵੇ ਤੇ ਇਸ ਦੇ ਵਿਰੋਧ ਵਿਚ ਧਰਨਾ ਲਾਈ ਬੈਠੇ ਸਿੱਖ ਗੋਲੀਆਂ ਨਾਲ ਉਡਾਏ ਗਏ ਹੋਣ, ਸਿੱਖ ਗੁਰੂ ਧਾਮਾਂ ਨੂੰ ਆਪਣੀਆਂ ਵਜ਼ੀਰੀਆਂ ਖਾਤਰ ਵੇਚ ਦਿੱਤਾ ਹੋਵੇ ਤੇ ਹਾਲੇ ਸਾਡੇ ਕੰਨ 'ਤੇ ਜੂੰ ਨਾ ਸਰਕੇ, ਫਿਰ ਸਿੱਖ ਕੌਮ ਦਾ ਕੱਖ ਨਹੀਂ ਹੋ ਸਕਦਾ।

ਜਿੰਨਾ ਚਿਰ ਸਾਡੇ ਭੋਲੇ ਭਾਲੇ ਲੋਕ ਬਾਦਲ ਜੁੰਡਲੀ ਨੂੰ ਪੰਥ ਸਮਝਣੋਂ ਨਹੀਂ ਹਟਣਗੇ, ਇਹ ਧਰਮ 'ਤੇ ਸਿਆਸਤ ਭਾਰੂ ਕਰਦੇ ਰਹਿਣਗੇ। ਇਸ ਲਈ 1920 ਵਾਲਾ ਅਕਾਲੀ ਦਲ ਸੁਰਜੀਤ ਕਰਕੇ ਮਹੰਤਾਂ ਤੋਂ ਸ਼੍ਰੋਮਣੀ ਕਮੇਟੀ ਆਜ਼ਾਦ ਕਰਵਾਉਣੀ ਪਊ, ਫਿਰ ਕਿਤੇ ਜਾ ਕੇ ਬਾਦਲ ਦਾ ਗਲਬਾ ਸਿੱਖ ਕੌਮ ਦੇ ਗਲੋਂ ਲਹੂ। ਖੜ੍ਹੇ ਪਾਣੀ ਮੁਸ਼ਕ ਜਾਂਦੇ ਨੇ, ਪਾਣੀ ਦੀ ਨਿਰਮਲਤਾ ਗਤੀ ਕਾਰਨ ਹੈ। ਆਸ ਹੈ ਕਿ ਸਿੱਖ ਕੌਮ ਵੀ ਹਰਕਤ ਵਿਚ ਆਵੇਗੀ ਤੇ ਅਮਰਵੇਲ ਵਾਂਗ ਵਧੇ, ਬਾਦਲੀ ਜਾਲ ਨੂੰ ਕੱਟ ਸੁੱਟੇਗੀ ਤੇ ਸਿੱਖ ਕੌਮ ਇਕ ਝੰਡੇ ਥੱਲੇ ਇਕੱਠੀ ਹੋਵੇਗੀ। ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਸਿਆਣੇ, ਸੂਝਵਾਨ, ਸਿੱਖੀ ਨਾਲ ਪਿਆਰ ਕਰਨ ਵਾਲੇ ਗੈਰ-ਸਿਆਸੀ ਵਿਦਵਾਨਾਂ ਦੇ ਹੱਥਾਂ 'ਚ ਸੌਂਪਣ ਲਈ ਇਕ ਹੋਰ ਗੁਰਦੁਆਰਾ ਸੁਧਾਰ ਲਹਿਰ ਲਈ ਜਦੋ-ਜਹਿਦ ਸ਼ੁਰੂ ਕਰਨੀ ਪਊ। ਸਿੱਖਾਂ ਨੂੰ ਨਿੱਜੀ ਮੁਫਾਦ ਤੋਂ ਉਪਰ ਉਠ ਕੇ ਤਨ-ਮਨ-ਧਨ ਨਾਲ ਇਸ ਆਸ਼ੇ ਦੀ ਪੂਰਤੀ ਲਈ ਪਹਿਰਾ ਦੇਣਾ ਹੋਵੇਗਾ!

# ਧਾਰਮਿਕ ਜਨੂੰਨ ਅਤੇ ਵਿਗਿਆਨ ਦਾ ਪਹਿਲਾ ਸ਼ਹੀਦ ਬਰੂਨੋ

***ਜਿਓਰਦਾਨੋ ਫਿਲਿਪੋ ਬਰੂਨੋ ਇਟਲੀ ਦਾ ਸੋਲ੍ਹਵੀਂ ਸਦੀ ਦਾ ਮਹਾਨ ਫਿਲਾਸਫਰ ਅਤੇ ਵਿਗਿਆਨੀ ਹੋਇਆ ਹੈ। ਉਸ ਨੇ ਧਾਰਮਿਕ ਰੂੜੀਆਂ ਨੂੰ ਵੰਗਾਰਿਆ ਅਤੇ ਕੋਪਰਨਿਕਸ ਦੇ ਇਸ ਵਿਚਾਰ ਦਾ ਸਮਰਥਨ ਕੀਤਾ ਕਿ ਬ੍ਰਹਿਮੰਡ ਦੇ ਕੇਂਦਰ ਵਿਚ ਸੂਰਜ ਹੈ ਅਤੇ ਸਾਡੀ ਧਰਤੀ ਤੋਂ ਇਲਾਵਾ ਹੋਰ ਵੀ ਬਥੇਰੀਆਂ ਧਰਤੀਆਂ ਮੌਜੂਦ ਹਨ। ਅਜਿਹੀਆਂ 'ਗੁਸਤਾਖੀਆਂ' ਕਾਰਨ ਪੋਪ ਕਲੀਮੈਂਟ ਅੱਠਵਾਂ ਨੇ ਉਸ ਨੂੰ ਅੱਠ ਫਰਵਰੀ 1600 ਨੂੰ ਮੌਤ ਦਾ ਹੁਕਮ ਸੁਣਾ ਦਿੱਤਾ ਅਤੇ 17 ਫਰਵਰੀ 1600 ਨੂੰ ਉਸ ਨੂੰ ਰੋਮ ਦੇ ਚੌਕ ਵਿਚ ਜਿੰਦਾ ਸਾੜ ਦਿੱਤਾ ਗਿਆ। ਮਗਰੋਂ ਮਹਾਨ ਵਿਗਿਆਨੀ ਗੈਲੀਲੀਓ ਨੇ ਉਸ ਦੇ ਇਸੇ ਸਿਧਾਂਤ ਦਾ ਵਿਕਾਸ ਕੀਤਾ ਅਤੇ ਅੱਜ ਸਭ ਮੰਨਦੇ ਹਨ ਕਿ ਬ੍ਰਹਿਮੰਡ ਦਾ ਧੁਰਾ ਸੂਰਜ ਹੀ ਹੈ। ਡਾ. ਕੁਲਦੀਪ ਸਿੰਘ ਧੀਰ ਨੇ ਇਸ ਸ਼ਖਸ ਬਾਰੇ ਇਹ ਮਾਰਮਿਕ ਕਹਾਣੀ ਪੇਸ਼ ਕੀਤੀ ਹੈ। -ਸੰਪਾਦਕ***

ਧਾਰਮਿਕ ਜਨੂੰਨੀਆਂ ਨੇ ਅੱਜ ਹੀ ਨਹੀਂ, ਹਰ ਯੁੱਗ ਵਿਚ ਲੋਕਾਂ ਨੂੰ ਰੱਜ ਕੇ ਗੁੰਮਰਾਹ ਤੇ ਦੁਖੀ ਕੀਤਾ ਹੈ। ਪਰਮਾਤਮਾ ਦੇ ਸੱਚੇ ਭਗਤ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਅਨੇਕਾਂ ਮਾਨਵ ਹਿਤੂ ਫਿਲਾਸਫਰਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਗਿਆਨੀਆਂ ਅਤੇ ਸਿਆਸਤਦਾਨਾਂ ਨੂੰ ਸਿੱਧੇ-ਅਸਿੱਧੇ ਤਰੀਕੇ ਨਾਲ ਖ਼ਤਮ ਕਰਨ ਦਾ ਹਰ ਸੰਭਵ ਯਤਨ ਕੀਤਾ ਹੈ। ਜਿਓਰਦਾਨੋ ਬਰੂਨੋ ਸ਼ਾਇਦ ਪਹਿਲਾ ਵਿਗਿਆਨੀ ਹੈ ਜਿਸ ਨੂੰ ਉਸ ਦੀ



ਵਿਗਿਆਨਕ ਸੋਚ ਕਾਰਨ ਇਨ੍ਹਾਂ ਹੱਥੋਂ ਮਰਨਾ ਪਿਆ। ਕਮਾਲ ਇਹ ਹੈ ਕਿ ਮੂਲ ਰੂਪ ਵਿਚ ਉਹ ਈਸਾਈ ਪਾਦਰੀ ਸੀ ਜਿਸ ਨੇ ਆਪਣੇ ਹੀ ਹਮ-ਮਜ਼ਹਬਾਂ ਨੂੰ

**ਡਾ. ਕੁਲਦੀਪ ਸਿੰਘ ਧੀਰ**
**ਫੋਨ: 91-98722-60550**

ਇਹ ਦੱਸਣ ਦਾ ਯਤਨ ਕੀਤਾ ਕਿ ਬਾਈਬਲ ਗ੍ਰੰਥਾਂ ਤੋਂ ਧਰਮ ਤੇ ਨੈਤਿਕਤਾ ਦੇ ਖੇਤਰ ਵਿਚ ਅਗਵਾਈ ਲਓ। ਵਿਗਿਆਨ ਨੂੰ ਵਿਗਿਆਨੀਆਂ ਜੋਗਾ ਰਹਿਣ ਦਿਓ। ਵਿਸ਼ਵਾਸ ਤੇ ਅੰਧ-ਵਿਸ਼ਵਾਸ, ਇਤਿਹਾਸ ਤੇ ਮਿਥਿਹਾਸ, ਕਲਪਨਾ ਤੇ ਹਕੀਕਤ ਵਿਚ ਫਰਕ ਸਮਝੋ। ਚਿੰਨ੍ਹਾਂ, ਮਿੱਥਾਂ, ਪ੍ਰਤੀਕਾਂ ਨੂੰ ਵਿਗਿਆਨ ਵਿਚ ਨਾ ਘੜੀਸੋ। ਦਾਰਸ਼ਨਿਕ, ਕਵੀ, ਫਿਲਾਸਫਰ ਤੇ ਵਿਗਿਆਨੀ ਬਰੂਨੋ ਦੀ ਕਿਸੇ ਨਾ ਸੁਣੀ। ਉਸ ਨੂੰ ਰੋਮ ਵਿਚ ਕੈਂਪੋ ਡੀ ਫਿਓਰੀ ਦੇ ਚੌਕ ਵਿਚ 17 ਫਰਵਰੀ 1600 ਵਿਚ ਜਿਉਂਦਿਆਂ ਸਾੜ ਦਿੱਤਾ ਗਿਆ। ਆਓ ਵਿਗਿਆਨ ਦੇ ਇਸ ਸ਼ਹੀਦ ਦੀ ਕਹਾਣੀ ਜ਼ਰਾ ਵਿਸਥਾਰ ਨਾਲ ਵਿਚਾਰੀਏ।

ਜਿਓਰਦਾਨੋ ਬਰੂਨੋ ਦਾ ਮੂਲ ਨਾਂ ਫਿਲਿਪੋ ਬਰੂਨੋ ਸੀ। ਜਿਓਰਦਾਨੋ ਨਾਂ ਤਾਂ ਉਸ ਨਾਲ ਈਸਾਈ ਪਾਦਰੀ ਬਣਨ ਵੇਲੇ ਜੁੜਿਆ। ਉਸ ਦਾ ਜਨਮ 1548 ਵਿਚ ਇਟਲੀ ਦੇ ਨਗਰ ਨੋਲਾ ਵਿਚ ਜੋਹਵਾਨੀ ਬਰੂਨੋ ਨਾਂ ਦੇ ਫੌਜੀ ਦੇ ਘਰ ਹੋਇਆ। ਮਾਂ ਦਾ ਨਾਂ ਫਰਾਲੀਸਾ ਸੈਵੋਲੀਨੋ ਸੀ। 1562 ਵਿਚ ਪੜ੍ਹਨ ਵਾਸਤੇ ਮਾਪਿਆਂ ਨੇ ਉਸ ਨੂੰ ਨੇਪਲਜ਼ ਭੇਜਿਆ ਜਿਥੇ ਉਸ ਨੇ ਸੇਂਟ ਅਗਸਟੀਨ ਦੇ ਨਾਂ 'ਤੇ ਬਣੇ ਮੱਠ ਵਿਚ ਪੜ੍ਹਾਈ ਕੀਤੀ ਤੇ ਸਟੇਡੀਅਮ ਜਨਰੇਲ ਵਿਚੋਂ ਵੀ ਕੁਝ ਸਿੱਖਿਆ ਹਾਸਲ ਕੀਤੀ। ਸਤਾਰਾਂ ਸਾਲ ਦੀ ਉਮਰ ਵਿਚ ਉਹ ਕੈਥੋਲਿਕ ਸਾਧਾਂ ਦੇ ਡੋਮੀਨੀਕਨ ਫਿਰਕੇ ਵਿਚ ਪ੍ਰਚਾਰਕ ਵਜੋਂ ਸ਼ਾਮਲ ਹੋ ਗਿਆ। ਇਸੇ ਸਮੇਂ ਉਹ ਫਿਲਿਪੋ ਬਰੂਨੋ ਤੋਂ ਜਿਓਰਦਾਨੋ ਬਰੂਨੋ ਬਣਿਆ। ਇਹ ਈਸਾਈਅਤ ਦਾ ਉਪਦੇਸ਼ ਅਤੇ ਕੁਫਰ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀ ਪ੍ਰਚਾਰਕਾਂ ਦੀ ਸ਼੍ਰੇਣੀ ਸੀ। ਅੱਜ ਵੀ ਹਜ਼ਾਰਾਂ ਪਾਦਰੀ ਤੇ ਪ੍ਰਚਾਰਕ ਇਸ ਫਿਰਕੇ ਨਾਲ ਜੁੜੇ ਹੋਏ ਹਨ।

ਆਪਣੇ ਅਸਾਧਾਰਨ ਵਿਚਾਰਾਂ ਕਾਰਨ ਛੇਤੀ ਹੀ ਉਸ ਉਤੇ ਕੁਫਰ ਦੇ ਪ੍ਰਚਾਰਕ ਦਾ ਠੱਪਾ ਲੱਗਣ ਲੱਗਾ। ਫਿਰ ਵੀ ਉਸ ਦੀ ਫਲਸਫੇ ਤੇ ਧਰਮ ਦੇ ਖੇਤਰ ਦੀ ਵਿਦਵਤਾ ਦੇ ਮੱਦੇਨਜ਼ਰ 1572 ਵਿਚ ਉਸ ਨੂੰ ਪਾਦਰੀ ਬਣਾ ਦਿੱਤਾ ਗਿਆ। ਜੁਲਾਈ 1575 ਵਿਚ ਉਸ ਨੇ ਪਾਦਰੀ ਬਣਨ ਲਈ ਨਿਸ਼ਚਿਤ ਕੋਰਸ ਪੂਰਾ ਕੀਤਾ। ਇਸ ਦੌਰਾਨ ਉਸ ਨੂੰ ਧਾਰਮਿਕ ਹਲਕਿਆਂ ਵਿਚ ਪਸਰੇ ਅੰਧ-ਵਿਸ਼ਵਾਸਾਂ ਤੇ ਗ਼ੈਰ-ਵਿਗਿਆਨਕ ਧਾਰਨਾਵਾਂ ਬਾਰੇ ਕਾਫੀ ਕੁਝ ਪਤਾ ਲੱਗਾ। ਉਹ ਦਲੀਲ ਨਾਲ ਲੋਕਾਂ ਨੂੰ ਅੰਧ-ਵਿਸ਼ਵਾਸ ਛੱਡ ਕੇ ਧਰਮ ਦੇ ਤੱਤ ਸਾਰ ਨਾਲ ਜੁੜਨ ਦਾ ਪ੍ਰਚਾਰ ਕਰਦਾ। ਉਸ ਉਤੇ ਕੁਫਰ ਦੇ ਸਿੱਧੇ ਇਲਜ਼ਾਮ ਲਾ ਕੇ ਮੁਕੱਦਮੇ ਦੀ ਗੱਲ ਤੁਰੀ ਤਾਂ ਫਰਵਰੀ 1576 ਵਿਚ ਉਹ ਭੱਜ ਕੇ ਰੋਮ ਚਲਾ ਗਿਆ। ਉਸ ਉਤੇ ਇਹ ਦੋਸ਼ ਲਾਇਆ ਗਿਆ ਕਿ ਉਹ ਚਰਚ ਵਲੋਂ ਰੋਕੇ ਤੇ ਰੱਦ ਕੀਤੇ ਈਰੈਸਮਸ (ਬਾਈਬਲ) ਦੀ ਕੁਮੈਂਟਰੀ ਪੜ੍ਹਦਾ ਪ੍ਰਚਾਰਦਾ ਹੈ। ਈਰੈਸਮਸ ਦੀ ਕੁਮੈਂਟਰੀ ਦੇ ਕਈ ਪੰਨਿਆਂ ਦੇ ਹਾਸ਼ੀਏ ਉਤੇ ਬਰੂਨੋ ਦੀਆਂ ਹੱਥ ਲਿਖਤ ਟਿੱਪਣੀਆਂ ਇਸ ਦੀ ਗਵਾਹੀ ਵਜੋਂ ਚੁਣੀਆਂ ਗਈਆਂ। ਬਰੂਨੋ ਨੇ ਤਾਂ ਸਮਝਿਆ ਸੀ ਕਿ ਡੋਮੀਨੀਕਨ ਫਿਰਕੇ ਦੇ ਲੋਕ ਸਿਆਣੇ ਤੇ ਉਦਾਰ ਹਨ, ਪਰ ਉਸ ਦਾ ਇਹ ਭੁਲੇਖਾ ਉਸ ਵਿਰੁਧ ਹੋ ਰਹੇ ਭੰਡੀ ਪ੍ਰਚਾਰ ਨੇ ਛੇਤੀ ਹੀ ਦੂਰ ਕਰ ਦਿੱਤਾ।


ਉਸ ਨੇ ਡੋਮੀਨੀਕਨ ਫਿਰਕਾ ਛੱਡ ਦਿੱਤਾ। ਦੋ ਕੁ ਸਾਲ ਉਤਰੀ ਇਟਲੀ ਵਿਚ ਘੁੰਮਣ ਉਪਰੰਤ ਉਹ 1578 ਵਿਚ ਜੈਨੇਵਾ ਜਾ ਟਿਕਿਆ ਤੇ ਪਰੂਫ ਰੀਡਿੰਗ ਕਰ ਕੇ ਰੋਟੀ-ਪਾਣੀ ਦਾ ਜੁਗਾੜ ਕਰਨ ਲੱਗਾ। ਹੁਣ ਉਹ ਕੈਲਵਿਨਿਸਟ ਬਣਿਆ। ਜਾਨ ਕੈਲਵਿਨ ਵਲੋਂ ਪ੍ਰਚਾਰਿਤ ਇਹ ਨਵੇਂ ਉਦਾਰ ਤੇ ਵਿਵੇਕਪੂਰਨ ਈਸਾਈ ਧਰਮ ਸ਼ਾਸਤਰੀਆਂ ਦਾ ਫਿਰਕਾ ਸੀ। ਜੈਨੇਵਾ ਉਦੋਂ ਇਨ੍ਹਾਂ ਦਾ ਵੱਡਾ ਕੇਂਦਰ ਸੀ। ਇਥੋਂ ਦਾ ਚਰਚ ਇਸ ਫਿਰਕੇ ਦਾ ਮਾਡਲ ਚਰਚ ਸੀ। ਇਥੇ ਵੀ ਬਰੂਨੋ ਦੀ ਦਾਲ ਨਾ ਗਲੀ। ਆਪਣੀ ਬਾਗ਼ੀ ਸੋਚ ਅਤੇ ਵਿਹਾਰ ਦੇ ਰਾਹ ਤੁਰਦਿਆਂ ਉਸ ਨੇ ਕੈਲਵਿਨਵਾਦੀ ਪ੍ਰੋਫੈਸਰ ਬਾਰੇ ਕਿੰਤੂ-ਪ੍ਰੰਤੂ ਭਰਿਆ ਲੇਖ ਲਿਖ ਦਿੱਤਾ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੈਲਵਿਨਵਾਦੀਆਂ ਨੇ ਵੀ ਛੇਕ ਦਿੱਤਾ। ਮੁਆਫੀ ਮੰਗੀ, ਲਿਖਤ ਵਾਪਸ ਲਈ ਅਤੇ ਖਹਿੜਾ ਇਸ ਸ਼ਰਤ ਉਤੇ ਛੁੱਟਿਆ ਕਿ ਉਹ ਸ਼ਹਿਰ ਛੱਡ ਜਾਵੇਗਾ। ਉਹ ਫਰਾਂਸ ਚਲਾ ਗਿਆ ਅਤੇ ਕੋਸ਼ਿਸ਼ ਕਰਨ ਲੱਗਾ ਕਿ ਕੈਥੋਲਿਕ ਚਰਚ ਹੀ ਉਸ ਨੂੰ ਮੁੱਢੋਂ-ਸੁੱਢੋਂ ਮੁਆਫ ਕਰੇ। ਇਸ ਵਿਚ ਉਸ ਨੂੰ ਖ਼ਾਸ ਕਾਮਯਾਬੀ ਨਾ ਮਿਲੀ। ਹਾਂ, ਉਸ ਨੂੰ ਪਹਿਲਾਂ ਟੂਲਾਊਜ਼ ਤੇ ਫਿਰ 1581 ਵਿਚ ਪੈਰਿਸ ਵਿਚ ਫਿਲਾਸਫੀ ਦੀ ਲੈਕਚਰਰਸ਼ਿਪ ਮਿਲ ਗਈ।

ਪਹਿਲੀ ਵਾਰ ਉਸ ਨੂੰ ਪੜ੍ਹਨ-ਲਿਖਣ ਤੇ ਕੰਮ ਕਰਨ ਲਈ ਯੋਗ ਥਾਂ ਮਿਲੀ। ਕੈਥੋਲਿਕਾਂ ਤੇ ਰੋਮਨ ਪ੍ਰੋਟੈਸਟੈਂਟਾਂ ਦੇ ਪਰਸਪਰ ਝਗੜਿਆਂ ਦੇ ਬਾਵਜੂਦ ਇਥੇ ਨਰਮ ਕੈਥੋਲਿਕਾਂ ਦਾ ਬੋਲਬਾਲਾ ਸੀ। ਬਰੂਨੋ ਦੇ ਵਿਚਾਰਾਂ ਪ੍ਰਤੀ ਹੈਨਰੀ ਤੀਜਾ ਸਹਿਣਸ਼ੀਲ ਸਾਬਿਤ ਹੋਇਆ। ਉਸ ਦਾ ਵਾਰਸ ਹੈਨਰੀ ਆਫ ਬਰਬਨ ਹੋਰ ਉਦਾਰ ਸੀ। ਉਹ ਪ੍ਰੋਟੈਸਟੈਂਟ ਸੀ। ਉਸ ਨੇ ਬਰੂਨੋ ਨੂੰ ਸਰਪ੍ਰਸਤੀ ਦਿੱਤੀ ਤੇ ਸ਼ਾਹੀ ਲੈਕਚਰਰ ਦਾ ਖਿਤਾਬ ਦਿੱਤਾ।

1582 ਵਿਚ ਬਰੂਨੋ ਨੇ ਸਮਕਾਲੀ ਨੈਤਿਕ ਤੇ ਸਮਾਜਿਕ ਖੇਤਰ ਵਿਚ ਪਸਰੇ ਭ੍ਰਿਸ਼ਟਾਚਾਰ ਉਤੇ ਕਾਮੇਡੀ ਕੈਂਡਲਮੇਕਰ ਪ੍ਰਕਾਸ਼ਿਤ ਕੀਤੀ। ਇਸ ਤੋਂ ਪਹਿਲਾਂ ਉਸ ਨੇ ਹਕੀਕਤ ਦੀ ਸਮਝ ਅਤੇ ਗਿਆਨ ਪ੍ਰਾਪਤੀ ਲਈ ਨਵੀਆਂ ਵਿਧੀਆਂ ਸੁਝਾਉਣ ਵਾਲੀਆਂ ਕੁਝ ਲਿਖਤਾਂ ਵੀ ਪ੍ਰਕਾਸ਼ਿਤ ਕੀਤੀਆਂ। 1583 ਦੀ ਬਹਾਰ ਦੀ ਰੁੱਤੇ ਬਰੂਨੋ ਹੈਨਰੀ ਤੀਜੇ ਦੀ ਲੰਡਨ ਵਿਚਲੇ ਰਾਜਦੂਤ ਮਿਸ਼ੇਲ ਡੀ ਕੈਸਟੈਲਨੂ ਦੇ ਨਾਂ ਸਿਫਾਰਸ਼ੀ ਚਿੱਠੀ ਲੈ ਕੇ ਇੰਗਲੈਂਡ ਪਹੁੰਚਿਆ। ਉਸ ਨੂੰ ਆਕਸਫੋਰਡ ਵਿਚ ਲੈਕਚਰ ਕਰਨ ਦੀ ਇਜਾਜ਼ਤ ਮਿਲ ਗਈ। ਉਸ ਨੇ ਕਾਪਰਨੀਕਸ ਦੇ ਨਵੇਂ ਸਿਧਾਂਤਾਂ ਦੀ ਵਿਆਖਿਆ ਤੇ ਸਮਰਥਨ ਵਿਚ ਲੈਕਚਰ ਦੇਣੇ ਸ਼ੁਰੂ ਕੀਤੇ। ਆਕਸਫੋਰਡ ਵਿਚ ਇਸ ਦਾ ਵਿਰੋਧ ਹੋਇਆ ਤਾਂ ਉਹ ਵਾਪਸ ਰਾਜਦੂਤ ਦੇ ਮਹਿਮਾਨ ਵਜੋਂ ਲੰਡਨ ਆ ਟਿਕਿਆ। ਉਸ ਦੇ ਪ੍ਰਭਾਵ ਨਾਲ ਉਹ ਮਲਿਕਾ ਐਲਿਜ਼ਬੈਥ ਦੇ ਦਰਬਾਰ ਵੀ ਚੱਕਰ ਲਾਉਣ ਲੱਗਾ। ਉਸ ਦੀ ਪਛਾਣ ਸਰ ਫਿਲਿਪ ਸਿਡਨੀ ਤੇ ਰਾਬਰਟ ਡੁਡਲੇ ਜਿਹੇ ਪ੍ਰਭਾਵਸ਼ਾਲੀ ਬੰਦਿਆਂ ਨਾਲ ਹੋਈ। ਫਰਵਰੀ 1584 ਵਿਚ ਸਿਡਨੀ ਸਰਕਲ ਦੇ ਮੈਂਬਰ ਫੂਲਕੇ ਗਰੈਵਿਲੇ ਨੇ ਬਰੂਨੋ ਨੂੰ ਸੱਦਾ ਦਿੱਤਾ ਕਿ ਉਹ ਆਕਸਫੋਰਡ ਦੇ ਵਿਦਵਾਨਾਂ ਨਾਲ ਕਾਪਰਨੀਕਸ ਦੇ ਨਵੇਂ ਸਿਧਾਂਤਾਂ ਬਾਰੇ ਵਿਚਾਰ-ਵਟਾਂਦਰੇ ਲਈ ਆਵੇ। ਬਰੂਨੋ ਪਹੁੰਚ ਗਿਆ, ਪਰ ਵਿਚਾਰ-ਵਟਾਂਦਰਾ ਲੜਾਈ-ਝਗੜੇ ਵਿਚ ਮੁੱਕਿਆ।

ਕੁਝ ਦਿਨ ਪਿਛੋਂ ਬਰੂਨੋ ਨੇ ਇਟਾਲੀਅਨ ਡਾਇਲਾਗਜ਼ ਨਾਂ ਦੀ ਆਪਣੀ ਲੇਖ ਲੜੀ ਲਿਖਣੀ ਸ਼ੁਰੂ ਕੀਤੀ। ਇਸ ਵਿਚ ਉਸ ਨੇ ਆਪਣੇ ਚਿੰਤਨ ਦੀ ਨਿੱਠ ਕੇ ਵਿਆਖਿਆ ਕੀਤੀ। ਇਨ੍ਹਾਂ ਲੇਖਾਂ ਦੀ ਗਿਣਤੀ ਛੇ ਹੈ। ਤਿੰਨ ਦਾ ਸਬੰਧ ਬ੍ਰਹਿਮੰਡ ਦੇ ਜਨਮ, ਵਿਕਾਸ ਤੇ ਕਾਰਜ ਪ੍ਰਬੰਧ ਨਾਲ ਹੈ ਅਤੇ ਤਿੰਨ ਦਾ ਨੈਤਿਕ ਚਿੰਤਨ ਨਾਲ। 1584 ਵਿਚ ਹੀ ਬਰੂਨੋ ਨੇ 'ਦਿ ਐਸ਼ ਵੈਡਨੈਸਡੇਅ ਸਪਰ' ਵਿਚ ਬ੍ਰਹਿਮੰਡ ਬਾਰੇ ਆਪਣੇ ਚਿੰਤਨ ਦੀ ਰੂਪ-ਰੇਖਾ ਉਲੀਕੀ। ਉਸ ਨੇ ਕਾਪਰਨੀਕਸ ਦੇ ਸੂਰਜ ਕੇਂਦਰਕ ਸਿਧਾਂਤ ਦਾ ਖੁੱਲ੍ਹ ਕੇ ਸਮਰਥਨ ਕੀਤਾ। ਇਸ ਤੋਂ ਵੀ ਰਤਾ ਅਗਾਂਹ ਜਾ ਕੇ ਉਸ ਨੇ ਕਿਹਾ ਕਿ ਬ੍ਰਹਿਮੰਡ ਅਨੰਤ ਹੈ। ਸਾਡੇ ਸੂਰਜ ਮੰਡਲ ਵਾਂਗ ਕਈ ਹੋਰ ਸੂਰਜ ਤੇ ਉਨ੍ਹਾਂ ਦੇ ਗ੍ਰਹਿ ਪਰਿਵਾਰ ਹਨ। ਉਸ ਨੇ ਇਹ ਵੀ ਕਿਹਾ ਕਿ ਬਾਈਬਲ ਦਾ ਅਨੁਸਰਨ ਇਸ ਦੇ ਧਾਰਮਿਕ ਤੇ ਨੈਤਿਕ ਆਧਾਰ ਉਤੇ ਕਰਨਾ ਚਾਹੀਦਾ ਹੈ। ਇਸ ਦੀਆਂ ਤਾਰਾ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਕਾਰਨ ਨਹੀਂ। ਉਸ ਨੇ ਸਮਕਾਲੀ ਅੰਗਰੇਜ਼ ਬੁੱਧੀਜੀਵੀਆਂ ਤੇ ਆਕਸਫੋਰਡ ਦੇ ਡਾਕਟਰਾਂ ਦੀ ਫੋਕੀ ਵਿਦਵਤਾ ਦੀਆਂ ਧੱਜੀਆਂ ਉਡਾਈਆਂ। ਇਸੇ ਵਰ੍ਹੇ ਉਸ ਨੇ 'ਕਨਸਰਨਿੰਗ ਦਿ ਕਾਜ਼, ਪ੍ਰਿੰਸੀਪਲ ਐਂਡ ਵਨ' ਵਿਚ ਬ੍ਰਹਿਮੰਡ ਤੇ ਪਰਮਾਤਮਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਸ ਨੇ ਰੂਪ ਤੇ ਪਦਾਰਥ ਦੀ ਏਕਤਾ 'ਤੇ ਬਲ ਦੇ ਕੇ ਅਰਸਤੂ ਦੇ ਦਵੈਤਵਾਦੀ ਭੌਤਿਕ ਵਿਗਿਆਨ ਦਾ ਖੰਡਨ ਕੀਤਾ। ਸਭ ਵਸਤਾਂ ਅਤੇ ਵਿਰੋਧੀ ਤੱਤਾਂ ਤਕ ਦੀ ਏਕਤਾ 'ਤੇ ਬਲ ਦਿੱਤਾ। ਇਹੀ ਨਹੀਂ 'ਆਨ ਦਿ ਇਨਫਿਨਿਟ ਯੂਨੀਵਰਸ ਐਂਡ ਵਰਲਡਜ਼' ਵਿਚ ਇਨ੍ਹਾਂ ਧਾਰਨਾਵਾਂ ਦੀ ਕਈ ਪੱਖਾਂ ਤੋਂ ਵਿਆਖਿਆ ਕੀਤੀ। ਉਸ ਨੇ ਕਿਹਾ ਕਿ ਧਰਮ ਸਿੱਧੇ-ਸਾਦੇ ਲੋਕਾਂ ਨੂੰ ਆਪਣੇ ਕਬਜ਼ੇ ਵਿਚ ਰੱਖਣ ਦਾ ਜ਼ਰੀਆ ਬਣ ਗਿਆ ਹੈ। ਫਿਲਾਸਫੀ ਕੁਝ ਸਿਆਣੇ ਲੋਕਾਂ ਦਾ ਅਨੁਸ਼ਾਸਨ ਹੈ ਜੋ ਸਵੈ ਨੂੰ ਵੀ ਅਨੁਸ਼ਾਸਿਤ ਕਰਦਾ ਹੈ ਤੇ ਦੂਜੇ ਲੋਕਾਂ ਨੂੰ ਵੀ। 'ਦਿ ਐਕਸਪਲਸ਼ਨ ਆਫ ਦਿ ਟਰਿੰਫੈਂਟ ਬੀਸਟ' ਉਸ ਦਾ ਪਹਿਲਾ ਨੈਤਿਕ ਡਾਇਲਾਗ ਹੈ। ਇਹ ਧਾਰਮਿਕ ਖੇਤਰ ਵਿਚ ਪਸਰੇ ਅੰਧ-ਵਿਸ਼ਵਾਸ ਦੀ ਕਰੜੀ ਆਲੋਚਨਾ ਹੈ। ਮਨੁੱਖੀ ਗੌਰਵ ਨੂੰ ਬਹਾਲ ਕਰਨ ਉਤੇ ਬਲ ਦਿੰਦਿਆਂ ਇਸ ਵਿਚ ਬਰੂਨੋ ਨੇ ਕੈਲਵਿਨਵਾਦੀਆਂ ਦੀਆਂ ਨੈਤਿਕਤਾ, ਮੁਕਤੀ ਤੇ ਵਿਸ਼ਵਾਸ ਦੀਆਂ ਧਾਰਨਾਵਾਂ ਨੂੰ ਵੰਗਾਰਿਆ ਹੈ। 1585 ਵਿਚ 'ਕੈਬਾਲ ਆਫ ਦਿ ਹਾਰਸ ਪੈਗਾਸਸ' ਵਿਚ ਬਰੂਨੋ ਨੇ ਬ੍ਰਹਿਮੰਡੀ ਆਤਮਾ ਅਤੇ ਮਾਨਵੀ ਆਤਮਾ ਦੇ ਪਰਸਪਰ ਰਿਸ਼ਤੇ ਨੂੰ ਆਪਣੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ ਅਤੇ ਕਿਹਾ ਕਿ ਵਿਅਕਤੀਗਤ ਆਤਮਾ ਦੀ ਪੂਰਨ ਸੁਤੰਤਰਤਾ ਦੀ ਧਾਰਨਾ ਗ਼ਲਤ ਹੈ। 'ਦਿ ਹੀਰੋਇਕ ਫਰੈਂਜ਼ੀਜ਼' ਵਿਚ ਬਰੂਨੋ ਨੇ ਨੇਕੀ ਅਤੇ ਸਤਿ ਦੇ ਮਾਰਗ ਉਤੇ ਤੁਰ ਕੇ ਮਨੁੱਖੀ ਆਤਮਾ ਦੇ ਪਰਮਾਤਮਾ ਨਾਲ ਮੇਲ ਦੀ ਗੱਲ ਕੀਤੀ।





***ਬਰੂਨੋ ਦਾ ਸਕੈੱਚ ਅਤੇ (ਸੱਜੇ) ਇਕ ਚਿੱਤਰਕਾਰ ਵੱਲੋਂ ਬਣਾਇਆ ਬਰੂਨੋ ਦਾ ਚਿੱਤਰ।***

ਅਕਤੂਬਰ 1585 ਵਿਚ ਬਰੂਨੋ ਪੈਰਿਸ ਮੁੜ ਆਇਆ। ਹੁਣ ਹਾਲਾਤ ਬਦਲ ਚੁੱਕੇ ਸਨ। ਹੈਨਰੀ ਤੀਜੇ ਨੇ ਪ੍ਰੋਟੈਸਟੈਂਟਾਂ ਨਾਲ ਸ਼ਾਂਤੀ ਦਾ ਐਲਾਨਾਮਾ ਰੱਦ ਕਰ ਦਿੱਤਾ ਸੀ। ਨਵਾਰੇ ਦੇ ਰਾਜੇ ਹੈਨਰੀ ਆਫ ਬਰਬਨ ਨੂੰ ਹਰ ਪੱਖੋਂ ਰੱਦ ਕੇ ਤਿਆਗਿਆ ਜਾ ਚੁੱਕਾ ਸੀ। ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਸੀ। ਬਦਲੇ ਹਾਲਾਤ ਵਿਚ ਸਾਵਧਾਨੀ ਨਾਲ ਚੱਲਣ ਦੀ ਥਾਂ ਬਰੂਨੋ ਨੇ ਕੈਥੋਲਿਕ ਪਾਰਟੀ ਦੇ ਗਣਿਤ ਵਿਗਿਆਨੀ ਫੈਬਰੀਜ਼ੀਓ ਮਾਰਡੈਂਟ ਨਾਲ ਵਿਵਾਦ ਛੇੜ ਲਿਆ। ਵਿਵਾਦ ਕੀ, ਉਹ ਤਾਂ ਉਸ ਦਾ ਆਪਣੇ ਚੌਥੇ ਡਾਇਲਾਗ ਵਿਚ ਪਹਿਲਾਂ ਵੀ ਮਜ਼ਾਕ ਉਡਾ ਚੁੱਕਾ ਸੀ। ਪਹਿਲੀ ਮਈ 1586 ਨੂੰ ਉਸ ਨੇ ਆਪਣੀ ਇੱਕ ਹੋਰ ਲਿਖਤ 'ਚ ਅਰਸਤੂ ਦੇ ਸਿਧਾਂਤਾਂ ਦਾ ਕਰੜਾ ਵਿਰੋਧ ਕੀਤਾ। ਪੈਰਿਸ ਦੇ ਬੁੱਧੀਜੀਵੀਆਂ ਵਿਚ ਉਸ ਵਿਰੁਧ ਤੂਫਾਨ ਖੜ੍ਹਾ ਹੋ ਗਿਆ ਤੇ ਬਰੂਨੋ ਨੂੰ ਪੈਰਿਸ ਛੱਡਣਾ ਪਿਆ।

ਉਸ ਨੇ ਹੁਣ ਜਰਮਨ ਯੂਨੀਵਰਸਿਟੀਆਂ ਦੀ ਖਾਕ ਛਾਣਨੀ ਸ਼ੁਰੂ ਕੀਤੀ ਕਿ ਕਿਤੇ ਪੈਰ ਅੜਨ। ਉਸ ਨੇ ਥਾਂ ਥਾਂ ਕੁਝ ਲੈਕਚਰ ਦਿੱਤੇ। ਕੁਝ ਲਿਖਤਾਂ ਛਾਪੀਆਂ। ਸੁਰ ਉਕੀ ਲੜਾਕੂ ਤੇ ਗੁਸਤਾਖ਼। ਮੈਨੂੰ ਮਿੱਤਰ ਕਵੀ ਦਰਸ਼ਨ ਸਿੰਘ ਅਵਾਰਾ ਦੇ ਬੋਲ ਉਸ ਉਤੇ ਪੂਰੇ ਢੁੱਕਦੇ ਪ੍ਰਤੀਤ ਹੁੰਦੇ ਹਨ:

ਤੈਨੂੰ ਕਿਹੈ ਅਵਾਰਾ ਐਨੀ
ਗੁਸਤਾਖ਼ੀ ਨਾ ਕਰਿਆ ਕਰ।
ਯਾਦ ਰੱਖੀਂ ਗੱਲ ਬੱਚੂ ਮੇਰੀ
ਭੰਗ ਤੇ ਭਾੜੇ ਮਰਨੈ ਤੂੰ।
ਤੈਨੂੰ ਰੱਬ ਅੱਖੀਆਂ ਦੇ ਭੁਲੈ
ਦੇਖ ਲਵੇਂ ਤਾਂ ਜਰਿਆ ਕਰ।
ਰੱਬ ਵੀ ਡਰਦੈ ਉਨ੍ਹਾਂ ਕੋਲੋਂ
ਤੂੰ ਵੀ ਤੱਕ ਕੇ ਡਰਿਆ ਕਰ।

ਨਾ ਅਵਾਰਾ ਕਦੇ ਗੁਸਤਾਖੀਆਂ ਤੋਂ ਟਲਿਆ ਅਤੇ ਨਾ ਬਰੂਨੋ। ਦੋਵੇਂ ਭੰਗ ਦੇ ਭਾੜੇ ਹੀ ਮਰੇ। 1588 ਵਿਚ 160 ਆਰਟੀਕਲਜ਼ ਵਾਲੀ ਕਿਤਾਬ 'ਚ ਬਰੂਨੋ ਨੇ ਸਮਕਾਲੀ ਦਾਰਸ਼ਨਿਕਾਂ ਤੇ ਗਣਿਤ ਵਿਗਿਆਨੀਆਂ ਦਾ ਕਰੜਾ ਵਿਰੋਧ ਕੀਤਾ। ਧਰਮਾਂ ਦੀ ਸ਼ਾਂਤਮਈ ਸਹਿਹੋਂਦ, ਪਰਸਪਰ ਸਮਝ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਆਪਣਾ ਫਲਸਫਾ ਪੇਸ਼ ਕੀਤਾ। ਅਜੋਕੇ ਭਾਰਤ ਵਿਚ ਬਰੂਨੋ ਨੂੰ ਸ਼ਾਇਦ ਕੋਈ ਭੀੜ ਹੀ ਮਾਰ ਸੁੱਟਦੀ ਜਾਂ ਗੱਦਾਰ ਕਹਿ ਕੇ ਚੁੱਪ ਕਰਾ ਦਿੱਤਾ ਗਿਆ ਹੁੰਦਾ। ਮਰਦਾ ਉਹ ਫਿਰ ਵੀ ਭੰਗ ਦੇ ਭਾੜੇ ਹੀ।

ਖੈਰ! ਜਨਵਰੀ 1589 ਵਿਚ ਹੈਲਮਸ਼ਟੈੱਡ ਵਿਚ ਉਸ ਨੂੰ ਸਥਾਨਕ ਲੂਥੇਰੀਅਨ ਚਰਚ ਨੇ ਧਰਮ ਵਿਚੋਂ ਛੇਕ ਦਿੱਤਾ। ਕੁਝ ਮਹੀਨੇ ਫਿਰ ਵੀ ਉਹ ਹੈਲਮਸ਼ਟੈੱਡ ਰਿਹਾ। ਉਸ ਨੇ ਨੈਚੁਰਲ ਐਂਡ ਮੈਥੇਮੈਟਿਕਲ ਮੈਜਿਕ ਉਤੇ ਕੰਮ ਕੀਤਾ ਅਤੇ ਕੁਝ ਲਾਤੀਨੀ ਕਵਿਤਾਵਾਂ ਉਤੇ ਵਿਆਖਿਆਮਈ ਲਿਖਤਾਂ ਲਿਖੀਆਂ। ਆਨ ਦਿ ਮੋਨਾਡ, ਨੰਬਰ ਐਂਡ ਫਿਗਰ ਅਤੇ ਆਨ ਦਿ ਇਮਮੇਯਰੇਬਰ ਐਂਡ ਇਨਿਊਮਰੇਬਲ ਪੈਂਫਲੈੱਟ ਲਿਖੇ। ਇਨ੍ਹਾਂ ਵਿਚ ਉਸ ਨੇ ਆਪਣੇ ਫਲਸਫੇ ਦੇ ਕੁਝ ਹੋਰ ਪਸਾਰਾਂ ਦੀ ਵਿਆਖਿਆ ਕੀਤੀ। ਇਨ੍ਹਾਂ ਲਿਖਤਾਂ ਦੇ ਪ੍ਰਕਾਸ਼ਨ ਲਈ 1590 ਵਿਚ ਉਹ ਫਰੈਂਕਫਰਟ ਦੀ ਸੈਨੇਟ ਪਾਸ ਬੇਨਤੀ ਕਰਨ ਪੁੱਜਾ। ਸੈਨੇਟ ਨੇ ਲਿਖਤਾਂ ਦੇ ਪ੍ਰਕਾਸ਼ਨ ਦੀ ਇਜਾਜ਼ਤ ਤਾਂ ਕੀ ਦੇਣੀ ਸੀ, ਉਸ ਨੂੰ ਉਥੇ ਟਿਕਣ ਦੀ ਵੀ ਆਗਿਆ ਨਾ ਦਿੱਤੀ, ਪਰ ਉਹ ਕਾਰਮੇਲਾਈਟ ਕਾਨਵੈਂਟ ਵਿਚ ਰਹਿ ਪਿਆ ਅਤੇ ਪ੍ਰੋਟੈਸਟੈਂਟਾਂ ਨੂੰ ਆਪਣੇ ਵਿਚਾਰ ਸਮਝਾਉਣ ਲੱਗਾ। ਉਸ ਬਾਰੇ ਹਵਾ ਇਹ ਹੀ ਬਣੀ ਕਿ ਉਹ ਕਲਪਨਾ ਲੋਕ ਦੀਆਂ ਅਜੀਬੋ-ਗਰੀਬ ਗੱਲਾਂ ਕਰਨ ਵਾਲਾ ਸਿਰਫਿਰਿਆ ਬੰਦਾ ਹੈ।

ਅਗਸਤ 1591 ਵਿਚ ਜੋਹਵਾਨੀ ਮੋਸੇਨੀਗੋ ਦੇ ਸੱਦੇ ਉਤੇ ਬਰੂਨੋ ਇਟਲੀ ਚਲਾ ਗਿਆ। ਉਹ ਰਾਜ ਸੱਤਾ ਦੇ ਨੇੜੇ ਸੀ। ਸਰਕਾਰੇ-ਦਰਬਾਰੇ ਉਸ ਦੀ ਚਲਦੀ ਸੀ। ਉਸ ਨੇ ਬਰੂਨੋ ਨੂੰ ਸਰਕਾਰੀ ਸਰਪ੍ਰਸਤੀ ਦਿਵਾਉਣ ਦਾ ਵਾਅਦਾ ਕਰਕੇ ਇਟਲੀ ਆਉਣ ਨੂੰ ਕਿਹਾ। ਬਰੂਨੋ ਨੇ ਸੋਚਿਆ ਕਿ ਕੀ ਪਤਾ ਮੋਸੇਨੀਗੋ ਦੀ ਸਿਫਾਰਿਸ਼ ਨਾਲ ਉਸ ਦੀਆਂ ਮੁਸੀਬਤਾਂ ਮੁੱਕ ਜਾਣ। ਉਹ ਇਟਲੀ ਦੇ ਸ਼ਹਿਰ ਵੈਨਿਸ ਪੁੱਜ ਗਿਆ। ਵੈਨਿਸ ਉਦੋਂ ਇਟਲੀ ਦੀ ਸਭ ਤੋਂ ਉਦਾਰ ਤੇ ਖੁੱਲ੍ਹਦਿਲੀ ਰਿਆਸਤ ਸੀ। ਅੜੀਅਲ ਪੋਪ ਸਿਕਸਟਸ-ਪੰਜਵੇਂ ਦੀ 1590 ਵਿਚ ਮੌਤ ਹੋ ਗਈ ਸੀ। ਪ੍ਰੋਟੈਸਟੈਂਟ ਹੈਨਰੀ ਆਫ ਬਰਬਨ ਫਰਾਂਸ ਦੇ ਤਖ਼ਤ ਉਤੇ ਸੀ। ਲੱਗਦਾ ਸੀ ਕਿ ਧਾਰਮਿਕ ਸਹਿਹੋਂਦ ਤੇ ਰਵਾਦਾਰੀ ਦੇ ਦਿਨ ਆਉਣਗੇ। ਬਰੂਨੋ ਦੀ ਇੱਛਾ ਸੀ ਕਿ ਉਹ ਕਿਸੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣ ਕੇ ਆਪਣੇ ਨਿਵੇਕਲੇ ਵਿਚਾਰਾਂ ਬਾਰੇ ਨਵੀਂ ਪੀੜ੍ਹੀ ਨੂੰ ਲਿਖ-ਬੋਲ ਕੇ ਦੱਸੇ। ਪਡੂਆ ਯੂਨੀਵਰਸਿਟੀ ਵਿਚ ਉਨ੍ਹਾਂ ਦਿਨਾਂ ਵਿਚ ਗਣਿਤ ਦੇ ਪ੍ਰੋਫੈਸਰ ਦੀ ਚੇਅਰ ਖਾਲੀ ਸੀ। ਬਰੂਨੋ ਨੇ ਉਥੇ ਪ੍ਰਾਈਵੇਟ ਤੌਰ ਉਤੇ ਜੁਮੈਟਰੀ ਅਤੇ ਆਰਟ ਆਫ ਡਿਫਾਰਮੇਸ਼ਨ ਉਤੇ ਕੋਰਸ ਸ਼ੁਰੂ ਕਰਕੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ। ਜਦੋਂ ਉਸ ਨੂੰ ਲੱਗਾ ਕਿ ਇਹ ਚੇਅਰ ਉਸ ਨੂੰ ਨਹੀਂ ਮਿਲਣੀ, ਉਹ ਪਡੂਆ ਛੱਡ ਕੇ ਆਪਣੇ ਮਿੱਤਰ ਮੋਸੇਨੀਗੋ ਕੋਲ ਵੈਨਿਸ ਪਰਤ ਆਇਆ।

ਵੈਨਿਸ ਵਿਚ ਉਸ ਨੇ ਪ੍ਰਗਤੀਵਾਦੀ ਸੋਚ ਵਾਲੇ ਤਬਕੇ ਵਿਚ ਆਪਣੇ ਵਿਚਾਰਾਂ ਦਾ ਪਸਾਰ ਸ਼ੁਰੂ ਕੀਤਾ। ਇੰਜ ਕਰਦਿਆਂ ਉਸ ਨੇ ਇਸ ਕਦਮ ਦੇ ਧਾਰਮਿਕ ਪ੍ਰਤੀਕਰਮਾਂ ਬਾਰੇ ਸੋਚਣ ਦੀ ਖੇਚਲ ਨਾ ਕੀਤੀ। ਮੋਸੇਨੀਗੋ ਦਾ ਹੀ ਮੋਹ ਉਸ ਤੋਂ ਭੰਗ ਹੋ ਗਿਆ। ਕੁਝ ਬਰੂਨੋ ਦੀ ਫਰੈਂਕਫਰਟ ਮੁੜ ਜਾਣ ਦੀ ਇੱਛਾ ਤੋਂ ਨਾਰਾਜ਼ ਅਤੇ ਕੁਝ ਉਸ ਦੇ ਵਿਚਾਰਾਂ ਤੋਂ ਖਿਝੇ ਮੋਸੇਨੀਗੋ ਨੇ ਉਸ ਦੇ ਕੁਫਰ ਬਾਰੇ ਚਰਚ ਕੋਲ ਮੁਕੱਦਮਾ ਪੇਸ਼ ਕਰ ਦਿੱਤਾ। ਇਹ ਮਈ 1592 ਦੀ ਗੱਲ ਹੈ। ਬਰੂਨੋ ਨੇ ਆਪਣੇ ਬਚਾਅ ਵਿਚ ਨਿੱਕੀਆਂ-ਮੋਟੀਆਂ ਧਾਰਮਿਕ ਖੁਨਾਮੀਆਂ

***(ਅਗਲੇ ਸਫੇ 'ਤੇ ਜਾਰੀ)***

# ਬਰੂਨੋ

*(ਪਿਛਲੇ ਸਫੇ ਦੀ ਬਾਕੀ)*

ਸਵੀਕਾਰ ਕੀਤੀਆਂ। ਉਸ ਨੇ ਆਪਣੇ ਵਿਚਾਰਾਂ ਦੇ ਦਾਰਸ਼ਨਿਕ ਮਹੱਤਵ ਤੇ ਵਿਆਖਿਆ ਉਪਰ ਬਲ ਦਿੱਤਾ ਅਤੇ ਇਨ੍ਹਾਂ ਨੂੰ ਧਾਰਮਿਕ ਖੇਤਰ ਵਿਚ ਨਾ ਘੜੀਸਣ ਲਈ ਕਿਹਾ। ਇੱਕ ਵਾਰ ਤਾਂ ਲੱਗਾ ਕਿ ਮੁਕੱਦਮੇ ਦਾ ਫੈਸਲਾ ਬਰੂਨੋ ਦੇ ਹੱਕ ਵਿਚ ਜਾਵੇਗਾ, ਪਰ ਅਚਾਨਕ ਰੋਮਨ ਕੱਟੜਵਾਦੀਆਂ ਨੇ ਉਸ ਦੇ ਦੇਸ਼ ਨਿਕਾਲੇ ਲਈ ਤੂਫਾਨ ਖੜ੍ਹਾ ਕਰ ਦਿੱਤਾ। ਨਤੀਜੇ ਵਜੋਂ 27 ਜਨਵਰੀ 1593 ਨੂੰ ਬਰੂਨੋ ਨੂੰ ਧਾਰਮਿਕ ਅਦਾਲਤ ਨੇ ਸ਼ਾਹੀ ਮਹਿਲ ਵਿਚ ਕੈਦ ਲਈ ਭੇਜ ਦਿੱਤਾ।

ਸੱਤ ਸਾਲ ਦੀ ਲੰਬੀ ਕੈਦ ਤੇ ਮੁਕੱਦਮੇ ਦੌਰਾਨ ਸ਼ੁਰੂ ਵਿਚ ਆਪਣੀ ਪਹਿਲੀ ਡਿਫੈਂਸ ਦੀ ਨੀਤੀ ਹੀ ਜਾਰੀ ਰੱਖੀ। ਉਸ ਨੇ ਕਿਹਾ ਕਿ ਮੇਰੇ ਵਿਚਾਰਾਂ ਦਾ ਪ੍ਰਸੰਗ ਦਾਰਸ਼ਨਿਕ ਤੇ ਵਿਗਿਆਨਕ ਹੈ। ਮੇਰਾ ਧਰਮ ਨਾਲ ਕੋਈ ਵਿਰੋਧ ਨਹੀਂ। ਕੱਟੜ ਮੁਕੱਦਮੇਬਾਜ਼ਾਂ ਤੇ ਚਰਚ ਦਾ ਕਹਿਣਾ ਸੀ ਕਿ ਤੂੰ ਆਪਣੇ ਵਿਚਾਰ ਬਿਨਾਂ ਸ਼ਰਤ ਵਾਪਸ ਲੈ। ਬਰੂਨੋ ਨੇ ਸਮਝਾਉਣ ਦਾ ਯਤਨ ਕੀਤਾ ਕਿ ਮੇਰੇ ਚਿੰਤਨ, ਵਿਚਾਰਾਂ ਅਤੇ ਸਿਧਾਂਤਾਂ ਦਾ ਰੱਬ ਜਾਂ ਬ੍ਰਹਿਮੰਡ ਦੀ ਸਿਰਜਨਾ ਬਾਰੇ ਈਸਾਈਅਤ ਦੇ ਸੰਕਲਪਾਂ ਨਾਲ ਕੋਈ ਵਿਰੋਧ ਨਹੀਂ। ਚਰਚ ਨੇ ਉਸ ਦੀ ਹਰ ਦਲੀਲ ਰੱਦ ਕਰ ਕੇ ਸਿਧਾਂਤਾਂ ਤੇ ਸੰਕਲਪਾਂ ਦੀ ਬਿਨਾਂ ਸ਼ਰਤ ਵਾਪਸੀ ਦੀ ਰਟ ਲਾਈ ਰੱਖੀ। ਬਰੂਨੋ ਨੇ ਸਪਸ਼ਟ ਕੀਤਾ ਕਿ ਵਿਰੋਧ ਹੋਵੇ ਤਾਂ ਮੈਂ ਆਪਣੇ ਵਿਚਾਰ ਵਾਪਸ ਲਵਾਂ। ਮੈਨੂੰ ਤਾਂ ਇਹ ਨਹੀਂ ਸਮਝ ਆ ਰਿਹਾ ਕਿ ਮੈਂ ਕਿਹੜੀ ਗੱਲ ਵਾਪਸ ਲਵਾਂ। ਪੋਪ ਕਲੀਮੈਂਟ ਅੱਠਵਾਂ ਖਿਝ ਗਿਆ। ਅੱਠ ਫਰਵਰੀ 1600 ਨੂੰ ਉਸ ਨੇ ਬਰੂਨੋ ਨੂੰ ਮੌਤ ਦਾ ਹੁਕਮ ਸੁਣਾ ਦਿੱਤਾ। ਜਦੋਂ ਇਹ ਫਰਮਾਨ ਉਸ ਨੂੰ ਪੜ੍ਹ ਕੇ ਸੁਣਾਇਆ ਗਿਆ ਤਾਂ ਉਸ ਨੇ ਕਿਹਾ, "ਮੈਨੂੰ ਹੁਕਮ ਸੁਣ ਕੇ ਇੰਨਾ ਡਰ ਨਹੀਂ ਲੱਗ ਰਿਹਾ ਜਿੰਨਾ ਤੁਹਾਨੂੰ ਹੁਕਮ ਸੁਣਾਉਣ ਉਤੇ ਲੱਗ ਰਿਹਾ ਹੈ।"



*ਰੋਮ ਵਿਚ ਕੈਂਪੋ ਡੀ ਫਿਓਰੀ ਚੌਕ ਵਿਚ ਲਾਇਆ ਬਰੂਨੋ ਦਾ ਬੁੱਤ।*

ਸੱਤ ਸਾਲ ਦਾ ਲੰਬਾ ਸਮਾਂ ਬਰੂਨੋ ਵੈਟੀਕਨ ਨੇੜੇ ਕੈਸਲ ਸੇਂਟ ਐਂਜੀਲੋ ਕੈਦ ਵਿਚ ਰਿਹਾ। ਉਸ ਨੂੰ ਰੋਜ਼ ਤਸੀਹੇ ਦੇ ਕੇ ਪੁੱਛਗਿੱਛ ਹੁੰਦੀ। ਬਰੂਨੋ ਆਪਣੇ ਨਿਸ਼ਚੇ ਉਤੇ ਪੱਕਾ ਰਿਹਾ। ਉਹ ਇਹੀ ਕਹਿੰਦਾ ਕਿ ਮੈਨੂੰ ਕੁਝ ਵੀ ਵਾਪਸ ਲੈਣ ਦੀ ਲੋੜ ਨਹੀਂ। ਇਸ ਲਈ ਮੈਂ ਕੁਝ ਵੀ ਵਾਪਸ ਨਹੀਂ ਲਵਾਂਗਾ। ਮੈਂ ਆਪਣੇ ਵਿਚਾਰਾਂ ਉਤੇ ਕਾਇਮ ਹਾਂ। ਇਨ੍ਹਾਂ ਵਿਚ ਕੁਝ ਵੀ ਗ਼ਲਤ ਨਹੀਂ। ਰੋਮਨ ਚਰਚ ਉਸ ਉਤੇ ਕੁਫਰ ਦੇ ਇਲਜ਼ਾਮ ਲਾਉਂਦੇ ਹੋਏ ਕਹਿੰਦਾ ਸੀ ਕਿ ਤੂੰ 'ਕੁਆਰੀ ਮੇਰੀ' ਦੀ ਪਵਿਤਰਤਾ ਅਤੇ ਈਸਾ ਦੀ ਦੈਵੀ ਹਸਤੀ ਉਤੇ ਕਿੰਤੂ ਕੀਤੇ ਹਨ। ਇਟਰਨਲ ਡੈਮਨੇਸ਼ਨ ਤੇ ਟਰਿਨਿਟੀ ਦੇ ਈਸਾਈਅਤ ਦੇ ਮੂਲ ਸੰਕਲਪਾਂ ਨੂੰ ਰੱਦ ਕੀਤਾ ਹੈ। ਇਟਰਨਲ ਡੈਮਨੇਸ਼ਨ ਦਾ ਮੋਟਾ ਜਿਹਾ ਅਰਥ ਹੈ ਧਰਤੀ ਉਤੇ ਕੀਤੇ ਪਾਪਾਂ ਲਈ ਸਦੀਵੀ ਨਰਕ ਦੀ ਸਜ਼ਾ। ਟਰਿਨਿਟੀ ਦਾ ਭਾਵ ਹੈ ਪਿਤਾ (ਰੱਬ), ਪੁੱਤਰ (ਈਸਾ) ਤੇ ਪਵਿਤਰ ਰੂਹ ਦੇ ਰੂਪ ਵਿਚ ਸਾਰੀ ਲੋਕਾਈ ਵਿਚ ਵਿਆਪਤ ਰੱਬ ਦੀ ਏਕਤਾ ਦਾ ਸੰਕਲਪ। ਬਰੂਨੋ ਜ਼ੱਰੇ ਜ਼ੱਰੇ ਵਿਚ ਰੱਬ ਦੀ ਹੋਂਦ ਮੰਨਦਾ ਸੀ ਤੇ ਬ੍ਰਹਿਮੰਡ ਦੀ ਅਨੰਤਤਾ ਤੇ ਧਰਤੀ ਦੀ ਮਾਮੂਲੀ ਹੋਂਦ ਦੀ ਗੱਲ ਕਰਦਾ ਸੀ। ਆਤਮਾ ਦੇ ਚੋਲਾ ਬਦਲਣ ਦਾ ਸੰਕਲਪ ਵੀ ਮੰਨਦਾ ਸੀ। ਇਹ ਧਾਰਨਾਵਾਂ ਵੀ ਚਰਚ ਦੇ ਕੱਟੜ ਸਮਰਥਕਾਂ ਨੂੰ ਸਵੀਕਾਰ ਨਹੀਂ ਸਨ। ਭਾਂਤ-ਭਾਂਤ ਦੇ ਉਕਤ ਦੋਸ਼ਾਂ ਕਾਰਨ ਉਸ ਦੀ ਜੀਭ ਚਮੜੇ ਦੇ ਪਟੇ ਨਾਲ ਬੰਨ੍ਹੀ ਗਈ। ਨੰਗਾ ਕਰ ਕੇ ਰੋਮ ਦੀਆਂ ਗਲੀਆਂ ਵਿਚ ਘੁਮਾਇਆ ਗਿਆ ਅਤੇ ਕੈਂਪੋ ਡੀ ਫਿਓਰੇ ਦੇ ਭੀੜ ਭਰੇ ਬਾਜ਼ਾਰ ਦੇ ਚੌਕ ਵਿਚ ਪੁਠਾ ਲਟਕਾ ਕੇ ਥੰਮ੍ਹ ਨਾਲ ਬੰਨ੍ਹਿਆ ਗਿਆ। ਅੰਤਿਮ ਵਾਰ ਮੁੜ ਉਸ ਨੂੰ ਆਪਣੀਆਂ ਲਿਖਤਾਂ ਤੇ ਵਿਚਾਰਾਂ ਤੋਂ ਇਨਕਾਰੀ ਹੋਣ ਦਾ ਅਵਸਰ ਦਿੱਤਾ ਗਿਆ। ਇਨਕਾਰ ਕਰਨ 'ਤੇ ਸਤਾਰਾਂ ਫਰਵਰੀ 1600 ਦੇ ਦਿਨ ਸਾੜ ਦਿੱਤਾ ਗਿਆ। ਚਰਚ ਨੇ ਉਸ ਦੀਆਂ ਸਾਰੀਆਂ ਲਿਖਤਾਂ ਉਤੇ ਪਾਬੰਦੀ ਲਗਾ ਦਿੱਤੀ। ਇਹ ਪਾਬੰਦੀ 1966 ਤਕ ਜਾਰੀ ਰਹੀ। ਸਦੀਆਂ ਤਕ ਚਰਚ ਆਪਣੀ ਇਸ ਹਿਮਾਕਤ ਉਤੇ ਪਹਿਰਾ ਦਿੰਦਾ ਰਿਹਾ। ਬਰੂਨੋ ਦੀ ਯਾਦ ਜਾਂ ਕਿਤਾਬ ਦਾ ਕਿਸੇ ਨੇ ਨਾਮ ਨਾ ਲਿਆ। 1884 ਵਿਚ ਇਟਲੀ ਦੇ ਫਰੀਮੈਸਨ ਉਦੋਂ ਪੋਪ ਨਾਲ ਸਖ਼ਤ ਨਾਰਾਜ਼ ਹੋਏ ਜਦੋਂ ਉਸ ਨੇ ਫਰੀਮੈਸਨ ਫਿਰਕੇ ਨੂੰ ਨਿੰਦਿਆ। ਇਸ ਦੇ ਰੋਸ ਵਜੋਂ ਉਨ੍ਹਾਂ ਆਪਣੇ ਹੀ ਫਿਰਕੇ ਦੇ ਈਟੋਰ ਫੇਰਾਰੀ ਨਾਂ ਦੇ ਬੁੱਤਘਾੜੇ ਨੂੰ ਬਰੂਨੋ ਦਾ ਸ਼ਾਨਦਾਰ ਬੁੱਤ ਤਿਆਰ ਕਰਨ ਨੂੰ ਕਿਹਾ ਤਾਂ ਕਿ ਪੋਪ ਦੀਆਂ ਇਤਿਹਾਸਕ ਜ਼ਿਆਦਤੀਆਂ ਨੂੰ ਲੋਕਾਂ ਸਾਹਮਣੇ ਉਜਾਗਰ ਕੀਤਾ ਜਾ ਸਕੇ। ਪੰਜ ਸਾਲ ਲਾ ਕੇ ਫੇਰਾਰੀ ਨੇ ਬੁੱਤ ਬਣਾਇਆ। 1889 ਵਿਚ ਇਸ ਬੁੱਤ ਨੂੰ ਉਸੇ ਚੌਕ ਵਿਚ ਉਸੇ ਥਾਂ ਲਾਇਆ ਗਿਆ ਜਿਥੇ 289 ਸਾਲ ਪਹਿਲਾਂ ਬਰੂਨੋ ਨੂੰ ਜ਼ਿੰਦਾ ਸਾੜਿਆ ਗਿਆ ਸੀ। ਇਹ ਬੁੱਤ ਅੱਜ ਵੀ ਉਥੇ ਖੜ੍ਹਾ ਹੈ। ਉਸੇ ਸਾਲ ਏ.ਸੀ. ਸਵਿਨਬਰਨ ਨੇ ਬਰੂਨੋ ਦੇ ਮਾਣ ਵਿਚ ਕਵਿਤਾ ਲਿਖੀ।

ਬਾਅਦ ਵਿਚ ਸਮੇਂ ਸਮੇਂ ਸਾਹਿਤਕਾਰਾਂ ਨੇ ਉਸ ਨੂੰ ਆਪਣੀਆਂ ਰਚਨਾਵਾਂ ਵਿਚ ਥਾਂ ਦਿੱਤੀ। ਜੇਮਜ਼ ਜੁਆਇਸ ਨੇ ਆਪਣੇ ਨਾਵਲ ਫਿਨੇਗਨਜ਼ ਵੇਕ, ਐਸ.ਜੇ. ਪੈਰਿਸ ਨੇ ਆਪਣੇ ਜਾਸੂਸੀ ਨਾਵਲਾਂ, ਜਾਨ ਕਰਾਓਲੀ ਨੇ ਆਪਣੇ ਚਾਰ ਨਾਵਲਾਂ ਦੀ ਲੜੀ ਅਤੇ ਮਾਰਟਿਨ ਸੀ. ਨੇ ਦਿ ਮਿਰਰ ਥੀਫ ਨਾਂ ਦੇ 2016 ਵਿਚ ਪ੍ਰਕਾਸ਼ਿਤ ਤਾਜ਼ਾ ਨਾਵਲ ਵਿਚ ਬਰੂਨੋ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਚਿਲਡਰਨ ਆਫ ਗਾਡ (ਮੇਰੀ ਰਸਲ), ਦਿ ਐਕਸੀਡੈਂਟਲ ਟਾਈਮ ਮਸ਼ੀਨ (ਜੋ ਹੈਲਡਮੈਨ) ਤੇ ਦਿ ਪਿਕਚਰ ਆਫ ਡੋਰੀਅਨ ਗਰੇ (ਆਸਕਰ ਵਾਈਲਡ) ਵਿਚ ਬਰੂਨੋ ਦੇ ਹਵਾਲੇ ਹਨ। ਕੁਝ ਵਰ੍ਹੇ ਪਹਿਲਾਂ ਬਿਹਾਰ ਵਿਚ ਮਜ਼ਦੂਰ ਔਰਤਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ, ਇਸ ਘਟਨਾ ਨੂੰ ਆਧਾਰ ਬਣਾ ਕੇ ਹਿੰਦੀ ਕਵੀ ਆਲੋਕ ਧਨਵਾ ਨੇ ਜਿਹੜੀ ਕਵਿਤਾ ਲਿਖੀ, ਉਸ ਦਾ ਨਾਂ 'ਬਰੂਨੋ ਕੀ ਬੇਟੀਆਂ' ਰੱਖਿਆ ਸੀ। ਚਰਚ ਵਲੋਂ ਬਰੂਨੋ ਦੀਆਂ ਲਿਖਤਾਂ ਉਤੇ ਲਾਈ ਪਾਬੰਦੀ ਦਾ 1966 ਤਕ ਜਾਰੀ ਰਹਿਣਾ ਦੁਨੀਆਂ ਵਿਚ ਸਿਆਣੇ ਤੇ ਵਿਕਸਿਤ ਸਮਾਜ ਤੇ ਸਭਿਆਚਾਰ ਦਾ ਵਾਰਿਸ ਹੋਣ ਦਾ ਦਾਅਵਾ ਕਰਨ ਵਾਲੇ ਪੱਛਮ ਦੇ ਚਿਹਰੇ ਉਤੇ ਕਦੇ ਨਾ ਮਿਟਣ ਵਾਲਾ ਧੱਬਾ ਹੈ।

# ਮਨੁੱਖੀ ਵਿਕਾਸ 'ਚ ਭਾਰਤ ਦਾ ਨੀਵਾਂ ਸਥਾਨ

**ਡਾ. ਗਿਆਨ ਸਿੰਘ***
**ਫੋਨ: 424-362-8759**

14 ਸਤੰਬਰ 2018 ਨੂੰ ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਨੇ ਮਨੁੱਖੀ ਵਿਕਾਸ ਸੂਚਕ ਰੀਲੀਜ਼ ਕਰ ਦਿੱਤਾ ਹੈ। 2017 ਲਈ ਤਿਆਰ ਕੀਤਾ ਇਹ ਮਨੁੱਖੀ ਵਿਕਾਸ ਸੂਚਕ 189 ਮੁਲਕਾਂ ਲਈ ਹੈ। ਇਸ ਸੂਚਕ ਵਿਚ ਮੁਲਕਾਂ ਦੀ ਦਰਜਾਬੰਦੀ ਮੁੱਖ ਤੌਰ 'ਤੇ ਸਿਹਤ, ਸਿੱਖਿਆ ਅਤੇ ਆਮਦਨ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। 189 ਮੁਲਕਾਂ ਦੀ ਦਰਜਾਬੰਦੀ ਵਿਚ ਭਾਰਤ ਦਾ ਸਥਾਨ 2016 ਦੇ ਮੁਕਾਬਲੇ ਇੱਕ ਦਰਜਾ ਵਧ ਕੇ 2017 ਵਿਚ 130ਵਾਂ ਹੋ ਗਿਆ ਹੈ ਜੋ ਸਿਰਫ 59 ਮੁਲਕਾਂ ਤੋਂ ਉਪਰ ਅਤੇ 129 ਮੁਲਕਾਂ ਤੋਂ ਨੀਵਾਂ ਹੈ। ਭਾਰਤ ਦਾ ਮਨੁੱਖੀ ਵਿਕਾਸ ਸਬੰਧੀ ਦਰਜਾਬੰਦੀ ਦਾ ਇਹ ਸਥਾਨ ਕੌਮਾਂਤਰੀ ਪੱਧਰ ਉਪਰ ਹੀ ਨੀਵਾਂ ਨਹੀਂ ਹੈ, ਸਗੋਂ ਬ੍ਰਿਕਸ ਮੁਲਕਾਂ ਵਿਚੋਂ ਆਪਣਾ ਮੁਲਕ ਫਾਡੀ ਹੈ। ਇਸ ਦਰਜਾਬੰਦੀ ਵਿਚ ਬ੍ਰਿਕਸ ਮੁਲਕਾਂ ਵਿਚੋਂ ਰੂਸ 49ਵੇਂ, ਬ੍ਰਾਜ਼ੀਲ 79ਵੇਂ, ਚੀਨ 86ਵੇਂ ਅਤੇ ਸਾਊਥ ਅਫਰੀਕਾ 113ਵੇਂ ਸਥਾਨ 'ਤੇ ਰਹੇ। ਹੋਰ ਤਾਂ ਹੋਰ ਸਾਡਾ ਮੁਲਕ ਤਾਂ ਗਵਾਂਢੀ ਮੁਲਕ ਸ੍ਰੀਲੰਕਾ ਤੋਂ ਵੀ ਪਿੱਛੇ ਹੈ, ਜੋ ਇਸ ਦਰਜਾਬੰਦੀ ਵਿਚ 76ਵੇਂ ਸਥਾਨ 'ਤੇ ਹੈ। ਭਾਵੇਂ ਯੂਨਾਈਟਿਡ ਨੇਸ਼ਨਜ਼ ਵਲੋਂ ਤਿਆਰ ਕੀਤੇ ਜਾਂਦੇ ਮਨੁੱਖੀ ਵਿਕਾਸ ਸੂਚਕ ਬਾਰੇ ਵੱਖ ਵੱਖ ਪੱਧਰਾਂ 'ਤੇ ਕਿੰਤੂ-ਪ੍ਰੰਤੂ ਕੀਤਾ ਜਾਂਦਾ ਹੈ ਜੋ ਇਸ ਨੂੰ ਤਿਆਰ ਕਰਨ ਲਈ ਅਪਨਾਈਆਂ ਗਈਆਂ ਵਿਧੀਆਂ ਵਿਚ ਊਣਤਾਈਆਂ 'ਤੇ ਆਧਾਰਤ ਹੈ, ਪਰ ਭਾਰਤ ਦੀ ਕੌਮਾਂਤਰੀ ਅਤੇ ਬ੍ਰਿਕਸ ਮੁਲਕਾਂ ਦੇ ਪੱਧਰ 'ਤੇ ਦਰਜਾਬੰਦੀ ਮੁਲਕ ਦੀ ਆਜਾਦੀ ਦੇ 71 ਸਾਲਾਂ ਬਾਅਦ ਵੀ ਇਹ ਤੱਥ ਸਾਹਮਣੇ ਲਿਆਉਂਦੀ ਹੈ ਕਿ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ' ਦਾ ਵੱਖ ਵੱਖ ਮੌਕਿਆ ਖਾਸ ਕਰਕੇ 15 ਅਗਸਤ ਅਤੇ 26 ਜਨਵਰੀ 'ਤੇ ਅਲਾਪ ਕਰਨਾ ਸਿਰਫ ਆਮ ਲੋਕਾਂ ਨੂੰ ਪ੍ਰਚਾਉਣ ਤੋਂ ਵੱਧ ਕੁਝ ਨਹੀਂ ਹੈ। ਯੂਨਾਈਟਿਡ ਨੇਸ਼ਨਜ਼ ਡਿਵੈਲਮੈਂਟ ਪ੍ਰੋਗਰਾਮ ਵਲੋਂ ਮਨੁੱਖੀ ਵਿਕਾਸ ਸਬੰਧੀ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ 1990 ਤੋਂ 2017 ਤੱਕ ਭਾਰਤ ਵਿਚ ਮਨੁੱਖੀ ਵਿਕਾਸ ਦਾ ਮੁੱਲ 0.472 ਤੋਂ ਵਧ ਕੇ 0.640 ਹੋ ਗਿਆ ਹੈ ਜੋ 49.9 ਫੀਸਦ ਦਾ ਵਾਧਾ ਹੈ ਅਤੇ ਅਜਿਹਾ ਇਸ ਕਰਕੇ ਸੰਭਵ ਹੋ ਸਕਿਆ ਹੈ ਕਿ ਭਾਰਤ ਵਿਚ ਲੱਖਾਂ ਲੋਕਾਂ ਨੂੰ ਗਰੀਬੀ ਤੋਂ ਨਿਜਾਤ ਮਿਲੀ ਹੈ।

ਰਿਪੋਰਟ ਅਨੁਸਾਰ ਭਾਰਤ ਵਿਚ ਵਧ ਰਹੀ ਅਸਮਾਨਤਾ ਕਾਰਨ ਮੁਲਕ ਦਾ ਮਨੁੱਖੀ ਵਿਕਾਸ ਦਾ ਮੁੱਲ ਇੱਕ-ਚੌਥਾਈ ਤੋਂ ਵੱਧ (26.8 ਫੀਸਦ) ਘਟ ਜਾਂਦਾ ਹੈ। ਜੇ ਭਾਰਤ ਦੇ ਮਨੁੱਖੀ ਵਿਕਾਸ ਦੇ ਮੁੱਲ ਨੂੰ ਅਸਮਾਨਤਾ ਦੇ ਸਬੰਧ ਵਿਚ ਦੇਖਿਆ ਜਾਵੇ ਤਾਂ ਇਹ ਸਿਰਫ 0.468 ਹੀ ਰਹਿ ਜਾਂਦਾ ਹੈ। ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਜਦੋਂ ਮਨੁੱਖੀ ਵਿਕਾਸ ਨੂੰ ਅਸਮਾਨਤਾ ਦੇ ਨਾਲ ਕੌਮਾਂਤਰੀ ਪੱਧਰ ਉਤੇ ਦੇਖਿਆ ਗਿਆ ਤਾਂ ਇਸ ਦੇ ਮੁੱਲ ਵਿਚ 20 ਫੀਸਦ ਦੀ ਹੀ ਆਈ ਜੋ ਭਾਰਤ ਨਾਲੋਂ 6.8 ਫੀਸਦ ਘੱਟ ਹੈ।

ਯੂਨਾਈਟਿਡ ਨੇਸ਼ਨਜ਼ ਵਲੋਂ ਮਨੁੱਖੀ ਵਿਕਾਸ ਸੂਚਕ ਤਿਆਰ ਕਰਨ ਮੌਕੇ ਸਿਹਤ (ਜਨਮ ਮੌਕੇ ਸਾਲਾਂ ਵਿਚ ਜਿਉਣ ਦੀ ਸੰਭਾਵਨਾ), ਸਿੱਖਿਆ (ਸਕੂਲਾਂ ਵਿਚ ਪੜ੍ਹਨ ਦਾ ਸੰਭਾਵਿਤ ਅਤੇ ਔਸਤਨ ਸਮਾਂ) ਅਤੇ ਆਮਦਨ (ਪ੍ਰਤੀ ਜੀਅ ਆਮਦਨ) ਨੂੰ ਆਧਾਰ ਬਣਾਇਆ ਜਾਂਦਾ ਹੈ। 1990 ਤੋਂ 2017 ਦੌਰਾਨ ਮੁਲਕ ਵਿਚ ਜਨਮ ਮੌਕੇ ਜਿਉਣ ਦੀ ਸੰਭਾਵਨਾ 57.9 ਸਾਲ ਤੋਂ ਵਧ ਕੇ 68.8 ਸਾਲ ਹੋ ਗਈ ਹੈ ਜੋ ਇਹ ਦਰਸਾਉਂਦੀ ਹੈ ਕਿ ਮੁਲਕ ਵਿਚ ਸਿਹਤ ਸੇਵਾਵਾਂ ਵਿਚ ਬਿਹਤਰੀ ਹੋਣ ਦੇ ਨਾਲ ਨਾਲ ਲੋਕਾਂ ਵਿਚ ਸਿਹਤ ਸਬੰਧੀ ਜਾਗਰੂਕਤਾ ਵੀ ਵਧੀ ਹੈ। 1951 ਤੋਂ (ਜਦੋਂ ਮੁਲਕ ਯੋਜਨਾਬੰਦੀ ਵੱਲ ਗਿਆ) 1980 ਤੱਕ ਜਨਤਕ ਸਿਹਤ ਸੇਵਾਵਾਂ ਵਿਚ ਕੁਝ ਬਿਹਤਰੀ ਹੋਈ ਜਿਸ ਦਾ ਆਮ ਲੋਕਾਂ ਨੂੰ ਫਾਇਦਾ ਮਿਲਿਆ ਅਤੇ 1991 ਤੋਂ ਜਦੋਂ ਮੁਲਕ ਦੇ ਹੁਕਮਰਾਨਾਂ ਨੇ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ 'ਨਵੀਂਆਂ ਆਰਥਕ ਨੀਤੀਆਂ' ਅਪਨਾਈਆਂ ਤਾਂ ਸਿਹਤ ਸੇਵਾਵਾਂ ਵਿਚ ਚੋਖਾ ਵਾਧਾ ਹੋਇਆ, ਜੋ ਉਚ ਮਿਆਰਾਂ ਦੀਆਂ ਸਿਹਤ ਸੰਸਥਾਵਾਂ/ਹਸਪਤਾਲਾਂ ਦੇ ਰੂਪ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ। ਮੁਲਕ ਵਿਚ ਸਿਹਤ ਸੇਵਾਵਾਂ ਵਿਚ ਅਜਿਹਾ ਸੁਧਾਰ ਤਾਂ ਸਿਰਫ ਅਮੀਰ ਲੋਕਾਂ ਲਈ ਹੈ ਕਿਉਂਕਿ ਇਨ੍ਹਾਂ ਸਿਹਤ ਸੰਸਥਾਵਾਂ/ਹਸਪਤਾਲਾਂ ਵਿਚ ਇਲਾਜ ਕਰਾਉਣ ਲਈ ਵੱਖ ਵੱਖ ਪੈਕੇਜ ਹਨ, ਜਿਨ੍ਹਾਂ ਬਾਰੇ ਮੁਲਕ ਦੇ ਆਮ ਲੋਕ ਸੁਣ ਕੇ ਹੋਰ ਬਿਮਾਰ ਹੋ ਜਾਂਦੇ ਹਨ। ਇੱਥੇ ਹੀ ਬੱਸ ਨਹੀਂ, ਸਗੋਂ ਆਮ ਲੋਕਾਂ ਦੀਆਂ ਸਿਹਤ ਸੇਵਾਵਾਂ ਲਈ ਬਣਾਏ ਜਨਤਕ-ਹਸਪਤਾਲ/ਡਿਸਪੈਂਸਰੀਆਂ ਜਾਂ ਤਾਂ ਬੰਦ ਕੀਤੇ ਜਾ ਰਹੇ ਹਨ ਜਾਂ ਡਾਕਟਰਾਂ, ਪੈਰਾ-ਮੈਡੀਕਲ ਸਟਾਫ ਅਤੇ ਹੋਰ ਕਰਮਚਾਰੀਆਂ ਦੀ ਭਾਰੀ ਘਾਟ ਹੈ। ਜੋ ਹਨ, ਉਨ੍ਹਾਂ ਦੀ ਗੈਰ-ਹਾਜ਼ਰੀ ਅਤੇ ਇਮਾਰਤਾਂ, ਮਸ਼ੀਨਰੀ, ਔਜ਼ਾਰਾਂ, ਲੈਬਾਟਰੀਆਂ ਅਤੇ ਦਵਾਈਆਂ ਦੀ ਭਾਰੀ ਕਮੀ ਕਾਰਨ ਬੰਦ ਹੋਣ ਦੇ ਕਿਨਾਰੇ ਹਨ। ਇਸ ਦੇ ਨਤੀਜੇ ਵਜੋਂ ਅੱਜਕਲ੍ਹ ਵੀ ਵੱਡੀ ਗਿਣਤੀ ਵਿਚ ਆਮ ਲੋਕ ਆਪਣੀਆਂ ਬਿਮਾਰੀਆਂ ਦੇ ਇਲਾਜ ਲਈ ਨੀਮ ਹਕੀਮਾਂ, ਝੋਲਾ-ਛਾਪ ਡਾਕਟਰਾਂ ਅਤੇ ਤਾਂਤਰਿਕਾਂ ਉਤੇ ਨਿਰਭਰ ਹੋ ਕੇ ਜਿੱਥੇ ਉਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਹਨ, ਉਥੇ ਆਪਣੀ ਜ਼ਿੰਦਗੀ ਤੋਂ ਵੀ ਹੱਥ ਧੋ ਲੈਂਦੇ ਹਨ। ਆਮ ਲੋਕਾਂ ਦੀ ਮੌਤ ਅਕਸਰ ਮੁਲਕ ਦੇ ਹੁਕਮਰਾਨਾਂ ਵੱਲੋਂ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਨੀਤੀਆਂ ਦੇ ਨਤੀਜੇ ਵਜੋਂ ਉਪਜੀਆਂ ਤੰਗੀਆਂ-ਤੁਰਸ਼ੀਆਂ ਕਾਰਨ ਹੁੰਦੀ ਹੈ।

ਵੱਖ ਵੱਖ ਮੁਲਕਾਂ ਵਿਚ ਸਿੱਖਿਆ ਦਾ ਮਿਆਰ ਦੇਖਣ ਲਈ ਸਕੂਲਾਂ ਵਿਚ ਪੜ੍ਹਨ ਦੇ ਸੰਭਾਵਿਤ ਅਤੇ ਔਸਤਨ ਸਮੇਂ ਨੂੰ ਲਿਆ ਗਿਆ ਹੈ। 1990 ਤੋਂ 2017 ਦੌਰਾਨ ਮੁਲਕ ਵਿਚ ਸਕੂਲਾਂ ਵਿਚ ਪੜ੍ਹਨ ਦਾ ਸੰਭਾਵਿਤ ਸਮਾਂ 7.6 ਸਾਲਾਂ ਤੋਂ ਵੱਧ ਕੇ 12.13 ਸਾਲ ਅਤੇ ਔਸਤਨ ਸਮਾਂ 3 ਸਾਲ ਤੋਂ ਵਧ ਕੇ 6.4 ਸਾਲ ਹੋ ਗਿਆ ਹੈ। ਸਰਸਰੀ ਤੌਰ 'ਤੇ ਦੇਖਣ ਤੋਂ ਪਤਾ ਲੱਗਦਾ ਹੈ ਕਿ ਇਹ ਪ੍ਰਸ਼ੰਸਾਯੋਗ ਵਾਧਾ ਹੈ, ਪਰ ਥੋੜ੍ਹਾ ਜਿਹਾ ਵੀ ਸੰਜੀਦਗੀ ਨਾਲ ਦੇਖਣ 'ਤੇ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਮੁਲਕ ਦੀ ਆਜ਼ਾਦੀ ਤੋਂ ਬਾਅਦ ਲਗਾਤਾਰ ਸਕੂਲਾਂ ਅਤੇ ਉਨ੍ਹਾਂ ਵਿਚ ਪੜ੍ਹਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ। 1991 ਦੌਰਾਨ ਅਪਨਾਈਆਂ ਗਈਆਂ 'ਨਵੀਆਂ ਆਰਥਕ ਨੀਤੀਆਂ' ਤੋਂ ਬਾਅਦ ਸਕੂਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਦੇ ਬਹੁਤ ਦਾਅਵੇ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਇਸ ਸਮੇਂ ਦੌਰਾਨ ਨਿੱਜੀ ਸਕੂਲਾਂ ਦੀ ਗਿਣਤੀ ਵਿਚ ਅਥਾਹ ਵਾਧਾ ਹੋਇਆ ਹੈ ਅਤੇ ਇਹ ਨਿੱਜੀ ਸਕੂਲਾਂ ਦੇ ਮਾਲਕ/ਪ੍ਰਬੰਧਕ ਉਨ੍ਹਾਂ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਉਨ੍ਹਾਂ ਵਲੋਂ ਕਰਵਾਈ ਜਾ ਰਹੀ ਪੜ੍ਹਾਈ ਦੇ ਮਿਆਰਾਂ ਬਾਰੇ ਬਹੁਤ ਉਚੇ ਦਾਅਵੇ ਕਰਦੇ ਕਦੇ ਵੀ ਥੱਕਦੇ ਨਹੀਂ ਹਨ। ਇਸ ਸਬੰਧ ਵਿਚ ਆਮ ਲੋਕਾਂ, ਖਾਸ ਕਰ ਕੇ ਪੇਂਡੂ ਲੋਕਾਂ, ਲਈ ਜਨਤਕ ਸਕੂਲਾਂ ਦੀ ਕੀਤੀ ਜਾ ਰਹੀ ਬਰਬਾਦੀ ਕਿਸੇ ਤੋਂ ਲੁਕੀ ਹੋਈ ਨਹੀਂ। ਇਨ੍ਹਾਂ ਸਕੂਲਾਂ ਦੀ ਸਿਰਫ ਗਿਣਤੀ ਹੀ ਘੱਟ ਨਹੀਂ ਕੀਤੀ ਜਾ ਰਹੀ, ਸਗੋਂ ਇਨ੍ਹਾਂ ਦੀਆਂ ਇਮਾਰਤਾਂ ਦੀ ਮਾੜੀ ਹਾਲਤ ਅਤੇ ਉਹ ਵੀ ਵਿਦਿਆਰਥੀਆਂ ਦੀਆਂ ਲੋੜਾਂ ਤੋਂ ਕਿਤੇ ਘੱਟ ਹੋਣਾ, ਸਕੂਲਾਂ ਵਿਚ ਅਧਿਆਪਕਾਂ, ਪ੍ਰਯੋਗਸ਼ਾਲਾਵਾਂ, ਲਾਇਬਰੇਰੀਆਂ, ਖੇਡ ਮੈਦਾਨਾਂ ਆਦਿ ਦੀ ਭਾਰੀ ਘਾਟ ਅਤੇ ਸਕੂਲਾਂ ਦੇ ਅਧਿਆਪਕਾਂ ਤੋਂ ਜਬਰੀ ਗੈਰ-ਅਧਿਆਪਨ ਕੰਮ ਲੈਣੇ, ਇਨ੍ਹਾਂ ਸਕੂਲਾਂ ਨੂੰ ਸਿੱਖਿਆ ਦੇਣ ਦੇ ਸਬੰਧ ਵਿਚ ਫਾਡੀ ਕਰਦੇ ਹੋਏ, ਨਿੱਜੀ ਸਕੂਲਾਂ ਦੇ ਤੇਜ਼ੀ ਨਾਲ ਵਧ ਰਹੇ ਨਫਿਆਂ ਅਤੇ ਮੁਲਕ ਦੇ ਖੁਸ਼ਹਾਲ ਲੋਕਾਂ ਦੇ ਬੱਚਿਆਂ ਨੂੰ ਸਿੱਖਿਆ ਦੇ ਕੇ ਰੁਜ਼ਗਾਰ ਦੇ ਕਾਬਲ ਬਣਾਉਂਦੇ ਹਨ, ਜਿਸ ਲਈ ਸਿੱਧੇ ਤੌਰ 'ਤੇ ਮੁਲਕ ਦੇ ਹੁਕਮਰਾਨ ਜ਼ਿੰਮੇਵਾਰ ਹਨ।

ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਆਮਦਨ ਦਾ ਪੱਧਰ ਦੇਖਣ ਲਈ ਕੁੱਲ ਰਾਸ਼ਟਰੀ ਆਮਦਨ ਦੇ ਆਧਾਰ 'ਤੇ ਪ੍ਰਤੀ ਜੀਅ ਆਮਦਨ ਨੂੰ ਲਿਆ ਗਿਆ ਹੈ। 1990 ਤੋਂ 2017 ਦੌਰਾਨ ਭਾਰਤ ਵਿਚ ਪ੍ਰਤੀ ਜੀਅ ਆਮਦਨ 1733 ਤੋਂ ਵਧ ਕੇ 6353 ਅਮਰੀਕਨ ਡਾਲਰ ਹੋ ਗਈ ਹੈ। ਇਹ ਵਾਧਾ 266.6 ਫੀਸਦ ਬਣਦਾ ਹੈ ਜੋ ਕਹਿਣ-ਸੁਣਨ ਲਈ ਕਾਫੀ ਜ਼ਿਆਦਾ ਹੈ। ਪਹਿਲਾ ਸਵਾਲ ਇਹ ਹੈ ਕਿ ਪ੍ਰਤੀ ਜੀਅ ਆਮਦਨ ਦੇਖਣ ਮੌਕੇ ਕੁੱਲ ਰਾਸ਼ਟਰੀ ਆਮਦਨ ਦੀ ਥਾਂ ਕੁੱਲ ਰਾਸ਼ਟਰੀ ਸ਼ੁੱਧ ਆਮਦਨ ਨੂੰ ਕਿਉਂ ਨਹੀਂ ਲਿਆ ਜਾਂਦਾ? ਜੇ ਅਜਿਹਾ ਕਰ ਵੀ ਲਿਆ ਜਾਵੇ ਤਾਂ ਇਹ ਜਾਣਨਾ ਅਤਿ ਜ਼ਰੂਰੀ ਹੈ, ਕੁੱਲ ਰਾਸ਼ਟਰੀ ਆਮਦਨ ਅਤੇ ਪ੍ਰਤੀ ਜੀਅ ਆਮਦਨ ਜੋ ਕੁਝ ਸਾਹਮਣੇ ਲਿਆਉਂਦੀਆਂ ਹਨ, ਉਸ ਤੋਂ ਕਿਤੇ ਵੱਧ ਲੁਕੋ ਜਾਂਦੀਆਂ ਹਨ। ਮਿਸਾਲ ਵਜੋਂ ਕੁੱਲ ਰਾਸ਼ਟਰੀ ਆਮਦਨ ਦੇ ਆਧਾਰ 'ਤੇ ਫਰਾਂਸ ਨੂੰ ਪਿਛਾੜ ਕੇ ਭਾਰਤ ਦੁਨੀਆਂ ਦਾ ਪੰਜਵਾਂ ਵੱਡਾ ਅਰਥਚਾਰਾ ਅਤੇ ਖਰੀਦ ਸ਼ਕਤੀ ਦੇ ਆਧਾਰ 'ਤੇ ਦੁਨੀਆਂ ਦਾ ਤੀਜਾ ਵੱਡਾ ਅਰਥਚਾਰਾ ਗਰਦਾਨਿਆ ਜਾ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਆਮ ਲੋਕਾਂ ਦੀ ਭਲਾਈ ਪੱਖੋਂ ਕੀ ਭਾਰਤ ਫਰਾਂਸ ਤੋਂ ਅੱਗੇ ਲੰਘ ਗਿਆ ਹੈ ਜਾਂ ਖਰੀਦ ਸ਼ਕਤੀ ਦੇ ਹਿਸਾਬ ਨਾਲ ਦੁਨੀਆਂ ਦੇ ਸਿਰਫ ਦੋ ਅਰਥਚਾਰੇ ਹੀ ਅੱਗੇ ਹਨ। ਆਮ ਕਿਰਤੀ ਭਾਰਤੀਆਂ ਦੀ ਆਮਦਨ, ਉਨ੍ਹਾਂ ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਦੇਖਦੇ ਸਹਿਜੇ ਹੀ ਇਸ ਤੱਥ ਨਾਲ ਸਹਿਮਤੀ ਹੋ ਜਾਂਦੀ ਹੈ ਕਿ ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ। ਵਿਸ਼ਵ ਬੈਂਕ ਅਤੇ ਹੋਰ ਕੌਮਾਂਤਰੀ ਵਿੱਤੀ ਸੰਸਥਾਵਾਂ ਕਾਰਪੋਰੇਟ ਆਰਥਕ ਵਿਕਾਸ ਮਾਡਲ ਨੂੰ ਠੀਕ ਦਰਸਾਉਣ ਲਈ ਗਰੀਬੀ ਰੇਖਾ ਦੀਆਂ ਅਜਿਹੀਆਂ ਪਰਿਭਾਸ਼ਾਵਾਂ ਘੜਦੀਆਂ ਰਹਿੰਦੀਆਂ ਹਨ ਜਿਨ੍ਹਾਂ ਰਾਹੀਂ ਇਹ ਸਿੱਧ ਕੀਤਾ ਜਾ ਸਕੇ ਕਿ ਦੁਨੀਆਂ ਵਿਚੋਂ ਗਰੀਬੀ ਖੰਬ ਲਾ ਕੇ ਉਡ ਰਹੀ ਹੈ ਜਿਸ ਕਾਰਨ ਗਰੀਬਾਂ ਨੂੰ ਆਪਣੀ ਮਾੜੀ ਹਾਲਤ ਬਾਰੇ ਕੋਈ ਵੀ ਫਿਕਰ ਕਰਨ ਦੀ ਲੋੜ ਨਹੀਂ ਹੈ। ਮੁਲਕ ਵਿਚ ਵੀ ਗਰੀਬੀ ਰੇਖਾ ਦੀ ਕੋਈ ਪ੍ਰਵਾਨਤ ਪਰਿਭਾਸ਼ਾ ਨਹੀਂ ਹੈ, ਸਗੋਂ ਸਮੇਂ ਸਮੇਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਫੀਸਦੀ ਘੱਟ ਦਿਖਾਉਣ ਲਈ ਹਾਸੋਹੀਣੀਆਂ ਪਰਿਭਾਸ਼ਾਵਾਂ ਘੜੀਆਂ ਜਾਂਦੀਆਂ ਹਨ।

ਲੇਖਕ ਅਤੇ ਉਸ ਦੇ ਸਹਿਯੋਗੀਆਂ ਵਲੋਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਰਾਹੀਂ ਸਪਾਂਸਰ ਕੀਤੇ ਇੱਕ ਖੋਜ ਪ੍ਰਾਜੈਕਟ ਤੋਂ ਇਹ ਸਾਹਮਣੇ ਆਇਆ ਹੈ ਕਿ 2014-15 ਦੌਰਾਨ ਖੇਤੀਬਾੜੀ ਵਿਕਾਸ ਪੱਖੋਂ ਸੱਭ ਤੋਂ ਅੱਗੇ ਅਤੇ ਨਮੂਨੇ ਦੇ ਸੂਬੇ ਵਜੋਂ ਪ੍ਰਚਾਰੇ ਜਾਂਦੇ ਪੰਜਾਬ ਦੇ ਸਾਰੇ ਸੀਮਾਂਤਕ, ਛੋਟੇ, ਅਰਧ-ਦਰਮਿਆਨੇ ਤੇ ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮੌਜੂਦਾ ਆਮਦਨ ਇੰਨੀ ਘੱਟ ਹੈ ਕਿ ਉਹ ਤਾਂ ਆਪਣੇ ਕਰਜ਼ੇ ਦਾ ਵਿਆਜ ਮੋੜਨ ਦੀ ਸਥਿਤੀ ਵਿਚ ਵੀ ਨਹੀਂ ਹਨ।

ਇਹ ਰਿਪੋਰਟ ਇੱਕ ਹੋਰ ਦੁੱਖਦਾਈ ਪਹਿਲੂ ਸਾਹਮਣੇ ਲਿਆਉਂਦੀ ਹੈ ਕਿ ਮਨੁੱਖੀ ਵਿਕਾਸ ਦੇ ਮੁੱਲ ਵਿਚ ਵਾਧੇ ਦੇ ਬਾਵਜੂਦ ਭਾਰਤ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਰਾਜਸੀ, ਆਰਥਕ ਅਤੇ ਸਮਾਜਕ ਪੱਧਰ 'ਤੇ ਪਛਾੜਿਆ ਹੋਇਆ ਹੈ। ਮੁਲਕ ਦੀ ਪਾਰਲੀਮੈਂਟ ਵਿਚ ਔਰਤਾਂ ਕੋਲ ਸਿਰਫ 11.6 ਫੀਸਦ ਸੀਟਾਂ ਹੀ ਹਨ। ਮੁਲਕ ਵਿਚ ਸਿਰਫ 39 ਫੀਸਦ ਬਾਲਗ ਔਰਤਾਂ ਪੜ੍ਹਾਈ ਦੇ ਸੈਕੰਡਰੀ ਪੱਧਰ ਤੱਕ ਪਹੁੰਚੀਆਂ ਹਨ ਜਦੋਂ ਕਿ ਮਰਦਾਂ ਲਈ ਇਹ ਫੀਸਦੀ 64 ਹੈ। ਇਸ ਦੇ ਨਾਲ ਨਾਲ ਮੁਲਕ ਵਿਚ ਔਰਤਾਂ ਦੀ ਕੰਮ ਕਰਨ ਵਿਚ ਭਾਗੀਦਾਰੀ ਸਿਰਫ 27.2 ਫੀਸਦ ਹੈ, ਜਦੋਂ ਕਿ ਮਰਦਾਂ ਲਈ ਇਹ ਫੀਸਦੀ 78.8 ਹੈ।

ਇਕੱਲੇ ਮਨੁੱਖੀ ਵਿਕਾਸ ਦੇ ਮੁੱਲ ਵਿਚ ਬਿਹਤਰੀ ਨਾਲ ਆਮ 93 ਫੀਸਦ ਕਿਰਤੀਆਂ ਦੀ ਜ਼ਿੰਦਗੀ ਵਿਚ ਬਿਹਤਰੀ ਦੀ ਸੰਭਾਵਨਾ ਘੱਟ ਹੈ। ਸਮੇਂ ਦੀ ਲੋੜ ਹੈ ਕਿ ਆਮ ਕਿਰਤੀ ਲੋਕਾਂ ਦੀਆਂ ਬੁਨਿਆਦੀ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰਨ ਲਈ ਕਾਰਪੋਰੇਟ ਆਰਥਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ ਪੱਖੀ ਆਰਥਕ ਵਿਕਾਸ ਮਾਡਲ ਅਪਨਾਇਆ ਜਾਵੇ ਜੋ ਵੱਡੀ ਗਿਣਤੀ ਵਿਚ ਆਮ ਲੋਕਾਂ ਵਲੋਂ ਜਮਹੂਰੀ ਅਤੇ ਸ਼ਾਂਤਮਈ ਸੰਘਰਸ਼ ਰਾਹੀਂ ਹੀ ਸੰਭਵ ਹੋਵੇਗਾ।

---

***ਸਾਬਕਾ ਪ੍ਰੋਫੈਸਰ**
**ਅਰਥ-ਵਿਗਿਆਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਗਦਰ ਦੀਆਂ ਗੱਲਾਂ

# ਮਜ਼ਹਬ ਵਿਚ ਈਸਾਈ ਮਤ ਦੀ ਦੁਰਗਤ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਵਿਚ ਸਮੋ ਕੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬੜੀ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਗਦਰ ਲਹਿਰ ਦੇ ਸਰਕਰਦਾ ਆਗੂ ਲਾਲਾ ਹਰਦਿਆਲ ਦੀਆਂ ਰਚਨਾਵਾਂ ਦੀ ਲੜੀ ਤਹਿਤ ਇਸ ਵਾਰ ਧਰਮ ਬਾਰੇ ਉਨ੍ਹਾਂ ਦੀ ਲਿਖਤ ਛਾਪੀ ਜਾ ਰਹੀ ਹੈ। ਇਹ ਲੇਖ ਜੋ ਰਤਾ ਕੁ ਸੰਖੇਪ ਕੀਤਾ ਗਿਆ ਹੈ, 7 ਅਪਰੈਲ 1917 ਨੂੰ ਛਪਿਆ ਸੀ। ਆਉਂਦੇ ਅੰਕਾਂ ਵਿਚ ਵੀ ਅਸੀਂ ਗਦਰ ਨਾਲ ਜੁੜੀਆਂ ਅਜਿਹੀਆਂ ਅਹਿਮ ਲਿਖਤਾਂ ਪਾਠਕਾਂ ਨਾਲ ਸਾਂਝੀਆਂ ਕਰਦੇ ਰਹਾਂਗੇ। -ਸੰਪਾਦਕ*

'ਗਦਰ' ਵਿਚ ਮਜ਼ਹਬੀ ਬਹਿਸ ਮੁਬਾਹਸੇ 'ਤੇ ਮਜ਼ਮੂਨ ਨਹੀਂ ਲਿਖੇ ਜਾਂਦੇ ਪਰ ਲਾਲਾ ਹਰਦਿਆਲ ਦਾ ਇਹ ਮਜ਼ਮੂਨ ਮਜ਼ਹਬੀ ਬਹਿਸ ਮੁਬਾਹਸੇ ਉਤੇ ਨਹੀਂ; ਬਲਕਿ ਆਲਮਾਨਾ ਔਰ ਤਵਾਰੀਖੀ ਤੈਹਕੀਕਾਤ ਉਤੇ ਹੈ। ਜਿਨ੍ਹਾਂ ਹਿੰਦੀ, ਈਸਾਈਆਂ ਅਤੇ ਦੂਸਰੇ ਭਾਈਆਂ ਨੂੰ ਇਸ ਸਾਰੇ ਮਜ਼ਮੂਨ ਦਾ ਕੁਝ ਹਿੱਸੇ ਉਤੇ ਇਤਫਾਕ ਨਾ ਹੋਵੇ, ਉਹ ਵੀ ਇਸ ਤੋਂ ਫਾਇਦਾ ਉਠਾ ਸਕਦੇ ਹਨ। ਇਸ ਵਾਸਤੇ ਗਦਰ ਵਿਚ ਦਰਜ ਕੀਤਾ ਜਾਂਦਾ ਹੈ।

ਇਹ ਕਾਇਦਾ ਹੈ ਕਿ ਮਕਾਨ ਦੀ ਸਫਾਈ ਕਰਕੇ ਕੂੜਾ ਬਾਹਰ ਸਿੱਟ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਯੂਰਪ ਅਤੇ ਅਮਰੀਕਾ ਦੇ ਲੋਕ ਇਲਮ ਅਤੇ ਝਾੜੂ ਨਾਲ ਆਪ ਦਾ ਘਰ



ਲਾਲਾ ਹਰਦਿਆਲ

ਸਾਫ ਕਰਕੇ ਈਸਾਈ ਮਜ਼ਹਬ ਦੀ ਗਰਦ ਅਤੇ ਈਸਾਈ ਮਤ ਨੂੰ ਦੂਸਰੇ ਮੁਲਕਾਂ ਦੀ ਤਰਫ ਉਛਾਲ ਰਹੇ ਹਨ। ਸੈਂਕੜੇ ਗਦਰੀ ਅੰਜੀਲ ਹੱਥ ਵਿਚ ਲਈ ਚੀਨ, ਕੋਰੀਆ, ਜਾਪਾਨ, ਬਰਮਾ ਅਤੇ ਹਿੰਦੁਸਤਾਨ ਦੇ ਵਿਚ ਜੁੱਤੀਆਂ ਘਸੀਟਦੇ ਫਿਰਦੇ ਹਨ। ਗਿਰਜੇ ਵਿਚ ਆਪਣਾ ਬੇਸੁਰਾ ਰਾਗ ਗਾਉਂਦੇ ਹਨ। ਮਦਰਸੇ ਵਿਚ ਮੁੰਡਿਆਂ ਕੁੜੀਆਂ ਦੇ ਉਦਾਲੇ ਗਿਰਦੇ ਰਹਿੰਦੇ ਹਨ। ਕਾਲ ਵਿਚ ਭੁੱਖੇ ਬੱਚਿਆਂ ਨੂੰ ਰੋਟੀ ਲਈ ਵੇਚਦੇ ਹਨ। ਅਲਗਰਜ਼ ਕੋਈ ਵੀ ਗੱਲ ਨਹੀਂ ਜੋ ਇਹ ਸ਼ਾਮਤ ਦੇ ਮਾਰੇ ਬੇਵਕੂਫ ਨਾ ਕਰਦੇ ਹੋਣ ਤਾਂ ਕਿ ਉਨ੍ਹਾਂ ਦਾ ਮਤ ਤਰੱਕੀ ਪਾਵੇ। ਦੂਸਰਿਆਂ ਦਾ ਫਲਸਫਾ ਕਿਤੇ ਦਾ ਕਿਤੇ ਨਿਕਲ ਗਿਆ ਪਰ ਈਸਾਈ ਮਜ਼ਹਬ ਦਾ ਕਾਫਲਾ ਹੁਣ ਤਾਂਈਂ ਉਥੇ ਹੀ ਖੜ੍ਹਾ ਹੈ, ਜਿਥੇ ਦੋ ਹਜ਼ਾਰ ਬਰਸ ਪਹਿਲਾਂ ਸੀ।

ਯੂਰਪ ਅਤੇ ਅਮਰੀਕਾ ਐਸੇ ਵਕਤ ਇਲਮ ਅਤੇ ਹੁਨਰ ਵਿਚ ਜਹਾਨ ਦੇ ਸਿਰ ਦਾ ਤਾਜ ਹਨ। ਵਿਦਿਆਰਥੀਆਂ ਦੀਆਂ ਟੋਲੀਆਂ ਕ੍ਰਿਸ਼ਮਿਆਂ ਨਾਲ ਇਨਸਾਨੀ ਅਕਲ ਦੇ ਮੱਥੇ 'ਤੇ ਨਿਤ ਨਵੇਂ ਤਿਲਕ ਲਾ ਰਹੀ ਹੈ। ਐਸੀ ਹਾਲਤ ਵਿਚ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਈਸਾਈ ਮਜ਼ਹਬ ਦੇ ਬੇਹੂਦਾ ਅਤੇ ਬੱਚਿਆਂ ਵਾਲੇ ਅਕੀਦੇ ਇਨ੍ਹਾਂ ਮਜ਼ਹਬ ਕੌਮਾਂ ਦੇ ਦਿਲ 'ਤੇ ਬੈਠ ਸਕਣ।

ਅਸਲ ਵਿਚ ਈਸਾਈ ਮਜ਼ਹਬ ਹੁਣ ਸਿਰਫ ਖੋਖਲੇ ਘੁਣ ਖਾਧੇ ਦਰੱਖਤ ਵਰਗਾ ਹੈ। ਛੇਤੀ ਇਸ ਨੂੰ ਕੱਟ ਕੇ ਬਾਲਣ ਦੇ ਥਾਂ ਵਰਤਿਆ ਜਾਊਗਾ। ਪਾਦਰੀ ਸਾਹਿਬ ਇਹ ਸਭ ਕੁਝ ਜਾਣਦੇ ਹਨ। ਪਰ ਫਿਰ ਵੀ ਏਸ਼ਸਾਈਂ (ਏਸ਼ਿਆਈ) ਕੌਮਾਂ ਨੂੰ ਈਸਾਈ ਦੀਨ ਦੀ ਰੋਟੀ ਕਰਨ ਜਾਂਦੇ ਹਨ। ਕਿਉਂ ਸਾਹਿਬ, ਬੇਹੀਆਂ ਉਲੀ ਲੱਗੀਆਂ ਰੋਟੀਆਂ ਦੇ ਟੁਕੜਿਆਂ ਨਾਲ ਰੋਟੀ ਕਰਨੀ ਕਿਹੜੀ ਖਾਤਰਦਾਰੀ ਹੈ। ਘਰ 'ਚ ਆਪ ਤਾਂ ਖਾਓ, ਸਾਇੰਸ ਅਤੇ ਤਾਰੀਖ ਦੀ ਤਾਜ਼ਾ ਅਤੇ ਗਰਮ ਗਰਮ ਰੋਟੀ ਅਤੇ ਗ਼ਰੀਬ ਏਸ਼ੀਆ ਵਾਸੀਆਂ ਦੀ ਹਾਂਡੀ ਵਿਚੋਂ ਕੜਛੀਆਂ ਭਰ ਭਰ ਕੇ ਵਰਤਾਓ। ਜਦੋਂ ਮਜ਼ਹਬ ਅੰਜੀਲ ਦੀ ਕਦਰ ਨਾ ਰਹੀ ਤਾਂ ਏਸ਼ੀਆ ਨੂੰ ਭੱਜੀ। ਇਥੋਂ ਨਿਕਲ ਕੇ ਸ਼ਾਇਦ ਅਫਰੀਕਾ ਜਾ ਵਸੇ, ਜਦੋਂ ਉਥੇ ਇਲਮ ਪਹੁੰਚ ਗਿਆ ਤਾਂ ਫਿਰ ਕਿਥੇ ਜਾਊਗੀ। ਫਿਰ ਤਾਂ ਸਮੁੰਦਰ ਵਿਚ ਹੀ ਜਗ੍ਹਾ ਮਿਲੂਗੀ। ਇਹ ਵਿਚਾਰੀ ਚਮਗਿੱਦੜ ਅਕਲ ਦੇ ਸੂਰਜ ਦੇ ਅੱਗੇ ਅੱਗੇ ਨੇੜੇ ਖੂੰਜੇ ਭਾਲਦੀ ਹੋਈ ਭੱਜੀ ਚਲੀ ਜਾਂਦੀ ਹੈ। ਆਖਰ ਇਕ ਦਿਨ ਇਸ ਦਾ ਖਾਤਮਾ ਹੋ ਜਾਊਗਾ।

ਡੇਢ ਸੌ ਬਰਸ ਕੀ ਬਾਤ ਹੈ, ਯੂਰਪ ਅਮਰੀਕਾ ਵਿਚ ਈਸਾਈ ਮਤ ਦਾ ਰਾਜ ਕਾਇਮ ਸੀ। ਸਾਡੇ ਲੋਕ ਅੰਜੀਲ ਨੂੰ ਖੁਦਾ ਦਾ ਕਲਾਮ ਮੰਨਦੇ ਸਨ। ਈਸਾ ਨੂੰ ਅਵਤਾਰ ਦਾ ਦਰਜਾ ਦਿੰਦੇ ਸਨ, ਕਿਤੇ ਸ਼ੱਕ ਸੁਬ੍ਹੇ ਦਾ ਨਾਂ ਨਹੀਂ ਸੀ। ਸਾਰੇ ਸੱਚੇ ਅਤੇ ਪੱਕੇ ਈਸਾਈ ਸਨ। ਇਸ ਦਾ ਸਾਰੀ ਮਨੁੱਖ ਜਾਤੀ ਨੂੰ ਫਾਇਦਾ ਸੀ। ਉਸ ਜ਼ਮਾਨੇ ਵਿਚ ਕਈ ਪਾਸਿਆਂ ਤੋਂ... ਦੀਆਂ ਕਿਰਨਾਂ ਆਉਣੀਆਂ ਸ਼ੁਰੂ ਹੋਈਆਂ। ਅੱਜ ਐਨਾ ਜਾਣਦੇ ਨੇ ਕਿ ਉਸ ਵਕਤ ਦੀ ਕੈਫੀਯਤ ਸੁਫਨਾ ਮਲੂਮ ਹੁੰਦੀ ਹੈ। ਇਸ ਦਾ ਸਾਰੀ ਮਨੁੱਖ ਜਾਤੀ ਨੂੰ ਫਾਇਦਾ ਹੈ। ਈਸਾਈ ਮਜ਼ਹਬ ਅਤੇ ਇਲਮ ਦਾ ਐਸਾ ਵੈਰ ਜੈਸਾ ਕਿ ਅੰਧੇਰੇ ਅਤੇ ਰੋਸ਼ਨੀ ਦਾ। ਅੰਧੇਰਾ ਕਿਤੇ ਥੋੜ੍ਹਾ ਭਿਆਨਕ ਹੁੰਦਾ ਹੈ, ਕਿਤੇ ਜ਼ਿਆਦਾ ਪਰ ਰੌਸ਼ਨੀ ਇਸ ਵਾਸਤੇ ਹਰ ਜਗ੍ਹਾ ਕਾਤਲ ਹੈ। ਮਜ਼ਹਬ ਵਿਚ ਡੇਢ ਸੌ ਸਾਲ ਤੋਂ ਉਹ ਖਿਆਲ ਫੈਲ ਰਹੇ ਹਨ ਜਿਨ੍ਹਾਂ ਨਾਲ ਈਸਾਈ ਮਜ਼ਹਬ ਨੂੰ ਸਖਤ ਧੱਕਾ ਲਗੂਗਾ। ਸਾਇੰਸ ਅਤੇ ਤਰੱਕੀ ਇਨ੍ਹਾਂ ਥੋੜ੍ਹੀਆਂ ਈਮਾਰਤਾਂ ਵਾਸਤੇ ਭੁਚਾਲ ਤੋਂ ਘੱਟ ਖਤਰਨਾਕ ਨਹੀਂ ਹੈ। ਪਹਿਲਾਂ ਵਾਲਟਰ ਨਾਮੀ ਇਕ ਫਰਾਂਸੀਸੀ ਮੁਨਸਿਫ ਨੇ ਤਾਰੀਖੀ ਪਹਿਲੂ ਨਾਲ ਅੰਜੀਲ 'ਤੇ ਹਮਲਾ ਕੀਤਾ। ਉਸ ਨੇ ਸਾਬਤ ਕੀਤਾ ਕਿ ਅੰਜੀਲ ਦੀਆਂ ਕਿਤਾਬਾਂ ਮੁਖਤਲਿਫ ਜ਼ਬਾਨਾਂ ਵਿਚ ਲਿਖੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਬਣਾਉਣ ਵਾਲੇ ਵੀ ਅਲੱਗ ਹਨ। ਇਹ ਤਾਰੀਖ ਨੁਕਤਾਚੀਨੀ ਇਕ ਸਦੀ ਵਿਚ ਐਸੀ ਪੂਰੀ ਹੋ ਗਈ ਕਿ ਪਾਦਰੀ ਸਾਹਿਬਾਂ ਦੇ ਹੋਸ਼ ਗੁੰਮ ਹਨ। ਜਦੋਂ ਤਾਂਈਂ ਲੋਕਾਂ ਨੂੰ ਅੰਜੀਲ ਦਾ ਅੱਗਾ ਪਿੱਛਾ ਮਲੂਮ ਨਹੀਂ ਸੀ, ਉਦੋਂ ਤਾਂਈਂ ਉਹ ਸਾਰੀਆਂ ਕਿਤਾਬਾਂ ਨੂੰ ਮੁਕੱਦਸ ਮੰਨ ਕੇ ਦਵਾ ਦੀ ਗੋਲੀ ਵਾਂਗੂੰ ਹਜ਼ਮ ਕਰ ਸਕਦੇ ਸਨ। ਪਰ ਮਵੱਰਖਾਂ ਨੇ ਲਲਕਾਰਿਆ ਕਿ ਖਬਰਦਾਰ ਅੰਜੀਲ ਦਾ ਇਕ ਹਿੱਸਾ ਤਾਂ ਫਲਾਨੀ ਸਦੀ ਵਿਚ ਲਿਖਿਆ ਗਿਆ ਸੀ। ਇਸ ਬਾਬ ਫਲੋਨੋ ਬਾਦਸ਼ਾਹੀ ਦੇ ਐਹਦ ਵਿਚ ਵਧਾਇਆ ਗਿਆ ਸੀ।

ਗੱਲ ਕੀ, ਤਵਾਰੀਖ ਨੇ ਇਸ ਅੰਜੀਲ ਦੀ... ਨੂੰ ਬੇਦਰਦੀ ਨਾਲ ਚੀਥੜੇ ਕਰਕੇ ਸੁੱਟ ਦਿੱਤਾ ਤੇ ਪਾਦਰੀ ਸਾਹਿਬ ਇਸ 'ਚ ਉਜਰ ਤੇ ਦਲੀਲ ਦੇ ਟਾਂਕੇ ਲਾਉਂਦੇ ਹੀ ਰਹਿ ਗਏ। ਜਦ ਇਹ ਸਾਬਤ ਹੋਇਆ ਕਿ ਅੰਜੀਲ ਨੂੰ ਕਈ ਬੰਦਿਆਂ ਨੇ ਬਣਾਇਆ ਹੈ ਤਾਂ ਫਿਰ ਅਲਹਤ (ਕਰਾਮਾਤ) ਦਾ ਸਵਾਲ ਹੀ ਝੂਠਾ ਹੋ ਗਿਆ। ਇਕ ਦਮ ਸਾਰੀ ਕਲੀ ਲਹਿ ਗਈ।

ਪਿਛੋਂ ਅਕਲ ਦੇ ਪਾਸਿਉਂ ਗੋਲਾ ਚੱਲਣ ਲੱਗਾ, ਹਯੂਮ ਨਾਮੀ ਅੰਗਰੇਜ਼ੀ ਫੈਲਸੂਫ ਨੇ ਕਿਹਾ ਕਿ ਅਲਹਾਲਤੇ ਭਰੋਸਾ ਕਰਨ ਵਾਲੇ ਦੀ ਅਕਲ ਟਿਕਾਣੇ ਨਹੀਂ ਹੈ। ਜੇ ਅਸੀਂ ਇਹ ਸਮਝੀਏ ਕਿ ਬਿਲਕੁਲ ਯਕੀਨ ਦੇ ਵਿਰੁਧ ਵਾਰਦਾਤ ਠੀਕ ਹੋਈ ਤਾਂ ਫਿਰ ਗਵਾਹੀ ਦੇ ਮਾਮੂਲੀ ਕਾਨੂੰਨ ਬੇਅਰਥ ਹੋ ਜਾਣ। ਹਰ ਸ਼ੇਖ ਚਿਲੀ ਦੀ ਕਹਾਣੀ ਨੂੰ ਮੰਨਣਾ ਪਵੇ, ਹੈਰਾਨੀ ਇਹੀ ਹੈ ਕਿ ਲੇਖਕ ਨੇ ਗਲਤੀ ਖਾਦੀ (ਖਾਧੀ) ਹੋਵੇ। ਹਯੂਮ ਦੇ ਪਿੱਛੋਂ ਸਾਇੰਸ ਦੇ ਪ੍ਰਚਾਰ ਨੇ ਬੜੇ ਬੜੇ ਕਾਨੂੰਨਾਂ ਦੀ ਹਸਤੀ ਨੂੰ ਸਾਬਿਤ ਕੀਤਾ। ਲੋਕਾਂ ਨੂੰ ਆਦਤ ਹੋ ਗਈ ਕਿ ਹਰ ਬਾਤ ਦਾ ਸਬਬ ਪੁੱਛਣ। ਇਹ ਆਮ ਅਸੂਲ ਸਭ ਨੂੰ ਮਾਲੂਮ ਹੋ ਗਿਆ ਕਿ ਕੁਦਰਤ ਕਾਨੂੰਨ ਉਤੇ ਚਲਦੀ ਹੈ ਅਤੇ ਹਿੰਦੁਸਤਾਨ ਦੇ ਲੀਡਰਾਂ ਦੇ ਲੀਡਰ ਦੀ ਤਰ੍ਹਾਂ ਘੜੀ ਘੜੀ ਆਪਣਾ ਰੁੱਖ ਨਹੀਂ ਬਦਲਦੀ। ਗਰਮੀ ਦੀ ਤਾਕਤ ਆਦਿ ਬਾਰੇ ਇਤਨੇ ਕਾਨੂੰਨ ਖੋਜ ਕੇ ਨਿਕਾਲੇ ਗਏ ਕਿ ਅਲਹਾਮ ਦਾ ਜ਼ਿਕਰ ਪਾਗਲ ਦੀ ਜੜ੍ਹ ਮਾਲੂਮ ਹੋਣ ਲੱਗਾ। ਹੁਣ ਰਹੇ ਹਜ਼ਰਤ ਈਸਾ ਅਤੇ ਉਨ੍ਹਾਂ ਦਾ ਜੀਵਨ, ਇਸ ਲੇਖ ਤੇ ਨਵੀਂ ਵਿਦਿਆ ਨੇ ਪੁਰਾਣੀ ਦੁਨੀਆਂ ਵਿਚ ਅਜਬ ਹਿਲ-ਜੁਲ ਮਚਾ ਦਿੱਤੀ। ਹਜ਼ਰਤ ਈਸਾ ਦੇ ਜਨਮ ਦੀ ਕਹਾਣੀ ਦਾ ਪਤਾ ਲੱਗਾ ਕਿ ਇਹ ਤਾਂ ਪੁਰਾਣੇ ਮਜ਼ਹਬਾਂ 'ਚ ਵੀ ਹੈ। ਸਭ ਮਜ਼ਹਬੀ ਲੀਡਰ ਆਪਣੇ ਆਪ ਤੋਂ ਮੁਕਰਨ ਲੱਗੇ। ਲੋਕਾਂ ਨੇ ਕਿਹਾ ਕਿ ਇਹ ਲੇਖ ਉਸ ਜ਼ਮਾਨੇ ਦੀ ਦੁਨੀਆਂ ਵਿਚ ਜਾਰੀ ਮਾਲੂਮ ਹੁੰਦੀ ਸੀ। ਬਾਜ਼ੀਆਂ ਵਾਰਦਾਤਾਂ ਚੋਹਾਂ ਜੀਵਨ ਚਰਿੱਤਰਾਂ ਵਿਚ ਜੁਦਾ ਜੁਦਾ ਤਰ੍ਹਾਂ ਬਿਆਨ ਕੀਤੀਆਂ ਗਈਆਂ ਹਨ। ਇਹ ਅੱਛੇ ਚੇਲੇ ਸਨ ਕਿ ਕੇਵਲ ਵੀਹ ਸਫੇ ਲਿਖਣ ਵਿਚ ਵੀ ਮਿਲ ਕੇ ਇਕ ਬਾਤ ਨਾ ਕਹਿ ਸਕੇ। ਇਸ ਤਰ੍ਹਾਂ ਹਜ਼ਰਤ ਈਸਾ ਦਾ ਪੈਗੰਬਰ ਦਾ ਦਾਵਾ ਕਮਜ਼ੋਰ ਹੋ ਗਿਆ ਅਤੇ ਮਾਮੂਲੀ ਮਨੁੱਖ ਜਾਤੀ ਦੀ ਬਰਕਤ ਤੇ ਉਹ ਖਾਲੀ ਨਾ ਰੱਖੇ ਗਏ।

ਬੁੱਧ ਅਤੇ ਚੀਨੀ ਮਜ਼ਹਬ ਦੀਆਂ ਕਿਤਾਬਾਂ ਤੇ ਇਹ ਬਾਤ ਹੱਥ ਆਈ ਕਿ ਉਸ ਆਚਰਨ ਦੀ ਨਸੀਹਤ ਸਭ ਮਜ਼ਹਬਾਂ ਦੀਆਂ ਕਿਤਾਬਾਂ ਵਿਚ ਹੈ। ਪ੍ਰੇਮ, ਪਵਿਤਰਤਾ, ਦਾਨ, ਪੁੰਨ ਆਦਿ ਸਭ ਵਿਚ ਅੱਛੇ ਮੰਨੇ ਗਏ ਹਨ। ਈਸਾਈ ਮਜ਼ਹਬ ਨੇ ਹੀ ਸਭ ਕਰਮ ਅਤੇ ਤਿਆਗ ਦਾ ਠੇਕਾ ਨਹੀਂ ਲਿਆ ਹੈ। ਇਸ 'ਤੇ ਤਾਂ ਯੂਰਪ ਦੇ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਹ ਪਾਦਰੀਆਂ ਤੋਂ ਪੁੱਛਣ ਲੱਗੇ, ਹਜ਼ਰਤ (ਮਹਾਤਮਾ) ਤੁਸੀਂ ਤਾਂ ਕਹਿੰਦੇ ਸੀ ਕਿ ਇਹ ਉਚੇ ਆਦਰਸ਼ ਕੇਵਲ ਈਸਾ ਨੇ ਸਿਖਾਏ ਹਨ। ਸਾਰੀਆਂ ਕੌਮਾਂ ਜੰਗਲੀ ਅਤੇ ਖੂਨੀ ਹਨ। ਪਰ ਇਨ੍ਹਾਂ ਕਿਤਾਬਾਂ ਤੋਂ ਜਾਪਦਾ ਹੈ।...

ਉਪਦੇਸ਼ ਸੋਨਾ ਹੈ ਤਾਂ ਅੰਜੀਲ ਬੰਦੀ ਤਕ ਪ੍ਰਚਾਰੀ ਮਹਾਤਮਾ ਦੀ ਅਕਲ ਗੁੰਮ ਹੋ ਗਈ ਹੈ। ਪਹਿਲੇ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਸਾਰੇ ਦੂਜੇ ਮਜ਼ਹਬ ਸ਼ੈਤਾਨ ਦੇ ਚਲਾਏ ਹੋਏ ਹਨ, ਹੁਣ ਸ਼ਰਮ ਦੇ ਮਾਰੇ ਦਬੀ ਜ਼ੁਬਾਨ ਨਾਲ ਕਹਿਣ ਲੱਗੇ ਕਿ ਥੋੜ੍ਹੀ ਬਹੁਤੀ ਸੱਚਾਈ ਸਭ ਮਜ਼ਹਬਾਂ ਵਿਚ ਹੈ। ਈਸਾਈ ਮਜ਼ਹਬ ਦਾ ਸ਼ੈਦ ਹੀ ਕੋਈ ਮਸਲਾ ਹੋਵੇ ਜਿਸ ਨਾਲ ਸਾਇੰਸ ਨੂੰ ਵਿਰੋਧ ਨਾ ਹੋਵੇ। ਜਿਓਲੋਜੀ ਵਿਦਿਆ ਸੂਰਜ ਦੇ ਫਹਿਣ ਜਾਣ ਦੀ ਕਰਾਮਾਤ 'ਤੇ ਨੱਕ ਮੂੰਹ ਬਣਾਉਂਦੀ ਹੈ। ਪ੍ਰਿਥਵੀ ਵਿਦਿਆ ਜਿਓਲੋਜੀ ਇਸ ਦੇ ਕਿੱਸੇ ਨੂੰ ਭੁੱਲ ਵਿਚ ਲਿਖੇ ਹੋਏ ਅੰਗ ਦੀ ਤਰ੍ਹਾਂ ਕੱਟ ਦਿੰਦੀ ਹੈ। ਪਰ ਸਭ ਤੋਂ ਬੜੀ ਹਾਰ ਜੋ ਈਸਾਈ ਮਤ ਨੂੰ ਮਿਲੀ ਹੈ, ਉਸ ਦਾ ਕਾਰਨ ਨਵਾਂ ਮਸਲਾ ਉਨਤੀ ਜਾਂ ਉਰੇਸ਼ਨ ਹੈ




*ਭਾਰਤ ਸਰਕਾਰ ਵੱਲੋਂ 1987 ਵਿਚ ਲਾਲਾ ਹਰਦਿਆਲ ਦੀ ਯਾਦ ਵਿਚ ਜਾਰੀ ਡਾਕ ਟਿਕਟ।*

ਜਿਸ ਨੇ ਸਾਰੇ ਮਸਲੇ ਦੀ ਕਾਇਆ ਪਲਟ ਦਿੱਤੀ ਹੈ। ਇਸ ਮਸਲੇ ਤੋਂ ਦੁਨੀਆਂ ਦੀ ਤਾਰੀਖ ਵਿਚ ਨਵਾਂ ਜ਼ਮਾਨਾ ਸ਼ੁਰੂ ਹੁੰਦਾ ਹੈ। ਇਸ ਨੇ ਪੁਰਾਣੇ ਸ਼ਾਸਤਰਾਂ ਨੂੰ ਅੱਛੇ ਪੁਰਾਣੇ ਵਿਦਵਾਨਾਂ ਦੀ ਵਿਦਿਆ ਨੂੰ ਬੱਚਿਆਂ ਦੇ ਖੇਲ ਸਾਬਿਤ ਕਰ ਦਿੱਤਾ ਹੈ। ਇਸ ਮਸਲੇ ਨੇ ਨਵੀਆਂ ਅੱਖਾਂ ਅਤੇ ਨਵੇਂ ਕੰਨ ਸਾਨੂੰ ਬਖਸ਼ੇ ਹਨ ਕਿ ਸੱਚਾਈ ਦਾ ਮਨੋਹਰ ਰੂਪ ਦੇਖਣ ਅਤੇ ਇਸ ਦੀ ਮਿੱਠੀ ਬਾਣੀ ਸੁਣਨ। ਇਸ ਮਸਲੇ ਦੇ ਬਾਕੀ ਕਰਨ ਵਾਲਾ ਡਾਰਵਨ ਨਾਮੀ ਅੰਗਰੇਜ਼ ਆਲਮ ਸੀ, 1859 ਵਿਚ ਉਸ ਨੇ ਇਕ ਮਸ਼ਹੂਰ ਕਿਤਾਬ ਲਿਖੀ ਜਿਸ ਦੀ ਝੱਟ ਦੁਨੀਆਂ ਵਿਚ ਧੂਮ ਮਚ ਗਈ। ਬਹਿਸ ਚੱਲਣ ਲੱਗ ਪਈ, ਹਰ ਪਾਸੇ ਈਸਾਈ ਮਜ਼ਹਬ ਦੇ ਪੈਰ ਉਖੜਨ ਲੱਗੇ। ਪਾਦਰੀ ਮੁਹਾਬਮਾ ਬਗਲਾਂ ਝਾਕਣ ਲੱਗੇ ਅਤੇ ਨਾਸਤਕਾਂ ਨੂੰ ਖੁਸ਼ੀ ਹੋਈ। ਇਹ ਕਿਤਾਬ ਕੀ ਸੀ, ਬੰਬ ਦਾ ਗੋਲਾ ਸੀ ਕਿ ਈਸਾਈ ਮਜ਼ਹਬ ਦੇ ਕੈਂਪ ਵਿਚ ਸਿੱਟਿਆ ਗਿਆ ਜਿਸ ਨਾਲ ਹਜ਼ਾਰਾਂ ਜ਼ਖਮੀ ਹੋਏ, ਸੈਂਕੜੇ ਮਾਰੇ ਗਏ ਅਤੇ ਤੰਬੂ ਖਾਣ ਪੀਣ ਦਾ ਸਾਮਾਨ ਸਾਰੇ ਜਲ ਕੇ ਖਾਕ (ਮਿੱਟੀ) ਹੋ ਗਿਆ।

ਇਸ ਮਸਲੇ ਦਾ ਜ਼ਿਕਰ ਹਿੰਦੁਸਤਾਨ ਵਿਚ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਆਦਮੀ ਬਾਂਦਰ ਦੀ ਔਲਾਦ ਹੈ। ਮਜ਼ਹਬ (ਪੱਛਮ) ਦੀ ਨਵੀਂ ਵਿਦਿਆ ਦੀ ਛੱਟਣ ਹੀ ਇਸ ਤਰ੍ਹਾਂ ਸਾਡੇ ਮੁਲਕ ਤਾਂਈਂ ਪਹੁੰਚਾਈ ਹੈ ਜਿਵੇਂ ਗਰੀਬ ਲੋਕ ਗਨੌਰੀ ਦੀ ਥਾਂ ਗੱਠਾ ਹੀ ਖਾ ਲੈਂਦੇ ਹਨ, ਅਸਲ ਵਿਚ ਇਹ ਮਸਲਾ ਬਹੁਤ ਬੜਾ ਤੇ ਹੈਰਾਨ ਕਰਨ ਵਾਲਾ ਸੱਚ ਹੈ। ਇਸ ਮਸਲੇ ਦਾ ਕਾਰਨ ਮਾਲੂਮ ਕਰਨ ਵਾਸਤੇ ਯੂਰਪ ਦੇ ਵਿਦਵਾਨ ਹੁਣ ਤਾਂਈਂ ਭਾਲ ਵਿਚ ਲੱਗੇ ਹੋਏ ਹਨ। ਨਵੇਂ ਨਵੇਂ ਪਾਸੇ ਰੋਜ਼ ਨਿਕਲਦੇ ਹਨ। ਮਹਾਂਰਿਸ਼ੀ ਡਾਰਵਿਨ ਦੀ ਜ਼ਿੰਦਗੀ 'ਤੇ ਇਕ ਐਸੀ ਨਵੀਂ ਬਾਤ ਪੈਦਾ ਹੋ ਗਈ ਹੈ ਕਿ ਬਹੁਤ ਸਾਰੇ ਪੁਰਾਣੇ ਮਜ਼ਹਬ ਅਤੇ ਫਲਸਫੇ ਹੁਣ ਚੰਦ ਦਿਨ ਦੇ ਮਹਿਮਾਨ ਹਨ। ਇਸ ਮੌਕੇ 'ਤੇ ਮਸਲਾ ਉਨਤੀ ਦੇ ਕੇਵਲ ਚੰਦ ਪਹਿਲੂਆਂ (ਪਾਸਿਆਂ) ਦਾ ਜ਼ਿਕਰ ਕੀਤਾ ਜਾਵੇਗਾ। ਜਿਨ੍ਹਾਂ ਤੇ ਈਸਾਈ ਮਜ਼ਹਬ ਦੇ ਚੇਲਿਆਂ ਦੀ ਗਿਣਤੀ ਵਿਚ ਕਮੀ ਹੋਈ ਹੈ। ਡਾਰਵਿਨ ਦੀ ਖੋਜ ਭਾਲ ਤੋਂ ਸਾਬਿਤ ਹੋਇਆ ਹੈ ਕਿ ਦੁਨੀਆਂ ਦੀ ਉਮਰ ਬਹੁਤ ਬੜੀ ਹੈ।

ਅੰਜੀਲ ਦੇ ਹਿਸਾਬ ਨਾਲ ਆਦਮੀ ਅਤੇ ਦੁਨੀਆਂ ਨੂੰ ਪੈਦਾ ਹੋਏ ਕੇਵਲ ਛੇ ਹਜ਼ਾਰ ਸਾਲ ਗੁਜ਼ਰੇ ਹਨ। ਪ੍ਰਿਥਵੀ ਸ਼ਾਸਤਰ ਅਤੇ ਜੋਤਸ਼ ਸ਼ਾਸਤਰ ਨੇ ਦਸਿਆ ਕਿ ਜ਼ਮੀਨ ਅਣਗਿਣਤ ਸਾਲਾਂ ਤੋਂ ਇਸੇ ਸ਼ਕਲ ਵਿਚ ਰਹੀ ਹੈ। ਇਸ ਦੀ ਉਮਰ ਨੀਲ ਅਤੇ ਪਦਮ ਦੇ ਅੰਗਾਂ ਤਾਂਈਂ ਖਬਰ ਲਿਆਉਂਦੀ ਹੈ। ਜ਼ਮੀਨ ਦੇ ਅੰਦਰ ਅਤੇ ਪਹਾੜੀਆਂ ਤੇ ਚੱਟਾਨਾਂ ਵਿਚ ਮੁਰਦੇ ਜਾਨਵਰਾਂ, ਮੱਛੀਆਂ ਅਤੇ ਪੰਛੀਆਂ ਦੇ ਹੱਡ ਪਿੰਜਰ ਮਿਲੇ ਹਨ ਜਿਨ੍ਹਾਂ 'ਤੇ ਅੰਜੀਲ ਦੀ ਬਣਾਉਂਦੀ ਤਵਾਰੀਖ ਬਿਲਕੁਲ ਰੱਦ ਹੋ ਗਈ ਹੈ। ਪਿੱਛੋਂ ਇਕ ਹੋਰ ਸੱਚਾਈ ਮਾਲੂਮ ਹੋਈ। ਅੰਜੀਲ ਅਨੁਸਾਰ ਖੁਦਾ ਨੇ ਸਭ ਜਾਨਵਰ ਇਕ ਮੌਕੇ 'ਤੇ ਪੈਦਾ ਕੀਤੇ ਅਤੇ ਉਹ ਅੱਜ ਤਾਂਈਂ ਐਸੇ ਹੀ ਹਨ। ਜਦ ਤੂਫਾਨ ਆਇਆ ਤਾਂ ਹਜ਼ਰਤ ਨੂਹ ਨੇ ਇਨ੍ਹਾਂ ਦੇ ਜੋੜੇ ਆਪਣੀ ਕਿਸ਼ਤੀ ਵਿਚ ਭਰ ਲਏ। ਸਾਰੇ ਜਾਨਵਰ ਉਨ੍ਹਾਂ ਜੋੜਿਆਂ ਦੀ ਸੰਤਾਨ ਹਨ। ਪਰ ਡਾਰਵਿਨ ਨੇ ਸਾਬਿਤ ਕੀਤਾ ਕਿ ਜਾਨਵਰ ਇਕ ਦੂਜੇ ਦੇ ਪਿੱਛੋਂ ਜ਼ਮੀਨ 'ਤੇ ਜ਼ਾਹਿਰ ਹੋਏ ਹਨ ਤੇ ਇਕ ਕਿਸਮ ਤੋਂ ਦੂਜੀ ਕਿਸਮ ਉਨਤੀ ਦੇ ਅਸੂਲ ਦੇ ਅਨੁਸਾਰ ਬਣੀ ਹੈ, ਸ਼ੁਰੂ ਵਿਚ ਕੀੜੇ-ਮਕੌੜਿਆਂ ਵਿਚ ਮੱਛੀਆਂ, ਪੰਛੀ, ਚੌਪਾਏ ਆਦਿ। ਇਸ ਤਰ੍ਹਾਂ ਜ਼ਿੰਦਗੀ ਦੀ ਰਾਤ ਕੋਸ਼ਿਸ਼ ਦੇ ਕਾਰਨ ਨਾਲ ਜ਼ਮਾਨੇ ਦੇ ਬਾਜ਼ਾਰ ਵਿਚ ਸ਼ਾਨ ਨਾਲ ਨਿਕਲੀ ਹੈ ਤੇ ਅਖੀਰ ਲਾੜਾ ਮਹਾਤਮਾ ਮਨੁੱਖ ਹਾਜ਼ਰ ਹੋਏ। ਹਰ ਕਿਸਮ ਦੇ ਜਾਨਵਰ ਆਪਸ ਵਿਚ ਸ਼ਕਲ ਤੇ ਬਣਾਓ, ਸਦਾ ਆਪ ਵਿਚ ਬਦਲਦੇ ਰਹੇ ਹਨ ਅਤੇ ਐਸੀਆਂ ਤਬਦੀਲੀਆਂ ਨਾਲ ਨਵੀਆਂ ਕਿਸਮਾਂ ਬਣ ਗਈਆਂ ਹਨ। ਖੁਦਾ ਨੇ ਹਰ ਕਿਸਮ ਨੂੰ ਆਪਣੇ ਹੱਥ ਨਾਲ ਨਹੀਂ ਘੜਿਆ ਹੈ ਆਪਣੇ ਆਪ ਹੌਲੀ ਹੌਲੀ ਛੋਟੀਆਂ ਕਿਸਮਾਂ ਵਿਚੋਂ ਬੜੀਆਂ ਕਿਸਮਾਂ ਨਿਕਲ ਆਈਆਂ ਹਨ। ਇਸ ਮਸਲੇ ਨੇ ਈਸਾਈ ਮਜ਼ਹਬ ਦੀ ਗੱਲ ਦੀ ਜੜ੍ਹ ਕੱਟ ਦਿੱਤੀ ਕਿਉਂਕਿ ਜੋ ਪ੍ਰਮੇਸ਼ਵਰ ਨੇ ਸ਼ੁਰੂ ਵਿਚ ਸਾਰੇ ਜਾਨਵਰ, ਜੋ ਇਸ ਵੇਲੇ ਹਨ, ਪੈਦਾ ਨਹੀਂ ਕੀਤੇ ਤਾਂ ਅੰਜੀਲ ਦੀ ਕਹਾਣੀ ਝੂਠੀ ਹੋਈ ਅਤੇ ਅੰਜੀਲ ਗਲਤ ਤਾਂ ਈਸਾਈ ਮਜ਼ਹਬ ਪਹਿਲਾਂ ਗਲਤ।...

ਡਾਰਵਿਨ ਦੀ ਨਵੀਂ ਵਿਦਿਆ ਤੇ ਇਹ ਨਤੀਜਾ ਵੀ ਨਿਕਲਿਆ ਕਿ ਜਨ ਵਾਲੀਆਂ ਦੀ ਪੈਦਾਇਸ਼ ਦੇ ਵਾਸਤੇ ਖੁਦਾ ਦੀ ਹਸਤੀ ਅਤੇ ਕਾਰੀਗਰੀ ਦੀ ਇਤਨੀ ਲੋੜ ਨਹੀਂ ਸੀ ਕਿ ਕੁਦਰਤ ਦੇ ਅਨੁਸਾਰ ਬੁੱਧੀਮਾਨ ਜਾਨਦਾਰਾਂ ਦੀਆਂ ਕਿਸਮਾਂ ਇਕ ਦੂਜੇ ਵਿਚੋਂ ਨਿਕਲੀਆਂ ਹਨ। ਕਿਸੇ ਖਾਸ ਸ੍ਰਿਸ਼ਟੀ ਕਰਤਾ ਨੂੰ ਮੰਨਣਾ ਜ਼ਰੂਰੀ ਨਹੀਂ। 17ਵੀਂ ਸਦੀ 'ਚ ਨੀਊਟਨ ਨਾਮੀ ਵਿਦਵਾਨ ਨੇ ਦਿਖਾਇਆ ਸੀ ਕਿ ਜ਼ਮੀਨ ਚੰਦ ਸੂਰਜ ਤਾਰੇ ਇਕ ਬੜੇ ਖਿੱਚਣ ਦੇ ਕਾਨੂੰਨ ਦੀ ਸ਼ਕਤੀ ਦੇ ਅਨੁਸਾਰ, ਆਪਣੇ ਆਪ ਰੱਖਣ ਵਾਲਾ ਕੋਈ ਦੇਵੀ ਦੇਵਤਾ ਨਾ ਵੀ ਹੋਵੇ, ਤਾਂ ਵੀ ਮੰਡਲ ਏਸੇ ਤਰ੍ਹਾਂ ਚੱਕਰ ਖਾਂਦਾ ਰਹੇਗਾ। ਹੁਣ ਡਾਰਵਿਨ ਨੇ ਜਾਨਦਾਰਾਂ ਦੀ ਬਾਬਤ ਐਸਾ ਹੀ ਕਾਨੂੰਨ ਨਿਕਾਲਾ ਜੈਸਾ ਨੀਊਟਨ ਨੇ ਬੇ-ਜਾਨ ਚੀਜ਼ਾਂ ਵਾਸਤੇ ਦਰਿਯਾਫਤ ਕੀਤਾ। ਕੁਦਰਤੀ ਕਾਨੂੰਨ ਹੀ ਤਬਦੀਲੀ ਦਾ ਕਾਰਨ ਮੰਨਿਆ ਗਿਆ। ਇਸ ਤਰ੍ਹਾਂ ਈਸਾਈ ਮਜ਼ਹਬ ਦੀ ਨੀਂਹ ਢਿੱਲੀ ਹੋ ਗਈ।

ਲੇਖਕ ਅਤੇ ਨਵੀਂ ਵਿਦਿਆ ਦੇ ਆਲਮ ਤਾਂ ਇਕ ਪਾਸੇ, ਇਸ ਮਜ਼ਹਬ ਤੇ ਦੁਸ਼ਮਨ ਦੂਜੇ ਪਾਸੇ। ਪ੍ਰਜਾ ਭਗਤ ਵੀ ਇਕ ਖਿਆਲ ਅਨੁਸਾਰ ਇਸ ਦੇ ਸਖਤ ਵਿਰੁਧ ਹਨ। ਜਗਤ 'ਚ ਅਮੀਰ ਅਤੇ ਗਰੀਬ ਸਭ ਜਗ੍ਹਾ ਹਨ। ਧਨ ਜੋ ਪੈਦਾ ਹੁੰਦਾ ਹੈ, ਬਰਾਬਰ ਵੰਡਿਆ ਨਹੀਂ ਜਾਂਦਾ। ਕੋਈ ਰਾਜਾ ਹੈ, ਕੋਈ ਫਕੀਰ। ਕੋਈ ਹਾਕਮ ਦੀ ਵਰਦੀ ਪਹਿਨ ਕੇ ਮਾਮੂਲ ਮਾਮਲੇ ਵਿਚੋਂ ਬੜੀ ਤਨਖਾਹ ਲੈ ਲੈਂਦਾ ਹੈ। ਕੋਈ ਵਕਾਲਤ ਕਰਕੇ ਭੋਲੇ ਜੱਟਾਂ ਦੀ ਜੇਬ ਖਾਲੀ ਕਰ ਲੈਂਦਾ ਹੈ। ਕੋਈ ਨੌਕਰੀ ਵਿਚ ਵੱਢੀ ਲੈ ਕੇ ਖੂਬ ਹੱਥ ਰੰਗਦਾ ਹੈ। ਕੋਈ ਸ਼ਾਹੂਕਾਰੀ ਦੇ ਨਾਮ ਨਾਲ ਬਿਆਜ਼ ਖਾ ਕੇ ਮੋਟਾ ਹੋ ਜਾਂਦਾ ਹੈ। ਕੋਈ ਪੁਜਾਰੀ ਮਹੰਤ ਬਣ ਕੇ ਗਰੀਬ ਮੂਰਖਾਂ ਦੇ ਟਕਿਆਂ ਨਾਲ ਆਪਣਾ ਖਜ਼ਾਨਾ ਭਰਦਾ ਹੈ। ਕੋਈ ਨਵਾਂ ਮਜ਼ਹਬ ਜਾਰੀ ਕਰਕੇ ਐਸ਼ ਕਰਦਾ ਹੈ। ਕੋਈ ਕਾਰਖਾਨੇ ਬਣਾ ਕੇ ਲੱਖਪਤੀ ਹੋ ਜਾਂਦਾ ਹੈ। ਕੋਈ ਬੈਂਕ ਚਲਾ ਕੇ ਸੈਂਕੜੇ ਰੁਪਏ ਕਮਾ ਲੈਂਦਾ ਹੈ। ਕੋਈ ਜਗੀਰਦਾਰ ਜ਼ਿੰਮੀਂਦਾਰ ਦਾ ਖਿਤਾਬ ਪਾ ਕੇ ਕਿਸਾਨਾਂ ਦੀ ਮਿਹਨਤ ਦਾ ਫਲ ਮਾਰ ਲੈਂਦਾ ਹੈ।

ਗੱਲ ਕੀ, ਇਕ ਪਾਸੇ ਚੰਦ ਅਮੀਰ ਚਾਲਬਾਜ਼ ਕੰਮ ਚੋਰ ਆਦਮੀ ਹਨ ਜੋ ਕੰਮ ਕੀਤੇ ਬਿਨਾਂ ਹੀ ਚੋਪੜੀ ਰੋਟੀ ਖਾਂਦੇ ਹਨ ਅਤੇ ਦੂਜੇ ਪਾਸੇ ਕਰੋੜਾਂ ਗਰੀਬ ਕਿਸਾਨ ਤੇ ਕਾਰੀਗਰ ਹਨ ਜਿਨ੍ਹਾਂ ਨੂੰ ਰਾਤ ਦਿਨ ਸਖਤ ਮਿਹਨਤ ਕਰਕੇ ਸੁੱਕਾ ਟੁੱਕੜਾ ਨਸੀਬ ਹੁੰਦਾ ਹੈ। ਕੋਈ ਅਮੀਰ ਕਿਥੋਂ ਹੈ, ਕੁਦਰਤ ਨੇ ਸਭ ਨੂੰ ਬਰਾਬਰ ਪੈਦਾ ਕੀਤਾ ਹੈ। ਧਨ ਸਭ ਨੂੰ ਭਾਈਆਂ ਦੀ ਤਰ੍ਹਾਂ ਬਰਾਬਰ ਵੰਡਣਾ ਚਾਹੀਦਾ ਹੈ ਤੇ ਸਭ ਨੂੰ ਬਰਾਬਰ ਮਿਹਨਤ ਕਰਨੀ ਚਾਹੀਦੀ ਹੈ। ਇਹ ਕੈਸੀ ਬੇਇਨਸਾਫੀ ਹੈ ਕਿ ਆਲਸੀ ਤਾਂ ਮਜ਼ੇ ਉਡਾਉਣ ਅਤੇ ਮਿਹਨਤੀ ਜੱਥੇ ਭੁੱਖੇ ਬੀਮਾਰੀ ਅਤੇ ਜ਼ਹਾਲਤ ਦਾ ਸ਼ਿਕਾਰ ਬਣਨ। ਇਸ ਗਲਤ ਵੰਡੇ ਹੋਏ ਧਨ ਦੇ ਵਿਰੁਧ ਯੂਰਪੀ ਅਤੇ ਅਮਰੀਕਾ ਦੇ ਪ੍ਰਜਾ ਪ੍ਰੇਮੀ ਜ਼ਬਰਦਸਤ ਤੈਹਰੀਖ ਕਾਇਮ ਕਰਦੇ ਹਨ। ਉਹ ਕਹਿੰਦੇ ਹਨ ਕਿ ਜ਼ਮੀਨ ਧਨ ਕਾਰਖਾਨਾ ਆਦਿ ਜਾਤੀ ਮਲਕੀਅਤ ਨਾ ਰਹਿਣ ਸਗੋਂ ਸਮਾਜ ਦੀ ਮਲਕੀਅਤ ਗਿਣੇ ਜਾਣ ਅਤੇ ਸਭ ਨੂੰ ਖਾਣਾ, ਕੱਪੜਾ, ਵਿਦਿਆ, ਸੁੱਖ, ਆਜ਼ਾਦੀ, ਖੁਸ਼ੀ ਬਰਾਬਰ ਮਿਲਣ। ਇਹ ਬਰਾਬਰੀ ਦਾ ਅਸੂਲ ਇਨ੍ਹਾਂ ਮੁਲਕਾਂ ਵਿਚ ਰੋਜ਼ ਗਦਰ ਮਚਾਉਂਦਾ ਰਹਿੰਦਾ ਹੈ। ਅੱਜ ਇਥੇ ਗਦਰ ਹੈ ਤਾਂ ਕੱਲ੍ਹ ਉਥੇ ਲੜਾਈ ਝਗੜਾ। ਪਰ ਈਸਾਈ ਮਜ਼ਹਬ ਇਨ੍ਹਾਂ ਜੋਸ਼ੀਲੇ ਜਥਿਆਂ ਦੇ ਕੰਮ 'ਚ ਰੋੜਾ ਅੜਕਾਉਂਦਾ ਹੈ ਕਿਉਂਕਿ ਪਾਦਰੀ ਮਹਾਤਮਾ ਅੰਜੀਲ ਜੱਥਿਆਂ ਦੇ ਨੌਕਰ ਹਨ। ਬਾਦਸ਼ਾਹ ਮਾਲਦਾਰ ਹਨ ਤੇ ਧਨੀ ਉਨ੍ਹਾਂ ਨੂੰ ਵੱਡੀਆਂ ਤਨਖਾਹਾਂ ਦਿੰਦੇ ਹਨ। ਇਸ ਵਾਸਤੇ ਜ਼ਿਆਦਾ ਖਾਂਦੇ ਹਨ। ਉਸ ਦਾ ਗਾਉਂਦੇ ਹਨ। ਸਦਾ ਲਈ ਸਮਾਜਿਕ ਹਿਲਜੁਲ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਗਰੀਬ ਮਜ਼ਦੂਰ ਅਤੇ ਕਿਸਾਨਾਂ ਦਾ ਮਜ਼ਹਬ ਸ਼ਾਂਤੀ ਸਬਰ ਆਪਣੀ ਸੁਲਾ ਦੀ ਵਿਦਿਆ ਇਸ ਦਾ ਖਾਸ ਅਸੂਲ ਹੈ। ਹਜ਼ਰਤ ਈਸਾ ਨੇ ਕਿਹਾ ਕਿ ਕੋਈ ਤੁਹਾਡੀ ਇਕ ਗਲ੍ਹ 'ਤੇ ਤਮਾਚਾ ਮਾਰੇ ਤਾਂ ਦੂਜੀ ਗਲ੍ਹ ਉਸ ਦੇ ਸਾਹਮਣੇ ਕਰ ਦਿਉ ਅਤੇ ਜੇ ਕੋਈ ਤੁਹਾਡਾ ਇਕ ਕੋਟ ਖੋਹ ਲਵੇ ਤਾਂ ਦੂਜਾ ਕੋਟ ਉਸ ਨੂੰ ਦੇ ਦੇਵੋ। ਅਮੀਰ ਆਦਮੀ ਤਾਂ ਇਹੀ ਚਾਹੁੰਦੇ ਹਨ ਕਿ ਅਮੀਰ ਜਥੇ ਹਲਾਸ ਅਤੇ ਨਰਮ ਹੀ ਰਹਿਣ। ਈਸਾਈ ਮਜ਼ਹਬ ਇਨ੍ਹਾਂ ਨੂੰ ਗੁਲਾਮੀ ਵਿਚ ਰੱਖਣ ਦਾ ਬੜਾ ਹਥਿਆਰ ਹੈ। ਗੁਲਾਮਾਂ ਨੂੰ ਸ਼ਾਂਤੀ ਸਿਖਿਆ ਦੇਣਾ, ਬੀਮਾਰ ਨੂੰ ਜ਼ਹਿਰ ਦਾ ਘੁਟ ਪਿਲਾਉਣਾ ਹੈ। ਯੂਰਪ ਅਤੇ ਅਮਰੀਕਾ ਦੇ ਪ੍ਰਜਾ ਭਗਤ ਇਸ ਕਾਰਨ ਈਸਾਈ ਮਜ਼ਹਬ ਵਿਰੁਧ ਆਵਾਜ਼ ਉਠਾਉਂਦੇ ਹਨ ਕਿ ਅੰਜੀਲ ਠੀਕ ਸਮਾਜਿਕ ਤਰ੍ਹਾਂ ਦਾ ਅਸਰ ਰੱਖਦੀ ਹੈ। ਲੋਹਾ ਪਹਿਲੇ ਹੀ ਗਾਫਲਾ 'ਤੇ ਬੇਲਨ ਘੁਲਾ ਰਹੇ ਹਨ। ਇਹ ਈਸਾਈ ਧਰਮ ਉਨ੍ਹਾਂ ਨੂੰ ਬਿਲਕੁਲ ਸਲਾਹ ਦਿੰਦਾ ਹੈ।

ਪ੍ਰਜਾ ਭਗਤਾਂ ਨੂੰ ਈਸਾਈ ਮਜ਼ਹਬ ਦੇ ਵਿਰੁਧ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਉਨ੍ਹਾਂ ਦਾ ਬਚਨ ਹੈ ਕਿ ਇਕ ਮਜ਼ਹਬ ਦੂਜਾ ਜ਼ਿੰਦਗੀ ਅਤੇ ਨਜਾਤ ਦਾ ਜ਼ਿਕਰ ਕਰਕੇ ਗਰੀਬਾਂ ਨੂੰ ਇਸ ਜ਼ਿੰਦਗੀ ਵਿਚ ਆਪਣੀ ਹਾਲਤ ਸੁਧਾਰਨ ਤੋਂ ਰੋਕਦਾ ਹੈ। ਗਰੀਬਾਂ ਨੂੰ ਇਹ ਉਮੀਦ ਰਹਿੰਦੀ ਹੈ ਕਿ ਇਸ ਦੁਨੀਆਂ ਦੀਆਂ ਤਕਲੀਫਾਂ ਬਦਲੇ ਦੂਜੀ ਦੁਨੀਆਂ ਵਿਚ ਆਰਾਮ ਮਿਲੇਗਾ। ਉਨ੍ਹਾਂ ਦੀਆਂ ਅੱਖਾਂ ਮੌਤ ਦੇ ਪਿੱਛੋਂ ਦੀ ਜ਼ਿੰਦਗੀ 'ਤੇ ਲੱਗੀਆਂ ਰਹਿੰਦੀਆਂ ਹਨ। (ਉਹ) ਮੌਤ ਤੋਂ ਪਹਿਲਾਂ ਹੀ ਜ਼ਿੰਦਗੀ ਵਿਚ ਅੱਛੀ ਖੁਰਾਕ ਮਕਾਨ ਵਿਦਿਆ ਆਦਿ ਲਈ ਕੋਸ਼ਿਸ਼ ਕਰਨ।

ਯੂਰਪ ਅਮਰੀਕਾ ਤੇ ਲੋਕ ਹੁਣ ਉਨਤੀ ਦੇ ਆਸ਼ਿਕ ਹਨ। ਉਨ੍ਹਾਂ ਦਾ ਅਸੂਲ ਹੈ ਕਿ ਰੋਜ਼ ਅੱਗੇ ਕਦਮ ਵਧਾਉ। ਇਕ ਗੱਲ 'ਤੇ ਖੜ੍ਹੇ ਨਾ ਰਹੋ।

*(ਅਗਲੇ ਸਫੇ 'ਤੇ ਜਾਰੀ)*

## ਭਗਤ ਸਿੰਘ ਦੀ ਕਲਮ ਤੋਂ

# ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ?

*ਭਗਤ ਸਿੰਘ ਦੇ 112ਵੇਂ ਜਨਮ ਦਿਨ (ਜਨਮ 20 ਸਤੰਬਰ 1907) ਮੌਕੇ ਅਸੀਂ ਪਾਠਕਾਂ ਨੂੰ ਉਨ੍ਹਾਂ ਦੀਆਂ ਤਿੰਨ ਲਿਖਤਾਂ ਦੇ ਰੂ-ਬ-ਰੂ ਕਰ ਰਹੇ ਹਾਂ। ਇਨ੍ਹਾਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਹ ਕਿਸ ਮਿੱਟੀ ਦਾ ਬਣਿਆ ਹੋਇਆ ਸੀ, ਉਹ ਅਤੇ ਉਸ ਦੇ ਸਾਥੀ ਉਸ ਵਕਤ ਸੋਚਦੇ ਕੀ ਸਨ। ਉਨ੍ਹਾਂ ਦਾ ਦਾਈਆ ਅੰਗਰੇਜ਼ਾਂ ਨੂੰ ਸਿਰਫ ਮੁਲਕ ਵਿਚੋਂ ਖਦੇੜਨਾ ਨਹੀਂ ਸੀ, ਸਗੋਂ ਆਜ਼ਾਦੀ ਪਿਛੋਂ ਅਜਿਹਾ ਸਿਸਟਮ ਉਸਾਰਨਾ ਸੀ ਜਿਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਨਾ ਹੋਵੇ। ਇਸੇ ਪਹੁੰਚ ਕਰਕੇ ਇਨ੍ਹਾਂ ਇਨਕਲਾਬੀਆਂ ਦੇ ਵਿਚਾਰਾਂ ਅਤੇ ਸਿਆਸੀ ਵਿਰਾਸਤ ਦੀ ਅੱਜ ਵੀ ਉਨੀ ਹੀ ਲੋੜ ਹੈ, ਜਿੰਨੀ ਉਸ ਵਕਤ ਸੀ। ਇਨ੍ਹਾਂ ਲਿਖਤਾਂ ਵਿਚੋਂ 'ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ?' ਨਾਂ ਦਾ ਲੇਖ ਭਗਤ ਸਿੰਘ ਅਤੇ ਬੀ. ਕੇ. ਦੱਤ ਦੇ ਨਾਂ ਹੇਠ 22 ਦਸੰਬਰ 1929 ਦੀ 'ਟ੍ਰਿਬਿਊਨ' ਅਖਬਾਰ ਵਿਚ ਛਪਿਆ ਸੀ। 'ਵਿਦਿਆਰਥੀਆਂ ਨੂੰ ਸੰਦੇਸ਼' 22 ਅਕਤੂਬਰ 1929 ਦੇ 'ਟ੍ਰਿਬਿਊਨ' ਲਾਹੌਰ ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਤੋਂ ਪਹਿਲਾਂ ਇਹ ਪੰਜਾਬ ਸਟੂਡੈਂਟ ਯੂਨੀਅਨ ਦੀ ਦੂਜੀ ਕਾਨਫਰੰਸ ਦੌਰਾਨ 19 ਅਕਤੂਬਰ 1929 ਨੂੰ ਪੜ੍ਹਿਆ ਗਿਆ ਸੀ। ਯੂਨੀਅਨ ਦੀ ਇਹ ਦੋ ਰੋਜ਼ਾ ਕਾਨਫਰੰਸ 19-20 ਅਕਤੂਬਰ 1929 ਨੂੰ ਲਾਹੌਰ ਵਿਚ ਹੋਈ ਸੀ। ਇਸ ਕਾਨਫਰੰਸ ਦੇ ਪ੍ਰਧਾਨ ਨੇਤਾ ਜੀ ਸੁਭਾਸ਼ ਚੰਦਰ ਸਨ। 'ਅਸੂਲ ਜ਼ਿੰਦਗੀ ਤੋਂ ਅਮੁੱਲ' ਨਾਂ ਦੀ ਲਿਖਤ ਭਗਤ ਸਿੰਘ ਦਾ ਆਪਣੇ ਪਿਤਾ ਨੂੰ 4 ਅਕਤੂਬਰ 1930 ਦਾ ਲਿਖਿਆ ਖਤ ਹੈ। -ਸੰਪਾਦਕ*

### ਜਨਾਬ ਐਡੀਟਰ 'ਮਾਡਰਨ ਰੀਵੀਊ'

ਤੁਸੀਂ 'ਮਾਡਰਨ ਰੀਵੀਊ' ਪ੍ਰਕਾਸ਼ਨ ਦਸੰਬਰ ਵਿਚ ਸਾਡੇ ਕੌਮੀ ਨਾਅਰੇ 'ਇਨਕਲਾਬ ਜ਼ਿੰਦਾਬਾਦ' ਨੂੰ ਬੇਅਰਥ ਨਾਅਰਾ ਕਰਾਰ ਦਿੱਤਾ। ਸਾਡਾ ਖਿਆਲ ਹੈ ਕਿ ਤੁਸੀਂ ਪ੍ਰਸਿੱਧ ਜਰਨਲਿਸਟ ਹੋ। ਤੁਹਾਡੇ ਖਿਆਲਾਂ ਨੂੰ ਝੁਠਲਾਉਣਾ ਸਾਡੇ ਲਈ ਗੁਸਤਾਖੀ ਦੇ ਬਰਾਬਰ ਹੋਵੇਗਾ, ਕਿਉਂਕਿ ਤੁਹਾਨੂੰ ਹਰ ਰੌਸ਼ਨ-ਦਿਮਾਗ ਭਾਰਤੀ, ਇੱਜਤ ਦੀਆਂ ਨਜ਼ਰਾਂ ਨਾਲ ਵੇਖਦਾ ਹੈ।

ਪਰ ਇਸ ਦੇ ਬਾਵਜੂਦ ਅਸੀਂ ਆਪਣਾ ਫਰਜ਼ ਸਮਝਦੇ ਹਾਂ ਕਿ ਇਸ ਸਬੰਧੀ ਹਕੀਕਤ ਨੂੰ ਤੁਹਾਡੇ ਸਾਹਮਣੇ ਰੱਖੀਏ ਕਿ ਇਸ ਨਾਅਰੇ ਦਾ ਮਤਲਬ ਸਾਡੇ ਦਿਮਾਗ ਵਿਚ ਕੀ ਹੈ? ਇਹ ਫਰਜ਼ ਸਾਡੇ 'ਤੇ ਇਸ ਲਈ ਵੀ ਆਉਂਦਾ ਹੈ ਕਿਉਂਕਿ ਭਾਰਤੀ ਇਤਿਹਾਸ ਦੇ ਮੌਜੂਦਾ ਮੋੜ 'ਤੇ ਅਸੀਂ ਇਸ ਨਾਅਰੇ ਨੂੰ ਮੌਜੂਦਾ ਅਹਿਮੀਅਤ ਦਿੱਤੀ ਹੈ।

ਤੁਸੀਂ ਇਸ ਖਿਆਲ ਨੂੰ ਆਪਣੇ ਦਿਮਾਗ ਵਿਚੋਂ ਕੱਢ ਦਿਓ ਕਿ ਇਸ ਨਾਅਰੇ ਦਾ ਮਤਲਬ ਇਹ ਹੈ ਕਿ ਹਥਿਆਰਬੰਦ ਜਦੋ-ਜਹਿਦ ਸਦਾ ਹੀ ਜਾਰੀ ਰਹੇਗੀ। ਗੱਲ ਇਹ ਹੈ ਕਿ ਲਗਾਤਾਰ ਵਰਤੇ ਜਾਣ ਕਰਕੇ ਇਸ ਨਾਅਰੇ ਨੂੰ ਨਵੀਂ ਅਤੇ ਅਹਿਮ ਥਾਂ ਹਾਸਲ ਹੋ ਚੁਕੀ ਹੈ। ਤੁਸੀਂ ਕਹਿ ਸਕਦੇ ਹੋ ਗਰਾਮਰ, ਜ਼ਬਾਨ ਅਤੇ ਡਿਕਸ਼ਨਰੀ ਦੇ ਮਿਆਰਾਂ 'ਤੇ ਇਹ ਨਾਅਰਾ ਨਾ ਸੱਚ ਤੇ ਨਾ ਹੀ ਠੀਕ ਹੈ। ਪਰ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਇਸ ਨਾਅਰੇ ਦੇ ਪਿੱਛੇ ਕੰਮ ਕਰਨ ਵਾਲੇ ਖਿਆਲਾਂ ਨੂੰ ਇਸ ਨਾਲੋਂ ਵੱਖ ਬਿਲਕੁਲ ਨਹੀਂ ਕਰ ਸਕਦੇ। ਉਹ ਖਿਆਲ ਇਸ ਨਾਅਰੇ ਨਾਲ ਜੁੜ ਚੁਕੇ ਹਨ ਤੇ ਇਸ 'ਚ ਜਨਮ ਲੈ ਚੁਕੇ ਹਨ। ਅਸੀਂ ਉਦਾਹਰਣ ਦੇ ਕੇ ਇਸ ਦਾ ਸਪਸ਼ਟੀਕਰਨ ਕਰਨਾ ਚਾਹੁੰਦੇ ਹਾਂ। ਫਰਜ਼ ਕਰੋ, ਅਸੀਂ ਕਹਿੰਦੇ ਹਾਂ 'ਜ਼ਿੰਦਾਬਾਦ ਜਤਿਨ ਦਾਸ', ਤਾਂ ਇਸ ਦਾ ਅਰਥ ਸਾਫ ਅਤੇ ਸਪਸ਼ਟ ਇਹ ਹੁੰਦਾ ਹੈ ਕਿ ਉਹ ਨਾ ਫਤਿਹ ਹੋਣ ਵਾਲੀ ਸਪਿਰਟ ਅਤੇ ਕਾਬਲੇ-ਇੱਜ਼ਤ ਆਦਰਸ਼, ਜਿਹੜਾ ਇਸ ਬਹਾਦਰ ਇਨਕਲਾਬੀ ਸ਼ਹੀਦ ਨੇ ਪੈਦਾ ਕੀਤਾ ਅਤੇ ਜਿਨ੍ਹਾਂ ਨੇ ਉਸ ਨੂੰ ਆਪਣੇ ਦੇਸ਼ ਤੇ ਕੌਮ ਦੀ ਖਾਤਰ ਅਤਿ ਦੀਆਂ ਤਕਲੀਫਾਂ ਸਹਿਣ ਅਤੇ ਕੁਰਬਾਨੀਆਂ ਕਰਨ ਦੇ ਯੋਗ ਬਣਾਇਆ। ਉਹ ਸਪਿਰਟ, ਉਹ ਰੂਹ ਸਦਾ ਲਈ ਜ਼ਿੰਦਾ ਰਹੇ। ਸਾਡੀ ਚਾਹ ਇਹ ਹੁੰਦੀ ਹੈ ਕਿ ਅਸੀਂ ਇਹ ਨਾਅਰਾ ਬੁਲੰਦ ਕਰਨ ਸਮੇਂ ਆਪਣੇ ਆਦਰਸ਼ਾਂ ਦੀ ਲਾਜਵਾਬ ਸਪਿਰਟ ਨੂੰ ਜਿਉਂਦਾ ਰੱਖੀਏ ਅਤੇ ਇਹੀ ਉਹ ਹੈ ਜਿਸ ਦਾ ਅਸੀਂ ਇਸ ਨਾਅਰੇ ਰਾਹੀਂ ਤਾਰੀਫ ਅਤੇ ਸਤਿਕਾਰ ਕਰਦੇ ਹਾਂ।

ਹੁਣ ਲਵੋ ਇਸ ਨਾਅਰੇ ਦੇ ਲਫਜ਼ 'ਇਨਕਲਾਬ' ਨੂੰ। ਇਸ ਲਫਜ਼ ਦਾ ਸ਼ਬਦ-ਕੋਸ਼ ਵਾਲਾ ਅਰਥ ਵੀ ਹੈ ਪਰ ਸਿਰਫ ਸ਼ਬਦ-ਕੋਸ਼ ਵਾਲੇ ਅਰਥ ਨੂੰ ਹੀ ਲੈਣਾ ਕਾਫੀ ਨਹੀਂ, ਇਸ ਲਫਜ਼ ਨਾਲ ਉਨ੍ਹਾਂ ਲੋਕਾਂ ਦੀਆਂ, ਜੋ ਇਸ ਨੂੰ ਪੇਸ਼ ਕਰਦੇ ਹਨ, ਕੁਝ ਖਾਸ ਹਕੀਕਤਾਂ ਸਬੰਧਤ ਹੁੰਦੀਆਂ ਹਨ। ਸਾਡੀਆਂ ਇਨਕਲਾਬ ਪਸੰਦਾਂ ਦੀਆਂ ਨਜ਼ਰਾਂ ਵਿਚ ਇਹ ਪਾਕ ਅਤੇ ਇੱਜ਼ਤ ਕਰਨ ਯੋਗ ਲਫਜ਼ ਹੈ। ਅਸੀਂ ਅਦਾਲਤਾਂ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ, ਉਸ ਪਾਕ ਲਫਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ ਕਰ ਦਿੱਤਾ ਸੀ।

ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ? ਅਸੀਂ ਇਨਕਲਾਬ ਨੂੰ ਸਦਾ ਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ ਬੰਬਾਂ ਅਤੇ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ-ਕਦਾਈਂ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਸਾਧਨ ਬਣ ਜਾਂਦੇ ਹਨ। ਪਰ ਮੁਕੰਮਲ ਇਨਕਲਾਬ ਨਹੀਂ ਕਹਾ ਸਕਦੇ।

ਸਾਨੂੰ ਕੋਈ ਸ਼ੱਕ ਨਹੀਂ ਕਿ ਕਈ ਵਾਰ ਲਹਿਰਾਂ ਵਿਚ ਇਨ੍ਹਾਂ ਹਥਿਆਰਾਂ ਦਾ ਅਹਿਮ ਰੋਲ ਹੁੰਦਾ ਹੈ। ਪਰ ਸਿਰਫ ਇਹੀ ਕਾਫੀ ਨਹੀਂ ਹੁੰਦਾ, ਸਿਰਫ ਬਗਾਵਤ ਨੂੰ ਇਨਕਲਾਬ ਕਹਿਣਾ ਗਲਤੀ ਹੈ। ਹਾਂ, ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖਰਕਾਰ ਬਗਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ ਵਿਚ ਤਬਦੀਲ ਹੋ ਜਾਇਆ ਕਰਦਾ ਹੈ।

ਅਸੀਂ ਦੇਸ਼ ਵਿਚ ਬਿਹਤਰ ਤਬਦੀਲੀ ਦੀ ਸਪਿਰਟ ਤੇ ਉਨਤੀ ਦੀ ਖਾਹਿਸ਼ ਲਈ ਇਸ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ 'ਤੇ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿਚ ਕੱਸ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬਸ ਇਸ ਜਮੂਦ ਦੇ ਬੇਹਰਕਤੀ ਨੂੰ ਤੋੜਨ ਖਾਤਰ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਤਾਕਤਾਂ ਉਨ੍ਹਾਂ ਨੂੰ ਗਲਤ ਰਾਹ ਵਲ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ, ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਤੇ ਉਸ ਵਿਚ ਖੜੋਤ ਆ ਜਾਂਦੀ ਹੈ।

ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿਚ ਹਰਕਤ ਪੈਦਾ ਹੋ ਜਾਵੇ ਅਤੇ ਜੁਰੱਅਤ-ਪਸੰਦ ਤਾਕਤਾਂ ਇਨਸਾਨੀ ਉਨਤੀ ਦੇ ਰਾਹ ਵਿਚ ਰੋੜਾ ਨਾ ਅਟਕਾ ਸਕਣ। ਇਨਸਾਨੀ ਉਨਤੀ ਦਾ ਲਾਜ਼ਮੀ ਅਸੂਲ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖਾਲੀ ਕਰਦੀ ਚਲੀ ਜਾਵੇ। ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੇਗੇ ਕਿ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਜਿਸ ਦਾ ਤੁਸੀਂ ਮਖੌਲ ਉਡਾਇਆ ਹੈ, ਕਿਹੋ ਜਿਹੀ ਸਪਿਰਟ ਰੱਖਦਾ ਹੈ ਤੇ ਅਸੀਂ ਇਸ ਨੂੰ ਕਿਸ ਲਈ ਵਰਤਣ ਦੇ ਹੱਕ 'ਚ ਆਵਾਜ਼ ਉਚੀ ਕਰ ਰਹੇ ਹਾਂ।

### ਵਿਦਿਆਰਥੀਆਂ ਨੂੰ ਸੰਦੇਸ਼

ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ਆਉਣ ਵਾਲੇ ਲਾਹੌਰ ਸੈਸ਼ਨ ਵਿਚ ਕਾਂਗਰਸ ਦੇਸ਼ ਦੀ ਸੁਤੰਤਰਤਾ ਲਈ ਤਕੜੀ ਜਦੋ-ਜਹਿਦ ਦਾ ਐਲਾਨ ਕਰ ਰਹੀ ਹੈ। ਕੌਮੀ ਇਤਿਹਾਸ ਦੇ ਇਸ ਨਾਜ਼ੁਕ ਸਮੇਂ ਨੌਜਵਾਨ ਜਮਾਤ ਦੇ ਸਿਰਾਂ ਉਤੇ ਮਣਾਂ-ਮੂੰਹੀਂ ਜ਼ਿੰਮੇਵਾਰੀ ਦਾ ਭਾਰ ਆ ਜਾਂਦਾ ਹੈ। ਹੋਰ ਸਭ ਤੋਂ ਵੱਧ ਵਿਦਿਆਰਥੀ ਹੀ ਤਾਂ ਆਜ਼ਾਦੀ ਦੀ ਲੜਾਈ ਦੀਆਂ ਮੂਹਰਲੀਆਂ ਸਫਾਂ ਵਿਚ ਲੜਦੇ ਸ਼ਹੀਦ ਹੋਏ ਹਨ। ਕੀ ਭਾਰਤੀ ਨੌਜਵਾਨ ਇਸ ਪ੍ਰੀਖਿਆ ਦੇ ਸਮੇਂ ਉਹੀ ਸੰਜੀਦਾ ਇਰਾਦਾ ਵਿਖਾਉਣ ਤੋਂ ਝਿਜਕਣਗੇ?

ਫੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹੋਰ ਕੋਨੇ-ਕੋਨੇ ਵਿਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ, ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ, ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ। ਕਿਉਂਕਿ ਆਮ ਤੌਰ 'ਤੇ ਪੰਜਾਬ ਨੂੰ ਰਾਜਨੀਤਕ ਤੌਰ 'ਤੇ ਪਛੜਿਆ ਸਮਝਿਆ ਜਾਂਦਾ ਹੈ, ਸੋ ਇਸ ਕਰ ਕੇ



*ਸ਼ਹੀਦ ਭਗਤ ਸਿੰਘ*

ਇਥੋਂ ਦੇ ਨੌਜਵਾਨਾਂ 'ਤੇ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਆਓ, ਆਪਣੇ ਮਹਾਨ ਸ਼ਹੀਦ ਜਤਿੰਦਰ ਨਾਥ ਦਾਸ ਦੀ ਮਹਾਨ ਤੇ ਗੌਰਵਮਈ ਮਿਸਾਲ ਨੂੰ ਕਾਇਮ ਰੱਖਦੇ ਹੋਏ, ਆਉਣ ਵਾਲੀ ਜੰਗ ਵਿਚ ਆਪਣੀ ਮਜ਼ਬੂਤੀ ਤੇ ਅਡੋਲ ਬਹਾਦਰੀ ਰਾਹੀਂ ਆਪਣੀ ਜਾਗ੍ਰਤੀ ਦਾ ਸਬੂਤ ਦਿਉ।

### ਅਸੂਲ ਜ਼ਿੰਦਗੀ ਤੋਂ ਅਮੁੱਲ

ਪਿਆਰੇ ਪਿਤਾ ਜੀ,

ਮੈਨੂੰ ਇਹ ਜਾਣ ਕੇ ਹੈਰਾਨ ਹੋਈ ਹੈ ਕਿ ਤੁਸਾਂ ਸਪੈਸ਼ਲ ਟ੍ਰਿਬਿਊਨਲ ਨੂੰ ਮੇਰੀ ਸਫਾਈ ਵਿਚ ਦਰਖਾਸਤ ਦਿੱਤੀ ਹੈ। ਇਹ ਖਬਰ ਏਨੀ ਦੁਖਦਾਈ ਸੀ ਕਿ ਮੈਂ ਇਸ ਨੂੰ ਖਾਮੋਸ਼ ਬਰਦਾਸ਼ਤ ਨਹੀਂ ਕਰ ਸਕਦਾ। ਇਸ ਖਬਰ ਨੇ ਮੇਰੇ ਦਿਲ ਦੀ ਸਾਰੀ ਸ਼ਾਂਤੀ ਖਤਮ ਕਰ ਦਿੱਤੀ ਹੈ। ਮੈਂ ਇਹ ਨਹੀਂ ਸਮਝ ਸਕਦਾ ਕਿ ਮੌਜੂਦਾ ਹਾਲਾਤ ਵਿਚ ਅਤੇ ਇਸ ਮਰਹਲੇ 'ਤੇ ਤੁਸੀਂ ਕਿਵੇਂ ਇਸ ਕਿਸਮ ਦੀ ਦਰਖਾਸਤ ਦੇ ਸਕਦੇ ਹੋ।

ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੇ ਵਾਲਿਦਾਨਾ ਜਜ਼ਬਿਆਂ ਦਾ ਪੂਰਾ ਇਹਤਰਾਮ ਕਰਦਾ ਹਾਂ। ਪਰ ਇਸ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾ ਅਜਿਹੀ ਦਰਖਾਸਤ ਦੇਣ ਦਾ ਕੋਈ ਹੱਕ ਨਹੀਂ ਸੀ। ਤੁਸੀਂ ਜਾਣਦੇ ਹੋ ਕਿ ਸਿਆਸੀ ਖੇਤਰ ਵਿਚ ਮੇਰੇ ਖਿਆਲ ਤੁਹਾਡੇ ਤੋਂ ਬਹੁਤ ਵੱਖ ਹਨ। ਮੈਂ ਤੁਹਾਡੀ ਰਜ਼ਾਮੰਦੀ ਜਾਂ ਨਾ-ਰਜ਼ਾਮੰਦੀ ਦਾ ਖਿਆਲ ਕੀਤੇ ਬਿਨਾ ਸਦਾ ਆਜ਼ਾਦਾਨਾ ਕੰਮ ਕਰਦਾ ਰਿਹਾ ਹਾਂ।

ਮੈਨੂੰ ਯਕੀਨ ਹੈ ਕਿ ਇਹ ਗੱਲ ਤੁਹਾਨੂੰ ਯਾਦ ਹੋਵੇਗੀ ਕਿ ਤੁਸੀਂ ਮੁੱਢ ਤੋਂ ਹੀ ਮੈਨੂੰ ਇਸ ਗੱਲ ਲਈ ਕਾਇਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹੋ ਕਿ ਮੈਂ ਆਪਣਾ ਮੁਕੱਦਮਾ ਸੰਜੀਦਗੀ ਨਾਲ ਲੜਾਂ ਅਤੇ ਆਪਣੀ ਸਫਾਈ ਪੇਸ਼ ਕਰਾਂ। ਪਰ ਤੁਹਾਨੂੰ ਪਤਾ ਹੈ ਕਿ ਮੈਂ ਸਦਾ ਇਸ ਦਾ ਵਿਰੋਧ ਕਰਦਾ ਰਿਹਾ ਹਾਂ। ਕਦੀ ਵੀ ਆਪਣੀ ਸਫਾਈ ਪੇਸ਼ ਕਰਨ ਦੀ ਚਾਹ ਪ੍ਰਗਟ ਨਹੀਂ ਕੀਤੀ ਅਤੇ ਨਾ ਹੀ ਮੈਂ ਕਦੀ ਇਸ 'ਤੇ ਸੰਜੀਦਗੀ ਨਾਲ ਗੌਰ ਕੀਤਾ ਹੈ।

ਤੁਸੀਂ ਜਾਣਦੇ ਹੋ ਕਿ ਅਸੀਂ ਮੁਕੱਦਮੇ ਵਿਚ ਇਕ ਵਾਜ਼ਿਆ ਨੀਤੀ 'ਤੇ ਚੱਲ ਰਹੇ ਹਾਂ। ਮੇਰਾ ਹਰ ਕਦਮ ਇਸ ਪਾਲਿਸੀ, ਮੇਰੇ ਅਸੂਲਾਂ ਅਤੇ ਸਾਡੇ ਪ੍ਰੋਗਰਾਮ ਨਾਲ ਮੇਲ ਖਾਣ ਵਾਲਾ ਹੋਣਾ ਚਾਹੀਦਾ ਹੈ। ਅੱਜ ਹਾਲਾਤ ਬਿਲਕੁਲ ਵੱਖਰੇ ਹਨ। ਪਰ ਜੇ ਹਾਲਾਤ ਇਸ ਤੋਂ ਬਿਨਾਂ ਕੁਝ ਹੋਰ ਵੀ ਹੁੰਦੇ, ਤਾਂ ਵੀ ਮੈਂ ਆਖਰੀ ਆਦਮੀ ਹੀ ਹੁੰਦਾ, ਜਿਹੜਾ ਸਫਾਈ ਪੇਸ਼ ਕਰਦਾ। ਇਸ ਸਾਰੇ ਮੁਕੱਦਮੇ ਵਿਚ ਮੇਰੇ ਸਾਹਮਣੇ ਇਕ ਹੀ ਖਿਆਲ ਸੀ ਅਤੇ ਉਹ ਇਹ ਕਿ ਸਾਡੇ ਖਿਲਾਫ ਜਿਹੜੇ ਸੰਗੀਨ ਇਲਜ਼ਾਮ ਲਾਏ ਗਏ ਹਨ, ਉਨ੍ਹਾਂ ਦੇ ਬਾਵਜੂਦ ਅਸੀਂ ਇਸ ਵੱਲ ਮੁਕੰਮਲ ਤੌਰ 'ਤੇ ਬੇਧਿਆਨੀ ਵਰਤੀਏ। ਮੇਰਾ ਇਹ ਨਜ਼ਰੀਆ ਰਿਹਾ ਹੈ ਕਿ ਸਾਰੇ ਸਿਆਸੀ ਵਰਕਰਾਂ ਨੂੰ ਅਜਿਹੀ ਹਾਲਤ ਵਿਚ ਬੇਧਿਆਨੀ ਵਰਤਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਿਹੜੀ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ, ਉਹ ਉਨ੍ਹਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਨੀ ਚਾਹੀਦੀ ਹੈ। ਇਸ ਸਾਰੇ ਮੁਕੱਦਮੇ ਦੌਰਾਨ ਸਾਡੀ ਪਾਲਿਸੀ ਇਸ ਅਸੂਲ ਦੇ ਮੁਤਾਬਕ ਰਹੀ ਹੈ। ਅਸੀਂ ਅਜਿਹਾ ਫੈਸਲਾ ਕਰਨ ਵਿਚ ਕਾਮਯਾਬ ਹੋਏ ਹਾਂ ਜਾਂ ਨਹੀਂ, ਇਹ ਫੈਸਲਾ ਕਰਨਾ ਮੇਰਾ ਕੰਮ ਨਹੀਂ। ਅਸੀਂ ਖ਼ੁਦਗਰਜ਼ੀ ਛੱਡ ਕੇ ਆਪਣਾ ਕੰਮ ਕਰ ਰਹੇ ਹਾਂ।

ਵਾਇਸਰਾਏ ਨੇ ਲਾਹੌਰ ਸਾਜ਼ਿਸ਼ ਕੇਸ ਆਰਡੀਨੈਂਸ ਜਾਰੀ ਕਰਦਿਆਂ ਇਸ ਦੇ ਨਾਲ ਜੋ ਬਿਆਨ ਜਾਰੀ ਕੀਤਾ ਸੀ, ਉਸ ਵਿਚ ਉਸ ਨੇ ਕਿਹਾ ਸੀ ਕਿ ਇਸ ਸਾਜ਼ਿਸ਼ ਦੇ ਮੁਲਜ਼ਮ ਅਮਨ-ਕਾਨੂੰਨ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਜਿਹੜੀ ਹਾਲਤ ਪੈਦਾ ਹੋਈ, ਉਸ ਨੇ ਸਾਨੂੰ ਮੌਕਾ ਦਿੱਤਾ ਕਿ ਅਸੀਂ ਲੋਕਾਂ ਸਾਹਮਣੇ ਇਹ ਗੱਲਾਂ ਪੇਸ਼ ਕਰੀਏ ਕਿ ਅਸੀਂ ਅਮਨ-ਕਾਨੂੰਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਾਂ ਸਾਡੇ ਵਿਰੋਧੀ? ਇਸ ਗੱਲ ਨਾਲ ਮਤਭੇਦ ਹੋ ਸਕਦੇ ਹਨ। ਸ਼ਾਇਦ ਤੁਸੀਂ ਵੀ ਉਨ੍ਹਾਂ ਲੋਕਾਂ ਵਿਚੋਂ ਹੋਵੇ, ਜਿਹੜੇ ਇਸ ਗੱਲ ਨਾਲ ਮਤਭੇਦ ਰੱਖਦੇ ਹਨ। ਪਰ ਇਸ ਦਾ ਮੰਤਵ ਇਹ ਨਹੀਂ ਕਿ ਤੁਸੀਂ ਮੇਰੇ ਵੱਲੋਂ ਅਜਿਹੇ ਕਦਮ ਮੇਰੇ ਨਾਲ ਮਸ਼ਵਰਾ ਕੀਤੇ ਬਿਨਾ ਹੀ ਅਖਤਿਆਰ ਕਰੋ। ਮੇਰੀ ਜ਼ਿੰਦਗੀ ਏਨੀ ਕੀਮਤੀ ਨਹੀਂ, ਜਿੰਨੀ ਕਿ ਤੁਸੀਂ ਖਿਆਲ ਕਰਦੇ ਹੋ। ਘੱਟ ਤੋਂ ਘੱਟ ਮੇਰੇ ਲਈ ਏਨੀ ਕੀਮਤੀ ਨਹੀਂ ਕਿ ਇਸ ਨੂੰ ਅਸੂਲਾਂ ਦੀ ਕੁਰਬਾਨੀ ਕਰਨ ਦੀ ਕੀਮਤ 'ਤੇ ਬਚਾਇਆ ਜਾਵੇ। ਮੇਰੇ ਹੋਰ ਸਾਥੀ ਵੀ ਹਨ, ਜਿਨ੍ਹਾਂ ਦੇ ਮੁਕੱਦਮੇ ਇੰਨੇ ਹੀ ਸੰਗੀਨ ਹਨ ਜਿੰਨਾ ਕਿ ਮੇਰਾ ਮੁਕੱਦਮਾ। ਅਸੀਂ ਇਕ ਸਾਂਝੀ ਪਾਲਿਸੀ ਅਪਨਾਈ ਹੈ ਅਤੇ ਇਸ ਪਾਲਿਸੀ 'ਤੇ ਅਸੀਂ ਆਖਰੀ ਸਮੇਂ ਤਕ ਡਟੇ ਰਹਾਂਗੇ। ਸਾਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਸਾਨੂੰ ਵਿਅਕਤੀਗਤ ਤੌਰ 'ਤੇ ਕਿੰਨੀ ਕੀਮਤ ਇਸ ਗੱਲ ਦੀ ਅਦਾ ਕਰਨੀ ਪਵੇ।

ਪਿਤਾ ਜੀ, ਮੈਂ ਬਹੁਤ ਦੁੱਖ ਮਹਿਸੂਸ ਕਰ ਰਿਹਾ ਹਾਂ। ਮੈਨੂੰ ਡਰ ਹੈ ਕਿ ਕਿਤੇ ਤੁਹਾਡੇ 'ਤੇ ਇਹ ਨੁਕਤਾਚੀਨੀ ਕਰਦੇ ਜਾਂ ਇਸ ਤੋਂ ਵਧ ਕੇ ਤੁਹਾਡੇ ਇਸ ਕਦਮ ਦੀ ਨਿਖੇਧੀ ਕਰਦਿਆਂ ਮੈਂ ਤਹਿਜ਼ੀਬ ਦੇ ਦਾਇਰੇ ਤੋਂ ਬਾਹਰ ਨਾ ਨਿਕਲ ਜਾਵਾਂ ਅਤੇ ਮੇਰੇ ਲਫਜ਼ ਜ਼ਿਆਦਾ ਸਖਤ ਹੋ ਜਾਣ। ਪਰ ਮੈਂ ਸਾਫ ਲਫਜ਼ਾਂ 'ਚ ਗੱਲ ਕਹਾਂਗਾ, ਜੇ ਕੋਈ ਸਖਸ਼ ਮੇਰੇ ਨਾਲ ਅਜਿਹਾ ਸਲੂਕ ਕਰਦਾ ਤਾਂ ਮੈਂ ਇਸ ਨੂੰ ਗੱਦਾਰੀ ਤੋਂ ਘੱਟ ਖਿਆਲ ਨਾ ਕਰਦਾ। ਪਰ ਤੁਹਾਡੀ ਹਾਲਤ ਵਿਚ ਏਨਾ ਹੀ ਕਹਾਂਗਾ ਕਿ ਇਹ ਕਮਜ਼ੋਰੀ ਹੈ, ਬਦਤਰੀਨ ਕਿਸਮ ਦੀ ਕਮਜ਼ੋਰੀ।

ਇਹ ਅਜਿਹਾ ਸਮਾਂ ਸੀ, ਜਦੋਂ ਸਾਡੇ ਸਾਰਿਆਂ ਦਾ ਇਮਤਿਹਾਨ ਹੋ ਰਿਹਾ ਸੀ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਇਮਤਿਹਾਨ ਵਿਚ ਨਾਕਾਮ ਰਹੇ ਹੋ। ਮੈਂ ਜਾਣਦਾ ਹਾਂ ਕਿ ਤੁਸੀਂ ਵੀ ਵਤਨ ਦੇ ਏਨੇ ਹੀ ਆਸ਼ਕ ਹੋ, ਜਿੰਨਾ ਕਿ ਕੋਈ ਸ਼ਖਸ ਹੋ ਸਕਦਾ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਆਪਣਾ ਸਾਰੀ ਜ਼ਿੰਦਗੀ ਭਾਰਤ ਦੀ ਆਜ਼ਾਦੀ ਲਈ ਲਾ ਦਿੱਤੀ ਹੈ। ਪਰ ਇਸ ਅਹਿਮ ਮੋੜ 'ਤੇ ਤੁਸਾਂ ਇੰਨੀ ਕਮਜ਼ੋਰੀ ਵਿਖਾਈ, ਮੈਂ ਇਹ ਗੱਲ ਸਮਝ ਨਹੀਂ ਸਕਦਾ।

ਅਖੀਰ ਵਿਚ ਮੈਂ ਤੁਹਾਨੂੰ ਤੁਹਾਡੇ ਦੋਸਤਾਂ ਅਤੇ ਮੇਰੇ ਮੁਕੱਦਮੇ ਵਿਚ ਦਿਲਚਸਪੀ ਲੈਣ ਵਾਲਿਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਤੁਹਾਡੇ ਇਸ ਕਦਮ ਨੂੰ ਪਸੰਦ ਨਹੀਂ ਕਰਦਾ। ਮੈਂ ਅੱਜ ਵੀ ਬਿਲਕੁਲ ਸਫਾਈ ਪੇਸ਼ ਕਰਨ ਦੇ ਹੱਕ ਵਿਚ ਨਹੀਂ ਹਾਂ। ਜੇ ਅਦਾਲਤ ਸਾਡੇ ਕੁਝ ਸਾਥੀਆਂ ਵੱਲੋਂ ਸਫਾਈ ਆਦਿ ਲਈ ਪੇਸ਼ ਕੀਤੀ ਦਰਖਾਸਤ ਮਨਜ਼ੂਰ ਕਰ ਲੈਂਦੀ ਤਾਂ ਵੀ ਮੈਂ ਕੋਈ ਸਫਾਈ ਪੇਸ਼ ਨਾ ਕਰਦਾ।

ਭੁੱਖ ਹੜਤਾਲ ਦੇ ਦਿਨਾਂ ਵਿਚ ਮੈਂ ਟ੍ਰਿਬਿਊਨਲ ਨੂੰ ਜਿਹੜੀ ਦਰਖਾਸਤ ਦਿੱਤੀ ਸੀ ਅਤੇ ਇਨ੍ਹਾਂ ਦਿਨਾਂ ਵਿਚ ਮੈਂ ਜਿਹੜਾ ਇੰਟਰਵਿਊ ਦਿੱਤਾ ਸੀ, ਉਸ ਦੇ ਗਲਤ ਅਰਥ ਕੱਢੇ ਗਏ ਹਨ ਅਤੇ ਅਖਬਾਰਾਂ ਵਿਚ ਇਹ ਪ੍ਰਕਾਸ਼ਿਤ ਕਰ ਦਿੱਤਾ ਗਿਆ ਕਿ ਮੈਂ ਆਪਣੀ ਸਫਾਈ ਪੇਸ਼ ਕਰਨੀ ਚਾਹੁੰਦਾ ਹਾਂ। ਹਾਲਾਂਕਿ ਮੈਂ ਕਿਸੇ ਵੀ ਸਮੇਂ ਸਫਾਈ ਪੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ ਸੀ। ਅੱਜ ਵੀ ਮੇਰੇ ਖਿਆਲ ਉਹੀ ਹਨ, ਜੋ ਉਸ ਵੇਲੇ ਸਨ।

ਬੋਸਟਲ ਜੇਲ੍ਹ ਵਿਚ ਕੈਦ ਮੇਰੇ ਸਾਥੀ ਇਸ ਗੱਲ ਨੂੰ ਮੇਰੇ ਵੱਲੋਂ ਗੱਦਾਰੀ ਅਤੇ ਧੋਖਾ-ਦੇਹੀ ਖਿਆਲ ਕਰ ਰਹੇ ਹੋਣਗੇ। ਮੈਨੂੰ ਉਨ੍ਹਾਂ ਦੇ ਸਾਹਮਣੇ ਆਪਣੀ ਪੁਜ਼ੀਸ਼ਨ ਸਾਫ ਕਰਨ ਦਾ ਮੌਕਾ ਵੀ ਨਹੀਂ ਮਿਲੇਗਾ।

ਮੈਂ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਜਿਹੜੀਆਂ ਪੇਚੀਦਗੀਆਂ ਪੈਦਾ ਹੋ ਗਈਆਂ ਹਨ, ਉਨ੍ਹਾਂ ਸਬੰਧੀ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਜਾਵੇ। ਇਸ ਲਈ ਮੈਂ ਤੁਹਾਨੂੰ ਦਰਖਾਸਤ ਕਰਦਾ ਹਾਂ ਕਿ ਤੁਸੀਂ ਛੇਤੀ ਤੋਂ ਛੇਤੀ ਇਹ ਚਿੱਠੀ ਪ੍ਰਕਾਸ਼ਿਤ ਕਰ ਦਿਉ।

ਤੁਹਾਡਾ ਪੁੱਤਰ,  
ਭਗਤ ਸਿੰਘ

---

## ਗਦਰ ਦੀਆਂ ਗੱਲਾਂ

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਦੇ ਝੰਡੇ 'ਤੇ ਰੋਸ਼ਨੀ ਨਾਲ ਲਿਖਿਆ ਕਿ ਹਾਂ ਵਧੇ ਚੱਲੋ, ਜ਼ਿੰਦਾ ਕੌਮਾਂ ਬਰਾਬਰ ਉਨਤੀ ਦੇ ਰਸਤੇ ਤੇ ਪੈਂਡਾ ਤੁਰੀ ਚਲੀ ਜਾਂਦੀ ਹੈ। ਇਸ ਵਾਸਤੇ ਈਸਾਈ ਮਜ਼ਹਬ ਉਨ੍ਹਾਂ ਨੂੰ ਸੁੰਦਰ ਮਾਲੂਮ ਹੁੰਦਾ ਹੈ ਕਿਉਂਕਿ ਕਰਾਮਾਤ ਦਾ ਅਰਥ ਇਹ ਹੈ ਕਿ ਇਕ ਵਾਰ ਪ੍ਰਮੇਸ਼ਵਰ ਨੇ ਮਨੁੱਖ ਦੇ ਵਾਸਤੇ ਸੱਚਾਈ ਅਤੇ ਧਰਮ ਦੇ ਅਮਲ ਜਾਹਰ ਕਰ ਦਿੱਤੇ ਹਨ। ਉਨ੍ਹਾਂ 'ਤੇ ਚੱਲਣਾ ਹੀ ਸਾਡਾ ਫਰਜ਼ ਹੈ।

ਨਵੀਂ ਬਾਤ ਕੋਈ ਨਹੀਂ ਹੋ ਸਕਦੀ। ਅਚਰਜ ਦਾ ਸੱਚ ਜੈਸਾ ਬਣ ਗਿਆ, ਵੈਸਾ ਹੀ ਸਦਾ ਰਹੇਗਾ। ਇਨ੍ਹਾਂ ਵਿਚ ਕੱਟ ਵੱਢ ਨਹੀਂ ਹੋ ਸਕਦੀ। ਅਲਹਾਮ ਨਾਲ ਉਨਤੀ ਰੁਕ ਜਾਂਦੀ ਹੈ ਅਤੇ ਤਬਦੀਲੀ ਤਾਂ ਉਨਤੀ ਦੀ ਜਾਨ ਹੈ। ਅਲਹਾਮ ਨਾਲ ਮਨੁੱਖ ਸਦਾ ਪਿੱਛੇ ਦੇਖਦਾ ਰਹਿੰਦਾ ਹੈ। ਪਰ ਯੂਰਪ ਅਮਰੀਕਾ ਦੇ ਲੋਕ ਅੱਗੇ ਦੀ ਤਰਫ ਨਜ਼ਰ ਲਾਈ ਰੱਖਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਆਦਮੀ ਦੀਆਂ ਅੱਖਾਂ ਮੱਥੇ 'ਤੇ ਹਨ, ਪਿੱਠ 'ਤੇ ਨਹੀਂ। ਈਸਾਈ ਮਜ਼ਹਬ ਦੇ ਬੁਰੇ ਦਿਨ ਆਏ ਹਨ ਕਿ ਹੁਣ ਔਰਤਾਂ ਵੀ ਇਸ ਦੇ ਵਿਰੁਧ ਹਨ। ਔਰਤਾਂ ਆਮ ਤੌਰ 'ਤੇ ਮਜ਼ਹਬਾਂ ਵਿਚ ਬਹੁਤ ਸ਼ਰਧਾ ਰੱਖਦੀਆਂ ਹਨ। ਫਰਾਂਸ ਦੇ ਗਿਰਜਿਆਂ ਵਿਚ ਕੇਵਲ ਔਰਤਾਂ, ਬੱਚੇ ਅਤੇ ਬੁੱਢੇ ਹੁੰਦੇ ਹਨ ਪਰ ਇਕ ਖਾਸ ਕਾਰਨ ਨਾਲ ਹੁਣ ਔਰਤਾਂ ਵੀ ਅੰਜੀਲ ਅਤੇ ਹਜ਼ਰਤ ਈਸਾ ਤੇ ਖਫਾ ਜਾਹਰ ਕਰਨ ਲੱਗੀਆਂ ਹਨ। ਬਾਤ ਇਹ ਹੈ ਕਿ ਈਸਾਈ ਮਜ਼ਹਬ ਔਰਤਾਂ ਦੀ ਗੁਲਾਮੀ ਦਾ ਅਸੂਲ ਸਿਖਾਉਂਦਾ ਹੈ। ਅੰਜੀਲ ਵਿਚ ਲਿਖਿਆ ਹੈ ਕਿ ਇਸਤਰੀ ਨੂੰ ਸਦਾ ਪਤੀ ਦੀ ਈਸ਼ਵਰ ਦੀ ਤਰ੍ਹਾਂ ਇੱਜਤ ਕਰਨੀ ਚਾਹੀਦੀ ਹੈ। ਇਸਤਰੀ ਨੂੰ ਮਰਦ ਦੀ ਗੁਲਾਮੀ ਤੇ ਸੇਵਾ ਕਰਨੀ ਚਾਹੀਦੀ ਹੈ। ਇਸ ਜ਼ਮਾਨੇ ਵਿਚ ਆਜ਼ਾਦੀ ਅਤੇ ਬਰਾਬਰੀ ਦੇ ਹੱਦ ਚਲ ਰਹੀ ਹੈ। ਗੁਲਾਮੀ ਅਤੇ ਵਫਾਦਾਰੀ ਦੇ ਸ਼ਬਦਾਂ ਨੂੰ ਕੋਈ ਨਹੀਂ ਮੰਨਦਾ। ਪ੍ਰਜਾ ਕਹਿੰਦੀ, ਰਾਜਾ ਕੌਣ ਹੁੰਦਾ ਹੈ। ਗਰੀਬ ਪੁਕਾਰਦੇ ਹਨ ਕਿ ਅਮੀਰਾਂ ਦੇ ਧਨ ਲੈ ਲਓ। ਔਰਤਾਂ ਚਿਲਾਉਂਦੀਆਂ ਹਨ ਕਿ ਅਸੀਂ ਕਿਉਂ ਮਰਦ ਦੀਆਂ ਦਾਸੀਆਂ ਬਣ ਕੇ ਰਹੀਏ। ਇਸ ਵਾਸਤੇ ਉਨ੍ਹਾਂ ਦੀ ਈਸਾਈ ਮਜ਼ਹਬ ਨਾਲ ਜੰਗ ਛਿੜਨੀ ਜ਼ਰੂਰੀ ਸੀ। ਉਨੀਵੀਂ ਸਦੀ ਵਿਚ ਪਾਦਰੀ, ਮਹਾਤਮਾ ਨੇ ਔਰਤਾਂ ਦੀ ਉਨਤੀ ਦੇ ਰਸਤੇ 'ਚ ਕਿੰਨੇ ਹੀ ਰੋੜੇ ਅਟਕਾਏ। ਆਜ਼ਾਦੀ ਸਮਾਜਿਕ ਤੈਹਰੀਕਾਂ ਵਿਚ ਬਰਾਬਰੀ, ਇਨ੍ਹਾਂ ਸਭ ਹੱਕਾਂ ਦੇ ਵਾਸਤੇ ਜਦ ਔਰਤਾਂ ਨੇ ਕੋਸ਼ਿਸ਼ ਕੀਤੀ ਤਾਂ ਚੰਦਰੇ ਪਾਦਰੀ ਮਹਾਤਮਾ ਕਾਲੇ ਚੋਲੇ ਪਹਿਨ ਕੇ ਅੰਜੀਲ ਦੇ ਸ਼ਬਦ ਪੜ੍ਹਦੇ ਨਿਕਲ ਆਏ ਕਿ ਔਰਤ ਮਰਦ ਦੇ ਕੰਮ ਕਰਜ਼ਾ ਰਖਦੀ ਹੈ ਅਤੇ ਪੱਛਮ ਦੀਆਂ ਔਰਤਾਂ ਹਨ ਤਾਂ ਆਫਤ ਤਾਂ ਕਾਲਾ ਪਰ ਜ਼ਹਿਰਾਂ ਪਰੀਆਂ ਜੇਹਾ ਦਿਲ... ਗੁਲਾਮੀ ਦੀ ਪ੍ਰਚਾਰਕ ਈਸਾਈ ਮਜ਼ਹਬ ਇਨ੍ਹਾਂ ਆਜ਼ਾਦ ਸਮਾਜਣਾਂ ਨੂੰ ਕਿਵੇਂ ਕਾਬੂ ਕਰ ਸਕਦਾ ਹੈ। ਆਜ਼ਾਦੀ ਦਾ ਨਾਮ ਹੀ ਇਸ ਮਜ਼ਹਬ ਦੇ ਵਾਸਤੇ ਮੌਤ ਦਾ ਸੰਦੇਸ਼ਾ ਹੈ।

ਜਾਤੀ ਤੌਰ 'ਤੇ ਵੀ ਮੇਰਾ ਇਸ ਅਕਲ ਅਤੇ ਵਿਦਿਆ ਦੇ ਦੁਸ਼ਮਣ ਨਾਲ ਮੁਕਾਬਲਾ ਹੋ ਗਿਆ ਹੈ। ਇਕ ਵਾਰ ਇਕ ਚੀਨੀ ਈਸਾਈ ਨੇ ਲੈਕਚਰ ਵਿਚ ਕਿਹਾ ਕਿ ਏਸ਼ੀਆ ਦੀਆਂ ਔਰਤਾਂ ਨੂੰ ਈਸਾਈ ਮਜ਼ਹਬ ਦੇ ਬਹੁਤ ਫਾਇਦੇ ਹਨ। ਮੈਂ ਦੂਜੇ ਦਿਨ ਹੀ ਉਸੇ ਵਕਤ ਲੈਕਚਰ ਦਿੱਤਾ ਅਤੇ ਸਾਬਤ ਕੀਤਾ ਕਿ ਈਸਾਈ ਮਜ਼ਹਬ ਔਰਤਾਂ ਨੂੰ ਗੁਲਾਮੀ ਵਿਚ ਰੱਖਣਾ ਚਾਹੁੰਦਾ ਹੈ ਅਤੇ ਏਸ਼ੀਆ ਦੇ ਲੋਕ ਇਸ ਅਖਲਾਕੀ ਗੰਦ ਨੂੰ ਕਬੂਲ ਨਹੀਂ ਕਰ ਸਕਦੇ। ਇਕ ਹੋਰ ਮੌਕੇ 'ਤੇ ਇਕ ਪਾਦਰੀ ਸਾਹਿਬ ਨਾਲ ਮੇਰਾ ਸ਼ਾਸਤਰਾਰਥ ਹੋਇਆ। ਬੜਾ ਜਲਸਾ ਸੀ, ਕੋਈ ਸੌ ਆਦਮੀ ਜਮਾ ਹੋਏ। ਮੈਂ ਲੇਖ ਪੇਸ਼ ਕੀਤਾ ਕਿ ਅਖਲਾਕੀ ਉਨਤੀ ਦੇ ਵਾਸਤੇ ਜ਼ਰੂਰੀ ਹੈ ਕਿ ਅੰਜੀਲ ਨੂੰ ਬਿਲਕੁਲ ਬਰਬਾਦ ਕਰ ਦਿੱਤਾ ਜਾਵੇ, ਪਾਦਰੀ ਸਾਹਿਬ ਨੇ ਵੀ ਆਪਣੀ ਤਰਫ ਤੋਂ ਬਹੁਤ ਜ਼ੋਰ ਲਾਇਆ ਪਰ ਕੁਝ ਨਾ ਹੋ ਸਕਿਆ।

ਅਵਿਦਿਆ ਸਭ ਝੂਠੇ ਵਿਚਾਰਾਂ ਦੀ ਜੜ੍ਹ ਹੈ। ਝੂਠੇ ਵਿਚਾਰ ਅਤੇ ਕਰਮਾਂ ਦੀਆਂ ਗੱਲਾਂ ਨੂੰ ਉਖੇੜ ਕੇ ਸਿੱਟ ਦਿੱਤਾ ਸਾਇੰਸ ਨੇ, ਉਪਰ ਤੇ ਗੜੇ ਬਰਸਾਏ। ਗਰੀਬਾਂ ਅਤੇ ਔਰਤਾਂ ਦੀ ਆਜ਼ਾਦੀ ਦੇ ਸਹਾਇਕ ਲੱਠ ਲੈ ਕੇ ਪਿੱਛੇ ਪੈ ਗਏ। ਬਹੁਤ ਬੇਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ।

ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸਫਰ ਦਾ ਸ਼ਬਦਨਾਮਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਵਾਰਤਕ ਹੈ ਜਾਂ ਕਵਿਤਾ। ਡਾ. ਭੰਡਾਲ ਨੇ ਪਿਛਲੇ ਲੇਖ ਵਿਚ ਮੁਸਕਰਾਹਟ ਦੀਆਂ ਨਿਆਮਤਾਂ ਦੱਸੀਆਂ ਸਨ। ਉਨ੍ਹਾਂ ਕਿਹਾ ਸੀ, "ਮੁਸਕਰਾਹਟ, ਸਰੀਰ ਦੇ ਅੰਗ-ਅੰਗ ਦਾ ਵਜਦ ਵਿਚ ਆਉਣਾ, ਪੂਰਨਤਾ ਦੀ ਲਗਨ ਦਾ ਗੁਣਗੁਣਾਉਣਾ ਅਤੇ ਸੁਖਦ-ਨਾਦ ਨੂੰ ਜੀਵਨ-ਧਰਾਤਲ 'ਚ ਉਪਜਾਉਣਾ।" ਸਫਰ ਪੈਂਡੇ ਦਾ ਵੀ ਹੈ ਅਤੇ ਜ਼ਿੰਦਗੀ ਦਾ ਵੀ। ਹਥਲੇ ਲੇਖ ਵਿਚ ਸਫਰ ਦੀ ਗੱਲ ਕਰਦਿਆਂ ਡਾ. ਭੰਡਾਲ ਕਹਿੰਦੇ ਹਨ, "ਸਫਰ ਚੰਗਾ ਜਾਂ ਮਾੜਾ ਨਹੀਂ ਹੁੰਦਾ। ਸਫਰ-ਸੋਚ ਨੇ ਹੀ ਸਫਰ ਨੂੰ ਚੰਗਿਆਈ ਜਾਂ ਬੁਰਿਆਈ, ਨਿਆਰਾਪਣਾ ਜਾਂ ਬੁੱਸਾਪਣ, ਸਾਰਥਕਤਾ ਜਾਂ ਬੇਲੋੜਾਪਣ, ਸੰਭਵ ਜਾਂ ਅਸੰਭਵ ਬਣਾਉਣਾ ਹੁੰਦਾ।" ਉਨ੍ਹਾਂ ਦੀ ਨਸੀਹਤ ਹੈ, "ਸਫਰ ਕਰਨਾ ਏ ਤਾਂ ਸੁਪਨਿਆਂ ਦਾ, ਸਫਲਤਾਵਾਂ ਦਾ, ਸੱਚ-ਮਾਰਗ ਤੇ ਸੂਖਮ-ਸੰਵੇਦਨਾਵਾਂ ਦਾ ਕਰੋ।" -ਸੰਪਾਦਕ*

ਸਫਰ, ਨਿਰੰਤਰ ਸਾਧਨਾ, ਸੇਧਤ ਕਦਮ, ਟੀਚੇ ਪ੍ਰਾਪਤੀ ਦਾ ਜਨੂਨ, ਅਸੰਭਵ ਨੂੰ ਸੰਭਵ ਕਰਨ ਦਾ ਯਤਨ ਅਤੇ ਹੌਂਸਲੇ, ਹੱਠ, ਦ੍ਰਿੜਤਾ ਅਤੇ ਦਿਆਨਤਦਾਰੀ ਦਾ ਵਹਿੰਦਾ ਝਰਨਾ।

ਸਫਰ, ਸੁਪਨਾ, ਸਪੱਸ਼ਟਤਾ, ਸਖਤ ਮਿਹਨਤ, ਸੰਪੂਰਨਤਾ ਅਤੇ ਸਫਲਤਾ ਵਿਚੋਂ ਉਦੈ ਹੁੰਦਾ ਕਿਰਨ ਦਾ ਜਲੌਅ ਅਤੇ ਖੁਦ 'ਚੋਂ ਖੁਦ ਦਾ ਪਰਤੌਅ। ਸਫਰ 'ਤੇ ਤੁਰਨਾ, ਸ਼ੁਭ ਅਰੰਭ, ਆਸ ਦਾ ਜਨਮ, ਅਕੀਦਾ ਪ੍ਰਾਪਤੀ ਦੀ ਭੁੱਖ, ਸੋਚ ਦਾ ਮੌਲਦਾ ਰੁੱਖ ਜੋ ਬੀਜਦਾ ਏ ਸਮਿਆਂ ਦੀ ਜੂਹੇ ਸੁੱਖ ਹੀ ਸੁੱਖ।

ਸਫਰ 'ਤੇ ਤੁਰਨ ਤੋਂ ਪਹਿਲਾਂ ਸਫਰ ਨੂੰ ਸਮਝਣਾ, ਕਿਹੜੇ ਸਫਰ 'ਤੇ ਤੁਰਨ ਦੀ ਤਿਆਰੀ ਆ, ਕਿਸ ਨੇ ਜੀਵਨ-ਰੱਥ 'ਤੇ ਕੀਤੀ ਸਵਾਰੀ ਆ। ਜਾਣ ਲੈਣਾ ਕਿ ਖੁਦ ਤੋਂ ਅਣਜਾਣ ਹੋਣਾ ਹੀ ਵੱਡੀ ਖੁਆਰੀ ਆ। ਤੁਰਨ ਤੋਂ ਪਹਿਲਾਂ ਇਹ ਜਰੂਰ ਯਾਦ ਰਖਣਾ ਕਿ ਸਫਰ ਕਿਉਂ ਜਰੂਰੀ, ਕੀਕਣ ਤੁਰਨਾ, ਕਿਹੜੀਆਂ ਦੁਸ਼ਵਾਰੀਆਂ, ਦਿੱਕਤਾਂ ਅਤੇ ਦਮਦਾਰੀਆਂ ਦਾ ਸਾਹਮਣਾ ਕਰਨਾ ਪੈਣਾ? ਇਸ ਸਫਰ 'ਚੋਂ ਕਿਹੜੀਆਂ ਉਪਲਬਧੀਆਂ ਦਾ ਸ਼ਿਲਾਲੇਖ ਤੁਸੀਂ ਬਣੋਗੇ?

ਸਫਰ ਦੌਰਾਨ ਸਫਲਤਾ ਅਤੇ ਅਸਫਲਤਾ ਵਿਚਲੇ ਸੰਤੁਲਨ ਜਾਂ ਅਸਾਵੇਂਪਣ ਨੂੰ ਸਮਝਣ ਦੀ ਬਹੁਤ ਲੋੜ। ਕੁਝ ਲੋਕ ਜਿਉਣ ਦਾ ਸਫਰ ਕਰਦੇ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਬਹੁਤ ਜਲਦੀ ਅਲੋਪ ਹੋ ਜਾਂਦੀਆਂ, ਪਰ ਕੁਝ ਲੋਕ ਮਰਨ ਦਾ ਸਫਰ ਵੀ ਕਰਦੇ। ਲੋਕ-ਹਿੱਤ ਲਈ ਮਰਨਾ, ਸਦਾ ਸਜੀਵ ਰਹਿਣਾ ਜਦ ਕਿ ਨਿੱਜੀ ਸਵਾਰਥ ਲਈ ਮਰਨਾ, ਮਿੱਟੀ ਦਾ ਅਕਾਰਥ ਜਾਣਾ।

ਸਫਰ ਤਾਂ ਸਫਰ ਹੀ ਹੁੰਦਾ। ਇਹ ਭਾਵੇਂ ਸਾਹ-ਸੰਗੀਤ ਦੀ ਸੁਪਨ-ਸਿਰਜਣਾ ਹੋਵੇ, ਕਿਰਤ-ਕਾਮਨਾ ਦੀ ਕਰਮਯੋਗਤਾ ਹੋਵੇ, ਸੱਚ ਦਾ ਹੋਕਰਾ ਦੇਣਾ ਹੋਵੇ ਜਾਂ ਅਸੰਭਵ ਵਿਚੋਂ ਸੰਭਵ ਦੀ ਤਾਮੀਰਦਾਰੀ ਹੋਵੇ।

ਕਲਮੀ ਸਫਰ ਹਰਫਾਂ ਦੇ ਪਿੰਡੇ 'ਤੇ ਜੁਗਨੂੰ ਬੀਜਦਾ, ਵਰਕਿਆਂ ਨੂੰ ਦਗਣ ਲਾਉਂਦਾ। ਪਰ ਕਈ ਵਾਰ ਨਫਰਤ ਦੀਆਂ ਕਲਮਾਂ ਬੀਜਣ ਦਾ ਇਹ ਸਫਰ, ਮੌਤ-ਵਣਜ ਲਈ ਉਕਸਾਹਟ ਵੀ ਬਣਦਾ।

ਕਾਮਲ-ਸਫਰ, ਚਾਰ ਉਦਾਸੀਆਂ ਦਾ ਰੂਪ ਧਾਰ, ਨਾਨਕ-ਸੋਚ ਦਾ ਪ੍ਰਚਮ ਚਾਰ ਦਿਸ਼ਾਵਾਂ ਵਿਚ ਲਹਿਰਾਉਂਦਾ। ਹੱਕ ਸੱਚ ਦੀ ਬੁਲੰਦਗੀ ਅਤੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਜਾਂ 'ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨ' ਦਾ ਪੈਗਾਮ ਬਣ, 'ਮਿਟੀ ਧੁੰਦ ਜਗ ਚਾਨਣ ਹੋਆ' ਦਾ ਐਲਾਨਨਾਮਾ ਹੁੰਦਾ।



ਸਫਰ ਤਾਂ ਬਾਪ ਦੇ ਪੈਰਾਂ ਵਿਚ ਵੀ ਹੁੰਦਾ ਜਿਸ ਦੌਰਾਨ ਉਹ ਸਿਆੜਾਂ 'ਚ ਮੁੜਕਾ ਬੀਜ ਸੋਨਾ ਉਗਾਉਂਦਾ। ਬੱਚਿਆਂ ਦੀ ਸੋਚ ਵਿਚ ਫਟੀਆਂ ਕੋਰਾਂ ਅਤੇ ਪੈਰਾਂ 'ਚ ਬਿਆਈਆਂ ਦੇ ਦਰਦ ਧਰਦਾ। ਮਤਾੜੇ ਬਲਦ ਦੀ ਦਰਦ-ਚੇਤਨਾ, ਸੱਚੀ-ਸੁੱਚੀ ਕਿਰਤ ਦਾ ਹਲਫਨਾਮਾ ਬਣਦੀ।

ਸਫਰ ਜਦ ਕਲਾ ਦਾ ਦੀਪ ਜਗਾਵੇ ਤਾਂ ਬੁਰਸ਼-ਲਕੀਰਾਂ ਨੂੰ ਆਕ੍ਰਿਤੀਆਂ ਬਣਾਵੇ, ਅਬੋਲ ਕਿਰਤਾਂ ਨੂੰ ਬੋਲਣ ਲਾਵੇ, ਅਹਿਸਾਸਾਂ ਦੀ ਧੜਕਣ ਉਪਜਾਵੇ, ਮੱਥਿਆਂ 'ਚ ਤਾਰਾ ਉਗਾਵੇ ਅਤੇ ਕਦੇ ਕਦਾਈਂ ਤਾਂ ਮੱਥੇ 'ਤੇ ਚੰਦ ਦਾ ਟਿੱਕਾ ਵੀ ਲਾਵੇ।

ਸਫਰ ਜਾਂ ਸੂਲੀ ਵੰਨੀਂ ਕਦਮ ਵਧਾਵੇ ਤਾਂ ਹਵਾਵਾਂ 'ਚ ਗਰਮ-ਜੋਸ਼ੀ ਉਪਜਾਵੇ, ਇਕ ਪ੍ਰਣ ਨਿਭਾਵੇ, ਮੌਤ ਨੂੰ ਕੰਬਣ ਲਾਵੇ ਅਤੇ ਅਮਿੱਟ ਹਸਤਾਖਰ ਤਾਜ਼ਾ ਤਹਿਰੀਕ ਦੇ ਨਾਮ ਕਰ ਜਾਵੇ।

ਸਫਰ ਤਾਂ ਸਮਿਆਂ ਦਾ ਸੱਚ। ਜੀਵਨ ਧੜਕਣ ਦਾ ਨਾਮ, ਤ੍ਰੇਲ ਬੂੰਦਾਂ, ਕੋਮਲ ਪੱਤੀਆਂ 'ਤੇ ਕਣੀਆਂ ਦੀ ਸਰਸਰਾਹਟ ਅਤੇ ਪੰਛੀਆਂ ਦੀ ਜੁਗਲਬੰਦੀ। ਹਰੇਕ ਸਫਰੀ ਪੜਾਅ 'ਚ ਨਿਰੰਤਰ ਗਤੀਸ਼ੀਲ।

ਸਮੁੱਚਾ ਬ੍ਰਹਿਮੰਡ ਸਫਰ 'ਚ। ਇਕ ਨਿਰੰਤਰਤਾ। ਜੀਵਨ ਦੀ ਗਤੀਸ਼ੀਲਤਾ ਵਿਚੋਂ ਹੀ ਗਾਡ ਪਰਟੀਕਲ, ਅਮੀਬਾ ਅਤੇ ਸਮੁੱਚਾ ਜੀਵ-ਸੰਸਾਰ ਹੋਂਦ ਵਿਚ ਆਇਆ।

ਸਫਰ, ਨਰੋਈ ਸੋਚ, ਵਿਹਾਰਕ-ਨਿਆਰਾਪਣ, ਸੇਧ-ਸੰਵੇਦਨਾ ਅਤੇ ਸੁਘੜ-ਸਿਆਣਪਾਂ ਵਿਚਲੀ ਨਿਰੰਤਰ ਤਾਜ਼ਗੀ ਅਤੇ ਤਤਪਰਤਾ ਦਾ ਨਾਮ।

ਸਫਰ ਚੰਗਾ ਜਾਂ ਮਾੜਾ ਨਹੀਂ ਹੁੰਦਾ। ਸਫਰ-ਸੋਚ ਨੇ ਹੀ ਸਫਰ ਨੂੰ ਚੰਗਿਆਈ ਜਾਂ ਬੁਰਿਆਈ, ਨਿਆਰਾਪਣਾ ਜਾਂ ਬੁੱਸਾਪਣ, ਸਾਰਥਕਤਾ ਜਾਂ ਬੇਲੋੜਾਪਣ, ਸੰਭਵ ਜਾਂ ਅਸੰਭਵ ਬਣਾਉਣਾ ਹੁੰਦਾ।

ਸਫਰ ਤਾਂ ਸੁਪਨੇ ਦਾ ਵੀ ਹੁੰਦਾ। ਇਕ ਸੋਚ/ਵਿਚਾਰ ਦਾ ਮਨ-ਮਸਤਕ ਵਿਚ ਪਨਪਣਾ ਅਤੇ ਇਸ ਦੀ ਆਧਾਰਸ਼ਿਲਾ 'ਚੋਂ ਸੁਪਨਾ ਸਿਰਜਣਾ ਅਤੇ ਫਿਰ ਸੰਪੂਰਨਤਾ ਲਈ ਸੱਚਾ ਸਮਰਪਣ ਅਤੇ ਸਾਧਨਾ।

ਸਫਰ, ਹਮਸਫਰ ਸੰਗ ਹੋਵੇ ਤਾਂ ਪੈਰਾਂ ਵਿਚ ਮਚਲਦਾ ਚਾਅ, ਮੰਜ਼ਿਲਾਂ ਲਈ ਵਿਛਦੇ ਰਾਹ, ਕਦਮਾਂ ਵਿਚ ਤੇਜ਼ੀ ਦਾ ਉਮਾਹ, ਨਵੀਂ ਪਰਵਾਜ਼ ਲਈ ਮਨ 'ਚ ਮਚਲਦਾ ਉਤਸ਼ਾਹ। ਅਜਿਹੇ ਸਫਰ ਦੇ ਨਾਂਵੇਂ ਹੁੰਦੇ ਕੋਸੇ ਕੋਸੇ ਸਾਹ, ਲੱਜ਼ਤ ਭਰੀ ਰਵਾਨਗੀ, ਚਿਹਰੇ 'ਤੇ ਭਾਅ ਅਤੇ ਨਵੀਆਂ ਬੁਲੰਦੀਆਂ ਨੂੰ ਸਿਰਜਣ ਦਾ ਸ਼ੁਦਾਅ।

ਸਫਰ, ਸਮਿਆਂ ਦੀ ਵੱਖੀ ਵਿਚ ਮਾਰੀ ਆਰ, ਫੜ੍ਹੀ ਤੇਜ਼ ਰਫਤਾਰ ਜਿਸ ਦੇ ਸੰਗ ਵਿਚੋਂ ਉਠਦਾ ਨਵਾਂ ਉਭਾਰ।

ਇਹ ਕੇਹਾ ਸਫਰ ਏ ਜੋ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚ ਧਕੇਲ, ਜੀਵਨ-ਬਰਬਾਦੀ ਦੀ ਸਫ ਵਿਛਾਉਂਦਾ, ਖੁਦ ਦੀ ਅਰਥੀ ਮੋਢੇ 'ਤੇ ਟਿਕਾਉਂਦਾ ਏ।

ਸਫਰ ਤਾਂ ਇਹ ਵੀ ਨਮੋਸ਼ੀ ਵਾਲਾ ਜੋ ਖੁਦਕੁਸ਼ੀਆਂ ਨੂੰ ਜਾਂਦਾ, ਧਾਰਮਿਕਤਾ ਨੂੰ ਕਤਲਗਾਹ ਬਣਾਉਂਦਾ, ਮਾਪਿਆਂ ਨੂੰ ਬਿਰਧ ਘਰਾਂ 'ਚ ਪਹੁੰਚਾਉਂਦਾ ਅਤੇ ਆਪਣਿਆਂ ਨੂੰ ਆਪਣਿਆਂ ਦੇ ਕਤਲ ਲਈ ਉਕਸਾਉਂਦਾ।

ਸਫਰ ਦਰਿਆ ਵਰਗਾ ਹੋਵੇ ਤਾਂ ਤਰਲਤਾ 'ਚੋਂ ਜੀਵਨ ਮੌਲਦਾ, ਰਵਾਨਗੀ ਜੀਵਨ ਤਾਲ ਦਿੰਦੀ, ਮਨੁੱਖ ਤੇ ਮਨੁੱਖਤਾ ਦੇ ਸਿਰਜਣਹਾਰੇ ਦਰਿਆਵਾਂ ਨੇ ਕਦੇ ਨਹੀਂ ਸੀ ਸੋਚਿਆ ਕਿ ਉਨ੍ਹਾਂ ਦੀ ਹਿੱਕ 'ਚ ਬਰੇਤੇ ਉਗਣਗੇ? ਬਰੇਤੇ ਹੀ ਸਾਡੀ ਕਬਰਗਾਹ ਨੇ।

ਸਫਰ ਕਰਨਾ ਏ ਤਾਂ ਸੁਪਨਿਆਂ ਦਾ, ਸਫਲਤਾਵਾਂ ਦਾ, ਸੱਚ-ਮਾਰਗ ਤੇ ਸੂਖਮ-ਸੰਵੇਦਨਾਵਾਂ ਦਾ ਕਰੋ।

ਸਫਰ ਨਿਰੰਤਰ ਜਾਰੀ ਰੱਖੋ ਕਿਉਂਕਿ ਨਿਰੰਤਰਤਾ ਨੇ ਹੀ ਨਵੀਆਂ ਤਰਜ਼ੀਹਾਂ ਅਤੇ ਤਰੱਕੀਆਂ ਨੂੰ ਤੁਹਾਡੇ ਨਾਮ ਕਰਨਾ ਏ।

ਸਫਰ ਨੂੰ ਜਾਰੀ ਰੱਖੋ ਸਦੀਵ, ਸਫਰ ਦਾ ਇਹੀ ਪੈਗਾਮ। ਸਫਰ ਦੀ ਜੂਹੇ ਸੁਪਨੇ ਉਪਜਣ ਤੇ ਸਫਰ-ਸੁਰਾਹੀ ਜਾਮ। ਸਫਰ ਸਰੂਰ 'ਚ ਚੜ੍ਹੇ ਸਵੇਰਾ, ਸਫਰ ਅੰਤ 'ਚ ਸ਼ਾਮ। ਸਫਰ ਤਾਂ ਹੁੰਦਾ ਮੂਕ-ਮੋਕਸ਼ ਤੇ ਕਦੇ ਕਦਾਈਂ ਲਾਮ। ਸਫਰ ਹੁੰਦਾ ਸੋਚ-ਦਰਗਾਹ ਅਤੇ ਰੂਹ ਦਾ ਵਿਹੜਾ ਧਾਮ। ਸਫਰ ਨੂੰ ਸਦਾ ਕਰਦੇ ਰਹਿਣਾ, ਹਰ ਪੈਰ ਦੇ ਨਾਮ। ਸਫਰ 'ਚ ਹੁੰਦੇ ਕੁਝ ਅਧੂਰੇ ਅਤੇ ਕੁਝ ਸੰਪੂਰਨ ਕਾਮ। ਸਫਰ-ਸੰਗਮ ਦੇ ਸਾਹੀਂ ਪ੍ਰਗਟ, ਮਨ ਚਿਤਵਿਆ ਰਾਮ। ਸਫਰ ਵਿਚੋਂ ਨਿੱਤ ਉਦੈ ਹੁੰਦਾ, ਸੋਚ-ਸੰਜੋਇਆ ਸ਼ਾਮ। ਸਫਰ ਹੀ ਬੰਦਗੀ, ਸਫਰ ਅਰਦਾਸ, ਸਫਰ ਹੀ ਸੁਹਜ ਵਿਚਾਰ। ਸਫਰ ਕਰਮ-ਧਰਮ ਦੀ ਪੌੜੀ, ਸਫਰ ਹੀ ਸ਼ੁਭ ਅਚਾਰ। ਸਫਰ 'ਚ ਅੰਬਰੀਂ ਤਾਰੇ ਉਗਦੇ, ਤੇ ਸਫਰ-ਸਬੂਰੀ ਭਾਅ। ਸਫਰ 'ਚ ਕੰਧਾਂ ਕਮਰਾ ਹੁੰਦੀਆਂ ਤੇ ਘਰ ਨੂੰ ਚੜ੍ਹਦਾ ਚਾਅ। ਸਫਰ ਸੰਜੀਵਨੀ, ਸਫਰ ਸੰਧੂਰੀ, ਜਾਂ ਸਫਰ ਸੁਗੰਧੀ ਲੋਰ। ਸਫਰ ਦੀ ਬੀਹੀ ਪੈਲਾਂ ਪਾਉਂਦਾ, ਤਦ ਕਲਹਿਰੀ ਮੋਰ।

ਜੀਵਨ ਇਕ ਸਫਰਨਾਮਾ। ਸੋਚ, ਵਿਚਾਰ, ਵਤੀਰਾ, ਵਿਅਕਤੀਤਵ ਅਤੇ ਸੁਪਨ-ਉਡਾਣ ਵਿਚਲੀ ਸਮਦ੍ਰਿਸ਼ਟੀ, ਇਸ ਨੂੰ ਸੁਖਾਵਾਂ, ਸੁਖਨ ਅਤੇ ਸਹਿਜ ਬਣਾਉਂਦੇ। ਕਈ ਵਾਰ ਸਫਰ ਦਾ ਅਸਾਵਾਂਪਣ ਅਸੀਂ ਨਵੀਂ ਪੀੜ੍ਹੀ ਦੇ ਨਾਮ ਕਰ, ਸਮਾਜਕ ਅਸਾਵੇਂਪਣ ਦਾ ਕਾਰਨ ਬਣਦੇ। ਸਾਵੇਂ ਸਫਰ 'ਚ ਤਾਂ ਹਰ ਪਹਿਰ ਹੀ ਹੁੰਦਾ ਏ ਸੰਦਲੀ ਦੁਪਹਿਰਾ।

ਸਫਰ ਦੀ ਕਿਸਮ, ਆਧਾਰ, ਰੂਪ ਅਤੇ ਔਕਾਤ, ਰਾਹੀ 'ਤੇ ਨਿਰਭਰ। ਸਫਰ ਵਿਚ ਥੱਕੇ ਟੁੱਟੇ ਰਾਹੀ ਸਫਰ ਨੂੰ ਕਿੰਜ ਪੂਰਾ ਕਰਨਗੇ? ਸਫਰ-ਸੰਪੂਰਨਤਾ ਲਈ ਸਰੀਰਕ ਤੰਦਰੁਸਤੀ ਨਾਲੋਂ ਮਾਨਸਿਕ ਤੰਦਰੁਸਤੀ ਜ਼ਿਆਦਾ ਜਰੂਰੀ।

ਸਫਰ ਨੂੰ ਸਮੁੱਚ ਵਿਚ ਸਮਝਣਾ, ਨਿੱਜ ਦਾ ਸਵਾਲ। ਸਫਰ ਦੀ ਪੂਰਤੀ ਲਈ ਸਿਰ-ਧੜ ਦੀ ਬਾਜੀ ਲਾਉਣਾ ਜਰੂਰੀ।

ਸਫਰ ਤਾਂ ਮਨ ਦੀ ਉਡਾਣ ਦਾ ਵੀ ਹੁੰਦਾ ਜੋ ਕਿਸੇ ਵੀ ਵੇਲੇ ਅਤੇ ਕਿਸੇ ਸੋਚ-ਤਰੰਗ ਦਾ ਹੁੰਦਾ। ਅਜਿਹੇ ਸਫਰ ਵਿਚ ਸੁੱਚਮਤਾ ਨੂੰ ਬਰਕਰਾਰ ਰੱਖ, ਦੁਨਿਆਵੀ ਝੰਜਟਾਂ, ਰੌਲੇ-ਰੱਪੇ ਅਤੇ ਗਿਲੇ ਸ਼ਿਕਵਿਆਂ ਤੋਂ ਬੇ-ਨਿਆਜ਼ੀ।

ਸਫਰ ਕਦੇ ਵੀ ਇਕਸਾਰ ਜਾਂ ਸੁਖਾਵਾਂ ਨਹੀਂ ਹੁੰਦਾ। ਟੋਏ-ਟਿੱਬੇ, ਉਬੜ-ਖਾਭੜ ਰਾਹਾਂ ਵਿਚੋਂ ਹੀ ਖੁਦ ਲਈ ਰਾਹ ਸਿਰਜਣਾ ਪੈਂਦਾ ਅਤੇ ਮੱਥੇ 'ਤੇ ਨਵੇਂ ਦਿਸਹੱਦਿਆਂ ਦੀ ਪੈੜ ਖੁਣਵਾਉਣੀ ਪੈਂਦੀ।

ਸਫਰ ਹੈ ਤਾਂ ਸਾਹ ਹੈ, ਧੜਕਣ ਹੈ, ਜੀਵਨ ਹੈ। ਇਸ ਸਫਰ 'ਚ ਜਨਮ, ਰੁਕਾਵਟਾਂ, ਅਲਾਮਤਾਂ, ਢਲਦੀ ਸ਼ਾਮ ਅਤੇ ਸਰੀਰ ਦਾ ਮਿੱਟੀ ਹੋਣਾ, ਵੱਖੋ-ਵੱਖਰੇ ਪੜਾਅ ਅਤੇ ਇਨ੍ਹਾਂ ਨੂੰ ਜ਼ਿੰਦਾ ਦਿਲੀ ਨਾਲ ਮਾਣਨਾ, ਪਰਮ ਧਰਮ।

ਖਿੜੀ ਬਹਾਰ, ਰੰਗੀਨ ਸਾਥ, ਸੋਚ-ਬਰਾਬਰੀ ਅਤੇ ਤਾਲ ਸੰਗ ਤਾਲ ਹੋਵੇ ਤਾਂ ਸਫਰ ਬਣਦਾ ਪੈਗੰਬਰੀ ਹੁਲਾਰ। ਅਜਿਹਾ ਹੁਲਾਰ ਹਰੇਕ ਦਾ ਸਬੱਬ ਅਤੇ ਸੁਯੋਗ ਬਣੇ, ਕਲਮ ਕਾਮਨਾ ਕਰਦੀ।

*ਸਫਰ ਨੂੰ ਜਾਰੀ ਰੱਖੋ ਸਦੀਵ, ਸਫਰ ਦਾ ਇਹੀ ਪੈਗਾਮ। ਸਫਰ ਦੀ ਜੂਹੇ ਸੁਪਨੇ ਉਪਜਣ ਤੇ ਸਫਰ-ਸੁਰਾਹੀ ਜਾਮ। ਸਫਰ ਸਰੂਰ 'ਚ ਚੜ੍ਹੇ ਸਵੇਰਾ, ਸਫਰ ਅੰਤ 'ਚ ਸ਼ਾਮ। ਸਫਰ ਤਾਂ ਹੁੰਦਾ ਮੂਕ-ਮੋਕਸ਼ ਤੇ ਕਦੇ ਕਦਾਈਂ ਲਾਮ। ਸਫਰ ਹੁੰਦਾ ਸੋਚ-ਦਰਗਾਹ ਅਤੇ ਰੂਹ ਦਾ ਵਿਹੜਾ ਧਾਮ। ਸਫਰ ਨੂੰ ਸਦਾ ਕਰਦੇ ਰਹਿਣਾ, ਹਰ ਪੈਰ ਦੇ ਨਾਮ। ਸਫਰ 'ਚ ਹੁੰਦੇ ਕੁਝ ਅਧੂਰੇ ਅਤੇ ਕੁਝ ਸੰਪੂਰਨ ਕਾਮ। ਸਫਰ-ਸੰਗਮ ਦੇ ਸਾਹੀਂ ਪ੍ਰਗਟ, ਮਨ ਚਿਤਵਿਆ ਰਾਮ। ਸਫਰ ਵਿਚੋਂ ਨਿੱਤ ਉਦੈ ਹੁੰਦਾ, ਸੋਚ-ਸੰਜੋਇਆ ਸ਼ਾਮ। ਸਫਰ ਹੀ ਬੰਦਗੀ, ਸਫਰ ਅਰਦਾਸ, ਸਫਰ ਹੀ ਸੁਹਜ ਵਿਚਾਰ। ਸਫਰ ਕਰਮ-ਧਰਮ ਦੀ ਪੌੜੀ, ਸਫਰ ਹੀ ਸ਼ੁਭ ਅਚਾਰ। ਸਫਰ 'ਚ ਅੰਬਰੀਂ ਤਾਰੇ ਉਗਦੇ, ਤੇ ਸਫਰ-ਸਬੂਰੀ ਭਾਅ। ਸਫਰ 'ਚ ਕੰਧਾਂ ਕਮਰਾ ਹੁੰਦੀਆਂ ਤੇ ਘਰ ਨੂੰ ਚੜ੍ਹਦਾ ਚਾਅ। ਸਫਰ ਸੰਜੀਵਨੀ, ਸਫਰ ਸੰਧੂਰੀ, ਜਾਂ ਸਫਰ ਸੁਗੰਧੀ ਲੋਰ। ਸਫਰ ਦੀ ਬੀਹੀ ਪੈਲਾਂ ਪਾਉਂਦਾ, ਤਦ ਕਲਹਿਰੀ ਮੋਰ।*

ਸਫਰ ਬਣ ਕੇ ਵਿਛਿਆ ਸੀ ਜੋ ਰਾਹਾਂ 'ਚ, ਧੜਕਣ ਦਾ ਇਕ ਨਾਮ ਬਣ ਗਿਆ ਸਾਹਾਂ 'ਚ। ਸਫਰ-ਮਾਰਗੀਂ ਜੀਹਨੇ ਕਿਰਨਾਂ ਕੇਰੀਆਂ ਨੇ, ਉਨ੍ਹਾਂ ਪੁੰਗਰ ਕੇ ਕੀਤੀਆਂ ਛਾਂਵਾਂ ਘਨੇਰੀਆਂ ਨੇ। ਸਫਰ ਦੀ ਜੂਹ ਨੂੰ ਜਿਸ ਨੇ ਰੂਹ ਨਾਲ ਸਿੰਜਿਆ ਏ, ਕਿਰਤ-ਕਰਮ ਦੇ ਰੂੰ ਨੂੰ ਸਫਰ ਨੇ ਪਿੰਜਿਆ ਏ। ਸਫਰ ਦੀ ਸਰਘੀ ਜਦ ਮਸਤਕ ਦਾ ਭਾਗ ਬਣੀ, ਪੌਣ-ਰੁਮਕਣੀ ਜਿੰਦ-ਸੁਹਜ ਦਾ ਰਾਗ ਬਣੀ। ਸਫਰ-ਸੁਗੰਧ ਨੂੰ ਜਿਸ ਨੇ 'ਕੇਰਾਂ ਮਾਣ ਲਿਆ, ਸਮਝੋ ਖੁਦ ਨੂੰ ਖੁਦ 'ਚੋਂ ਜਾਣ ਲਿਆ।

ਸਫਰ ਨੂੰ ਸਭ ਤੋਂ ਪਹਿਲਾਂ ਸੋਚ 'ਚ ਉਗਾਓ, ਉਸ ਨੂੰ ਸੁਪਨਿਆਂ ਦੀ ਜੂਹੇ ਪਾਓ, ਕਿਰਤ-ਕਾਮਨਾ ਦਾ ਅਰਘ ਚੜ੍ਹਾਓ, ਸਫਰ ਸੁੱਚਮਤਾ ਨੂੰ ਬੰਦਿਆਈ ਦਾ ਜਾਗ ਲਾਓ, ਇਸ 'ਚ ਮਾਨਵਤਾ ਦਾ ਚਿਰਾਗ ਜਗਾਓ ਅਤੇ ਫਿਰ ਇਸ ਦੀ ਪੂਰਨਤਾ ਦਾ ਜਸ਼ਨ ਮਨਾਓ।

## ਗੁਆਚੀ ਪੰਜਾਬਣ

ਭੁੱਲ ਗਈ ਤੂੰ ਮਿੱਟੀ ਅਤੇ ਆਪਣੀ ਤੂੰ ਸ਼ਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਤੇਰੇ ਨੱਕ ਦਾ ਸੀ ਕੋਕਾ ਅਤੇ ਕੰਨਾਂ ਦੀਆਂ ਵਾਲੀਆਂ,
ਗੁਆਚ ਗਈ ਤੂੰ ਕਿਥੇ ਜਾਂ ਚੋਰਾਂ ਨੇ ਹੈ ਲਾਹ'ਲੀਆਂ।
ਸਾਂਭ ਨਾ ਤੂੰ ਸਕੀ ਏਡੇ ਕੀਮਤੀ ਸਮਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਗਾਨੀ ਗਲ ਦੀ ਨਾ ਹੈਗੀ, ਨਾ ਹੀ ਝਾਂਜਰਾਂ ਦਾ ਸ਼ੋਰ ਹੈ,
ਨੱਢੀ ਲੱਗੇ ਨਾ ਪੰਜਾਬ ਦੀ ਨਾ ਮੋਰਾਂ ਵਾਲੀ ਤੋਰ ਹੈ।
ਛੱਡ ਵਿਰਸੇ ਨੂੰ ਤੁਰ ਪਈ ਤੂੰ ਵੱਖਰੇ ਜਹਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਪਰਾਂਦਾ ਭੁੱਲ ਗਈ ਤੂੰ ਕਿੱਥੇ, ਤੇਰੀ ਸੋਚ ਨੂੰ ਕੀ ਹੋ ਗਿਆ,
ਜੁੱਤੀ ਸ਼ੂਕਦੀ ਨਾ ਪੈਰੀਂ ਉਹਦਾ ਰੌਲਾ ਕਿੱਥੇ ਖੋ ਗਿਆ।
ਲੱਗੀ ਹੀਲ ਵਾਲੀ ਪਾਉਣ ਛੱਡ ਤਿੱਲੇ ਵਾਲੀ ਸ਼ਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਤੇਰੀ ਕੁੜਤੀ ਜੋ ਲਾਲ ਗਿੱਧਾ ਪਾਉਂਦੀਂ ਸੀ ਧਮਾਲ,
ਪਾ ਕੇ ਨੀਲੀ ਜੀਨ ਨੱਚੇਂ, ਖੁੱਲੇ ਸਿਰ ਦੇ ਨੇ ਵਾਲ।
ਕਰੇਂ ਡਿਸਕੋ ਦਾ ਡਾਂਸ ਭੁੱਲ ਗਿੱਧਿਆਂ ਦੇ ਮਾਣ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਤੇਰੀ ਸਿੱਧੀ ਮਿੱਠੀ ਬੋਲੀ ਸੌਖੀ ਸਮਝ ਸੀ ਆਉਂਦੀ,
ਭਾਸ਼ਾ ਮੰਗਵੀਂ ਤੂੰ ਬੋਲੇਂ ਜੋ ਭੁਲੇਖਾ ਜਿਹਾ ਪਾਉਂਦੀ।
ਮੂੰਹ ਕੌੜਾ ਕਿਉਂ ਕੀਤਾ ਛੱਡ ਮਿਠੜੀ ਜ਼ੁਬਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਜਿਹੜਾ ਘੱਗਰਾ ਗਰਾਰਾ ਤੈਨੂੰ ਭਾਰਾ ਭਾਰਾ ਲੱਗੇ,
ਅੱਜ ਗੋਰੀਆਂ ਨੇ ਪਾਇਆ ਅਤੇ ਬਾਹਲਾ ਸੋਹਣਾ ਫੱਬੇ।
ਮਣਾਂ ਚੁੱਕਦੀ ਸੀ ਭਾਰ, ਕੀ ਹੋਇਆ ਤੇਰੀ ਜਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

ਮੁੜ ਧਰਤੀ 'ਤੇ ਆ ਜਾ ਛੱਡ ਹਵਾ ਵਿਚ ਰਹਿਣਾ,
ਹੱਥ ਜੋੜ ਅਰਜੋਈ ਨਮ ਅੱਖਾਂ ਦਾ ਵੀ ਕਹਿਣਾ।
ਵਾਅਦਾ ਕਰੇ ਪਰਦੀਪ, ਮੰਨੂੰ ਤੇਰੇ ਅਹਿਸਾਨ ਨੂੰ,
ਭੁੱਲ ਗਈ ਤੂੰ ਮਿੱਟੀ ਅਤੇ ਆਪਣੀ ਤੂੰ ਸ਼ਾਨ ਨੂੰ,
ਉਚੀ ਮਾਰ ਕੇ ਉਡਾਰੀ ਚੜ੍ਹ ਗਈ ਅਸਮਾਨ ਨੂੰ।

*-ਪਰਦੀਪ, ਸੈਨ ਹੋਜ਼ੇ*

## ਪੀਲੇ ਰੰਗ ਦੀ ਦਾਬ

ਗੇਂਦ ਸਮਝ ਕੇ ਖੇਡਦੇ, ਭਟਕ ਗਿਆ ਪੰਜਾਬ।
ਤੋੜਨ ਵਿਚ ਮਸ਼ਰੂਫ ਨੇ, ਸੋਹਣਾ ਫੁੱਲ ਗੁਲਾਬ।

ਸ਼ਾਤਰ ਲੋਕਾਂ ਮਿਲ ਕੇ, ਸਾਡੀ ਮਾਰ ਦਿੱਤੀ ਹੈ ਮੱਤ,
ਵਾਰ ਵਾਰ ਪਿਆ ਛੱਡਣਾ, ਸਾਨੂੰ ਘਰਾਂ ਸਣੇ ਅਸਬਾਬ।
ਸਾਨੂੰ ਖੂੰਜੇ ਲਾ ਕੇ, ਬੈਠੇ ਕੇਂਦਰ ਵਿਚ,
ਸੁੱਕਾ ਸਤਲੁਜ ਦੇਖਦਾ, ਤੇ ਰੋਂਦਾ ਹੋਇਆ ਚਨਾਬ।

ਫੇਸ ਬੁੱਕ 'ਤੇ ਮਸਖਰੇ, ਲਾਈ ਜਾਂਦੇ ਰੰਗ,
ਜਣਾ ਖਣਾ ਅੱਜ ਦੋਸਤੋ ਬਣ ਕੇ ਖੜ੍ਹਾ ਨਵਾਬ।

ਲਾਈਆਂ ਨਹੀਂ ਪਨੀਰੀਆਂ, ਸੁੱਕੇ ਛੱਡੇ ਖੇਤ,
ਲੰਮੀਆਂ ਤਾਣ ਕੇ ਸੌਂ ਗਏ, ਲੈ ਬਾਗਾਂ ਦੇ ਖਾਬ।

ਦੇਖ ਬੇਗਾਨੀ ਚੋਪੜੀ, ਜੀਅ ਲਏ ਲਲਚਾਅ,
ਪੁੱਛ ਲਉ ਆਪਣੇ ਆਪ ਨੂੰ, ਕਿੱਥੇ ਖੜ੍ਹੇ ਜਨਾਬ।

ਸੁੱਕੀ ਪੈ ਗਈ ਨਰਸਰੀ, ਫੁੱਲ ਹੋਏ ਬਦਰੰਗ,
ਆਮ ਬੰਦੇ ਨੂੰ ਮਾਰ ਗਈ, ਪੀਲੇ ਰੰਗ ਦੀ ਦਾਬ।

*-ਹਰਜਿੰਦਰ ਗੁਲਪੁਰ*
*ਫੋਨ: 91-98722-38981*

# ਨਵੀਂ ਜ਼ਿੰਦਗੀ, ਨਵੇਂ ਪੈਂਤੜੇ

**ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਸੋਚ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। ਇਸ ਕਿਸ਼ਤ ਵਿਚ ਲੇਖਕ ਨੇ ਕੈਂਸਰ ਦੇ ਇਲਾਜ ਲਈ ਕੀਤੇ ਗਏ ਬੋਨ ਮੈਰੋ ਟਰਾਂਸਪਲਾਂਟ ਤੋਂ ਬਾਅਦ ਦੇ ਹਾਲਾਤ ਬਿਆਨੇ ਹਨ। -ਸੰਪਾਦਕ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਕੈਂਸਰ ਸੈਂਕੜੇ ਕਿਸਮ ਦਾ ਹੈ। ਮਲਟੀਪਲ ਮਾਈਲੋਮਾ ਨਾਂ ਦੇ ਜਿਸ ਕੈਂਸਰ ਤੋਂ ਮੈਂ ਪੀੜਤ ਹਾਂ, ਇਸ ਨੂੰ ਬੋਨ ਕੈਂਸਰ, ਬੋਨ ਮੈਰੋ ਕੈਂਸਰ ਵੀ ਕਿਹਾ ਜਾਂਦਾ ਹੈ। ਇਹ ਕੈਂਸਰ ਅੱਗੋਂ ਅਨੇਕ ਭਾਂਤ ਦਾ ਹੈ। ਇਸ ਦੀ ਕਿਸਮ ਇਮੂਨੋਗਲੋਬੋ ਲੀਨ ਦੀਆਂ ਕਿਸਮਾਂ 'ਤੇ ਨਿਰਭਰ ਕਰਦੀ ਹੈ। ਇਕ ਲਾਈਟ ਚੇਨ ਮਾਈਲੋਮਾ ਹੈ ਅਤੇ ਦੂਜੀ ਹੈਵੀ ਚੇਨ ਮਾਈਲੋਮਾ। ਇਹ ਅੱਗੋਂ ਏ. ਜੀ. ਐਮ. ਡੀ. ਅਤੇ ਈ. ਕਿਸਮਾਂ ਦਾ ਹੁੰਦਾ ਹੈ। 100 ਪਿੱਛੇ 20 ਲੋਕਾਂ ਨੂੰ ਇਹ ਆਮ ਤੌਰ 'ਤੇ ਹੁੰਦਾ ਹੈ। 100 ਵਿਚੋਂ 3 ਜਣਿਆਂ ਨੂੰ ਨਾਨ ਸੀਕ੍ਰੇਟਰੀ ਮਾਈਲੋਮਾ ਹੁੰਦਾ ਹੈ। ਮਗਸ ਮੋਕੋਮੋਪੈਥੀ ਆਫ ਅੰਡਰਮਾਇਨ ਸਿਗਨੀਫਿਕੈਂਸ ਮਾਈਲੋਮਾ ਹੁੰਦਾ ਹੈ। ਕੁਝ ਹੋਰ ਵੰਨਗੀਆਂ ਹਨ: ਪਲਾਜ਼ਮਾ ਸਾਈਟੋਮਾ, ਐਮੀਲਾਇਡੋਸਿਸ, ਸਮੋਲਡਰਿੰਗ ਮਾਈਲੋਮਾ ਇਨਸਮੋਲਡਰਿੰਗ, ਏਸਿਮਟੋਮੈਟਿਕ ਮਾਈਲੋਮਾ।

ਇਸ ਕਿਸਮ ਦੇ ਕੈਂਸਰ ਵਿਚ ਇਨਸਾਨ ਦੇ ਬੋਨ ਮੈਰੋ ਵਿਚ ਬੇਲੋੜੇ



**ਪ੍ਰੋ. ਲਖਬੀਰ ਸਿੰਘ**
**ਫੋਨ: 91-98148-66230**

ਪਲਾਜ਼ਮਾ ਸੈਲ ਆ ਜਾਂਦੇ ਹਨ। ਸੀਰਮ ਤੇ ਮੂਤਰ ਵਿਚ ਮਲਟੀਪਲ ਪ੍ਰੋਟੀਨ ਜਮ੍ਹਾਂ ਹੋ ਜਾਂਦੇ ਹਨ ਅਤੇ ਅਛੋਪਲੇ ਹੀ ਅੰਗਾਂ, ਹੱਡੀਆਂ, ਕਿਡਨੀ, ਲਿਵਰ ਦਾ ਵਿਨਾਸ਼ ਸ਼ੁਰੂ ਕਰ ਦਿੰਦੇ ਹਨ। ਹੱਡੀਆਂ ਵਿਚ ਦਰਦਾਂ, ਖਾਸ ਕਰ ਰੀੜ੍ਹ ਦੀ ਹੱਡੀ ਤੇ ਪਸਲੀਆਂ ਵਿਚ, ਉਲਟੀਆਂ, ਕਬਜ਼, ਭੁੱਖ ਨਾ ਲੱਗਣਾ, ਭਾਰ ਘਟਣਾ, ਦਿਮਾਗੀ ਧੁੰਦਲਾਪਨ, ਕਨਫਿਊਜ਼ਨ, ਥਕਾਵਟ, ਅਕਸਰ ਬੀਮਾਰ ਹੋਣਾ, ਬੁਖਾਰ ਚੜ੍ਹਨਾ, ਕਮਜ਼ੋਰੀ, ਲੱਤਾਂ ਵਿਚ ਕੰਪਨ, ਬਹੁਤ ਪਿਆਸ ਲੱਗਣਾ, ਵਾਰ ਵਾਰ ਪਿਸ਼ਾਬ ਆਉਣਾ ਆਦਿ ਇਸ ਦੇ ਮੁੱਖ ਲੱਛਣ ਹਨ।

ਕਈ ਲੋਕਾਂ ਵਿਚ ਕੋਈ ਲੱਛਣ ਨਜ਼ਰ ਨਹੀਂ ਆਉਂਦਾ ਅਤੇ ਅਚਾਨਕ ਸਰੀਰ ਦਾ ਵੱਡਾ ਨੁਕਸਾਨ ਹੋ ਕੇ ਪਤਾ ਲੱਗਦਾ ਹੈ। ਮੇਰੇ ਕੇਸ ਵਿਚ ਕੋਈ ਲੱਛਣ ਨਹੀਂ ਆਇਆ। ਬਸ ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦੇ ਦੋ ਮਣਕੇ ਟੁੱਟ ਗਏ ਤਾਂ ਪਤਾ ਲੱਗਾ। ਹਾਲਤ ਆਮ ਵਾਂਗ ਹੁੰਦੇ ਜਾਪਦਿਆਂ, ਦਵਾਦਾਰੂ, ਖਾਣ-ਪੀਣ ਦੀ ਇਕ ਰੁਟੀਨ ਬਣ ਗਈ। ਜ਼ਿੰਦਗੀ ਫਿਰ ਤੋਂ ਆਮ ਵਰਗੀ ਹੋ ਗਈ। ਨੌਕਰੀ, ਘਰ ਦੇ ਕੰਮ ਕਾਰ, 'ਪਹਿਲ' ਦੀਆਂ ਗਤੀਵਿਧੀਆਂ ਤੋਂ ਇਲਾਵਾ ਰੇਡੀਓ 'ਤੇ 'ਦੇਸ਼ ਪੰਜਾਬ' ਪ੍ਰੋਗਰਾਮ ਦੇ ਇਕ ਸੈਗਮੈਂਟ ਲਈ ਖਰੜਾ ਤਿਆਰ ਕਰਨ ਤੇ ਪੇਸ਼ਕਾਰੀ ਖੁਦ ਕਰਨੀ ਸ਼ੁਰੂ ਕੀਤੀ, ਜੋ 2007 ਤੋਂ ਸ਼ੁਰੂ ਕਰਕੇ 2013-14 ਤੱਕ ਨਿਰੰਤਰ ਹਰ ਮਹੀਨੇ 6 ਡਿਊਟੀਆਂ ਕੀਤੀਆਂ। ਇਸੇ ਤਰ੍ਹਾਂ ਡੀ. ਡੀ. ਪੰਜਾਬੀ 'ਤੇ ਨਵਾਂ ਪ੍ਰੋਗਰਾਮ 'ਪਾਠਸ਼ਾਲਾ: ਪੰਜਾਬੀ ਸਿੱਖੀਏ' ਕੰਟਰੀਵਾਈਡ ਕਲਾਸਰੂਮ ਸ਼ੁਰੂ ਕੀਤਾ, ਜਿਸ ਵਿਚ ਮੈਂ ਡੀ. ਡੀ. ਪੰਜਾਬੀ ਦੇ ਮਾਧਿਅਮ ਰਾਹੀਂ ਦੇਸ਼ ਵਿਦੇਸ਼ ਵਿਚ ਵਸਦੇ ਲੋਕਾਂ ਨੂੰ ਪੰਜਾਬੀ ਸਿਖਾਉਣ ਦਾ ਪ੍ਰੋਗਰਾਮ ਕਰਦਾ ਸਾਂ। ਇਹ ਪ੍ਰੋਗਰਾਮ 2012 ਤੱਕ ਚੱਲਿਆ।

ਇਸ ਮੌਕੇ ਡਿਪਟੀ ਡਾਇਰੈਕਟਰ ਦੂਰਦਰਸ਼ਨ ਨੇ ਬੁਲਾਇਆ ਤੇ ਕਿਹਾ ਕਿ ਉਹ ਦੂਰਦਰਸ਼ਨ ਦੇ ਮਾਧਿਅਮ ਰਾਹੀਂ ਮੇਰੀ ਜ਼ਿੰਦਗੀ ਟੈਲੀਵਿਜ਼ਨ ਦੇ ਛੋਟੇ ਪਰਦੇ 'ਤੇ ਆਮ ਲੋਕਾਂ ਨੂੰ ਦਿਖਾਉਣਾ ਚਾਹੁੰਦੇ ਸਨ। ਲੰਬੀ-ਚੌੜੀ ਵਿਚਾਰ-ਚਰਚਾ ਪਿਛੋਂ ਪ੍ਰੋਗਰਾਮ ਜਨਮਿਆ, 'ਜ਼ਿੰਦਗੀ ਅਨਮੋਲ'। ਇਸ ਪ੍ਰੋਗਰਾਮ ਦੇ ਪਹਿਲੇ ਚਾਰ ਸ਼ੋਅ ਮੇਰੀ ਆਪਣੀ ਹੀ ਜ਼ਿੰਦਗੀ 'ਤੇ ਆਧਾਰਤ ਸਨ। ਬਾਅਦ ਵਿਚ ਮੇਰੀ ਜ਼ਿੰਮੇਵਾਰੀ ਰਹੀ ਕਿ ਐਸੇ ਲੋਕਾਂ ਨੂੰ ਲਭ ਕੇ ਡੀ. ਡੀ. ਪੰਜਾਬੀ ਦੇ ਪਰਦੇ ਰਾਹੀਂ ਦਰਸ਼ਕ ਲੋਕਾਂ ਦੇ ਰੂਬਰੂ ਕੀਤਾ ਜਾਵੇ, ਜਿਨ੍ਹਾਂ ਆਪਣੀ ਜਾਨ ਅਤੇ ਜ਼ਿੰਦਗੀ ਉਤੇ ਅਣਕਹੇ ਦੁਖ-ਕਸ਼ਟ ਸਹਿੰਦਿਆਂ, ਮਿਸਾਲੀ ਜੀਵਨ ਜਿਉਂਦਿਆਂ ਸਮਾਜ ਵਾਸਤੇ ਕੁਝ ਕੀਤਾ ਹੋਵੇ।

ਸਾਲਾਂ ਬੱਧੀ ਚੱਲੇ ਇਸ ਪ੍ਰੋਗਰਾਮ ਵਿਚ ਮੈਂ ਸਪਾਈਨਲ ਇੰਜਰੀ ਨਾਲ ਰੀੜ੍ਹ ਦੀ ਹੱਡੀ ਟੁੱਟਣ ਤੇ ਸਪਾਈਨਲ ਕਾਰਡ ਦੇ ਟੁੱਟਣ ਵਾਲੇ ਕੁਝ ਲੋਕ, ਨੇਤਰਹੀਣ, ਅੰਗਹੀਣ ਅਤੇ ਕੈਂਸਰ 'ਤੇ ਫਤਿਹ ਪਾ ਕੇ ਆਮ ਜ਼ਿੰਦਗੀ ਜਿਉਣ ਵਾਲੇ ਕੁਝ ਲੋਕ ਲੱਭ ਕੇ ਟੈਲੀਵਿਜ਼ਨ 'ਤੇ ਪੇਸ਼ ਕੀਤੇ। ਇਹ ਪ੍ਰੋਗਰਾਮ ਆਪਣੀ ਵਿਸ਼ੇਸ਼ ਪ੍ਰਕ੍ਰਿਤੀ ਕਰਕੇ ਬੜਾ ਲੋਕਪ੍ਰਿਆ ਹੋਇਆ, ਬਾਅਦ ਵਿਚ ਇਨ੍ਹਾਂ ਸਾਰੇ ਲੋਕਾਂ ਨੂੰ 'ਪਹਿਲ' ਦੇ ਮੁਹਾਜ ਤੋਂ 3 ਦਸੰਬਰ 2012 ਦੇ ਦਿਵਿਆਂਗ ਲੋਕਾਂ ਦੇ ਕੌਮਾਂਤਰੀ ਦਿਵਸ ਉਤੇ ਇਕ ਵਿਸ਼ੇਸ਼ ਸਮਾਰੋਹ ਕਰਕੇ 'ਹੋਣੀ ਤੋਂ ਬਲਵਾਨ' ਸਨਮਾਨ ਨਾਲ ਨਿਵਾਜਿਆ। ਅਸਲ ਵਿਚ 3 ਦਸੰਬਰ ਨੂੰ ਦਿਵਿਆਂਗ ਲੋਕਾਂ ਦੇ ਕੌਮਾਂਤਰੀ ਦਿਵਸ ਮੌਕੇ ਮੈਂ ਇਨ੍ਹਾਂ ਜੰਗਜੂ ਸੂਰਬੀਰਾਂ ਨੂੰ ਸਟੇਜ 'ਤੇ ਪੇਸ਼ ਕਰਨਾ ਚਾਹੁੰਦਾ ਸਾਂ। ਇਨ੍ਹਾਂ ਸਭ ਨੇ ਚੁਣੌਤੀ ਭਰਿਆ ਜੀਵਨ ਜੀਵਿਆ ਤੇ ਅਣਕਿਆਸੇ ਦੁੱਖ ਸਹੇ। ਇਨ੍ਹਾਂ ਵਿਚੋਂ ਬਹੁਤੇ ਐਸੇ ਸਨ, ਜਿਨ੍ਹਾਂ ਦਲੇਰੀ ਨਾਲ ਚੁਣੌਤੀ ਦਾ ਸਾਹਮਣਾ ਕਰਦਿਆਂ ਫਤਿਹ ਹਾਸਿਲ ਕੀਤੀ। ਇਹ ਜਦੋਂ ਮੈਨੂੰ ਮਿਲਦੇ ਤਾਂ ਮੇਰੇ ਕੈਂਸਰ ਬਾਰੇ ਜਾਣ ਕੇ, ਮੇਰੀ ਇੱਛਾ-ਸ਼ਕਤੀ ਬਾਰੇ ਸੋਚ ਕੇ ਭੈਅਭੀਤ ਹੋ ਜਾਂਦੇ।

ਮੇਰੇ ਉਤੇ ਹਮੇਸ਼ਾ ਹੀ ਚੁਣੌਤੀ ਅਤੇ ਖਤਰੇ ਦੀ ਤਲਵਾਰ ਲਟਕਦੀ ਰਹੀ। ਜੂਨ 2011 ਵਿਚ ਮੈਂ ਹਰਿਦੁਆਰ ਯੋਗਗ੍ਰਾਮ ਪਤੰਜਲੀ ਜਾ ਕੇ ਕੁਝ ਦਿਨ ਰਹਿਣ ਦਾ ਪ੍ਰੋਗਰਾਮ ਬਣਾਇਆ। ਅਸਲ ਵਿਚ ਮਨ 'ਚ ਇਕ ਗਹਿਰਾ ਡਰ ਵਸਿਆ ਹੋਇਆ ਸੀ ਕਿ ਪਤਾ ਨਹੀਂ ਕਦੋਂ ਫਿਰ ਕੈਂਸਰ ਦਸਤਕ ਦੇ ਦੇਵੇ। ਕੋਈ ਨਾ ਕੋਈ ਨਵਾਂ ਓਹੜ-ਪੋਹੜ ਕਰਨ ਨੂੰ ਮੈਂ, ਪਤਨੀ ਹਰਵਿੰਦਰ ਕੌਰ ਤੇ ਛੋਟਾ ਬੇਟਾ ਬਾਗੇਸ਼ਵਰ ਕੁਝ ਦਿਨ ਯੋਗਗ੍ਰਾਮ ਵਿਚ ਬਿਤਾਉਣ ਤੇ ਕੁਦਰਤੀ ਇਲਾਜ ਦੀਆਂ ਸੰਭਾਵਨਾਵਾਂ ਲਈ ਚਲੇ ਗਏ, ਜਿਥੇ ਡਾਕਟਰਾਂ ਦੀ ਸਲਾਹ 'ਤੇ ਖਾਣਾ, ਅਭਿਆਸ, ਇਲਾਜ, ਪ੍ਰਕ੍ਰਿਤਕ ਚਿਕਿਤਸਾ ਤੇ ਹੋਰ ਕਿੰਨਾ ਕੁਝ ਚਲਦਾ ਰਿਹਾ। ਦੁਨੀਆਂ ਭਰ ਵਿਚ ਜਾਣੇ ਜਾਂਦੇ ਕੁਦਰਤੀ ਚਿਕਿਤਸਕ ਡਾ. ਨੀਰਜ ਨੂੰ ਪੁੱਛਿਆ ਕਿ ਕੀ ਮੈਂ ਕੁਦਰਤੀ ਇਲਾਜ ਉਤੇ ਭਰੋਸਾ ਕਰ ਸਕਦਾ ਹਾਂ? ਉਨ੍ਹਾਂ ਹਾਮੀ ਨਾ ਭਰਦਿਆਂ ਮੈਨੂੰ ਮੇਰੇ ਆਪਣੇ ਹੀ ਦਮ ਅਤੇ ਆਪਣੀ ਹੀ ਸੋਚ ਨਾਲ ਚੱਲਣ ਦੀ ਸਲਾਹ ਦਿੱਤੀ।

**ਜਦੋਂ ਫਿਰ ਅਬਦਾਲੀ ਆਣ ਚੜ੍ਹਿਆ:** ਮਲਟੀਪਲ ਮਾਈਲੋਮਾ ਅੱਗੋਂ ਕਈ ਕਿਸਮ ਦਾ ਕੈਂਸਰ ਹੈ। ਇਸ ਦਾ ਕੋਈ ਇਲਾਜ ਨਹੀਂ। ਪਹਿਲੀ ਅਤੇ ਦੂਜੀ ਸਟੇਜ ਉਤੇ ਕਾਬੂ ਵਿਚ ਆ ਜਾਂਦਾ ਹੈ, ਪਰ ਦਰਦਾਂ ਤੇ ਦਵਾਈਆਂ ਤੋਂ ਛੁਟਕਾਰਾ ਕਦੀ ਨਹੀਂ ਹੁੰਦਾ। ਮੇਰੇ ਕੇਸ ਵਿਚ ਇਹ ਤੀਜੀ ਸਟੇਜ 'ਤੇ ਪਤਾ ਲੱਗਣ ਕਰਕੇ ਭਿਆਨਕ ਤੇ ਖੌਫਨਾਕ ਚੁਣੌਤੀ ਬਣ ਚੁਕਾ ਸੀ। ਯੋਗਗ੍ਰਾਮ ਵਿਚ ਕੁਝ ਦਿਨ ਬਿਤਾਉਣ ਪਿਛੋਂ ਡਾਕਟਰਾਂ ਨਾਲ ਸਲਾਹ ਪਿਛੋਂ ਵਾਪਸ ਆ ਗਿਆ। ਜਦ ਆ ਕੇ ਰੁਟੀਨ ਦੇ ਟੈਸਟ ਕਰਾਏ ਤਾਂ ਫਿਰ ਤੋਂ ਮਲਟੀਪਲ ਮਾਈਲੋਮਾ ਦੇ ਹਾਜ਼ਰ ਹੋ ਜਾਣ ਨੇ ਤ੍ਰਾਹ ਕੱਢ ਦਿੱਤਾ। ਮੈਂ ਏਮਜ਼ ਗਿਆ, ਅਜੇ ਮਾਮੂਲੀ ਸ਼ੁਰੂ ਹੋਇਆ ਹੋਣ ਕਾਰਨ ਇਲਾਜ ਸ਼ੁਰੂ ਨਾ ਕੀਤਾ। ਵਾਪਿਸ ਆ ਕੇ ਰਾਇਪੁਰ ਤੋਂ ਬਾਬਾ ਨਾਗਰਾਜ ਜੋ ਨਰਮਦਾ ਨਦੀ ਦੇ ਮੁੱਢ ਤੇ ਛਤੀਸਗੜ੍ਹ ਦੀ ਸਰਹੱਦ 'ਤੇ ਪੈਂਦੇ ਪਿੰਡ ਅਮਰਕੰਟਕ ਰਹਿੰਦੇ ਸਨ, ਜਾ ਟਿਕਾਣਾ ਕੀਤਾ। ਨਵੀਂ ਜੀਵਨ ਫਿਲਾਸਫੀ ਦੇ ਧਾਰਨੀ ਬਾਬਾ ਜੀ ਨੇ ਬੜੇ ਵਿਸ਼ਵਾਸ ਨਾਲ ਦਵਾਈ ਦਿੱਤੀ। ਲੇਕਿਨ ਕੋਈ ਫਰਕ ਨਾ ਪਿਆ ਤੇ ਮਾਈਲੋਮਾ ਛੜੱਪੇ ਮਾਰਦਾ ਵਧਦਾ ਹੀ ਗਿਆ। ਅਗਸਤ 2012 ਤੱਕ ਇਹ ਫਿਰ ਖਤਰਨਾਕ ਹੱਦ ਤੱਕ ਵੱਧ ਗਿਆ। ਮੇਰਾ ਚੌਥੀ ਲਾਈਨ ਦਾ ਇਲਾਜ ਸ਼ੁਰੂ ਹੋਇਆ। ਇੰਜੈਕਸ਼ਨ ਬੋਰਟੇਜ਼ੋਮਿਬ ਦੇ ਨਾਲ ਇਕ ਗੋਲੀ ਤੇ ਹੋਰ ਕਈ ਦਵਾਈਆਂ ਸ਼ੁਰੂ ਹੋ ਗਈਆਂ। ਹਰ ਹਫਤੇ ਡੈਕਸਾਮੈਥਾਜ਼ੋਨ ਸਟੀਰਾਇਡ, ਟੀਕਾ, ਰੋਜ਼ਾਨਾ ਗੋਲੀ ਤੇ ਹਫਤਾਵਰੀ ਯਾਨੀ ਐਤਵਾਰ ਨੂੰ ਡੈਕਸਾ। ਵਾਪਿਸ ਆ ਕੇ ਖੂਨ ਦੀ ਜਾਂਚ ਕਰਾਈ ਤਾਂ ਪਤਾ ਲੱਗਾ ਕਿ ਕੈਂਸਰ ਫਿਰ ਆ ਗਿਆ। ਦਿੱਲੀ ਏਮਜ਼ ਗਏ। ਡਾਕਟਰਾਂ ਪਹਿਲਾ ਇਲਾਜ ਜਾਰੀ ਰੱਖਿਆ, ਕੋਈ ਨਵਾਂ ਇਲਾਜ ਸ਼ੁਰੂ ਨਹੀਂ ਕੀਤਾ। ਅਗਸਤ 2012 ਤੱਕ ਕੈਂਸਰ ਇੰਨਾ ਵਧ ਗਿਆ ਕਿ ਫਿਰ ਤੋਂ ਪੂਰਾ ਤੇ ਭਾਰੀ ਇਲਾਜ ਸ਼ੁਰੂ ਕਰਨਾ ਲਾਜ਼ਮੀ ਹੋ ਗਿਆ। ਲਿਹਾਜ਼ਾ ਮੇਰਾ ਚੌਥੀ ਲਾਈਨ ਦਾ ਇਲਾਜ ਸ਼ੁਰੂ ਹੋ ਗਿਆ।

ਅਜੇ ਚਾਰ ਮਹੀਨੇ ਹੋਏ ਸਨ ਕਿ ਦਵਾਈਆਂ ਦੇ ਭਿਆਨਕ, ਅਸਰ ਨਾਲ ਸਾਰੇ ਸਰੀਰ 'ਤੇ ਹਰਪੀਜ਼ ਜੋਸਟਰ ਬੀਮਾਰੀ ਨੇ ਚਮੜੀ ਨੂੰ ਆਣ ਘੇਰਿਆ। ਇੰਨੀ ਭਿਆਨਕ ਦਰਦ ਕਿ ਯਕਲਖਤ ਇਸ ਦਾ ਇਲਾਜ ਕਰਨ ਲਈ ਡਾਕਟਰਾਂ ਕੈਂਸਰ ਦੇ ਬਾਕੀ ਸਾਰੇ ਇਲਾਜ ਬੰਦ ਕਰ ਦਿਤੇ ਅਤੇ ਕੇਵਲ ਹਰਪੀਜ਼ ਜੋਸਟਰ ਦਾ ਇਲਾਜ 24 ਘੰਟੇ ਦੀ ਸਤਰਕੀ ਨਾਲ ਅਰੰਭ ਕਰ ਦਿੱਤਾ। ਆਮ ਹਾਲਾਤ ਵਿਚ ਇਸ ਦੀ ਡੋਜ਼ 400 ਮਿਲੀਗ੍ਰਾਮ ਹੁੰਦੀ ਲੇਕਿਨ ਮੈਨੂੰ 800 ਮਿਲੀਗ੍ਰਾਮ ਦੀ ਡੋਜ਼ ਹਰ 6 ਘੰਟੇ ਪਿੱਛੋਂ ਖਾਣੀ ਪੈਂਦੀ। ਆਮ ਹਾਲਾਤ ਵਿਚ ਇੰਨੀ ਸਖਤ ਦਵਾਈ 4-5 ਦਿਨ ਖਾਣੀ ਹੁੰਦੀ ਸੀ। ਮੈਂ ਇਹ ਦਵਾਈ 7 ਦਿਨ ਖਾਧੀ ਤਾਂ ਕਿਤੇ ਜਾ ਕੇ ਕੰਟਰੋਲ ਹੋਇਆ। ਵਕਤੀ ਤੌਰ 'ਤੇ ਬੀਮਾਰੀ ਰੁਕ ਗਈ, ਪਿਛੋਂ ਇਸ ਨੇ ਮੇਰੇ ਨਿਊਰੋ ਪ੍ਰਬੰਧ ਰਾਹੀਂ 6 ਮਹੀਨੇ ਤੱਕ ਨਿਊਰੋ ਦਰਦਾਂ ਕੀਤੀਆਂ। ਇਨ੍ਹਾਂ ਚਮੜੀ ਦੇ ਅੰਦਰ ਗਹਿਰਾਈ ਵਿਚ ਹੁੰਦੀਆਂ ਦਰਦਾਂ ਦਾ ਕੋਈ ਤੋੜ ਨਹੀਂ ਸੀ ਲੱਭਦਾ, ਅੰਤ ਨੂੰ ਡਾ. ਲਲਿਤ ਨੇ ਏਮਜ਼ ਤੋਂ ਟ੍ਰਿਪਟੋਮਰ ਨਾਂ ਦੀ ਦਵਾਈ ਦੱਸੀ, ਉਸ ਨੇ ਦਰਦਾਂ 'ਤੇ ਕਾਬੂ ਪਾਇਆ ਲੇਕਿਨ ਨਸ਼ੱਈਆਂ ਵਾਂਗ ਝੂਮਣ ਲਾ ਦਿੱਤਾ। ਚੱਕਰ ਆਉਣ ਲੱਗੇ, ਮੈਂ ਉਸ ਦਵਾਈ ਜਾਰੀ ਨਾ ਰੱਖ ਸਕਿਆ।

2014 ਵਿਚ ਇਕ ਹੋਰ ਘਟਨਾ ਵਾਪਰੀ ਕਿ ਲਿਵਰ ਦੇ ਐਸ. ਜੀ. ਓ. ਟੀ. ਅਤੇ ਐਸ. ਜੀ. ਪੀ. ਟੀ. ਐਂਜਾਈਮ 38 ਤੇ 42 ਦੀ ਰੇਂਜ ਵਾਲੇ ਦੋਨੋਂ 1000 ਤੋਂ ਉਪਰ ਹੋ ਗਏ। ਆਮ ਹਾਲਾਤਾਂ ਵਿਚ ਡਾਕਟਰਾਂ ਨਾਲ ਰਾਬਤਾ ਮੁਸ਼ਕਿਲ ਹੁੰਦਾ ਸੀ ਲੇਕਿਨ ਖੁਸ਼ ਕਿਸਮਤੀ ਨਾਲ ਡਾਕਟਰ ਨਾਲ ਰਾਬਤਾ ਵੀ ਹੋ ਗਿਆ। ਹਾਲਾਂਕਿ ਡਾ. ਲਲਿਤ ਕੁਮਾਰ ਉਸ ਵਕਤ ਹੈਦਰਾਬਾਦ ਕਿਸੇ ਕਾਨਫਰੰਸ ਵਿਚ ਗਏ ਹੋਏ ਸਨ, ਉਨ੍ਹਾਂ ਸਬੱਬ ਨਾਲ ਮੇਰੀ ਸੰਜੀਦਾ ਮੇਲ ਚੈਕ ਕਰ ਲਈ ਤੇ ਉਸੇ ਵਕਤ ਮੋੜਵੀਂ ਮੇਲ ਕਰਕੇ ਕੈਂਸਰ ਦਾ ਸਾਰਾ ਇਲਾਜ ਬੰਦ ਕਰ ਦਿੱਤਾ। ਲਿਵਰ ਖਤਮ ਤੇ ਨਹੀਂ ਸੀ ਹੋਇਆ, ਲੇਕਿਨ ਖਤਮ ਹੋਣ ਵਰਗਾ ਹੋ ਗਿਆ ਸੀ। ਮੈਂ ਪੱਕਿਆ, ਤਲਿਆ ਭੋਜਨ ਬਿਲਕੁਲ ਬੰਦ ਕਰ ਦਿੱਤਾ। ਸਲਾਦ, ਨਾਰੀਅਲ ਪਾਣੀ, ਜੂਸ, ਫਲਾਂ ਦੇ ਨਾਲ ਨਾਲ ਭੂਮੀਆਮਲਾ ਦਾ ਕੌੜਾ ਜੂਸ ਅਤੇ ਐਂਡੋਗ੍ਰਾਫਿਸ ਪੈਨੀਕੁਲਾਟਾ ਕਾਲਮੇਘ ਦਾ ਅਤਿ ਕੌੜਾ ਜੂਸ ਦਿਨ ਵਿਚ 3 ਵਾਰ ਪੀਣਾ ਸ਼ੁਰੂ ਕਰ ਦਿੱਤਾ। ਤਿੰਨ ਹਫਤੇ ਦੇ ਕੁਦਰਤੀ ਇਲਾਜ ਪਿਛੋਂ ਮੇਰਾ ਲੀਵਰ ਸੌ ਫੀਸਦੀ ਨਾਰਮਲ ਹੋ ਗਿਆ। ਡਾਕਟਰ ਹੈਰਾਨ ਸਨ, ਪਰ ਲਿਵਰ ਬਿਲਕੁੱਲ ਠੀਕ ਠਾਕ ਸੀ ਤੇ ਫਿਰ ਤੋਂ ਕੈਂਸਰ ਦਾ ਪਹਿਲੇ ਵਾਲਾ ਇਲਾਜ ਸ਼ੁਰੂ ਕਰ ਦਿੱਤਾ ਗਿਆ।

**ਇਕ ਮੁੱਠੀ ਚੁੱਕ ਲੈ ਦੂਜੀ ਤਿਆਰ:** ਮਈ 2014 ਵਿਚ ਜਦੋਂ ਏਮਜ਼ ਡਾ. ਲਲਿਤ ਕੁਮਾਰ ਕੋਲ ਰੁਟੀਨ ਫਾਲੋਅੱਪ ਲਈ ਗਏ ਤਾਂ ਇਸ ਸੋਚ ਨਾਲ ਗਏ ਸਾਂ ਕਿ ਸਵੇਰੇ ਜਾਣਾ ਤੇ ਸ਼ਾਮ ਨੂੰ ਵਾਪਸ ਆ ਜਾਣਾ, ਵਾਧੂ ਪੈਸੇ ਤੇ ਕਪੜੇ ਦਾ ਕੋਈ ਇੰਤਜ਼ਾਮ ਨਹੀਂ ਸੀ ਕੀਤਾ। ਜਦੋਂ 12 ਵਜੇ ਡਾ. ਸਾਹਿਬ ਨੇ ਰਿਪੋਰਟ ਦੇਖ ਕੇ ਕਿਹਾ, ਤੁਸੀਂ ਦਾਖਿਲ ਹੋ ਜਾਓ, ਘਰ ਜਾਣ ਦੀ ਹਾਲਤ ਵਿਚ ਨਹੀਂ ਹੋ। ਮੈਂ ਕਿਹਾ ਕਿ ਸ਼ਾਮ ਦੀ ਟਿਕਟ ਬੁੱਕ ਹੈ ਜਲੰਧਰ ਦੀ। ਕਹਿੰਦੇ, 'ਚਲੇ ਜਾਓ, ਵਾਪਿਸ ਨਹੀਂ ਆ ਸਕੋਗੇ।' ਇਸ ਵਾਕ ਨੇ ਮੌਤ ਦੇ ਦਰਸ਼ਨ ਕਰਾ ਦਿੱਤੇ ਤੇ ਇਕ ਦਮ ਦਾਖਿਲ ਹੋਣ ਦੀ ਤਿਆਰੀ ਕੀਤੀ। ਡਾਕਟਰ ਕੋਲੋਂ ਸਲਿੱਪ ਲੈ ਕੇ ਦਾਖਲਾ ਫੀਸ ਜਮ੍ਹਾਂ ਕਰਵਾਈ ਜੋ 22,000 ਰੁਪਏ ਸੀ। ਕੈਂਸਰ ਵਾਰਡ ਵਿਚ ਕਮਰਾ ਮਿਲ ਗਿਆ। ਲੋੜੀਂਦਾ ਸਾਮਾਨ ਖਰੀਦਣ ਲਈ 4 ਘੰਟੇ ਦੀ ਏਮਜ਼ ਤੋਂ ਛੁੱਟੀ ਲਈ। ਕੋਲ 3452 ਰੁਪਏ ਹੀ ਬਚੇ ਸਨ। ਯਾਦ ਆਇਆ ਕਿ ਪਿਛੇ ਜਿਹੇ ਛੋਟੇ ਭਰਾ ਬਲਦੇਵ ਸਿੰਘ ਨੇ 1000 ਯੂਰੋ ਦਿੱਤੇ ਸਨ, ਜੋ ਮੇਰੇ ਪਰਸ ਦੇ ਕਿਸੇ ਨੁਕਰੇ ਲੱਗੇ ਪਏ ਸਨ। ਇਸ ਨੇ ਚਿਹਰਿਆਂ 'ਤੇ ਰੌਣਕ ਲਿਆ ਦਿੱਤੀ। ਪੈਸੇ ਬਦਲੇ ਤਾਂ 82000 ਰੁਪਏ ਮਿਲ ਗਏ ਤੇ ਅਸੀਂ ਰਾਤ ਕੱਟਣ ਲਈ ਚੱਪਲਾਂ, ਕੱਪੜੇ, ਦਵਾਦਾਰੂ ਦਾ ਇੰਤਜ਼ਾਮ ਕਰ ਲਿਆ।

ਅਗਲੇ ਦਿਨ ਡਾਕਟਰਾਂ ਨੇ ਲਿਪੋਡੋਕਸ ਡਬਲ ਵਾਇਲ ਆਈ. ਵੀ. ਡ੍ਰਿਪ ਲਾ ਕੇ ਨਵੀਂ ਕੀਮੋ ਸ਼ੁਰੂ ਕੀਤੀ, ਜੋ ਵੱਧ ਅਸਰਦਾਰ ਸਮਝੀ ਜਾਂਦੀ ਸੀ। ਹਰ ਕੀਮੋ ਟੀਕਾ ਸਾਨੂੰ ਏਮਜ਼ ਦਾਖਿਲ ਹੋ ਕੇ ਹੀ ਡ੍ਰਿਪ ਨਾਲ ਲਵਾਉਣਾ ਪੈਣਾ ਸੀ। ਮਈ, ਜੂਨ, ਜੁਲਾਈ, ਅਗਸਤ ਅਤੇ ਸਤੰਬਰ ਹਰ ਮਹੀਨੇ ਵਾਰ ਵਾਰ ਦਾਖਿਲ ਹੋ ਕੇ ਟੀਕੇ ਲਗਵਾਏ। ਇਸ ਨਵੀਂ ਕੀਮੋਥੈਰੇਪੀ ਨਾਲ ਕੈਂਸਰ ਤੋਂ 80 ਫੀਸਦੀ ਰੀਮਿਸ਼ਨ ਮਿਲ ਗਈ ਸੀ। ਡਾਕਟਰ ਨੇ ਪੂਰੀ ਤਰ੍ਹਾਂ ਬੀਮਾਰੀ ਖਤਮ ਕਰਨ ਲਈ ਦੋ ਮਹੀਨੇ ਹੋਰ ਦਾਖਿਲ ਕਰ ਲਿਆ, ਲੇਕਿਨ ਅਗਲੇ ਦੋ ਟੀਕਿਆਂ ਨੇ ਅਸਰ ਨਾ ਕੀਤਾ ਤੇ ਘਟਦੀ ਘਟਦੀ ਬੀਮਾਰੀ 2 ਮਹੀਨਿਆਂ ਵਿਚ ਫਿਰ ਤੋਂ ਵਧ ਗਈ। ਡਾਕਟਰ ਕਹਿੰਦਾ ਕਿ ਅਗਰ ਇਹ ਕਾਮਯਾਬ ਹੋ ਜਾਂਦੀ ਤਾਂ ਦੁਬਾਰਾ ਬੋਨਮੈਰੋ ਟਰਾਂਸਪਲਾਂਟ ਹੋ ਸਕਦਾ ਸੀ। ਕੋਈ ਚਾਰਾ ਨਾ ਦੇਖਦਿਆਂ ਦਸੰਬਰ 2014 ਤੋਂ ਫਿਰ ਲਿਨੋਲੀਡੋਮਾਇਡ 5 ਮਿਲੀਗ੍ਰਾਮ ਹਰ ਰੋਜ਼, ਡੈਕਸਾ 8 ਮਿਲੀਗ੍ਰਾਮ ਹਫਤੇ ਬਾਅਦ ਲੈਣੀ ਪੈਂਦੀ ਸੀ ਤੇ ਹੋਰ ਰੋਜ਼ੁਵਾਸ, ਸ਼ੈਲਕਲ, ਜੈਵਿਟ, ਐਸੀ ਕਲੋਵੀਰ, ਐਂਟੀਵਾਇਰਲ, ਸੈਪਟ੍ਰਾਨ ਡੀ ਐਸ, ਕਲੇਰੀਥੋਮੀਸਾਇਮ ਐਂਟੀਬਾਇਓਟਿਕ ਤੇ ਹੋਰ ਕਈ ਦਵਾਈਆਂ ਚੱਲ ਰਹੀਆਂ ਸਨ। 2007 ਤੋਂ ਅੱਜ ਤੱਕ ਕਦੀ ਐਂਟੀਵਾਇਰਲ ਤੇ ਐਂਟੀਬਾਇਓਟਿਕ ਬੰਦ ਨਹੀਂ ਹੋਈਆਂ। ਇਕ ਐਂਟੀਵਾਇਰਸ ਤੇ ਦੋ ਐਂਟੀਬਾਇਓਟਿਕ ਨਿਰੰਤਰ ਚਲਦੀਆਂ ਹੀ ਰਹੀਆਂ। ਮੈਂ ਕਦੀ ਹੌਸਲਾ ਨਹੀਂ ਹਾਰਿਆ, ਸੀ ਤੱਕ ਨਾ ਕੀਤੀ। ਕੁਝ ਕੁਦਰਤੀ ਚੀਜ਼ਾਂ ਦਾ ਸੇਵਨ ਜਾਰੀ ਰੱਖਿਆ ਜਿਵੇਂ ਕਣਕ ਦੇ ਜਵਾਰਿਆਂ ਦਾ ਜੂਸ, ਕਦੇ-ਕਦਾਈਂ ਗੋਮੂਤਰ, ਗਿਲੋ ਦਾ ਜੂਸ, ਐਲੋਵੀਰਾ ਦਾ ਜੂਸ, ਤੁਲਸੀ ਦੇ ਪੱਤੇ। ਹਰ ਹਫਤੇ ਦੂਰਦਰਸ਼ਨ 'ਜ਼ਿੰਦਗੀ ਅਨਮੋਲ' ਪ੍ਰੋਗਰਾਮ ਵਿਚ, ਮੰਗਲਵਾਰ ਸਵੇਰੇ 'ਨਾਲੇ ਗੱਲਾਂ ਨਾਲੇ ਗੀਤ' ਪ੍ਰੋਗਰਾਮ ਵਿਚ ਸ਼ਾਮਿਲ ਹੁੰਦਾ। ਇਸੇ ਤਰ੍ਹਾਂ ਅਕਾਸ਼ਵਾਣੀ ਦੇ 'ਦੇਸ਼ ਪੰਜਾਬ' ਪ੍ਰੋਗਰਾਮ ਦਾ ਇਕ ਸਲਾਟ ਮਹੀਨੇ 'ਚ 6 ਦਿਨ ਕਰਦਾ ਰਿਹਾ।

**ਕੈਂਸਰ ਦੀ ਹੱਦ ਤੇ ਸਬਰ ਦਾ ਪਿਆਲਾ:** ਕੈਂਸਰ ਦੇ ਸਮੇਂ ਵਿਚ ਭਿਆਨਕ ਤੋਂ ਭਿਆਨਕ ਇਲਾਜ ਚਲਦਾ ਰਿਹਾ। ਮੈਂ ਕੋਸ਼ਿਸ਼ ਕੀਤੀ ਕਿ ਸਬਰ ਨਾਲ ਝੱਲਾਂ। ਦਰਦ ਅੰਦਰ ਹੀ ਜੀਰੇ, ਕਦੇ ਹਾਏ ਨਾ ਕੀਤੀ। ਬੋਨ ਮੈਰੋ ਬਾਇਓਪਸੀ, ਐਮ. ਆਰ. ਆਈ., ਪੈਟ ਸਕੈਨ, ਸੋਮਾ ਟੈਸਟ, ਸੀਟੀ ਸਕੈਨ, ਬੋਨ ਸਕੈਨ, ਡੈਕਸਾ ਸਕੈਨ, ਰੇਡੀਓ ਥੈਰੇਪੀ ਸਾਰੇ ਹੀ ਡਰਾਉਣੇ ਤੇ ਖੌਫਨਾਕ ਹੁੰਦੇ ਹਨ ਲੇਕਿਨ ਮੈਂ ਇਨ੍ਹਾਂ ਸਾਰੇ ਟੈਸਟਾਂ-ਜਾਂਚਾਂ ਵਿਚ ਬੜੇ ਸਬਰ ਨਾਲ ਟਿਕਿਆ ਰਿਹਾ। ਕੈਂਸਰ ਨੇ ਕਿਤੇ ਰੁਕਣ ਦਾ ਨਾਂ ਹੀ ਨਾ ਲਿਆ। 2015 ਵਿਚ ਫਿਰ ਐਸਾ ਦਿਨ ਚੜ੍ਹਿਆ ਕਿ ਦਰਦਾਂ ਵਧੀ ਜਾਣ ਅਤੇ ਰੁਕਣ ਦਾ ਨਾਂ ਹੀ ਨਾ ਲੈਣ। ਮੇਦਾਂਤਾ ਮੈਡੀਸਿਟੀ ਗੁੜਗਾਓਂ ਡਾ. ਟੀ. ਕਟਾਰੀਆ ਨਾਲ ਗੱਲ ਕੀਤੀ, ਉਸ ਨੇ ਫਿਰ ਤੋਂ ਐਮ. ਆਰ. ਆਈ. ਕੀਤੀ, ਡੈਕਸਾ ਸਕੈਨ ਕੀਤੀ। ਪਤਾ ਲੱਗਾ, ਰੀੜ੍ਹ ਦੀ ਹੱਡੀ 'ਚ ਸਮੱਸਿਆ ਵਧੀ ਹੋਈ ਹੈ। ਮਈ 2015 ਵਿਚ ਮੁੜ ਹਸਪਤਾਲ ਦਾਖਲ ਹੋ ਗਿਆ। ਤਿੰਨ ਦਿਨ ਰੇਡੀਓਥੈਰੇਪੀ ਹੋਈ। ਕੁਝ ਹਫਤੇ ਬਾਅਦ ਦਰਦਾਂ ਨੂੰ ਕੁਝ ਰਾਹਤ ਮਿਲੀ। ਅਗਸਤ 2012 ਵਿਚ ਸ਼ੁਰੂ ਹੋਈ ਕੀਮੋਥੈਰੇਪੀ ਵਿਚ ਕੋਈ ਰਾਹਤ ਨਾ ਮਿਲੀ।

ਗੱਲ 2014 ਦੀ ਹੈ, ਐਮਰਜੈਂਸੀ ਵਿਚ ਏਮਜ਼ ਵਿਚ ਦਾਖਲ ਹੁੰਦਿਆਂ ਅਪੁਆਇੰਟਮੈਂਟ ਵੀ ਮਿਲ ਗਈ। ਕਮਜ਼ੋਰੀ ਬਹੁਤ ਆਈ ਹੋਈ ਸੀ। ਐਮ. ਆਰ. ਆਈ. ਕੇਂਦਰ 'ਤੇ ਟਾਈਮ ਵਧੇਰੇ ਲੱਗ ਰਿਹਾ ਸੀ। ਉਸ ਮੌਕੇ ਮੈਨੂੰ ਟਾਇਲਟ ਜਾਣਾ ਪਿਆ। ਟਾਇਲਟ ਭਾਰਤੀ ਸਟਾਈਲ ਦੀ ਸੀ ਤੇ ਦਰਵਾਜ਼ੇ ਦੀ ਕੁੰਡੀ ਉਪਰਲੇ ਪਾਸੇ ਸੀ। ਮੈਂ ਕੁੰਡੀ ਬੰਦ ਕਰਕੇ ਪੈਰਾਂ ਭਾਰ ਬੈਠ ਤਾਂ ਗਿਆ ਪ੍ਰੰਤੂ ਕੁੰਡੀ ਉਪਰੋਂ ਬੰਦ, ਮੇਰੇ ਕੋਲੋਂ ਉਠਿਆ ਨਾ ਜਾਵੇ। ਬੜਾ ਸੰਘਰਸ਼ ਕੀਤਾ ਉਠਣ ਵਾਸਤੇ। ਕਿਸੇ ਤਰ੍ਹਾਂ ਉਠਿਆ ਤੇ ਕੁੰਡੀ ਖੋਲ੍ਹੀ।

ਸਤੰਬਰ 2016 ਵਿਚ ਫਿਰ ਤੋਂ ਦਰਦਾਂ ਦੇ ਪਹਾੜ ਟੁੱਟ ਪਏ ਪਰ ਪਤਾ ਨਾ ਲੱਗੇ ਕਿ ਕਾਰਨ ਕੀ ਹੈ। ਫਿਰ ਪੇਨ ਮੈਨੇਜਮੈਂਟ ਵਿਭਾਗ ਏਮਜ਼ ਪਹੁੰਚੇ। ਡਾ. ਸੁਸ਼ਮਾ ਭਟਨਾਗਰ ਬੜੇ ਪਿਆਰ ਨਾਲ ਪੇਸ਼ ਆਈ। ਪਤਾ ਲੱਗਾ, ਸੱਜੇ ਪਾਸੇ ਪਿੱਛੇ ਵੱਖੀ ਦੀ 10 ਨੰਬਰ ਪੱਸਲੀ ਟੁੱਟੀ ਹੋਈ ਹੈ। ਦਰਦ ਰੋਕਣ ਦੇ ਦੋ ਰਸਤੇ ਹਨ। ਇਕ ਪੇਨ ਬਲਾਕ ਟੀਕਾ ਅਤੇ ਦੂਸਰਾ ਰੇਡੀਓਥੈਰੇਪੀ। ਡਾਕਟਰ ਨੇ ਰੇਡੀਓਥੈਰੇਪੀ ਨੂੰ ਜ਼ਿਆਦਾ ਕਾਰਗਰ ਦੱਸਿਆ। ਫਿਰ ਏਮਜ਼ ਤੋਂ ਡਿਸਚਾਰਜ ਸਲਿੱਪ ਲੈ ਕੇ ਮੇਦਾਂਤਾ ਮੈਡੀਸਿਟੀ ਡਾ. ਕਟਾਰੀਆ ਕੋਲ ਪਹੁੰਚੇ। ਉਨ੍ਹਾਂ ਤਿੰਨ ਫਰੈਕਸ਼ਨ ਰੇਡੀਓਥੈਰੇਪੀ ਦੀਆਂ ਦੇ ਦਿੱਤੀਆਂ। ਵਾਪਿਸ ਜਲੰਧਰ ਆ ਗਏ। ਸੋਚਿਆ ਸੀ, ਦਰਦਾਂ ਰੁਕ ਜਾਣਗੀਆਂ ਪਰ ਕਿਥੇ! ਬਸ ਦਰਦ ਨਿਵਾਰਕ ਗੋਲੀਆਂ ਨਾਲ ਹੀ ਗੁਜ਼ਾਰਾ ਕਰਕੇ ਡੰਗ ਟਪਾਉਂਦਾ ਰਿਹਾ।

ਜਦੋਂ 25 ਜਨਵਰੀ 2017 ਨੂੰ ਪਟੇਲ ਹਸਪਤਾਲ ਤੋਂ ਪੈਟ ਸਕੈਨ ਅਤੇ ਐਮ. ਆਰ. ਆਈ. ਕਰਾਈ ਤਾਂ ਉਨ੍ਹਾਂ 2 ਮਣਕੇ ਰੀੜ੍ਹ ਦੀ ਹੱਡੀ ਦੇ ਟੁੱਟੇ ਹੋਣ ਦੀ ਸ਼ੱਕ ਪਾਈ। ਅਸੀਂ ਐਮਰਜੈਂਸੀ ਵਿਚ ਗੁੜਗਾਓਂ ਮੇਦਾਂਤਾਂ ਮੈਡੀਸਿਟੀ ਪਹੁੰਚੇ। 26 ਜਨਵਰੀ ਨੂੰ ਉਨ੍ਹਾਂ ਐਮਰਜੈਂਸੀ ਵਿਚ ਦਾਖਿਲ ਕਰਕੇ ਐਮ. ਆਰ. ਆਈ. ਮੁੜ ਤੋਂ ਕਰਾਈ ਅਤੇ ਸਾਰੀ ਸਪਾਈਨ ਦੀ ਸੀ. ਟੀ. ਸਕੈਨ ਕਰਾਈ। ਆਰਥੋ ਡਾਕਟਰ ਨੇ ਰਿਪੋਰਟਾਂ ਦੇਖੀਆਂ ਤੇ ਕਿਹਾ, ਰੀੜ੍ਹ ਦੀ ਹੱਡੀ ਦੇ ਹੁਣ ਟੁੱਟੇ ਮਣਕੇ ਦਾ ਇਕ ਪ੍ਰੋਸੀਜਰ ਟਰਾਇਲ ਬੇਸ 'ਤੇ ਹੋ ਸਕਦਾ ਹੈ ਕਿ ਕਾਈਫੋਪਲਾਸਟੀ ਕਰਕੇ ਬਲੂਨਿੰਗ ਕਰ ਦਿੱਤੀ ਜਾਵੇ। ਪੱਕ ਨਹੀਂ ਕਿ ਦਰਦ ਰੋਕੇਗੀ। ਮੈਂ ਸੋਚਿਆ ਕਿ ਡੇਢ ਲੱਖ ਰੁਪਏ ਸਪਾਈਨ ਦਾ ਆਪਰੇਸ਼ਨ ਉਤੇ, ਫਿਰ ਵੀ ਇਲਾਜ ਨਾ ਹੋਵੇ? ਖਰਚ ਬਚਾ ਕੇ ਵਾਪਿਸ ਆਉਣਾ ਹੀ ਬਿਹਤਰ ਸਮਝਿਆ। ਹਸਪਤਾਲ ਤੋਂ ਡਿਸਚਾਰਜ ਕਰਨ ਲੱਗਿਆਂ ਡਾਕਟਰ ਨੇ ਹਦਾਇਤ ਕੀਤੀ ਕਿ ਰੀੜ੍ਹ ਦੀ ਹੱਡੀ ਦੀ ਐਸੀ ਹਾਲਤ ਵਿਚ ਮੇਦਾਂਤਾ ਗੁੜਗਾਓਂ ਤੋਂ ਜਲੰਧਰ ਐਂਬੂਲੈਂਸ ਵਿਚ ਜਾਣਾ ਚਾਹੀਦਾ ਹੈ। 50,000 ਰੁਪਏ ਐਂਬੂਲੈਂਸ 'ਤੇ ਭਰਨ ਦੀ ਥਾਂ ਟ੍ਰੇਨ 'ਤੇ ਹੀ ਵਾਪਸ ਘਰ ਪਹੁੰਚ ਗਏ।

28 ਤਾਰੀਕ ਨੂੰ ਪਟੇਲ ਹਸਪਤਾਲ ਤੋਂ ਡਾ. ਰਾਧਾ ਰਮਨ ਸੱਗੜ ਬੋਨ ਕੈਂਸਰ ਮਾਹਿਰ ਤੇ ਫਿਰ ਡਾ. ਐਸ. ਐਸ. ਢੀਂਗਰਾ ਡੀ. ਐਮ. ਸੀ. ਨੂੰ ਬੁਲਾਇਆ, ਕੁਝ ਵੀ ਹੱਥ ਪੱਲੇ ਨਾ ਪਿਆ। ਫਿਰ ਉਨ੍ਹਾਂ ਪਟੇਲ ਹਸਪਤਾਲ ਦੇ ਰੇਡੀਓਲੋਜੀ ਵਿਭਾਗ ਵਿਚ ਬੁਲਾਇਆ। ਉਥੇ ਰੇਡੀਓਲੋਜਿਸਟ ਨੇ ਮੇਰੀਆਂ 2006 ਤੋਂ ਹੁਣ ਤੱਕ ਦੀਆਂ ਸਾਰੀਆਂ ਰਿਪੋਰਟਾਂ ਦੇਖਣ ਨੂੰ ਤਿੰਨ ਦਿਨ ਲਾਏ ਤੇ ਦੱਸਿਆ ਕਿ ਜਿੰਨੀ ਰੇਡੀਓਥੈਰੇਪੀ ਦੀ ਡੋਜ਼ ਮੈਨੂੰ ਦਿੱਤੀ ਜਾਣੀ ਚਾਹੀਦੀ ਸੀ, ਦਿੱਤੀ ਜਾ ਚੁੱਕੀ ਹੈ। ਹੋਰ ਰੇਡੀਓਥੈਰੇਪੀ ਨਹੀਂ ਹੋ ਸਕਦੀ। ਜੇ ਤੁਸੀਂ ਜ਼ੋਰ ਪਾਓ ਤਾਂ ਮੈਂ ਹਲਕੀਆਂ ਬਿਜਲਈ ਝਟਕੀਆਂ 20 ਫਰੈਕਸ਼ਨਜ਼ ਵਿਚ ਲਾ ਸਕਦੀ ਹਾਂ, ਪਰ ਸੁਧਾਰ ਦੀ ਗਰੰਟੀ ਨਹੀਂ ਦੇ ਸਕਦੀ। ਇਹ ਵੀ ਇਕ ਤਰ੍ਹਾਂ ਨਾਲ ਨਾਂਹ ਹੀ ਸੀ।

ਫਿਰ ਘਰ ਆ ਗਏ। ਖੁਦ ਨੂੰ ਬੈਡ 'ਤੇ ਪੂਰੀ ਤਰ੍ਹਾਂ ਟਿਕਾ ਲਿਆ। ਦਵਾ-ਦਾਰੂ ਤਾਂ ਕੀਤਾ ਹੀ, ਨਾਲ ਰੀੜ੍ਹ ਦੀ ਹੱਡੀ ਨੂੰ ਡਾਇਰੈਕਸ਼ਨ ਦੇਣੀ ਸ਼ੁਰੂ ਕੀਤੀ ਕਿ ਮੈਨੂੰ ਤੇਰੀ ਲੋੜ ਹੈ, ਤੈਨੂੰ ਠੀਕ ਹੋਣਾ ਹੀ ਪਊ। 29 ਜਨਵਰੀ ਨੂੰ ਸਥਾਈ ਕਰਕੇ 22 ਫਰਵਰੀ ਨੂੰ ਉਠ ਖੜ੍ਹਾ ਹੋਇਆ। 24 ਫਰਵਰੀ ਨੂੰ ਕਾਲਜ ਜਾ ਕੇ ਆਪਣੀ ਡਾਕਟਰੀ ਛੁੱਟੀ ਕੈਂਸਲ ਕਰਾ ਕੇ ਕੰਮ ਸ਼ੁਰੂ ਕਰ ਦਿੱਤਾ।

ਉਦੋਂ ਤੋਂ ਬਾਕਾਇਦਾ ਕੰਮ ਕਰ ਰਿਹਾ ਹਾਂ। ਕਾਲਜ ਵਿਚ ਪੂਰੀ ਡਿਊਟੀ ਕਰਦਾ ਹਾਂ, ਘਰ ਪਰਿਵਾਰ ਦੇਖਦਾ ਹਾਂ, 'ਪਹਿਲ' ਦੇ ਸਾਰੇ ਪ੍ਰਾਜੈਕਟਾਂ ਦੀ ਨਜ਼ਰਸਾਨੀ ਕਰਦਾ ਹਾਂ, ਦੂਰਦਰਸ਼ਨ, ਰੇਡੀਓ ਦੀਆਂ ਡਿਊਟੀਆਂ ਕਰਦਾ ਹਾਂ, ਬਾਹਰ ਲੈਕਚਰ ਦੇਣ ਜਾਂਦਾ ਹਾਂ, ਖੂਨਦਾਨ ਕੈਂਪ ਲਾਉਂਦਾ ਹਾਂ-ਕੋਈ ਕੰਮ ਮੈਂ ਨਹੀਂ ਛੱਡਿਆ। ਹਾਲ ਇਹ ਹੈ ਕਿ 2012 ਅਗਸਤ ਤੋਂ ਨਿਰੰਤਰ ਕੀਮੋਥੈਰੇਪੀ ਚਲਦੀ ਆ ਰਹੀ ਹੈ। 27 ਜਨਵਰੀ 2017 ਨੂੰ ਸਾਰੇ ਪਾਸਿਓਂ ਰੀੜ੍ਹ ਦੀ ਹੱਡੀ ਦੇ ਮੁੜ ਠੀਕ ਹੋਣ ਤੋਂ ਜੁਆਬ ਲੈ ਕੇ 24 ਫਰਵਰੀ ਨੂੰ ਫਿਰ ਤੋਂ ਸਾਰਾ ਕਾਰਜ ਭਾਰ ਸੰਭਾਲ ਲਿਆ।

ਬੰਦੇ ਵਿਚ ਅਥਾਹ ਸਮਰੱਥਾ ਹੈ। ਹਾਂ! ਤਨ ਸ਼ਕਤੀ ਨੂੰ ਮਨੋ ਸ਼ਕਤੀ ਵਿਚ ਬਦਲਣ ਦੀ ਲੋੜ ਹੈ। ਲੋੜ ਹੈ, ਦੁੱਖ-ਕਸ਼ਟ ਨੂੰ ਸਮਝਣ ਤੇ ਵੱਧ ਤੋਂ ਵੱਧ ਕੋਸ਼ਿਸ਼ ਕਰਕੇ ਉਪਰ ਉਠਣ ਦੀ। ਜਦੋਂ ਅਸੀਂ ਆਪਣੇ ਦੁੱਖ ਵਿਚ ਗਹਿਰਾ ਖੁੱਭ ਜਾਂਦੇ ਹਾਂ ਤਾਂ ਦੁੱਖ ਹੋਰ ਵੱਧ ਜਾਂਦਾ ਹੈ, ਲੇਕਿਨ ਜਦੋਂ ਬਾਹਰ ਨਿਕਲਣ ਦੀ ਹਿੰਮਤ ਕਰਦੇ ਹਾਂ ਤਾਂ ਘਟ ਜਾਂਦਾ ਹੈ। ਕਿਸੇ ਵੀ ਛੋਟੇ-ਵੱਡੇ ਦੁੱਖ ਦੌਰਾਨ ਸਬਰ, ਸੰਤੋਖ ਤੇ ਹਿੰਮਤ ਤੋਂ ਕੰਮ ਲੈਂਦਿਆਂ ਵੱਡੀ ਤੋਂ ਵੱਡੀ ਮੁਸੀਬਤ ਵਿਚੋਂ ਬਾਹਰ ਨਿਕਲਿਆ ਜਾ ਸਕਦਾ ਹੈ।

(ਸਮਾਪਤ)

ਉਰਦੂ ਕਹਾਣੀ

# ਤੋਹਫਾ

***ਨਾਵਲ ਅਤੇ ਕਹਾਣੀ ਦੇ ਖੇਤਰ ਵਿਚ ਬੀਬੀ ਰਜ਼ੀਆ ਸੱਜਾਦ ਜ਼ਹੀਰ ਦਾ ਵੱਡਾ ਮੁਕਾਮ ਹੈ। ਉਸ ਦੇ ਖਾਵੰਦ ਸੱਜਾਦ ਜ਼ਹੀਰ ਪ੍ਰਗਤੀਸ਼ੀਲ ਲੇਖਕ ਸੰਘ ਦੇ ਮੋਢੀ ਮੈਂਬਰਾਂ ਵਿਚੋਂ ਸਨ। ਹਥਲੀ ਕਹਾਣੀ ਦਾ ਮੂਲ ਨਾਂ 'ਨਮਕ' ਰੱਖਿਆ ਗਿਆ ਸੀ ਪਰ ਤਰਜ਼ਮਾ ਕਰਨ ਵੇਲੇ ਡਾ. ਜਸਬੀਰ ਕੇਸਰ ਨੇ ਇਸ ਦਾ ਨਾਂ 'ਤੋਹਫਾ' ਧਰ ਲਿਆ। ਇਸ ਕਹਾਣੀ ਵਿਚ 1947 ਦੀ ਵੰਡ ਦਾ ਦਰਦ ਦਰਿਆ ਬਣ ਕੇ ਤੁਰਦਾ ਦਿਸਦਾ ਹੈ। -ਸੰਪਾਦਕ***



**ਰਜ਼ੀਆ ਸੱਜਾਦ ਜ਼ਹੀਰ**
**ਪੰਜਾਬੀ ਰੂਪ: ਡਾ. ਜਸਬੀਰ ਕੇਸਰ**

ਉਸ ਸਿੱਖ ਬੀਬੀ ਨੂੰ ਦੇਖ ਕੇ ਸਫੀਆ ਹੈਰਾਨ ਰਹਿ ਗਈ। ਉਹ ਉਸ ਦੀ ਮਰਹੂਮ ਅੰਮੀ ਨਾਲ ਕਿੰਨੀ ਮਿਲਦੀ ਸੀ। ਉਸੇ ਤਰ੍ਹਾਂ ਦਾ ਭਾਰੀ ਭਰਕਮ ਜਿਸਮ, ਉਹੋ ਜਿਹੀਆਂ ਹੀ ਨੇਕੀ ਮੁਹੱਬਤ ਤੇ ਰਹਿਮਦਿਲੀ ਦੀ ਰੌਸ਼ਨੀ ਨਾਲ ਝਿਲਮਿਲਾਉਂਦੀਆਂ ਨਿੱਕੀਆਂ ਨਿੱਕੀਆਂ ਅੱਖਾਂ, ਚਮਕੀਲਾ ਪਾਰਦਰਸ਼ੀ ਚਿਹਰਾ ਜਿਵੇਂ ਖੁੱਲ੍ਹੀ ਕਿਤਾਬ ਤੇ ਉਹੋ ਜਿਹਾ ਹੀ ਸਫੈਦ ਮਲਮਲ ਦਾ ਮੁਕੈਸ਼ ਵਾਲਾ ਦੁਪੱਟਾ, ਜਿਹੋ ਜਿਹਾ ਉਸ ਦੀ ਮਾਂ ਸਿਰ ਉਤੇ ਲੈ ਕੇ ਮੁਹੱਰਮ ਦੀਆਂ ਮਜਲਿਸਾਂ ਵਿਚ ਜਾਂਦੀ ਹੁੰਦੀ ਸੀ।

ਜਦੋਂ ਸਫੀਆ ਨੇ ਕਈ ਵਾਰ ਉਸ ਔਰਤ ਵੱਲ ਪਿਆਰ ਨਾਲ ਦੇਖਿਆ ਤਾਂ ਉਸ ਨੇ ਵੀ ਆਪਣੀ ਨੂੰਹ ਦੀ ਮਾਰਫਤ ਸਫੀਆ ਬਾਰੇ ਜਾਣਕਾਰੀ ਲਈ। ਸਫੀਆ ਨੇ ਦੱਸਿਆ ਕਿ ਉਹ ਮੁਸਲਮਾਨ ਹੈ ਅਤੇ ਕੱਲ੍ਹ ਸਵੇਰੇ ਲਾਹੌਰ ਜਾ ਰਹੀ ਹੈ-ਆਪਣੇ ਭਰਾਵਾਂ ਨੂੰ ਮਿਲਣ। ਲਾਹੌਰ ਦਾ ਨਾਂ ਸੁਣ ਕੇ ਉਹ ਔਰਤ ਸਫੀਆ ਕੋਲ ਆ ਬੈਠੀ ਤੇ ਦੱਸਣ ਲੱਗੀ ਕਿ ਉਨ੍ਹਾਂ ਦਾ ਲਾਹੌਰ ਕਿੰਨਾ ਪਿਆਰਾ ਸ਼ਹਿਰ ਹੈ, ਉਥੋਂ ਦੇ ਲੋਕ ਕਿੰਨੇ ਖੂਬਸੂਰਤ ਹਨ- ਸੁਆਦਲੇ ਖਾਣਿਆਂ ਦੇ ਆਸ਼ਕ, ਨਫੀਸ ਕੱਪੜਿਆਂ ਦੇ ਸ਼ੈਦਾਈ ਤੇ ਸੈਰ-ਸਪਾਟੇ ਦੇ ਸ਼ੌਕੀਨ, ਜ਼ਿੰਦਾਦਿਲੀ ਦੀ ਮੂਰਤ। ਕੀਰਤਨ ਹੁੰਦਾ ਰਿਹਾ, ਉਹ ਹੌਲੀ ਹੌਲੀ ਲਾਹੌਰ ਦੀਆਂ ਗੱਲਾਂ ਕਰਦੀਆਂ ਰਹੀਆਂ। ਸਫੀਆ ਨੇ ਉਸ ਨੂੰ ਵਿਚੋਂ ਹੀ ਟੋਕ ਕੇ ਪੁੱਛਿਆ, "ਤੁਹਾਨੂੰ ਤਾਂ ਇਧਰ ਆਇਆਂ ਕਈ ਸਾਲ ਹੋ ਗਏ ਹੋਣਗੇ।"

"ਹਾਂ ਬੇਟੀ, ਉਦੋਂ ਜਦੋਂ ਹਿੰਦੁਸਤਾਨ ਵੰਡਿਆ ਗਿਆ। ਬਹੁਤ ਸਾਲ ਹੋ ਗਏ, ਪਰ ਸਾਡਾ ਵਤਨ ਤਾਂ ਜੀ ਲਾਹੌਰ ਈ ਐ।" ਉਸ ਦੀਆਂ ਪਲਕਾਂ ਵਿਚੋਂ ਹੰਝੂਆਂ ਦੇ ਮੋਤੀ ਦੁਪੱਟੇ 'ਤੇ ਡਿੱਗ ਪਏ ਤੇ ਫਿਰ ਗੱਲ ਅੱਗੇ ਚੱਲ ਪਈ-ਉਹੀ ਇਕ ਗੱਲ-ਸਾਡਾ ਲਾਹੌਰ।

ਕੀਰਤਨ ਕੋਈ ਗਿਆਰਾਂ ਕੁ ਵਜੇ ਖਤਮ ਹੋਇਆ। ਜਦੋਂ ਉਹ ਪ੍ਰਸ਼ਾਦ ਲੈ ਕੇ ਸਫੀਆ ਦੇ ਸਲਾਮ ਦੇ ਜਵਾਬ ਵਿਚ ਅਸੀਸਾਂ ਦਿੰਦੀ ਵਿਦਾ ਹੋਣ ਲੱਗੀ ਤਾਂ ਸਫੀਆ ਨੇ ਨਿਵੇਕਲੇ ਜਿਹੇ ਹੋ ਕੇ ਹੌਲੀ ਜਿਹੀ ਉਸ ਨੂੰ ਪੁੱਛਿਆ, "ਤੁਸੀਂ ਜੇ ਲਾਹੌਰ ਤੋਂ ਕੋਈ ਸੌਗਾਤ ਮੰਗਵਾਉਣੀ ਚਾਹੁੰਦੇ ਹੋ ਤਾਂ ਮੈਨੂੰ ਹੁਕਮ ਕਰੋ।"

ਉਹ ਗੱਡੀ ਦੇ ਦਰਵਾਜੇ ਨਾਲ ਲੱਗੀ ਖੜ੍ਹੀ ਸੀ। ਕਾਫੀ ਹਿਚਕਿਚਾਹਟ ਨਾਲ ਉਸੇ ਤਰ੍ਹਾਂ ਹੌਲੀ ਜਿਹੀ ਬੋਲੀ, "ਲਿਆ ਸਕੇਂ ਤਾਂ ਬੇਟੀ, ਥੋੜ੍ਹਾ ਜਿਹਾ ਲਾਹੌਰੀ ਨਮਕ ਲਿਆ ਦਈਂ।"

---

ਪੰਦਰਾਂ ਦਿਨ ਕਿਵੇਂ ਲੰਘ ਗਏ, ਸਫੀਆ ਨੂੰ ਪਤਾ ਹੀ ਨਾ ਲੱਗਿਆ। ਜਿਮਖਾਨਾ ਦੀਆਂ ਸ਼ਾਮਾਂ, ਦੋਸਤਾਂ ਦੀ ਮੁਹੱਬਤ, ਭਰਾਵਾਂ ਦੀ ਖਾਤਰਦਾਰੀ, ਉਨ੍ਹਾਂ ਦਾ ਵੱਸ ਨਹੀਂ ਸੀ ਚਲਦਾ ਕਿ ਵਿਛੜੀ ਭੈਣ ਲਈ ਕੀ ਕੁਝ ਨਾ ਕਰ ਦੇਣ। ਦੋਸਤਾਂ-ਅਜ਼ੀਜ਼ਾਂ ਦੀ ਇਹ ਹਾਲਤ ਕਿ ਕੋਈ ਕੁਝ ਚੁੱਕੀ ਆ ਰਿਹਾ ਹੈ, ਕੋਈ ਕੁਝ। ਕਿਥੇ ਰੱਖਾਂ, ਕਿਵੇਂ ਬੰਨ੍ਹਾਂ, ਕਿਵੇਂ ਲੈ ਜਾਵਾਂ-ਇਕ ਮਸਲਾ ਖੜ੍ਹਾ ਹੋ ਗਿਆ ਤੇ ਸਭ ਤੋਂ ਵੱਡਾ ਮਸਲਾ ਉਹ ਬਦਾਮੀ ਰੰਗ ਦਾ ਛੋਟਾ ਜਿਹਾ ਲਿਫਾਫਾ ਲਾਹੌਰੀ ਨਮਕ ਦਾ। ਉਸ ਨੇ ਹੌਲੀ ਜਿਹੀ ਆਪਣੇ ਭਰਾ ਨੂੰ ਪੁੱਛਿਆ, "ਨਮਕ ਲਿਜਾ ਸਕਦੀ ਹਾਂ?"

"ਨਮਕ ਕਿਵੇਂ ਲੈ ਜਾਵੇਂਗੀ? ਇਹ ਤਾਂ ਗੈਰ-ਕਾਨੂੰਨੀ ਹੈ, ਨਾਲੇ ਨਮਕ ਤੂੰ ਕਰਨਾ ਵੀ ਕੀ ਹੈ? ਤੁਹਾਡੇ ਹਿੱਸੇ ਤਾਂ ਪਹਿਲਾਂ ਈ ਸਾਡੇ ਨਾਲੋਂ ਵੱਧ ਨਮਕ ਆਇਆ ਹੈ।"

"ਹਿੱਸੇ-ਪੱਤੀ ਦੀ ਗੱਲ ਕੌਣ ਕਰ ਰਿਹਾ ਹੈ? ਆਇਆ ਹੋਵੇਗਾ।" ਉਸ ਨੇ ਖਿੱਝ ਕੇ ਕਿਹਾ, "ਪਰ ਮੈਨੂੰ ਤਾਂ ਲਾਹੌਰੀ ਨਮਕ ਚਾਹੀਦੈ, ਮੇਰੀ ਮਾਂ ਨੇ ਮੰਗਵਾਇਆ ਹੈ।"

ਭਰਾ ਦੀ ਸਮਝ ਵਿਚ ਕੁਝ ਨਹੀਂ ਆਇਆ, ਜ਼ਰਾ ਨਰਮੀ ਨਾਲ ਸਮਝਾਉਣ ਦੇ ਅੰਦਾਜ਼ ਵਿਚ ਬੋਲਿਆ, "ਦੇਖ ਆਪਾ! ਤੂੰ ਕਸਟਮ ਵਿਚੋਂ ਲੰਘਣਾ ਹੈ ਤੇ ਤੇਰੇ ਕੋਲੋਂ ਜੇ ਇਕ ਵੀ ਅਜਿਹੀ ਚੀਜ਼ ਨਿਕਲ ਆਈ ਤਾਂ ਤੇਰੇ ਸਾਮਾਨ ਨੂੰ ਪੱਤ-ਪੱਤ ਕਰ ਕੇ ਖਿਲਾਰ ਦੇਣਗੇ ਕਸਟਮ ਵਾਲੇ।"

"ਨਿਕਲ ਆਈ ਦਾ ਕੀ ਮਤਲਬ?" ਉਹ ਨਰਾਜ਼ਗੀ ਨਾਲ ਬੋਲੀ, "ਮੈਂ ਛੁਪਾ ਕੇ ਥੋੜ੍ਹਾ ਲਿਜਾਵਾਂਗੀ। ਮੈਂ ਤਾਂ ਦਿਖਾ ਕੇ, ਕਹਿ ਕੇ ਲਿਜਾਵਾਂਗੀ।"

"ਬਈ ਇਹ ਤਾਂ ਤੂੰ ਬਹੁਤ ਗਲਤ ਕਰੇਂਗੀ। ਕਾਨੂੰਨ ਕਾਨੂੰਨ ਹੀ ਹੁੰਦਾ ਹੈ, ਮੈਂ ਤੈਨੂੰ ਦੱਸ ਰਿਹਾਂ।"

"ਅੱਛਾ! ਤੇ ਸਭ ਕਾਨੂੰਨ ਹਕੂਮਤ ਦੇ ਹੀ ਹੁੰਦੇ ਹਨ। ਮੁਹੱਬਤ ਦੇ, ਇਨਸਾਨੀਅਤ ਦੇ ਕੋਈ ਕਾਨੂੰਨ ਨਹੀਂ ਹੁੰਦੇ? ਕਸਟਮ ਵਾਲੇ ਵੀ ਤਾਂ ਇਨਸਾਨ ਹੀ ਹਨ, ਕੋਈ ਮਸ਼ੀਨ ਤਾਂ ਨਹੀਂ।"

"ਹਾਂ! ਮਸ਼ੀਨ ਤਾਂ ਨਹੀਂ ਹੁੰਦੇ, ਪਰ ਉਹ ਸ਼ਾਇਰ ਤੇ ਅਦੀਬ ਵੀ ਨਹੀਂ ਹੁੰਦੇ। ਉਨ੍ਹਾਂ ਨੇ ਵੀ ਆਪਣਾ ਫਰਜ਼ ਪੂਰਾ ਕਰਨਾ ਹੁੰਦਾ ਹੈ।"

"ਮੈਂ ਕਦੋਂ ਕਹਿੰਦੀ ਹਾਂ ਕਿ ਉਹ ਆਪਣਾ ਫਰਜ਼ ਪੂਰਾ ਨਾ ਕਰਨ। ਇਕ ਤੋਹਫਾ ਹੈ, ਦੇਖ ਲੈਣ! ਕੋਈ ਸੋਨਾ-ਚਾਂਦੀ ਨਹੀਂ ਤੇ ਨਾ ਹੀ ਕੋਈ ਬਲੈਕ ਮਾਰਕੀਟ ਦਾ ਮਾਲ ਹੈ।"

"ਹੁਣ ਤੇਰੇ ਨਾਲ ਕੌਣ ਬਹਿਸ ਕਰੇ ਆਪਾ? ਤੂੰ ਐਂ ਅਦੀਬ ਤੇ ਸਾਰੇ ਅਦੀਬਾਂ ਦੇ ਦਿਮਾਗ ਅੱਧੇ ਖਰਾਬ ਹੁੰਦੇ ਹਨ। ਪਰ ਮੈਂ ਦੱਸ ਰਿਹਾਂ ਕਿ ਤੂੰ ਇਹ ਨਹੀਂ ਲਿਜਾ ਸਕੇਂਗੀ। ਕਸਟਮ 'ਤੇ ਰਖਵਾ ਲੈਣਗੇ ਤੇ ਬਦਨਾਮੀ ਅੱਡ ਹੋਵੇਗੀ।"

"ਕਾਸ਼! ਕੁਝ ਜ਼ਿਆਦਾ ਲੋਕਾਂ ਦਾ ਦਿਮਾਗ ਸਾਡੇ ਅਦੀਬਾਂ ਵਾਂਗ ਖਰਾਬ ਹੁੰਦਾ।" ਉਹ ਖਿੱਝ ਕੇ ਬੁੜਬੁੜਾਈ।

ਇਸ ਬਦਮਗਜ਼ੀ ਵਿਚ ਕਾਫੀ ਰਾਤ ਹੋ ਗਈ। ਅਗਲੇ ਦਿਨ ਦੋ ਵਜੇ ਉਸ ਵਾਪਸ ਜਾਣਾ ਸੀ ਤੇ ਸਵੇਰ ਦਾ ਵਕਤ ਮਿਲਣ-ਗਿਲਣ ਵਾਲਿਆਂ ਨਾਲ ਬੀਤ ਜਾਣਾ ਸੀ। ਪੈਕਿੰਗ ਰਾਤ ਨੂੰ ਹੀ ਕਰਨੀ ਪੈਣੀ ਸੀ। ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਕੇ ਉਹ ਸਾਮਾਨ ਬੰਨ੍ਹਣ ਲੱਗੀ। ਸਾਰਾ ਸਾਮਾਨ ਹੌਲੀ ਹੌਲੀ ਸੂਟਕੇਸ ਤੇ ਬਿਸਤਰਬੰਨ੍ਹ ਵਿਚ ਸਿਮਟ ਗਿਆ। ਸਿਰਫ ਦੋ ਚੀਜ਼ਾਂ ਰਹਿ ਗਈਆਂ-ਇਕ ਕਿੰਨੂਆਂ ਦੀ ਛੋਟੀ ਜਿਹੀ ਟੋਕਰੀ, ਕਿਸੇ ਅਤਿ ਪਿਆਰੇ ਦੋਸਤ ਵਲੋਂ ਦਿੱਤਾ ਲਜ਼ੀਜ਼ ਫਲ ਦਾ ਤੋਹਫਾ ਤੇ ਨਮਕ ਦੀ ਉਹ ਛੋਟੀ ਜਿਹੀ ਥੈਲੀ।

ਸਫੀਆ ਨੇ ਸੋਚਿਆ, 'ਇਹਨੂੰ ਤਾਂ ਹੱਥ ਵਿਚ ਫੜ੍ਹ ਲਵਾਂਗੀ, ਕਸਟਮ ਵਾਲਿਆਂ ਮੂਹਰੇ ਸਭ ਤੋਂ ਪਹਿਲਾਂ ਇਹੀ ਰੱਖਾਂਗੀ। ਜੇ ਉਨ੍ਹਾਂ ਨੇ ਨਾ ਜਾਣ ਦਿੱਤਾ ਤਾਂ ਛੱਡ ਦਿਆਂਗੀ। ਪਰ ਫੇਰ ਮੇਰੇ ਵਾਅਦੇ ਦਾ ਕੀ ਹੋਵੇਗਾ? ਅੱਜ ਤਕ ਕਿਸੇ ਨਾਲ ਕੋਈ ਝੂਠਾ ਇਕਰਾਰ ਨਹੀਂ ਕੀਤਾ। ਇਹ ਤਾਂ ਮੇਰੀ ਸ਼ਾਨ ਦੇ ਖਿਲਾਫ ਹੈ। ਮੈਂ ਪਹਿਲਾਂ ਜ਼ੁਬਾਨ ਹੀ ਕਿਉਂ ਦਿੱਤੀ! ਇਹ ਤਾਂ ਪਹਿਲਾਂ ਸੋਚਣਾ ਚਾਹੀਦਾ ਸੀ ਕਿ ਕਸਟਮ ਵਿਚੋਂ ਵੀ ਲੰਘਣਾ ਹੈ।' ਫਿਰ ਕੁਝ ਸੋਚ ਕੇ ਉਹ ਉਠੀ। ਕਿੰਨੂਆਂ ਦੀ ਟੋਕਰੀ ਕਾਲੀਨ ਉਤੇ ਖਾਲੀ ਕਰ ਦਿੱਤੀ ਤੇ ਨਮਕ ਦੀ ਥੈਲੀ ਸਭ ਤੋਂ ਥੱਲੇ ਰੱਖ ਕੇ ਉਪਰ ਕਿੰਨੂ ਚਿਣ ਦਿੱਤੇ। 'ਕਿੰਨੂਆਂ 'ਤੇ ਤਾਂ ਕੋਈ ਪਾਬੰਦੀ ਨਹੀਂ ਹੈ!' ਕੁਝ ਦੇਰ ਉਹ ਟੋਕਰੀ ਕੋਲ ਪੈਰਾਂ ਭਾਰ ਬੈਠੀ ਰਹੀ, ਸੋਚਦੀ ਰਹੀ ਤੇ ਉਨ੍ਹਾਂ ਕਹਾਣੀਆਂ ਨੂੰ ਯਾਦ ਕਰਦੀ ਰਹੀ ਜਿਨ੍ਹਾਂ ਵਿਚ ਕੋਈ ਸ਼ਹਿਜ਼ਾਦਾ ਆਪਣਾ ਪੱਟ ਚੀਰ ਕੇ ਉਸ ਵਿਚ ਹੀਰਾ ਛੁਪਾ ਲੈਂਦਾ ਤੇ ਸਰਹੱਦਾਂ ਤੋਂ ਪਾਰ ਹੋ ਜਾਂਦਾ। ਹੁਣ ਦੇ ਸਮੇਂ ਵਿਚ ਅਜਿਹੀ ਕੋਈ ਤਰਕੀਬ ਨਹੀਂ ਹੋ ਸਕਦੀ। ਨਹੀਂ ਤਾਂ ਉਹ ਆਪਣਾ ਦਿਲ ਚੀਰ ਕੇ ਉਸ ਵਿਚ ਨਮਕ ਦੀ ਥੈਲੀ ਛੁਪਾ ਲੈਂਦੀ, ਪਰ ਥੈਲੀ ਕਿੰਨੂਆਂ ਵਿਚ ਪੂਰੀ ਤਰ੍ਹਾਂ ਛੁਪ ਗਈ ਸੀ। ਸੰਤੁਸ਼ਟ ਹੋ ਕੇ ਉਸ ਨੇ ਸੂਟਕੇਸ ਪਲੰਘ ਥੱਲੇ ਸਰਕਾਇਆ, ਟੋਕਰੀ ਸਿਰਹਾਣੇ ਵੱਲ ਰੱਖੀ ਤੇ ਲੇਟ ਗਈ।

ਰਾਤ ਦਾ ਤਕਰੀਬਨ ਡੇਢ ਵੱਜ ਚੁੱਕਾ ਸੀ। ਮਾਰਚ ਦੀ ਸੁਹਾਵੀ ਹਵਾ ਖਿੜਕੀ ਦੀ ਜਾਲੀ ਵਿਚੋਂ ਅੰਦਰ ਆ ਰਹੀ ਸੀ। ਬਾਹਰ ਠੰਢਾ ਤੇ ਸਾਫ ਚਾਨਣ ਫੈਲਿਆ ਹੋਇਆ ਸੀ। ਖਿੜਕੀ ਦੇ ਕੋਲ ਬਾਹਰ ਲੱਗੇ ਦਰੱਖਤ ਦੀਆਂ ਪੱਤੀਆਂ ਦਾ ਪਰਛਾਵਾਂ ਕਮਰੇ ਦੀ ਸਾਹਮਣੇ ਕੰਧ 'ਤੇ ਪੈ ਰਿਹਾ ਸੀ। ਇਹ ਪਾਕਿਸਤਾਨ ਸੀ ਜਿਥੇ ਉਸ ਦੇ ਵੀਰ ਸਨ, ਦੋਸਤ ਸਨ, ਉਸ ਦੇ ਅੱਬਾ ਦੀ ਕਬਰ ਸੀ ਅਤੇ ਇਸ ਸਭ ਕੁਝ ਦੇ ਵਿਚਕਾਰ ਸਰਹੱਦ ਸੀ ਅਤੇ ਬੜੀਆਂ ਤਿੱਖੀਆਂ ਲੋਹੇ ਦੀਆਂ ਸੀਖਾਂ ਸਨ ਜਿਨ੍ਹਾਂ ਨੂੰ 'ਕਸਟਮ' ਕਿਹਾ ਜਾਂਦਾ ਸੀ। ਭਲਕੇ ਉਹ ਲਾਹੌਰ ਤੋਂ ਚਲੀ ਜਾਵੇਗੀ। ਹੋ ਸਕਦਾ ਹੈ ਅਗਲੇ ਸਾਲ ਫਿਰ ਆਏ। ਇਕ ਸਾਲ ਤੋਂ ਪਹਿਲਾਂ ਤਾਂ ਉਹ ਆ ਹੀ ਨਹੀਂ ਸੀ ਸਕਦੀ। ਹੋ ਸਕਦੈ, ਕਦੇ ਵੀ ਨਾ ਆ ਸਕੇ। ਉਸ ਦੀਆਂ ਅੱਖਾਂ ਹੌਲੀ ਹੌਲੀ ਮਿਚਣ ਲੱਗੀਆਂ। ਫਿਰ ਉਸ ਨੂੰ ਝਿਲਮਿਲਾਉਂਦਾ ਸਫੈਦ ਦੁਪੱਟਾ ਲਹਿਰਾਉਂਦਾ ਦਿਸਿਆ, "ਸਾਨੂੰ ਉਥੋਂ ਆਇਆਂ ਤਾਂ ਬਹੁਤ ਚਿਰ ਹੋ ਗਿਆ, ਪਰ ਸਾਡਾ ਵਤਨ ਤਾਂ ਲਾਹੌਰ ਈ ਐ ਜੀ।" ਫਿਰ ਇਕਬਾਲ ਦਾ ਸਫੈਦ ਮਕਬਰਾ, ਉਸ ਦੇ ਨਾਲ ਲਾਹੌਰ ਦਾ ਕਿਲ੍ਹਾ, ਉਸ ਦੇ ਪਿੱਛੇ ਡੁੱਬਦੇ ਸੂਰਜ ਦੀਆਂ ਆਖਰੀ ਕਿਰਨਾਂ, ਫੈਲਦਾ ਹਨੇਰਾ ਤੇ ਉਸ ਰੰਗੀਨ ਹਨੇਰੇ ਵਿਚ ਵਗਦੀ ਨਰਮ ਸੁਆਦਲੀ ਮੌਲਸਰੀ ਦੀ ਸੁਗੰਧ ਨਾਲ ਭਰੀ ਹਵਾ। ਫਿਰ ਹਨੇਰਿਆਂ ਵਿਚ ਸਫੈਦ ਦੁਪੱਟਾ ਲਹਿਰਾਉਣ ਲੱਗਾ, "ਸਾਡਾ ਵਤਨ ਤਾਂ ਜੀ ਲਾਹੌਰ ਈ ਐ।" ਯਕਦਮ ਉਸ ਦੀ ਅੱਖ ਖੁੱਲ੍ਹ ਗਈ। ਨੀਂਦ ਵਿਚ ਪਾਸਾ ਪਰਤਦਿਆਂ ਉਸ ਦਾ ਹੱਥ ਕਿੰਨੂਆਂ ਦੀ ਭਰੀ ਟੋਕਰੀ ਉਤੇ ਜਾ ਪਿਆ ਸੀ-ਠੰਢੇ ਰਸਦਾਰ, ਮਿੱਠੇ ਕਿੰਨੂ, ਜੋ ਭੇਟ ਕਰਦਿਆਂ ਉਸ ਦੇ ਦੋਸਤ ਨੇ ਕਿਹਾ ਸੀ, "ਇਹ ਹਿੰਦੁਸਤਾਨ-ਪਾਕਿਸਤਾਨ ਦੀ ਸਾਂਝ ਦਾ ਮੇਵਾ ਹੈ।"

ਲਾਹੌਰ ਸਟੇਸ਼ਨ 'ਤੇ ਵੀ ਉਹੀ ਕੁਝ ਹੋ ਰਿਹਾ ਸੀ ਜੋ ਅੰਮ੍ਰਿਤਸਰ ਸਟੇਸ਼ਨ 'ਤੇ ਹੋਇਆ ਸੀ। ਤੀਜੇ ਦਰਜੇ ਦੇ ਮੁਸਾਫਰ ਆਪਣੀਆਂ ਗੱਠੜੀਆਂ-ਪੋਟਲੀਆਂ ਸੰਭਾਲੀ ਸਹਿਮੇ, ਘਬਰਾਏ ਹੈਰਾਨ-ਪਰੇਸ਼ਾਨ ਆਪਣਾ ਸਾਮਾਨ ਦਿਖਾ ਰਹੇ ਸਨ। ਛੋਟੇ ਛੋਟੇ ਟੀਨ ਦੇ ਬਕਸੇ, ਪੀਪਿਆਂ ਦੀ ਤਲਾਸ਼ੀ ਲਈ ਜਾ ਰਹੀ ਸੀ ਤੇ ਤਰ੍ਹਾਂ ਤਰ੍ਹਾਂ ਦੇ ਸਵਾਲ ਕੀਤੇ ਜਾ ਰਹੇ ਸਨ। ਪਹਿਲੇ ਦਰਜੇ ਵਾਲੇ ਵੇਟਿੰਗ-ਰੂਮ ਵਿਚ ਬੈਠੇ ਇਤਮਿਨਾਨ ਨਾਲ ਸੈਵਨ ਅੱਪ ਪੀ ਰਹੇ ਸਨ। ਉਨ੍ਹਾਂ ਦਾ ਸਮਾਨ ਵੇਟਿੰਗ-ਰੂਮ ਦੀ ਕੰਧ ਨਾਲ ਸਲੀਕੇ ਨਾਲ ਲੱਗਾ ਹੋਇਆ ਸੀ-ਵੱਡੇ ਵੱਡੇ ਸੂਟਕੇਸ, ਏਅਰ ਬੈਗ, ਹੈਂਡ ਬੈਗ ਆਦਿ। ਸਫੀਆ ਵੀ ਫਸਟ ਕਲਾਸ ਵਿਚ ਸੀ। ਦਿੱਲੀ ਤਕ ਦਾ ਕਿਰਾਇਆ ਉਸ ਦੇ ਭਰਾ ਨੇ ਅਦਾ ਕੀਤਾ ਸੀ। ਉਹ ਟਿਕਟ ਹੱਥ ਵਿਚ ਫੜੀ ਵੇਟਿੰਗ-ਰੂਮ ਸਾਹਮਣੇ ਟਹਿਲ ਰਿਹਾ ਸੀ। ਉਹ ਅੰਦਰ ਬੈਠੀ, ਚਾਹ ਦੀ ਪਿਆਲੀ ਹੱਥ ਵਿਚ ਫੜੀ, ਕਿੰਨੂਆਂ ਦੀ ਟੋਕਰੀ 'ਤੇ ਨਜ਼ਰਾਂ ਗੱਡੀ ਸੋਚ ਰਹੀ ਸੀ ਕਿ ਸਿਰਫ ਉਹੀ ਜਾਣਦੀ ਹੈ ਕਿ ਢੇਰ ਸਾਰੇ ਕਿੰਨੂਆਂ ਥੱਲੇ ਦੱਬੀ ਛੋਟੀ ਜਿਹੀ ਨਮਕ ਦੀ ਥੈਲੀ ਵੀ ਹੈ। ਜਦੋਂ ਉਸ ਦਾ ਸਮਾਨ ਚੈਕਿੰਗ ਲਈ ਜਾਣ ਲੱਗਾ ਤਾਂ ਕਸਟਮ ਅਫਸਰ ਨੂੰ ਦੇਖ ਕੇ ਉਸ ਨੂੰ ਝੁਣਝੁਣੀ ਆਈ ਅਤੇ ਉਸ ਨੇ ਇਕ ਪਲ ਵਿਚ ਫੈਸਲਾ ਕਰ ਲਿਆ ਕਿ ਉਹ ਨਮਕ ਕਸਟਮ ਵਾਲਿਆਂ ਨੂੰ ਦਿਖਾਏਗੀ। ਬਿਜਲੀ ਦੀ ਫੁਰਤੀ ਨਾਲ ਉਸ ਨੇ ਟੋਕਰੀ ਦੀ ਤਹਿ ਵਿਚੋਂ ਥੈਲੀ ਕੱਢੀ ਤੇ ਆਪਣੇ ਬੈਗ ਵਿਚ ਰੱਖ ਲਈ। ਜਦੋਂ ਸਮਾਨ ਚੈਕ ਹੋ ਕੇ ਗੱਡੀ ਵੱਲ ਜਾਣ ਲੱਗਾ ਤਾਂ ਉਹ ਕਸਟਮ ਅਧਿਕਾਰੀ ਵੱਲ ਵਧੀ। ਜ਼ਿਆਦਾਤਰ ਮੇਜ਼ ਖਾਲੀ ਹੋ ਚੁੱਕੇ ਸਨ। ਆਖਰੀ ਮੇਜ਼ 'ਤੇ ਕੋਈ ਅਧਿਕਾਰੀ ਬੈਠਾ ਸੀ-ਲੰਬਾ, ਪਤਲਾ, ਕਮਜ਼ੋਰ ਜਿਹਾ ਜੁੱਸਾ, ਖਿਚੜੀ ਵਾਲ ਅਤੇ ਅੱਖਾਂ ਉਤੇ ਐਨਕ। ਕਸਟਮ ਅਫਸਰ ਦੀ ਵਰਦੀ ਉਸ ਉਪਰ ਬੜੀ ਅਜੀਬ ਲੱਗ ਰਹੀ ਸੀ।



"ਮੈਂ ਤੁਹਾਥੋਂ ਕੁਝ ਪੁੱਛਣਾ ਚਾਹੁੰਦੀ ਹਾਂ।" ਸਫੀਆ ਨੇ ਝਿਜਕਦਿਆਂ ਕਿਹਾ।

ਉਸ ਨੇ ਨਜ਼ਰ ਚੁੱਕ ਕੇ ਵੇਖਿਆ, "ਫਰਮਾਓ।" ਉਸ ਦੇ ਲਹਿਜੇ ਨੇ ਸਫੀਆ ਦਾ ਹੌਸਲਾ ਵਧਾਇਆ, "ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?"

ਅਧਿਕਾਰੀ ਨੇ ਕੁਝ ਹੈਰਾਨੀ ਨਾਲ ਉਸ ਵੱਲ ਧਿਆਨ ਨਾਲ ਵੇਖਿਆ ਤੇ ਕਿਹਾ, "ਖਾਕਸਾਰ ਦਾ ਵਤਨ ਦਿੱਲੀ ਹੈ। ਤੁਸੀਂ ਤਾਂ ਸਾਡੇ ਵੱਲ ਦੇ ਲੱਗਦੇ ਓ। ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਵੋਗੇ?"

"ਜੀ ਹਾਂ, ਲਖਨਊ ਦੀ ਰਹਿਣ ਵਾਲੀ ਹਾਂ। ਆਪਣੇ ਭਰਾਵਾਂ ਨੂੰ ਮਿਲਣ ਆਈ ਸੀ। ਤੁਹਾਨੂੰ ਤਾਂ ਪਾਕਿਸਤਾਨ ਆਇਆਂ ਕਾਫੀ ਅਰਸਾ ਹੋ ਗਿਆ ਹੋਵੇਗਾ।"

"ਬਸ ਜਦੋਂ ਪਾਕਿਸਤਾਨ ਬਣਿਆ, ਉਦੋਂ ਹੀ ਆਏ ਸਾਂ, ਪਰ ਸਾਡਾ ਵਤਨ ਤਾਂ ਦਿੱਲੀ ਹੈ।"

ਸਫੀਆ ਨੇ ਬੈਗ ਖੋਲ੍ਹ ਕੇ ਲੂਣ ਦੀ ਥੈਲੀ ਉਸ ਦੇ ਸਾਹਮਣੇ ਰੱਖ ਦਿੱਤੀ ਤੇ ਹੌਲੀ ਹੌਲੀ ਉਸ ਨੂੰ ਸਭ ਕੁਝ ਦੱਸ ਦਿੱਤਾ। ਅਧਿਕਾਰੀ ਨੇ ਆਪਣਾ ਇਕ ਹੱਥ ਥੈਲੀ 'ਤੇ ਰੱਖਿਆ ਤੇ ਉਸ ਨੂੰ ਹੌਲੀ ਹੌਲੀ ਆਪਣੇ ਵੱਲ ਸਰਕਾਉਣ ਲੱਗਾ। ਜਦੋਂ ਸਫੀਆ ਦੀ ਗੱਲ ਮੁੱਕੀ ਤਾਂ ਉਸ ਨੇ ਥੈਲੀ ਦੋਵੇਂ ਹੱਥਾਂ ਵਿਚ ਚੁੱਕ ਕੇ ਆਪ ਸਫੀਆ ਦੇ ਖੁੱਲ੍ਹੇ ਪਏ ਬੈਗ ਵਿਚ ਰੱਖੀ ਤੇ ਬੈਗ ਉਸ ਨੂੰ ਫੜਾਉਂਦਿਆਂ ਬੋਲਿਆ, "ਮੁਹੱਬਤਾਂ ਤਾਂ ਕਸਟਮ ਨੇੜਿਓਂ ਇਸ ਤਰ੍ਹਾਂ ਲੰਘ ਜਾਂਦੀਆਂ ਹਨ ਕਿ ਕਾਨੂੰਨ ਹੈਰਾਨ ਰਹਿ ਜਾਂਦਾ ਹੈ।"

ਜਦੋਂ ਉਹ ਤੁਰਨ ਲੱਗੀ ਤਾਂ ਉਹ ਵੀ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, "ਜਾਮਾ ਮਸਜਿਦ ਦੀਆਂ ਪੌੜੀਆਂ ਨੂੰ ਮੇਰਾ ਸਲਾਮ ਦੇਣਾ ਤੇ ਉਸ ਖਾਤੂਨ ਨੂੰ ਨਮਕ ਭੇਟ ਕਰਦਿਆਂ ਮੇਰੇ ਵਲੋਂ ਆਖਣਾ ਕਿ ਜੇ ਲਾਹੌਰ ਅਜੇ ਵੀ ਉਨ੍ਹਾਂ ਦਾ ਵਤਨ ਹੈ ਤੇ ਦਿੱਲੀ ਮੇਰਾ, ਤਾਂ ਹੌਲੀ ਹੌਲੀ ਸਭ ਠੀਕ ਹੋ ਜਾਏਗਾ।"

ਹਸਰਤ ਭਰੀਆਂ ਨਜ਼ਰਾਂ, ਠੰਢੇ ਹਉਕਿਆਂ ਤੇ ਖਾਮੋਸ਼ ਬੁੱਲ੍ਹਾਂ ਨੂੰ ਪਿੱਛੇ ਛੱਡਦੀ ਰੇਲ ਸਰਹੱਦ ਵਲ ਵਧੀ। ਅਟਾਰੀ ਸਟੇਸ਼ਨ 'ਤੇ ਪਾਕਿਸਤਾਨੀ ਪੁਲਿਸ ਉਤਰੀ, ਹਿੰਦੁਸਤਾਨੀ ਪੁਲਿਸ ਸਵਾਰ ਹੋਈ। ਕੁਝ ਸਮਝ ਨਹੀਂ ਸੀ ਆਉਂਦਾ ਕਿ ਕੌਣ ਪਾਕਿਸਤਾਨੀ ਹੈ ਤੇ ਕੌਣ ਹਿੰਦੁਸਤਾਨੀ; ਕਿਥੋਂ ਲਾਹੌਰ ਖਤਮ ਹੋਇਆ ਤੇ ਕਿਥੋਂ ਅੰਮ੍ਰਿਤਸਰ ਸ਼ੁਰੂ ਹੋ ਗਿਆ। ਇਕੋ ਜ਼ਮੀਨ ਸੀ, ਇਕੋ ਜ਼ੁਬਾਨ, ਇਕੋ ਜਿਹੀਆਂ ਸੂਰਤਾਂ, ਇਕੋ ਜਿਹਾ ਲਹਿਜਾ ਅਤੇ ਅੰਦਾਜ਼, ਬਸ ਮੁਸ਼ਕਿਲ ਸਿਰਫ ਇਹੀ ਸੀ ਕਿ ਬੰਦੂਕਾਂ ਦੋਵਾਂ ਦੇ ਹੱਥਾਂ ਵਿਚ ਸਨ।

ਅੰਮ੍ਰਿਤਸਰ ਸਟੇਸ਼ਨ 'ਤੇ ਵੀ ਉਹੀ ਨਜ਼ਾਰਾ ਸੀ-ਤੀਜੇ ਦਰਜੇ ਦੇ ਮੁਸਾਫਰਾਂ ਨਾਲ ਕੁਰੱਖਤ ਵਿਹਾਰ ਤੇ ਸਾਮਾਨ ਦੀ ਤਫਸੀਲੀ ਤਲਾਸ਼ੀ। ਅੱਵਲ ਦਰਜੇ ਵਾਲਿਆਂ ਦਾ ਸਾਮਾਨ ਉਨ੍ਹਾਂ ਦੇ ਡੱਬੇ ਦੇ ਸਾਹਮਣੇ ਹੀ ਉਤਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਪੜਤਾਲ ਇਥੇ ਹੀ ਹੋਣੀ ਸੀ। ਆਪੋ-ਆਪਣੇ ਸਾਮਾਨ ਕੋਲ ਖੜ੍ਹੇ ਉਹ ਕੋਕਾ ਕੋਲਾ ਪੀ ਰਹੇ ਸਨ। ਸਫੀਆ ਦਾ ਸਾਮਾਨ ਦੇਖਣ ਜਿਹੜਾ ਅਧਿਕਾਰੀ ਆਇਆ, ਉਹ ਗੱਲਬਾਤ ਦੇ ਲਹਿਜੇ ਤੋਂ ਬੰਗਾਲੀ ਜਾਪਦਾ ਸੀ। ਜਦੋਂ ਸਾਰਾ ਸਾਮਾਨ ਦੇਖਿਆ ਜਾ ਚੁੱਕਾ ਤਾਂ ਉਹ ਬਾਕੀ ਲੋਕਾਂ ਤੋਂ ਅੱਡ ਹੋ ਕੇ ਹੌਲੀ ਜਿਹੀ ਬੋਲੀ, "ਮੇਰੇ ਕੋਲ ਥੋੜ੍ਹਾ ਜਿਹਾ ਨਮਕ ਹੈ।"

ਕੰਬਦੇ ਹੱਥਾਂ ਨਾਲ ਬੈਗ ਖੋਲ੍ਹ ਕੇ ਥੈਲੀ ਕੱਢੀ ਤੇ ਕਹਿਣ ਲੱਗੀ, "ਤੁਹਾਡਾ ਦਿਲ ਕਰੇ ਤਾਂ ਮੇਰਾ ਸਾਰਾ ਸਾਮਾਨ ਰੋਕ ਲਵੋ, ਸਿਰਫ ਇਹ ਨਮਕ ਮੈਨੂੰ ਲੈ ਜਾਣ ਦਿਓ।" ਤੇ ਉਸ ਦਾ ਗੱਚ ਭਰ ਆਇਆ।

ਅਫਸਰ ਨੇ ਉਸ ਨੂੰ ਸਿਰ ਤੋਂ ਪੈਰਾਂ ਤਕ ਘੂਰਿਆ, ਜਿਵੇਂ ਇਸ ਉਡੀਕ ਵਿਚ ਹੋਵੇ ਕਿ ਉਹ ਅੱਗੇ ਕੀ ਕਹਿੰਦੀ ਹੈ। ਸਫੀਆ ਨੇ ਟੁੱਟਦੇ ਸ਼ਬਦਾਂ ਤੇ ਲੜਖੜਾਉਂਦੀ ਜ਼ੁਬਾਨ ਨਾਲ ਸਾਰੀ ਕਹਾਣੀ ਕਹਿ ਦਿੱਤੀ। ਅਫਸਰ ਸਿਰ ਝੁਕਾ ਕੇ ਸੁਣਦਾ ਰਿਹਾ। ਜਦੋਂ ਗੱਲ ਮੁੱਕੀ ਤਾਂ ਉਸ ਨੇ ਸਿਰ ਤੋਂ ਪੈਰਾਂ ਤਕ ਸਫੀਆ ਨੂੰ ਦੇਖਿਆ ਤੇ ਕਿਹਾ, "ਜ਼ਰਾ ਇਧਰ ਆਓ।"

ਸਫੀਆ ਉਸ ਦੇ ਪਿੱਛੇ ਸੋਚਦੀ ਤੁਰੀ ਜਾ ਰਹੀ ਸੀ ਕਿ ਉਸ ਨੇ ਏਨੀ ਇਮਾਨਦਾਰੀ ਵਰਤ ਕੇ ਗਲਤੀ ਕੀਤੀ ਹੈ। ਔਰਤਾਂ ਦੇ ਹੈਂਡਬੈਗ ਦੀ ਤਾਂ ਉਂਜ ਹੀ ਪੜਤਾਲ ਨਹੀਂ ਹੁੰਦੀ ਤੇ ਅਫਸਰ ਨੇ ਵੈਸੇ ਵੀ ਉਸ ਦੇ ਸਮਾਨ ਨੂੰ ਸਰਸਰੀ ਨਿਗਾਹ ਨਾਲ ਹੀ ਦੇਖਿਆ ਸੀ। ਹੁਣ ਪਤਾ ਨਹੀਂ ਕੀ ਹੋਵੇਗਾ? ਪਲੇਟਫਾਰਮ ਦੇ ਦੂਜੇ ਕੋਨੇ 'ਤੇ ਕਮਰਾ ਸੀ। ਉਹ ਉਸ ਦੇ ਅੰਦਰ ਗਿਆ, ਸਫੀਆ ਕੁਝ ਹਿਚਕਿਚਾਈ। ਅੰਦਰ ਮੇਜ਼ ਪਿਆ ਸੀ, ਸਿਆਹੀ ਦੇ ਦਾਗਾਂ ਤੇ ਧੂੜ ਨਾਲ ਅੱਟਿਆ। ਤਿੰਨ-ਚਾਰ ਘਟੀਆ ਜਿਹੀਆਂ ਕੁਰਸੀਆਂ, ਇਕ ਦਾ ਬੈਂਤ ਟੁੱਟਾ ਹੋਇਆ। ਉਸ ਨੂੰ ਝਿਜਕਦਿਆਂ ਦੇਖ ਅਫਸਰ ਨੇ ਜੇਬ੍ਹ ਵਿਚੋਂ ਰੁਮਾਲ ਕੱਢ ਕੇ ਕੁਰਸੀ ਝਾੜੀ ਤੇ ਕਿਹਾ, "ਆਓ, ਆ ਜਾਓ ਨਾ!" ਉਹ ਅੰਦਰ ਜਾ ਕੇ ਬਹਿ ਗਈ।

ਥੈਲੀ ਤੇ ਬੈਗ ਇਕ ਪਾਸੇ ਰੱਖ ਕੇ, ਅਫਸਰ ਨੇ ਬਾਹਰ ਖੜ੍ਹੇ ਪੁਲਸੀਏ ਨੂੰ ਇਸ਼ਾਰੇ ਨਾਲ ਬੁਲਾਇਆ। ਸਫੀਆ ਥਾਏਂ ਸੁੰਨ ਹੋ ਗਈ: 'ਹੁਣ ਕੀ ਹੋਵੇਗਾ?'

"ਦੋ ਚਾਹ ਲਿਆਓ।" ਉਸ ਨੇ ਸਿਪਾਹੀ ਨੂੰ ਕਿਹਾ। ਉਹ ਸਫੀਆ ਨੂੰ ਧਿਆਨ ਨਾਲ ਦੇਖਦਾ ਚਲਾ ਗਿਆ। ਫਿਰ ਅਫਸਰ ਨੇ ਮੇਜ਼ ਦਾ ਦਰਾਜ ਖਿੱਚਿਆ ਤੇ ਉਸ ਵਿਚ ਪਿੱਛੇ ਕਰ ਕੇ ਰੱਖੀ ਕਿਤਾਬ ਕੱਢੀ, ਹੱਥ ਨਾਲ ਉਸ ਉਪਰਲੀ ਮਿੱਟੀ ਝਾੜੀ ਤੇ ਸਫੀਆ ਸਾਹਮਣੇ ਰੱਖ ਕੇ ਪਹਿਲਾ ਪੰਨਾ ਖੋਲ੍ਹ ਦਿੱਤਾ। ਖੱਬੇ ਹੱਥ 'ਨਜ਼ਰੁਲ ਇਸਲਾਮ' ਦੀ ਤਸਵੀਰ ਸੀ ਤੇ ਟਾਈਟਲ ਵਾਲੇ ਸਫੇ 'ਤੇ ਧੁੰਦਲੀ ਜਿਹੀ ਸਿਆਹੀ ਵਿਚ ਲਿਖਿਆ ਸੀ:

"ਸੁਨੀਲ ਦਾਸ ਗੁਪਤਾ ਲਈ ਸ਼ਮਸੁਲ ਇਸਲਾਮ ਵਲੋਂ-ਢਾਕਾ।"

"ਤਾਂ ਤੁਸੀਂ ਪੂਰਬੀ ਬੰਗਾਲ ਦੇ ਰਹਿਣ ਵਾਲੇ ਹੋ।" ਸਫੀਆ ਨੇ ਅੰਗਰੇਜ਼ੀ ਵਿਚ ਪੁੱਛਿਆ।

"ਹਾਂ ਮੇਰਾ ਵਤਨ ਢਾਕਾ ਹੈ।"

"ਏਥੇ ਕਦੋਂ ਤੋਂ ਰਹਿ ਰਹੇ ਹੋ?"

"ਬਸ ਜਦੋਂ ਪਾਕਿਸਤਾਨ ਬਣਿਆ, ਉਦੋਂ ਹੀ ਆਏ ਸਾਂ। ਮੈਂ ਬਾਰ੍ਹਾਂ-ਤੇਰ੍ਹਾਂ ਸਾਲਾਂ ਦਾ ਸੀ। ਪਰ ਨਜ਼ਰੁਲ ਇਸਲਾਮ ਤੇ ਟੈਗੋਰ ਨੂੰ ਤਾਂ ਅਸੀਂ ਬਚਪਨ ਤੋਂ ਪੜ੍ਹਦੇ ਆਏ ਹਾਂ। ਜਿਸ ਦਿਨ ਅਸੀਂ ਆਏ, ਉਸ ਤੋਂ ਠੀਕ ਇਕ ਸਾਲ ਪਹਿਲਾਂ ਇਹ ਕਿਤਾਬ ਮੇਰੇ ਦੋਸਤ ਸ਼ਮਸੁਲ ਇਸਲਾਮ ਨੇ ਮੈਨੂੰ ਭੇਟ ਕੀਤੀ ਸੀ। ਫਿਰ ਅਸੀਂ ਕਲਕੱਤੇ ਰਹੇ ਤੇ ਵਤਨ ਆਉਂਦੇ-ਜਾਂਦੇ ਰਹੇ।"

"ਵਤਨ!" ਸਫੀਆ ਨੇ ਜ਼ਰਾ ਹੈਰਾਨੀ ਨਾਲ ਪੁੱਛਿਆ।

"ਹਾਂ ਮੈਂ ਤੁਹਾਨੂੰ ਦੱਸਿਆ ਨਾ ਕਿ ਮੇਰਾ ਵਤਨ ਢਾਕਾ ਹੈ।" ਅਧਿਕਾਰੀ ਨੇ ਜ਼ਰਾ ਨਾਰਾਜ਼ਗੀ ਨਾਲ ਕਿਹਾ।

"ਹਾਂ! ਹਾਂ!! ਠੀਕ! ਠੀਕ!!" ਸਫੀਆ ਉਸ ਨੂੰ ਕਿਸੇ ਕੀਮਤ 'ਤੇ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ।


"ਪਹਿਲੇ ਤਾਂ ਸਿਰਫ ਇਧਰ ਹੀ ਕਸਟਮ ਹੁੰਦਾ ਸੀ ਪਰ ਹੁਣ ਓਧਰ ਵੀ ਕੁਝ ਗੋਲਮਾਲ ਹੋ ਗਿਆ ਹੈ।" ਉਸ ਨੇ ਚਾਹ ਦਾ ਕੱਪ ਸਫੀਆ ਵੱਲ ਕੀਤਾ ਤੇ ਆਪ ਦੋ ਵੱਡੇ ਵੱਡੇ ਘੁੱਟ ਭਰ ਕੇ ਕਹਿਣ ਲੱਗਾ, "ਉਂਜ ਤਾਂ ਡਾਬ (ਨਾਰੀਅਲ ਵਿਚ ਪੱਕੀ ਝੀਂਗਾ ਮੱਛੀ) ਕਲਕੱਤਾ ਵਿਚ ਵੀ ਹੁੰਦਾ ਹੈ, ਪਰ ਸਾਡੇ ਡਾਬ ਦੇ ਕੀ ਕਹਿਣੇ! ਸਾਡੀ ਜ਼ਮੀਨ ਦੀ ਤਾਸੀਰ ਹੀ ਕੁਝ ਹੋਰ ਹੈ।"

ਉਠਦਿਆਂ ਉਸ ਨੇ ਥੈਲੀ ਆਪਣੇ ਹੱਥ ਵਿਚ ਫੜ੍ਹ ਕੇ ਤੁਰਨਾ ਸ਼ੁਰੂ ਕੀਤਾ। ਸਫੀਆ ਉਸ ਦੇ ਪਿੱਛੇ ਸੀ। ਪਲੇਟਫਾਰਮ 'ਤੇ ਆ ਕੇ ਉਸ ਨੇ

*(ਅਗਲੇ ਸਫੇ 'ਤੇ ਜਾਰੀ)*


# ਨਾਵ ਜਿਨਾ ਸੁਲਤਾਨ ਖਾਨ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿੰਡ ਵਿਚ ਸਾਡੀ ਪੱਤੀ 'ਚ ਕੇਵਲ ਇਕ ਮੁਸਲਮਾਨ ਪਰਿਵਾਰ ਹੀ ਰਹਿ ਗਿਆ ਸੀ ਜਿਸ ਦਾ ਨਿਵਾਸ ਸਾਡੀ ਗਲੀ ਦੀ ਇੱਕ ਘਚੋਰ ਵਿਚ ਸੀ। ਲੀਲੋ ਨਾਮੀਂ ਇਸ ਪਰਿਵਾਰ ਦਾ ਮੁੰਡਾ ਮੈਥੋਂ 8-10 ਸਾਲ ਵੱਡਾ ਸੀ। ਛੋਟੇ ਹੁੰਦਿਆਂ ਇਕ ਦਿਨ ਗਲੀ ਵਿਚ ਖੇਡਦਿਆਂ ਮੈਂ ਲੀਲੋ ਤੋਂ ਉਸ ਦਾ ਅਸਲੀ ਨਾਂ ਪੁੱਛਿਆ ਤਾਂ ਉਸ ਨੇ 'ਸਰਦਾਰ ਖਾਂ' ਦੱਸਿਆ। ਖਾਂ ਸ਼ਬਦ ਨਾਲ ਇਹ ਮੇਰੀ ਪਹਿਲੀ ਪਛਾਣ ਸੀ। ਕੁਝ ਵੱਡਾ ਹੋਇਆ ਤਾਂ ਸਕੂਲੇ ਚਰਨ ਸਿੰਘ ਸ਼ਹੀਦ ਦੀ ਇੱਕ ਹਾਸ-ਰਸੀ ਕਵਿਤਾ ਪੜ੍ਹਨ ਨੂੰ ਮਿਲੀ ਜਿਸ ਵਿਚ ਪਾਟੇ ਖਾਂ ਤੇ ਨਾਢੂ ਖਾਂ ਨਾਂ ਦੇ ਦੋ ਬੰਦੇ ਇੱਕ ਪੁਲ ਨੂੰ ਇਕ ਦੂਸਰੇ ਦੇ ਉਲਟ ਦਿਸ਼ਾ ਵਿਚ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੱਧ ਵਿਚਕਾਰ ਉਨ੍ਹਾਂ ਦਾ ਤਕਰਾਰ ਹੋ ਜਾਂਦਾ ਹੈ



*ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਮਰਾਨ ਖਾਂ*

ਕਿਉਂਕਿ ਪੁਲ ਏਨਾ ਤੰਗ ਸੀ ਕਿ ਉਸ ਥਾਣੀਂ ਇੱਕ ਵੇਲੇ ਇਕੋ ਜਣਾ ਹੀ ਲੰਘ ਸਕਦਾ ਸੀ। ਦੋਨੋਂ ਇਕ ਦੂਜੇ ਨੂੰ ਪਿੱਛੇ ਮੁੜਨ ਨੂੰ ਆਖਦੇ ਹਨ ਪਰ ਦੋਨੋਂ ਹੁੜਮਤੀਏ ਆਪਣੇ ਪੈਂਤੜੇ ਤੋਂ ਨਹੀਂ ਹਿੱਲਦੇ। ਇੱਕ ਦੀਆਂ ਗੱਲਾਂ ਫੁਲੀਆ ਹੋਈਆਂ ਸਨ ਤੇ ਦੂਜੇ ਦੀ ਧੌਣ ਆਕੜੀ ਹੋਈ ਸੀ। ਗੱਲ ਕੀ ਦੋਨੋਂ ਲੜਦੇ ਲੜਦੇ ਪੁਲ ਤੋਂ ਡਿਗ ਕੇ ਜਾਨ ਵਾਰ ਦਿੰਦੇ ਹਨ ਪਰ ਕੋਈ ਆਪਣੀ ਅੜੀ ਤੋਂ ਪਿਛੇ ਨਹੀਂ ਹਟਦਾ। ਅਗਲੇਰੀ ਜ਼ਿੰਦਗੀ ਵਿਚ ਮੈਂ ਤੀਸ ਮਾਰ ਖਾਂ, ਫੰਨੇ ਖਾਂ ਅਤੇ ਖੱਬੀ ਖਾਂ ਬਾਰੇ ਸੁਣਿਆ ਤਾਂ ਮੇਰੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਖਾਨ ਨਾਂਵਾਂ ਵਾਲੇ ਬੰਦਿਆਂ ਦਾ ਕੋਈ ਖਾਨਾ ਹੀ ਖਰਾਬ ਹੋਵੇਗਾ ਜੋ ਏਨੇ 'ਆਕੜ ਖਾਂ' ਹੁੰਦੇ ਹਨ।

ਅਸੀਂ ਆਮ ਤੌਰ 'ਤੇ ਖਾਨ/ਖਾਂ ਸ਼ਬਦ ਮੁਸਲਮਾਨਾਂ, ਖਾਸ ਤੌਰ 'ਤੇ ਪਠਾਣਾਂ ਦੇ ਦੂਜੇ ਨਾਂ ਵਜੋਂ ਹੀ ਸਮਝਦੇ ਹਾਂ। ਭਾਰਤੀ ਫਿਲਮ ਸੰਸਾਰ ਵਿਚ ਸਲਮਾਨ ਖਾਂ, ਅਮੀਰ ਖਾਂ, ਸ਼ਾਹ ਰੁਖ ਖਾਂ, ਇਰਫਾਨ ਖਾਂ ਛਾਏ ਹੋਏ ਹਨ। ਦਲੀਪ ਕੁਮਾਰ ਦਾ ਅਸਲ ਨਾਂ ਵੀ ਮੁਹੰਮਦ ਯੂਸਫ ਖਾਂ ਹੀ ਹੈ। ਹੁਣੇ ਹੁਣੇ ਬਣੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਨਾਂ ਇਮਰਾਨ ਖਾਂ ਹੈ। ਭਾਰਤੀ ਖਿੱਤੇ ਅੰਦਰ ਕਿਸੇ ਖੇਤਰ ਵਿਚ ਖਾਨ ਨਾਂ ਦੇ ਬੰਦਿਆਂ ਦੀ ਕਮੀ ਨਹੀਂ।

ਮਧਯੁੱਗੀ ਭਾਰਤ ਵਿਚ ਵੱਡੇ ਵੱਡੇ ਅਹਿਲਕਾਰਾਂ, ਸਰਦਾਰਾਂ, ਰਈਸਾਂ ਦੇ ਤੌਰ 'ਤੇ ਖਾਨਾਂ ਦਾ ਬੋਲਬਾਲਾ ਸੀ। ਆਮ ਨਾਗਰਿਕ ਦਾ ਸਿੱਧਾ ਵਾਹ ਇਨ੍ਹਾਂ ਅਧਿਕਾਰੀਆਂ ਨਾਲ ਹੀ ਪੈਂਦਾ ਸੀ, ਵੱਡੇ ਸੁਲਤਾਨ ਜਾਂ ਬਾਦਸ਼ਾਹ ਨਾਲ ਨਹੀਂ। ਉਨ੍ਹਾਂ ਲਈ ਖਾਨ ਹੀ ਬਾਦਸ਼ਾਹ ਹੁੰਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਅਜਿਹੀ ਹੀ ਵਰਤੋਂ ਮਿਲਦੀ ਹੈ, 'ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨਾ॥' (ਗੁਰੂ ਅਰਜਨ ਦੇਵ); 'ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥' (ਗੁਰੂ ਨਾਨਕ ਦੇਵ)।

ਮਨੁੱਖ ਕਿੰਨਾ ਵੀ ਤਾਕਤਵਰ ਹੋਵੇ, ਉਸ ਕੋਲ ਮੌਤ ਦਾ ਇਲਾਜ ਨਹੀਂ। ਗੁਰਬਾਣੀ ਵਿਚ ਰੱਬ ਨੂੰ ਵੀ ਖਾਨ ਕਿਹਾ ਗਿਆ ਹੈ, 'ਚੰਦੀ ਹਜਾਰ ਆਲਮ ਏਕਲ ਖਾਨਾਂ॥' (ਭਗਤ ਨਾਮਦੇਵ); 'ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥' (ਗੁਰੂ ਅਰਜਨ ਦੇਵ)। ਵਾਰਸ ਨੇ ਡਾਢੇ ਖਾਨ ਨੂੰ ਜੱਲਾਦ ਜਿਹਾ ਕਹਿ ਦਿੱਤਾ,

ਕੰਜਰ ਸੋਈ ਜੋ ਗ਼ੈਰਤਾਂ ਬਾਝ ਹੋਵਣ
ਜਿਵੇਂ ਭਾਂਬੜਾ ਬਿਨਾ ਅਸ਼ਨਾਨ ਹੋਵੇ।
ਕਸਬਾ ਸੋਈ ਜੋ ਵੈਰ ਬਿਨ ਪਿਆ ਵੱਸੇ
ਜੱਲਾਦ ਜੋ ਮਿਹਰ ਬਿਨ ਖਾਨ ਹੋਵੇ।

ਮਧ ਯੁੱਗ ਵਿਚ ਜਿਨ੍ਹਾਂ ਵਿਭਿੰਨ ਹਾਕਮਾਂ ਦਾ ਰਾਜ ਰਿਹਾ ਹੈ, ਉਨ੍ਹਾਂ ਦਾ ਸਬੰਧ ਇਸਲਾਮ ਧਰਮ ਨਾਲ ਸੀ। ਭਾਵੇਂ ਅਰਬ ਦੇ ਮੁਸਲਮਾਨ ਮੁਹੰਮਦ ਬਿਨ ਕਾਸਿਮ ਨੇ ਅੱਠਵੀਂ ਸਦੀ ਵਿਚ ਹੀ ਸਿੰਧ ਤੇ ਕਬਜਾ ਕਰ ਲਿਆ ਸੀ ਪਰ ਇਸਲਾਮੀ ਰਾਜ ਦੀ ਅਸਲ ਨੀਂਹ ਤੁਰਕ-ਮੰਗੋਲ ਮੁਸਲਮਾਨਾਂ ਨੇ ਬਹੁਤ ਬਾਅਦ ਵਿਚ ਹੀ ਰੱਖੀ। ਇਸ ਯੁੱਗ ਦੌਰਾਨ ਹੀ ਭਾਰਤੀ ਖਿੱਤੇ ਵਿਚ ਖਾਨ ਪ੍ਰਗਟ ਹੋਏ। ਅਸਲ ਵਿਚ ਖਾਨ ਪਦ ਜਾਂ ਦੂਜੇ ਉਪਨਾਮ ਦਾ ਇਸਲਾਮ ਨਾਲ ਨਾ ਤਾਂ ਕੋਈ ਪੁਰਾਣਾ ਰਿਸ਼ਤਾ ਜੁੜਦਾ ਹੈ ਤੇ ਨਾ ਇਸਲਾਮ ਦੀ ਜਨਮਦਾਤਾ ਧਰਤੀ ਅਰਬ ਨਾਲ। 'ਮਹਾਨ ਕੋਸ਼' ਇਸ ਸ਼ਬਦ ਦਾ ਸ੍ਰੋਤ ਫਾਰਸੀ ਦੱਸਦਿਆਂ ਇਸ ਨੂੰ ਪਠਾਣਾਂ ਦੀ ਇਕ ਉਪਾਧੀ ਬਿਆਨਦਾ ਹੈ।

ਬਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਪੈਦਾ ਹੋਇਆ ਮੰਗੋਲ ਸਮਰਾਟ ਚੰਗੇਜ਼ ਖਾਂ ਚੀਨ ਦੇ ਟੈਂਗਰਿਜ਼ਮ ਸ਼ਮਨ ਮਤ ਦਾ ਧਾਰਨੀ ਸੀ। ਇਸ ਦਾ ਮੁਢਲਾ ਨਾਂ ਟੈਮੂਜਿਨ ਸੀ (Temujin). ਤੁਰਕ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਲੋਹ ਕਾਮਾ ਹੁੰਦਾ ਹੈ। ਇਸ ਨੇ ਚੰਗੇਜ਼ ਖਾਂ ਨਾਂ ਬਾਅਦ ਵਿਚ ਧਾਰਿਆ, ਜਿਸ ਦਾ ਅਰਥ ਹੈ, 'ਵਿਸ਼ਵ ਸ਼ਾਸਕ', ਸਮਝੋ ਸ਼ਾਹ ਜਹਾਨ। ਤੇਰ੍ਹਵੀਂ ਸਦੀ ਦੇ ਕੁਬਲਈ ਖਾਂ ਦਾ ਮੰਗੋਲੀਆ ਵਿਚ ਫੈਲੇ ਤਿੱਬਤੀ ਤਰਜ਼ ਵਾਲੇ ਬੁਧ ਧਰਮ ਨਾਲ ਸਬੰਧ ਸੀ। ਕੁਬਲਈ ਖਾਂ



ਚੰਗੇਜ਼ ਖਾਂ ਦਾ ਪੋਤਾ ਅਤੇ ਉਸ ਦਾ ਉਤਰਾਅਧਿਕਾਰੀ ਸੀ। ਉਂਜ ਉਹ ਧਾਰਮਿਕ ਤੌਰ 'ਤੇ ਬਹੁਤ ਸਹਿਨਸ਼ੀਲ ਮੰਨਿਆ ਜਾਂਦਾ ਹੈ।

ਇਤਿਹਾਸ ਵਿਚ ਖਾਨਾਂ ਦਾ ਰਾਜ ਦਸਵੀਂ ਸਦੀ ਤੋਂ ਸ਼ੁਰੂ ਹੋਇਆ ਅਤੇ ਇਨ੍ਹਾਂ ਦੀਆਂ ਕਈ ਬੰਸਾਵਲੀਆਂ ਚੱਲੀਆਂ। ਇਨ੍ਹਾਂ ਨੂੰ ਅੰਗਰੇਜ਼ੀ ਵਿਚ ਖਾਨੇਟ (ਖਾਨਰਾਜ) ਕਿਹਾ ਜਾਂਦਾ ਸੀ। ਮੁਢਲੇ ਤੌਰ 'ਤੇ ਇਹ ਮੰਗੋਲ ਖਾਨਾਬਦੋਸ਼ ਕਬੀਲੇ ਸਨ ਜਿਨ੍ਹਾਂ ਆਪਣੇ ਕਰੂਰ ਹਮਲਿਆਂ ਦੌਰਾਨ ਲੱਖਾਂ ਵਿਰੋਧੀ ਫੌਜੀਆਂ ਅਤੇ ਆਮ ਲੋਕਾਂ ਨੂੰ ਕੁਚਲਿਆ ਅਤੇ ਧਿੰਗੋਜ਼ੋਰੀ ਹਜ਼ਾਰਾਂ ਇਲਾਕੇ ਹਥਿਆਏ। ਕਹਿੰਦੇ ਹਨ, ਚੰਗੇਜ਼ ਖਾਨ ਦੇ ਧਾੜਿਆਂ ਕਾਰਨ ਕੋਈ ਚਾਰ ਕਰੋੜ ਲੋਕ ਮਾਰੇ ਗਏ। ਇਸ ਦੌਰਾਨ ਮਧ ਏਸ਼ੀਆ ਤੋਂ ਲੈ ਕੇ ਪੂਰਬੀ ਯੂਰਪ ਅਤੇ ਅਫਰੀਕਾ ਤੱਕ ਇਨ੍ਹਾਂ ਦਾ ਬੋਲਬਾਲਾ ਹੋ ਗਿਆ। ਇਨ੍ਹਾਂ ਨੇ ਉਸ ਸਮੇਂ ਦਾ ਸਭ ਤੋਂ ਵੱਡਾ ਸਾਮਰਾਜ ਸਿਰਜਿਆ। ਇਹ ਸਮਰਾਟ ਆਪਣੇ ਆਪ ਨੂੰ ਖਾਨ ਕਹਾਉਂਦੇ ਸਨ, ਜਿਵੇਂ ਸਾਡਾ ਮਹਾਰਾਜ ਸ਼ਬਦ ਹੈ। ਖਾਨ ਸ਼ਬਦ ਦਰਅਸਲ ਮੰਗੋਲੀਆ ਦੀ ਹੀ ਉਪਜ ਹੈ।

ਇੱਕ ਵਿਚਾਰ ਹੈ ਕਿ ਇਸ ਸ਼ਬਦ ਦੀ ਵਿਉਤਪਤੀ ਚੀਨ ਦੇ ਮਹਾਨ ਵੰਸ਼ ਹਾਨ ਤੋਂ ਹੋਈ ਜਿਸ ਦਾ ਨਾਂ ਹਾਨਸੁਈ ਨਦੀ ਤੋਂ ਪਿਆ। ਇਸ ਨਦੀ ਦੇ ਆਸਪਾਸ ਇਸ ਵੰਸ਼ ਦਾ ਰਾਜ ਸੀ। ਮੰਗੋਲ ਨਸਲ ਦੇ ਲੜਾਕਿਆਂ ਨੇ ਜਦ ਚੀਨ 'ਤੇ ਕਬਜ਼ਾ ਕੀਤਾ ਤਾਂ ਕਾਗਾਨ, ਖਾਕਾਨ ਜਾਂ ਸਿਰਫ ਕਾਨ ਜਿਹੇ ਸ਼ਬਦ ਸਾਹਮਣੇ ਆਏ। ਚੀਨੀ ਦੇ 'ਕੇ' ਅਗੇਤਰ ਦਾ ਅਰਥ ਸ਼੍ਰੋਮਣੀ, ਮਹਾਨ ਹੁੰਦਾ ਹੈ। ਇਸ ਤਰ੍ਹਾਂ 'ਕੇ' ਦੇ ਨਾਲ 'ਹਾਨ' ਲੱਗ ਕੇ ਕੇਹਾਨ ਜਿਹਾ ਸ਼ਬਦ ਸਾਹਮਣੇ ਆਇਆ, ਮਤਲਬ ਹੋਇਆ, ਹਾਨ ਦਾ ਸਵਾਮੀ।

ਕੁਝ ਕੋਸ਼ਕਾਰਾਂ ਨੇ ਖਾਨ ਸ਼ਬਦ ਨੂੰ ਅੰਗਰੇਜ਼ੀ 'ਕਿੰਗ' ਅਤੇ ਸੰਸਕ੍ਰਿਤ 'ਸਵਾਮੀ' ਨਾਲ ਜੋੜਨ ਦਾ ਸੁਝਾਅ ਵੀ ਦਿੱਤਾ ਹੈ ਪਰ ਇਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਚੌਥੀ ਸਦੀ ਈਸਵੀ ਵਿਚ ਦੱਖਣੀ ਮੰਗੋਲੀਆ ਅਤੇ ਉਤਰੀ ਚੀਨ ਦਾ ਇਕ ਕਬੀਲਾ ਰੁਆਨਰੁਆਨ ਦਾ ਕਾਗਾਨ ਸੀ, ਜਿਸ ਦੇ ਸ਼ਾਸਕਾਂ ਦੇ ਕੁਝ ਪ੍ਰਚਲਿਤ ਨਾਂ ਸਨ-ਕਪੋਦਾਫਾ ਖਾਨ, ਇਊਗਾਈ ਖਾਨ, ਚੂ ਖਾਨ, ਤੁਹਾਨ ਖਾਨ ਆਦਿ। ਇਸਲਾਮ ਧਰਮ ਬਹੁਤ ਬਾਅਦ ਵਿਚ ਪੈਦਾ ਹੋਇਆ।

ਬਾਰ੍ਹਵੀਂ ਤੋਂ ਚੌਧਵੀਂ ਸਦੀ ਤੱਕ ਵੀ ਚੀਨ ਅਤੇ ਮੰਗੋਲੀਆ ਦੇ ਹਾਕਮ ਕਾਗਾਨ/ਖਾਕਾਨ ਉਪਾਧੀ ਧਾਰਨ ਕਰਦੇ ਰਹੇ। ਤੈਮੂਰ ਲੰਗ ਪਹਿਲਾ ਮੁਸਲਮਾਨ ਹਾਕਮ ਸੀ ਜਿਸ ਨੇ ਇਹ ਪਦਵੀ ਧਾਰੀ ਤੇ ਤੈਮੂਰ ਖਾਂ ਕਹਾਉਣ ਲੱਗਾ, ਜਦ ਕਿ ਚੀਨ ਅਤੇ ਮੰਗੋਲੀਆ ਵਿਚ ਉਸ ਦੇ ਸਮਕਾਲੀ ਗੈਰ-ਇਸਲਾਮੀ ਸ਼ਾਸਕ ਇਸ ਪਦਵੀ ਦੇ ਧਾਰਨੀ ਰਹੇ। ਚੀਨ ਦਾ ਸ਼ਾਸਕ ਕੁਬਲਈ ਖਾਨ ਇਸ ਵੰਸ਼ ਦਾ ਬਾਨੀ ਸੀ। ਉਸ ਨੇ ਚੀਨ ਦੀ ਅਜੋਕੀ ਰਾਜਧਾਨੀ ਪੇਈਚਿੰਗ (ਉਦੋਂ ਦਾਦਾ) ਦਾ ਨਾਂ ਬਦਲ ਕੇ ਖਾਨਬਾਲਿਕ (ਖਾਨ ਰਾਜਧਾਨੀ) ਰੱਖ ਦਿੱਤਾ।

ਖਾਨ, ਖਾਗਾਨ, ਖਾਕਾਨ ਜਿਹੇ ਪਦਸੂਚਕ ਸ਼ਬਦ ਤੁਰਕੀ ਤੋਂ ਫਾਰਸ ਤੇ ਹੋਰ ਦੂਰ ਤੱਕ ਫੈਲ ਗਏ। ਫਾਰਸ ਅਤੇ ਅਫਗਾਨਿਸਤਾਨ ਵਿਚ ਆ ਕੇ ਇਨ੍ਹਾਂ ਮੰਗੋਲ-ਤੁਰਕ ਧਾੜਵੀਆਂ ਨੂੰ ਇਸਲਾਮ ਧਰਮ ਵਧੇਰੇ ਅਨੁਕੂਲ ਲੱਗਾ ਤੇ ਇਸ ਨੂੰ ਧਾਰਨ ਕਰ ਲਿਆ। ਇਸ ਤਰ੍ਹਾਂ ਖਾਨ ਸ਼ਬਦ ਇਸਲਾਮ ਨਾਲ ਜੁੜ ਗਿਆ। ਸਮਝਿਆ ਗਿਆ, ਇਹ ਤੁਰਕੀ ਮੂਲ ਦੇ ਪਦ ਹਨ।

ਮੁਸਲਮਾਨਾਂ ਨੂੰ ਤੁਰਕ ਵੀ ਕਿਹਾ ਜਾਂਦਾ ਹੈ। ਅਰਬ ਵਿਚ ਕਿਧਰੇ ਕਿਧਰੇ ਉਚਅਧਿਕਾਰੀਆਂ ਦੇ ਨਾਂ ਨਾਲ ਖਾਨ ਲਗਦਾ ਹੈ ਪਰ ਪ੍ਰਮੁਖ ਸ਼ਾਸਕ ਅੱਗੇ ਨਹੀਂ। ਭਾਰਤ ਵਿਚ ਮੁਗਲਾਂ ਤੱਕ ਜਿੰਨੇ ਵੀ ਹਮਲਾਵਰ ਆਏ ਉਨ੍ਹਾਂ ਵਿਚੋਂ ਕਈਆਂ ਦੇ ਪਹਿਲੇ ਨਾਂਵਾਂ ਅੱਗੇ ਖਾਨ/ਖਾਂ ਲੱਗਾ ਹੋਇਆ ਹੈ। ਸਈਅਦ ਵੰਸ਼ ਦੇ ਮੋਢੀ ਦਾ ਨਾਂ ਸਈਅਦ ਖਿਜ਼ਰ ਖਾਂ ਸੀ। ਲੋਧੀ ਵੰਸ਼ ਦੇ ਸੁਲਤਾਨਾਂ ਦੇ ਨਾਂ ਸਨ-ਬਹਿਲੋਲ ਖਾਂ, ਨਿਜ਼ਾਮ ਖਾਂ (ਬਾਅਦ ਵਿਚ ਸਿਕੰਦਰ ਲੋਧੀ), ਲਾਹੌਰ ਦਾ ਸੂਬੇਦਾਰ ਦੌਲਤ ਖਾਂ ਲੋਧੀ ਕਹਾਉਂਦਾ ਸੀ। ਮੁਗਲ ਸ਼ਾਸਨ ਦਾ ਮੋਢੀ ਬਾਬਰ ਮਾਂ ਵਲੋਂ ਚੰਗੇਜ਼ ਖਾਂ ਅਤੇ ਪਿਤਾ ਵਲੋਂ ਤੈਮੂਰ ਲੰਗ ਦੇ ਵੰਸ਼ ਦਾ ਸੀ। ਚੰਗੇਜ਼ ਖਾਂ ਸਮੇਤ ਬਹੁਤੇ ਖੱਬੀ ਖਾਂ



*ਕੁਬਲਈ ਖਾਂ*

ਆਪਣਾ ਰਿਸ਼ਤਾ ਤੈਮੂਰ ਨਾਲ ਜੋੜਦੇ ਹਨ।

ਚੀਨ ਅਤੇ ਮੰਗੋਲੀਆ ਵਿਚ ਰਹੇ ਸਮਰਾਟ ਖਾਨ ਨਾਲ ਜੁੜਦੇ ਖਾਨ ਜਾਂ ਖਾਕਾਨ ਜਦ ਭਾਰਤ ਵਿਚ ਆਏ ਤਾਂ ਉਨ੍ਹਾਂ ਸਮਰਾਟਾਂ ਨੇ ਖਾਨ ਪਦਵੀ ਧਾਰਨ ਨਹੀਂ ਕੀਤੀ ਬਲਕਿ ਇਸਲਾਮ ਧਰਮ ਦੇ ਜਨਮਦਾਤਾ ਅਰਬ ਇਰਾਨ ਦੇ ਸ਼ਾਸਕਾਂ ਵਾਲੀਆਂ ਉਪਾਧੀਆਂ ਸੁਲਤਾਨ, ਬਾਦਸ਼ਾਹ, ਸ਼ਹਿਨਸ਼ਾਹ, ਮਲਿਕ ਆਦਿ ਨੂੰ ਅਪਨਾਇਆ। ਅਸਲ ਵਿਚ ਜਿਉਂ ਜਿਉਂ ਖਾਨ ਮੰਗੋਲੀਆ ਤੋਂ ਮਧ ਏਸ਼ੀਆ ਤੇ ਹੋਰ ਅੱਗੇ ਵਧਦੇ ਗਏ, ਖਾਨ ਦਾ ਮੁਰਾਤਬਾ ਘਟਦਾ ਗਿਆ।

ਹੁਣ ਖਾਨ ਉਪਾਧੀ ਦਰਜਾ-ਬ-ਦਰਜਾ ਹੋਰ ਅਹਿਲਕਾਰਾਂ, ਕਰਮਚਾਰੀਆਂ ਨੂੰ ਦਿੱਤੀ ਜਾਣ ਲੱਗੀ। ਖਾਨ ਦੀ ਵਧਦੀ ਬੇਕਦਰੀ ਕਾਰਨ ਖਾਨੇਖਾਨਮ (ਰਾਜਿਆਂ ਦਾ ਰਾਜਾ) ਉਪਾਧੀ ਸਾਹਮਣੇ ਆਈ। ਅਕਬਰ ਹਮਾਯੂੰ ਦੇ ਕਾਮਯਾਬ ਫੌਜੀ ਸੈਨਾਪਤੀ ਬੈਰਾਮ ਖਾਂ ਨੂੰ ਖਾਨੇਖਾਨਮ ਨਾਲ ਸਨਮਾਨਿਆ ਗਿਆ। ਭਾਰਤ ਵਿਚ ਮੁਗਲਾਂ ਨੇ ਆਪਣੇ ਅਹਿਲਕਾਰਾਂ ਨੂੰ ਖਾਨ ਦੀਆਂ ਪਦਵੀਆਂ ਵੰਡ ਕੇ ਨਿਵਾਜਿਆ। ਗੱਲ ਕੀ, ਸਈਅਦਾਂ, ਲੋਧੀਆਂ ਵਲੋਂ ਸ਼ੁਰੂ ਕੀਤੀ ਇਸ ਰੀਤ ਕਾਰਨ ਖਾਨ ਸ਼ਬਦ ਖਾਸ ਤੌਰ 'ਤੇ ਇਰਾਨੀ ਅਤੇ ਪਠਾਣੀ ਮੁਸਲਮਾਨਾਂ ਨਾਲ ਜੁੜ ਗਿਆ ਜੋ ਕਿ ਬਹੁਤੇ ਅਫਗਾਨਿਸਤਾਨ ਰਾਹੀਂ ਹੀ ਇਧਰ ਆਏ ਸਨ।

ਭਾਰਤ ਦੇ ਬਹੁਤ ਸਾਰੇ ਸੂਬਿਆਂ ਜਿਵੇਂ ਪੰਜਾਬ, ਬੰਗਾਲ, ਯੂ. ਪੀ., ਬਿਹਾਰ, ਰਾਜਸਥਾਨ, ਗੁਜਰਾਤ ਆਦਿ ਵਿਚ ਬਹੁਤ ਸਾਰੇ ਫੌਜੀ ਪਠਾਣ ਆਏ ਤੇ ਕਈ ਹਿੰਦੂਆਂ ਨੇ ਇਸਲਾਮ ਕਬੂਲਿਆ। ਹੌਲੀ ਹੌਲੀ ਇਨ੍ਹਾਂ ਮੁਸਲਮਾਨਾਂ ਨੇ ਖਾਨ ਨੂੰ ਇਕ ਦੂਜੇ ਉਪਨਾਮ ਵਜੋਂ ਹੀ ਅਪਨਾ ਲਿਆ।

ਇਸ ਦੌਰਾਨ ਬਹੁਤ ਸਾਰੇ ਹਿੰਦੂ ਵੀ ਆਪਣੇ ਨਾਂ ਅੱਗੇ ਖਾਨ ਲਾਉਣ ਲੱਗ ਪਏ। ਆਸਾਮ, ਬੰਗਾਲ, ਉੜੀਸਾ ਆਦਿ ਵਿਚ ਇਹ ਰੁਚੀ ਦਿਖਾਈ ਦਿੰਦੀ ਹੈ। ਅਜਿਹੀ ਹੀ ਇਕ ਇਤਿਹਾਸਕ ਸ਼ਖਸੀਅਤ ਹੈ, ਰਾਮ ਚੰਦਰ ਖਾਨ ਜਿਸ ਨੇ ਬੁਢੇ ਵਾਰੇ ਵਿਆਹ ਕੀਤਾ ਤੇ ਬੁੜਾ ਖਾਨ ਕਹਾਉਣ ਲੱਗਾ। ਹੋਰ ਨਾਂ ਹਨ-ਪਰਤਾਪ ਖਾਂ, ਗਭਰੂ ਖਾਂ ਆਦਿ। ਬੁਧ ਧਰਮ ਧਾਰਨ ਵਾਲੇ ਚਕਮਾ ਕਬੀਲੇ ਵਿਚ ਵੀ ਕਈ ਖਾਨ ਮਿਲਦੇ ਹਨ ਜਿਵੇਂ ਚਮਨ ਖਾਨ, ਟੱਬਰ ਖਾਨ, ਜੱਬਰ ਖਾਨ, ਜਨ ਬਖਸ਼ ਖਾਨ, ਧਰਮ ਬਖਸ਼ ਖਾਨ ਆਦਿ। ਅੰਗਰੇਜ਼ ਸ਼ਾਸਕਾਂ ਨੇ ਆਪਣੇ ਹਿੰਦੂ ਜੀ-ਹਜ਼ੂਰੀਆਂ ਨੂੰ 'ਰਾਏ ਬਹਾਦਰ' ਬਣਾ ਕੇ ਚੁਕਿਆ ਤੇ ਨਾਲ ਹੀ ਅਜਿਹੇ ਮੁਸਲਮਾਨਾਂ ਨੂੰ 'ਖਾਨ ਬਹਾਦੁਰ' ਬਣਾ ਕੇ ਬਾਂਸ 'ਤੇ ਚੜ੍ਹਾਇਆ।

ਖਾਨ ਦੇ ਬੱਚੇ ਖਾਨਜ਼ਾਦੇ ਹੁੰਦੇ ਹਨ। ਕਈ ਪ੍ਰਾਂਤਾਂ ਵਿਚ ਰਾਜਪੂਤਾਂ ਨੇ ਇਸਲਾਮ ਧਾਰਿਆ ਤਾਂ 'ਰਾਜਪੂਤ' ਸ਼ਬਦ ਦੀ ਤਰਜ਼ ਤੇ 'ਖਾਨਜ਼ਾਦਾ' ਕਹਾਏ। ਫਾਰਸੀ ਵਿਚ ਆ ਕੇ ਖਾਕਾਨ ਤੋਂ ਖਾਤੂਨ, ਖਾਨਮ ਜਿਹੇ ਇਸਤਰੀ ਲਿੰਗ ਬਣੇ, ਜੋ ਕਿਸੇ ਵੀ ਪ੍ਰਤਿਸ਼ਠਿਤ ਇਸਤਰੀ ਲਈ ਵਰਤੇ ਗਏ। ਖਾਨੁਮ ਸੁਲਤਾਨ ਬੇਗਮ ਅਕਬਰ ਦੀ ਵੱਡੀ ਰਾਜਕੁਮਾਰੀ ਸੀ। ਇਹ ਸ਼ਬਦ ਇਸਤਰੀ ਦਾ ਉਪਨਾਮ ਵੀ ਬਣ ਗਿਆ ਜਿਵੇਂ ਜ਼ੁਬੈਦਾ ਖਾਨੁਮ, ਅਬਿਦਾ ਖਾਨਮ ਆਦਿ। ਪ੍ਰਧਾਨ ਮੰਤਰੀ ਇਮਰਾਨ ਖਾਂ ਦੀ ਮਾਂ ਸ਼ੌਕਤ ਖਾਨਮ ਜਲੰਧਰ ਦੀ ਬਸਤੀ ਦਾਨਿਸ਼ਮੰਦਾਂ ਦੀ ਰਹਿਣ ਵਾਲੀ ਸੀ, ਜੋ ਪਠਾਣ ਸੀ।

ਗੁਰੂ ਅਰਜਨ ਦੇਵ ਨੇ ਖਾਨਮ ਸ਼ਬਦ ਖਾਨ, ਸਰਦਾਰ ਦੇ ਅਰਥਾਂ ਵਿਚ ਹੀ ਵਰਤਿਆ ਹੈ, "ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ॥" ਇੱਕ ਵਿਦਵਾਨ ਨੇ ਇਸ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਤੁਰਕੀ ਵਿਚ ਖਾਨਮ ਨੂੰ ਖਾਨਾਂ ਦੀ ਤਰ੍ਹਾਂ ਉਚਾਰਿਆ ਜਾਂਦਾ ਹੈ। ਵਜ਼ਨ ਦਾ ਮਸਲਾ ਵੀ ਹੋ ਸਕਦਾ ਹੈ।

ਲੋਧੀ ਅਤੇ ਸੂਰੀ ਵੰਸ਼ਾਂ ਦੌਰਾਨ ਅਫਗਾਨਿਸਤਾਨ ਤੋਂ ਬਹੁਤ ਸਾਰੇ ਫੌਜੀ ਅਤੇ ਹਾਕਮਾਂ ਦੇ ਕਰੀਬੀ ਪਠਾਣ ਪੰਜਾਬ ਵਿਚ ਆ ਵਸੇ। ਮੀਆਂਵਾਲੀ ਅਤੇ ਖਾਨੇਵਾਲ ਅਨੇਕਾਂ ਖਾਨ ਮਿਲਦੇ ਹਨ। ਇਮਰਾਨ ਖਾਂ ਮੀਆਂਵਾਲੀ ਦਾ ਹੀ ਰਹਿਣ ਵਾਲਾ ਹੈ। ਜਲੰਧਰ ਵਿਚ ਕਈ ਬਸਤੀਆਂ ਤੇ ਪਿੰਡ ਹਨ, ਜੋ ਇਨ੍ਹਾਂ ਦੇ ਕਬੀਲਿਆਂ ਦੇ ਨਾਂਵਾਂ ਨਾਲ ਜਾਣੇ ਜਾਂਦੇ ਹਨ, ਜਿਵੇਂ ਬਸਤੀ ਦਾਨਿਸ਼ਮੰਦਾਂ, ਬਸਤੀ ਗੁਜ਼ਾਂ, ਬਸਤੀ ਇਬਰਾਹੀਮ ਖਾਂ (ਪਿੰਡ), ਬਸਤੀ ਪੀਰ ਦਾਦ ਖਾਂ, ਬਸਤੀ ਸ਼ਾਹ ਕੁਲੀ ਆਦਿ। ਹੁਸ਼ਿਆਰਪੁਰ ਵਿਚ ਵੀ ਬਹੁਤ ਖਾਨ ਹਨ/ਸਨ। ਸ਼ਹਿਰ ਦਾ ਨਾਂ ਹੀ ਹੋਸ਼ਿਆਰ ਖਾਂ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਮਲੇਰਕੋਟਲਾ ਦਾ ਪਿਛੋਕਾ ਵੀ ਪਠਾਣਾਂ ਨਾਲ ਹੈ।

ਪੰਜਾਬ ਵਿਚ ਕੋਟ ਈਸੇ ਖਾਂ, ਹਾਜ਼ਰ ਖਾਂ ਨਾਮੀ ਪਿੰਡ ਹਨ। ਹੋਰ ਪਿੰਡ ਜਿਨ੍ਹਾਂ ਦਾ ਸਬੰਧ ਖਾਨ ਸ਼ਬਦ ਨਾਲ ਹੋ ਸਕਦਾ ਹੈ, ਹਨ-ਖਾਨਾਬਾਦ, ਖਾਨਪੁਰ, ਖਨੌੜਾ, ਖਨੌਰੀ ਆਦਿ। ਅਕਬਰ ਦੇ ਨੌਂ ਰਤਨਾਂ ਵਿਚੋਂ ਇਕ ਦਾ ਨਾਂ ਅਬਦੁਰ ਰਹੀਮ ਖਾਨਖਾਨਾ ਸੀ। ਕਿਹਾ ਜਾਂਦਾ ਹੈ ਕਿ ਰਹੀਮ 1556 ਤੋਂ 1627 ਤੱਕ ਬੰਗਾ ਲਾਗਲੇ ਪਿੰਡ ਖਾਨਖਾਨਾ ਰਹੇ। ਉਸੇ ਦੇ ਨਾਂ 'ਤੇ ਇਸ ਪਿੰਡ ਦਾ ਨਾਂ ਪਿਆ। ਖਾਨ ਚਾਹੇ ਚੜ੍ਹਤ 'ਚ ਰਹੇ ਹੋਣ ਕਰਕੇ ਕਿੰਨੇ ਵੀ ਆਕੜ ਖਾਂ ਬਣ ਗਏ ਹੋਣ ਪਰ ਆਖਰ ਤਾਂ ਗੁਰੂ ਅਰਜਨ ਦੇਵ ਦੇ ਮਹਾਂਵਾਕ ਅਨੁਸਾਰ ਫਾਨੀ ਹਨ, 'ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥'

## ਤੋਹਫਾ

*(ਪਿਛਲੇ ਸਫੇ ਦੀ ਬਾਕੀ)*

ਸਫੀਆ ਦੇ ਹੱਥੋਂ ਬੈਗ ਲਿਆ, ਆਪਣੇ ਹੱਥਾਂ ਨਾਲ ਉਸ ਵਿਚ ਨਮਕ ਦੀ ਥੈਲੀ ਰੱਖ ਕੇ, ਬੈਗ ਫੜਾ ਕੇ ਕੁਲੀ ਨੂੰ ਬੁਲਾ ਕੇ ਸਾਮਾਨ ਚੁੱਕਣ ਦਾ ਇਸ਼ਾਰਾ ਕੀਤਾ ਤੇ ਇਸ ਸਾਰੇ ਸਮੇਂ ਵਿਚ ਉਸ ਨੇ ਮੂੰਹੋਂ ਇਕ ਸ਼ਬਦ ਵੀ ਨਾ ਕੱਢਿਆ। ਜਦੋਂ ਸਫੀਆ ਬਾਹਰ ਜਾਣ ਵਾਲੇ ਪੁਲ 'ਤੇ ਚੜ੍ਹ ਗਈ ਤਾਂ ਉਸ ਨੇ ਮੁੜ ਕੇ ਦੇਖਿਆ। ਉਹ ਅਜੇ ਤਕ ਸਿਰ ਨੀਵਾਂ ਕਰੀ ਖਾਮੋਸ਼ ਖੜ੍ਹਾ ਸੀ। ਪੁਲ ਤੋਂ ਉਤਰਦਿਆਂ ਉਹ ਸੋਚਦੀ ਜਾ ਰਹੀ ਸੀ: 'ਕਿਸ ਦਾ ਵਤਨ ਕਿਥੇ ਹੈ? ਉਹ ਜੋ ਕਸਟਮ ਦੇ ਇਸ ਪਾਸੇ ਹੈ ਜਾਂ ਉਹ ਜੋ ਕਸਟਮ ਦੇ ਉਸ ਪਾਸੇ?'

## ਜ਼ਿੰਦਗੀ ਦੇ ਪਰਚਮ ਦੀ ਪਛਾਣ

ਸ਼ਬਦਾਂ ਦਾ ਸੰਸਾਰ ਬੜਾ ਵਿਲੱਖਣ ਹੁੰਦਾ ਹੈ ਹਰ ਸ਼ਬਦ ਦਾ ਆਪਣਾ ਇੱਕ ਇਤਿਹਾਸ ਹੁੰਦਾ ਹੈ। ਅੱਜ ਕੱਲ੍ਹ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਦੁਨੀਆਂ ਵਿਚ ਅੰਗਰੇਜ਼ੀ ਦੇ ਬੜੇ ਬੇਲੋੜੇ ਸ਼ਬਦਾਂ ਦਾ ਅਨੇਕਾਂ ਪ੍ਰਚਲਨ ਹੋ ਰਿਹਾ ਹੈ। ਅੰਕਲ ਤੇ ਆਂਟੀ ਬੇਲੋੜੇ ਅਤੇ ਗੈਰ ਸਭਿਆਚਾਰਕ ਤੇ ਮਰਿਆਦਾ ਤੋਂ ਸੱਖਣੇ ਸ਼ਬਦ ਹਨ ਜੋ ਨਿਰਆਧਾਰ ਤੇ ਸੁਆਦਲੇ ਨਹੀਂ ਹੁੰਦੇ। ਸ਼ਬਦਾਂ ਦੀਆਂ ਰਸਦਾਇਕ ਧੁਨੀਆਂ ਦੀ ਤਾਰੀਫ ਕਰਨੀ ਬਣਦੀ ਹੈ ਪਰ ਅੰਗਰੇਜ਼ੀ ਦੇ ਬੇਲੋੜੇ ਸ਼ਬਦਾਂ ਦੀ ਪਰਿਭਾਸ਼ਾ ਪੰਜਾਬੀ ਸਭਿਆਚਾਰ ਦੇ ਅਨੁਕੂਲ ਨਹੀਂ।

ਤਾਰੀਫ ਨੂੰ ਪ੍ਰਸ਼ੰਸਾ ਕਿਹਾ ਜਾਂਦਾ ਹੈ। ਬੁਲੰਦ ਸ਼ਬਦ ਦਾ ਮਤਲਬ ਉਚਾਈ ਹੁੰਦਾ ਹੈ, ਪਰਚਮ ਸ਼ਬਦ ਤੋਂ ਆਪਣਾ ਸ਼ਬਦ ਝੰਡਾ ਬਣਦਾ ਹੈ। ਜ਼ਿੰਦਗੀ ਦੇ ਪਰਚਮ ਤੋਂ ਭਾਵ ਹੈ ਕਿ ਜ਼ਿੰਦਗੀ ਦੀ ਬੁਲੰਦੀ ਜ਼ਰਾ ਕੁ ਪੈਰ ਮਲ ਕੇ ਦੇਖਣਾ ਤਾਂ ਪਤਾ ਲੱਗੇਗਾ ਕਿ ਆਪਣੇ ਮੁਲਕ ਦੀ ਸਮੁੱਚੀ ਜ਼ਿੰਦਗੀ ਬੁਲੰਦੀ ਵੱਲ ਨਹੀਂ ਜਾ ਰਹੀ। ਗਿਰਾਵਟ ਦਾ ਪਤਾ ਕਰਨ ਲਈ ਸਾਨੂੰ ਆਪਣੇ ਮੁਲਕ ਦੇ ਵਿਹਾਰਕ ਪ੍ਰਬੰਧਾਂ ਦੀ ਛਾਣ-ਬੀਣ ਕਰਨੀ ਪਵੇਗੀ। ਇੱਥੇ ਆ ਕੇ ਕਈ ਸੁਆਲ ਪੈਦਾ ਹੋ ਰਹੇ ਹਨ:

*ਕੀ ਆਪਣਾ ਮੁਲਕ ਵਿਹਲੜ ਨਹੀਂ ਬਣ ਰਿਹਾ?

*ਕੀ ਆਪਣੇ ਮੁਲਕ ਵਿਚ ਅਧਿਐਨ ਕਰਨ ਦੀ ਰੁਚੀ ਘਟ ਨਹੀਂ ਰਹੀ?

*ਕੀ ਆਪਣੇ ਮੁਲਕ ਵਿਚ ਹਫੜਾ-ਦਫੜੀ ਵਾਲਾ ਮਾਹੌਲ ਨਹੀਂ ਹੈ?


*ਕੀ ਆਪਣੇ ਮੁਲਕ ਦੀਆਂ ਸਮਾਜਿਕ ਗੱਲਾਂ ਬਾਤਾਂ ਪਖੰਡਵਾਦੀ ਨਹੀਂ ਹਨ?

*ਕੀ ਆਪਣੇ ਮੁਲਕ ਦੀਆਂ ਸਿਆਸੀ ਨੀਤੀਆਂ ਸੁਆਰਥੀ ਨਹੀਂ ਹਨ?

ਇਸ ਤਰ੍ਹਾਂ ਦੇ ਗੰਭੀਰ ਸੁਆਲ ਲੋਕਾਈ ਦੇ ਮਨਾਂ ਵਿਚ ਕਿਉਂ ਪੈਦਾ ਨਹੀਂ ਹੋ ਰਹੇ? ਸੜਕਾਂ ਉਤੇ ਜਾਮ ਲਾਉਣ ਨਾਲ ਜਮਹੂਰੀਅਤ ਵਿਚ ਨਿਖਾਰ ਨਹੀਂ ਆ ਸਕਦਾ। ਜ਼ਿੰਦਗੀ ਦੀ ਰਹਿਤਲ ਦਿਨੋਂ ਦਿਨੀਂ ਡਿੱਗ ਰਹੀ ਹੈ। ਜ਼ਿੰਦਗੀ ਦੀ ਰਹਿਤਲ ਨੂੰ ਆਰਥਕ ਅਨਿਆਂ ਡੇਗ ਰਿਹਾ ਹੈ। ਆਰਥਕ ਅੱਤਿਆਚਾਰ ਬਾਰੇ ਆਪਾਂ ਚੁੱਪ ਕਿਉਂ ਹਾਂ? ਆਪਣੇ ਮੁਲਕ ਵਿਚ ਤੰਦਰੁਸਤ ਵਿਚਾਰਧਾਰਾ ਉਤਪੰਨ ਹੀ ਨਹੀਂ ਹੋ ਰਹੀ। ਵੱਖ ਵੱਖ ਕਿਸਮਾਂ ਦੇ ਸਿਆਸੀ ਰੌਲਿਆਂ ਕਾਰਨ ਵਿਚਾਰਧਾਰਾ ਖਤਮ ਹੋ ਰਹੀ ਹੈ। ਵੋਟ ਵੋਟ ਨਹੀਂ ਹੁੰਦੀ ਸਗੋਂ ਵੋਟ ਤਾਂ ਵਿਚਾਰ ਹੁੰਦੀ ਹੈ। ਵਿਚਾਰਸ਼ੀਲ ਜ਼ਿੰਦਗੀ ਹੀ ਵਿਕਾਸ ਕਰ ਸਕਦੀ ਹੈ। ਆਹ ਆਪਣੇ ਮੁਲਕ ਵਿਚਲਾ ਅਖੌਤੀ ਵਿਕਾਸ ਤਾਂ ਇੱਕ ਅਡੰਬਰ ਹੈ। ਆਪਣੇ ਮੁਲਕ ਵਿਚ ਅਸਲੀਅਤ ਦੀ ਪਛਾਣ ਕਰਨ ਵਾਲਿਆਂ ਅੱਖਾਂ ਅਜੇ ਬੰਦ ਹਨ। ਖੁੱਲ੍ਹੀਆਂ ਅੱਖਾਂ ਨਾਲ ਹੀ ਜ਼ਿੰਦਗੀ ਦੇ ਪਰਚਮ ਦੀ ਪਛਾਣ ਹੋ ਸਕਦੀ ਹੈ। ਪਛਾਣ ਕਰਨ ਲਈ ਜਿਸ ਗਿਆਨ ਦੀ ਲੋੜ ਹੁੰਦੀ ਹੈ, ਉਹ ਗਿਆਨ ਅਜੇ ਆਪਣੇ ਮੁਲਕ ਵਿਚ ਪੈਦਾ ਨਹੀਂ ਹੋ ਰਿਹਾ। ਇਸੇ ਕਰਕੇ ਕਈ ਕਿਸਮਾਂ ਦੇ ਹਨੇਰੇ ਪਸਰ ਰਹੇ ਹਨ।

-ਓਮ ਪਰਕਾਸ਼ ਗਾਸੋ
ਫੋਨ: 91-94535-61123

# ਰੁੱਖ ਤੇ ਕੁੱਖ



ਕਿਰਪਾਲ ਕੌਰ
ਫੋਨ: 815-356-9535

ਅੱਜ ਮਨ ਕੁਝ ਲਿਖਣਾ ਚਾਹ ਰਿਹਾ ਸੀ। ਕੀ ਲਿਖਾਂ? ਸੁੱਝ ਨਹੀਂ ਸੀ ਰਿਹਾ। ਸ਼ਾਂਤ ਮਨ ਵਿਚ ਇਸ ਤਰ੍ਹਾਂ ਭਵਰ ਪੈ ਰਹੇ ਸਨ ਜਿਵੇਂ ਖੜ੍ਹੇ ਪਾਣੀ ਵਿਚ ਕੋਈ ਰੋੜਾ ਮਾਰੇ ਤਾਂ ਉਸ ਵਿਚ ਇਕ ਤੋਂ ਪਿਛੋਂ ਦੂਸਰਾ, ਤੀਸਰਾ, ਪਾਣੀ 'ਤੇ ਚੱਕਰ ਬਣੀ ਜਾਂਦੇ ਹਨ।

ਦਿਲ ਅੰਦਰ ਵਸੇ ਪੁਰਾਣੀਆਂ ਯਾਦਾਂ ਦੇ ਸਮੁੰਦਰ ਉਤੇ ਜਵਾਰਭਾਟੇ ਦੇ ਆਸਾਰ ਨਜ਼ਰ ਆ ਰਹੇ ਸਨ। ਮੈਂ ਕੁਰਸੀ 'ਤੇ ਬੈਠ ਗਈ। ਆਪਣਾ ਸਿਰ ਦੋਹਾਂ ਹੱਥਾਂ ਵਿਚ ਫੜ੍ਹ ਲਿਆ। ਸਿਰ ਕੀ ਫੜ੍ਹਿਆ, ਮੈਨੂੰ ਤੇ ਜਾਦੂ ਦੀ ਕੋਈ ਛੜੀ ਛੋਹ ਗਈ। ਜਿਵੇਂ ਕਿਸੇ ਨੇ ਪਿੰਜਰੇ ਦਾ ਦਰਵਾਜ਼ਾ ਖੋਲ੍ਹ ਦਿਤਾ ਤੇ ਪੰਛੀ ਆਜ਼ਾਦ ਹੋ ਗਿਆ।

ਮੈਂ ਸੱਤਾਂ ਅੱਠਾਂ ਸਾਲਾਂ ਦੀ ਬਾਲੜੀ ਸਾਂ ਤੇ ਆਪਣੇ ਖੂਹ 'ਤੇ ਖੇਡ ਰਹੀ ਸਾਂ। ਮੇਰੀ ਭੂਆ ਚੁਲ੍ਹੇ ਦੀ ਮੌਣ 'ਤੇ ਬੈਠੀ ਕਪੜੇ ਧੋ ਰਹੀ ਸੀ। ਮੈਂ ਭੂਆ ਨੂੰ ਆਸ ਪਾਸ ਦੀਆਂ ਤਾਜ਼ਾ ਖਬਰਾਂ ਦਾ ਸਿੱਧਾ ਪ੍ਰਸਾਰਣ ਕਰ ਰਹੀ ਸਾਂ। ਭੂਆ ਜੀ, "ਹਾਂ ਦਸ।" ਭੂਆ ਦੀ ਥਾਪੀ ਭੀ ਚਲਦੀ ਤੇ ਨਾਲ ਉਚੀ ਆਵਾਜ਼ ਵਿਚ ਮੈਨੂੰ ਬੋਲਣ ਨੂੰ ਕਹਿੰਦੀ। ਭੂਆ ਜੀ ਬਿਜੜੇ ਦੇ ਅੱਠ ਆਹਲਣੇ ਹਨ। ਲਾਲ ਬੇਰਾਂ ਵਾਲੀ ਬੇਰੀ ਨਾਲ।

ਭੂਆ ਫਿਰ ਜਵਾਬ ਦੇ ਦਿੰਦੀ, "ਛੇੜੀਂ ਨਾ।"

"ਭੂਆ ਜੀ, ਮੈਂ ਕਦੇ ਨਹੀਂ ਛੇੜਦੀ ਹੁੰਦੀ, ਕੀ ਪਤਾ ਤੂਤ 'ਤੇ ਚਿੜੀ ਨੇ ਆਲ੍ਹਣੇ ਵਿਚ ਆਂਡੇ ਦਿਤੇ ਹੋਣ!"

"ਨੱਥੂ ਦੌੜ ਪਾਣੀ ਟੁੱਟ ਗਿਆ", ਮੈਂ ਕਾਮੇ ਨੂੰ ਆਵਾਜ਼ ਦਿੱਤੀ। ਜਦ ਉਹ ਦੌੜ ਕੇ ਆਇਆ।



ਮੈਂ ਉਚੀ ਉਚੀ ਹੱਸ ਪਈ। ਪਾਣੀ ਕਿਤੋਂ ਨਹੀਂ ਸੀ ਟੁੱਟਾ। ਆਡ ਵਿਚ ਚਲ ਰਿਹਾ ਸੀ।

ਮੇਰੇ ਕੰਨੀਂ ਬਾਬੇ ਦੇ ਖੂਹ ਵਲੋਂ ਬੋਲ ਬੁਗਲੇ ਦੀ ਧੁਨ ਪਈ। ਖੂਹ ਵਾਲੇ ਬਾਬੇ ਅਤੇ ਉਸ ਦੇ ਪੋਤੇ ਦਾ ਅਕਸਰ ਝਗੜਾ ਚਲਦਾ ਹੀ ਰਹਿੰਦਾ ਸੀ।

ਖੂਹ ਦੇ ਮੁੱਢ ਵਿਚ ਇਕ ਬਹੁਤ ਪੁਰਾਣੀ ਟਾਹਲੀ ਸੀ। ਉਹ ਖੇਤ 'ਤੇ ਖਾਲੀ ਹੀ ਰਹਿੰਦਾ। ਟਾਹਲੀ ਦੀ ਛਾਂਵੇਂ ਡੰਗਰ ਪਸੂ ਬੰਨ੍ਹਣ ਲਈ ਖੁਰਲੀਆਂ ਵੀ ਬਣਾ ਲਈਆਂ ਸਨ। ਟਾਹਲੀ ਦੀ ਛਾਂ ਨਾਲ ਖੇਤ ਵਿਚ ਭੀ ਪੈਂਦੀ, ਫਸਲ ਦਾ ਨੁਕਸਾਨ ਹੁੰਦਾ। ਬੂਟਾ ਕਦੇ ਕਹਿੰਦਾ, "ਮੈਂ ਟਾਹਲੀ ਵਢਾ ਦੇਣੀ ਹੈ।" ਬਾਬੇ ਤੋਂ ਇਹ ਗੱਲ ਸਹਾਰ ਨਹੀਂ ਸੀ ਹੁੰਦੀ। ਝਗੜਾ ਸ਼ੁਰੂ ਹੋ ਜਾਂਦਾ।

ਮੈਂ ਭੂਆ ਕੋਲ ਜਾ ਕੇ ਕਿਹਾ, "ਭੂਆ ਜੀ, ਮੈਂ ਬਾਬੇ ਦੇ ਖੂਹ ਨੂੰ ਚਲੀ।"

ਭੂਆ ਬੋਲੀ, "ਹੋਰ ਪਾਸੇ ਨਾ ਜਾਵੀਂ। ਮੇਰਾ ਕੰਮ ਖਤਮ ਹੈ। ਜਾਂਦੀ ਤੈਨੂੰ ਲੈ ਜਾਊਂ। ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਵੀਂ।" ਮੈਂ ਦੌੜ ਗਈ।

ਬਾਬਾ ਜੀ ਮੰਜੇ 'ਤੇ ਬੈਠੇ ਸਨ। ਬੂਟਾ ਸਾਹਮਣੇ ਖੜ੍ਹਾ ਸੀ। ਉਚੀ ਬੋਲਿਆ, "ਦੋ ਫਲਾਹੀਆਂ ਦੀ ਛਾਂ ਡੰਗਰਾਂ ਲਈ ਤੇ ਦੋ ਮੰਜੇ ਡਾਹੁਣ ਲਈ ਥੋੜ੍ਹੀ ਤੇ ਨਹੀਂ।" ਇਸ ਪਾਸੇ ਖੁਰਲੀਆਂ ਬਣਵਾ ਕੇ, ਟਾਹਲੀ ਹੁਣ ਬੁੱਢੀ ਹੋ ਗਈ ਹੈ, ਵਢਾ ਦਿੰਦੇ ਹਾਂ। ਪੂਰਾ ਖੇਤ ਖੂਹ ਦੇ ਨਾਲ ਖਾਲੀ ਹੋ ਜਾਊ।"

ਬਾਬਾ ਆਪਣੇ ਸਿਰ ਦਾ ਪਰਨਾ ਘੁੱਟ ਕੇ ਬੰਨ੍ਹ ਬੋਲਿਆ, "ਕਾਕਾ ਚਾਰ ਖੇਤ ਆਪਣੇ ਅਗਾਂਹ ਵਾਲੀ ਜਮੀਨ ਵਿਚ ਖਾਲੀ ਪਏ ਹਨ। ਉਹ ਬੀਜ ਲੈ।"

"ਉਨ੍ਹਾਂ ਨੂੰ ਪਾਣੀ ਕਿਥੋਂ ਲਾਊਂ?" ਬੂਟਾ ਬੋਲਿਆ।

"ਬੂਟਿਆ! ਰੱਬ 'ਤੇ ਭਰੋਸਾ ਰੱਖ। ਬਥੇਰੀ ਤੇਰੀ ਫਸਲ ਹੁੰਦੀ ਪਈ ਹੈ।" ਬਾਬੇ ਨੇ ਕਿਹਾ।

"ਕੈਲੇ ਦੇ ਕਿੰਨੇ ਖੇਤ ਸਨ ਕਣਕ ਦੇ?"

"ਛੇ ਖੇਤ।" ਬੂਟਾ ਬੋਲਿਆ।

"ਤੇਰੇ ਚਾਰ। ਕਣਕ ਕਿੰਨੀ ਕਿੰਨੀ ਹੋਣੀ ਸੀ?" ਬਾਬੇ ਨੇ ਪੁਛਿਆ।

"ਉਹ ਤਿੰਨ ਭਰਾ ਮਿਹਨਤ ਕਰਨ ਵਾਲੇ, ਮੈਂ ਇਕੱਲਾ। ਕਣਕ ਮੇਰੀ ਉਨ੍ਹਾਂ ਨਾਲੋਂ ਡੂਢੀ ਹੋਈ ਸੀ।"

"ਫਿਰ ਪਤਾ ਤੈਨੂੰ ਕਮੀ ਕੀ? ਰੱਬ ਨੇ ਤੇਰੇ ਖੇਤਾਂ ਵਿਚ ਬਰਕਤ ਪਾਈ ਹੈ।"

"ਬਾਬਾ ਜੀ, ਰੱਬ ਬਰਕਤ ਪਾਉਣ ਆਇਆ ਦਿਸ ਪਿਆ। ਇਹ ਨਹੀਂ ਦਿਸਦਾ ਇਹ ਬੂਟਾ ਰਾਤ ਦਿਨ ਖੇਤਾਂ ਵਿਚ ਗੱਡਿਆ ਰਹਿੰਦਾ ਹੈ।"

ਬਾਬੇ ਨੇ ਬੜੇ ਪਿਆਰ ਨਾਲ ਕਿਹਾ, "ਪਤਾ ਬਰਕਤ ਮਿਹਨਤ ਕਰਨ ਵਾਲਿਆਂ ਦੀ ਕਮਾਈ ਵਿਚ ਪੈਂਦੀ ਹੈ। ਸਾਰਾ ਪਿੰਡ ਤੇਰੇ ਗੁਣ ਗਾਉਂਦਾ ਹੈ। ਰੱਬ ਤੈਨੂੰ ਮਿਹਨਤ ਦਾ ਫਲ ਦਿੰਦਾ। ਕੋਈ ਕਮੀ ਨਹੀਂ।"

ਬੂਟਾ ਬਾਬੇ ਵਲੋਂ ਮੂੰਹ ਫੇਰ ਕੇ ਬੋਲਿਆ, "ਟਾਹਲੀ ਤੇ ਮੈਂ ਵਢਾ ਹੀ ਦੇਣੀ ਹੈ। ਪੂਰਾ ਖੇਤ ਮਾਰਿਆ ਪਿਆ।"

ਬਾਬਾ ਸੁਣ ਕੇ ਹੱਥ ਵਾਲਾ ਸੋਟਾ ਜ਼ੋਰ ਨਾਲ ਧਰਤੀ 'ਤੇ ਮਾਰ ਕੇ ਬੋਲਿਆ, "ਟਾਹਲੀ ਨੂੰ ਆਰਾ ਲੱਗਣ ਤੋਂ ਪਹਿਲਾਂ ਵਜ਼ੀਰ ਸਿੰਘ ਦੀ ਗਰਦਣ 'ਤੇ ਛੁਰਾ ਚੱਲੂਗਾ। ਟਾਹਲੀ ਦੀ ਛਾਂ ਵਿਚ ਮੇਰੇ ਬਜੁਰਗਾਂ ਦਾ ਪ੍ਰਤਾਪ ਉਨ੍ਹਾਂ ਦੀਆਂ ਸੀਸਾਂ ਤੇ ਮਾਂ, ਦਾਦੀਆਂ ਅਤੇ ਪੜਦਾਦੀਆਂ ਦਾ ਆਸ਼ੀਰਵਾਦ ਹੈ।"

ਬੂਟਾ ਮੁੜ ਗੁੱਸੇ ਨਾਲ ਭਰਿਆ ਬਾਬੇ ਦੇ ਸਾਹਮਣੇ ਆ ਕੇ ਉਚੀ ਆਵਾਜ਼ ਵਿਚ ਬੋਲਿਆ, "ਅਸੀਸਾਂ ਉਹ ਤੇ ਤੇਰੇ ਬਿਨਾ ਦੱਸਿਆਂ ਮੈਨੂੰ ਦਿਸਦੀਆਂ ਪਈਆਂ ਨੇ। ਕਿੰਨੀ ਸੋਹਣੀ ਅਸੀਸ, ਤੇਰਾ ਜਵਾਨ ਪੁੱਤਰ ਮਰ ਗਿਆ। ਮੈਨੂੰ ਭੀ ਲੱਗੀ ਆਸੀਸ ਜੰਮਣ ਤੋਂ ਪਹਿਲਾਂ ਪਿਉ ਮਰ ਗਿਆ, ਮੇਰੀ ਮਾਂ ਭੀ ਝੋਲੀ ਭਰੀ ਬੈਠੀ ਆ।" ਇਹ ਕਹਿ ਕੇ ਰੋਂਦਾ ਪਸ਼ੂਆਂ ਦੇ ਕੋਠੇ ਵਲ ਨੂੰ ਤੁਰ ਪਿਆ।

ਮੈਂ ਜਦ ਦੀ ਕੁੱਪ ਦੇ ਓਹਲੇ ਖੜ੍ਹੀ ਸੀ, ਉਚੀ ਉਚੀ ਰੋ ਪਈ। ਮੈਂ ਦੇਖਿਆ ਭੂਆ ਵੀ ਉਥੇ ਖੜ੍ਹੀ ਸੀ। ਬਾਬਾ ਜੀ ਤੇ ਧਾਹਾਂ ਮਾਰ ਕੇ ਰੋਣ ਲੱਗ ਪਏ। ਅੱਜ ਮੈਨੂੰ ਮੌਤ ਦੇ ਵੀ ਮਿਹਣੇ ਮਿਲਣ ਲੱਗ ਪਏ, "ਬੂਟਿਆ ਮੇਰੇ ਕਾਲਜੇ ਵਿਚ ਛੁਰੇ ਨਾ ਮਾਰ।"

ਭੂਆ ਆ ਕੇ ਬੋਲੀ, "ਚਾਚਾ ਕਮਜ਼ੋਰ ਨਾ ਬਣ।" ਚਾਚੇ ਦੇ ਗਲ ਦੁਆਲੇ ਬਾਂਹ ਪਾ ਕੇ ਬੋਲੀ, "ਮੈਂ ਸਮਝਾਉਂਦੀ ਆਂ ਇਸ ਕਮਲੇ ਨੂੰ। ਨਿਆਣਾ ਹੈ, ਅਜੇ ਮੱਤ ਨਹੀਂ।"

ਮੈਂ ਵੀ ਦੌੜ ਕੇ ਪਸ਼ੂਆਂ ਵਾਲੇ ਅੰਦਰ ਗਈ, ਬੂਟਾ ਉਚੀ ਉਚੀ ਰੋ ਰਿਹਾ ਸੀ। ਮੈਂ ਉਸ ਦੀਆਂ ਲੱਤਾਂ ਨੂੰ ਚਿੰਬੜ ਕੇ ਰੋਂਦੀ ਰੋਂਦੀ ਬੋਲੀ, "ਵੀਰਾ ਤੂੰ ਨਾ ਰੋ, ਆ ਜਾ ਬਾਹਰ।"

ਆਪਣੀਆਂ ਅੱਖਾਂ ਵਿਚੋਂ ਪਾਣੀ ਦੀਆਂ ਧਾਰਾ ਵਗੌਂਦਾ ਬੂਟਾ ਬੋਲਿਆ, "ਚਲ ਕਮਲੀ ਤੂੰ ਕਿਉਂ ਰੋਂਦੀ ਹੈ?"

ਆਪਣੇ ਕੁੜਤੇ ਨਾਲ ਅੱਖਾਂ ਪੂੰਝ ਕੇ ਮੇਰੀ ਉਂਗਲ ਫੜ੍ਹ ਬੂਟਾ ਬਾਹਰ ਆ ਗਿਆ। ਪਲ ਭਰ ਨੀਵੀਂ ਪਾਈ ਖੜ੍ਹਾ ਰਿਹਾ। ਨੀਵੀਂ ਪਾਈ ਮੰਜੇ ਕੋਲ ਗਿਆ। ਬਾਬੇ ਦੇ ਪੈਰਾਂ 'ਤੇ ਸਿਰ ਰੱਖ ਕੇ, ਉਚੀ ਉਚੀ ਰੋਣ ਲੱਗ ਪਿਆ। ਭੂਆ ਨੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਜੀਂਦਾ ਰਹੁ ਜੁਆਨੀ ਮਾਣ। ਕਿੰਨੇ ਵਿਚ ਹੋਇਆ ਸੌਦਾ ਟਾਹਲੀ ਵੱਢਣ ਦਾ?"

ਭੂਆ ਦਾ ਇਹ ਕਹਿਣਾ ਸੀ ਕਿ ਬੂਟਾ ਫੁੱਟ ਫੁੱਟ ਰੋਂਦਾ ਬੋਲਿਆ, "ਮੈਨੂੰ ਮੁਆਫ ਕਰ ਦਿਉ ਮੈਂ ਮੁੜ ਕੇ ਇਸ ਤਰ੍ਹਾਂ ਦੀ ਗਲਤੀ ਨਹੀਂ ਕਰਾਂਗਾ। ਗਲਤ ਬੋਲ ਗਿਆ, ਗਲਤੀ ਨਹੀਂ ਕਰੂੰਗਾ।"

ਉਸ ਨੇ ਬਾਬੇ ਦੇ ਪੈਰ ਫੜ੍ਹ ਲਏ। ਬਾਬਾ ਪੋਤਾ ਬਹੁਤ ਰੋਏ। ਭੂਆ ਨੇ ਕਿਹਾ, "ਕਾਕਾ ਪੈਰ ਛੱਡ ਕੇ ਬਾਬੇ ਦੇ ਗੱਲ ਲਗ। ਉਸ ਦੇ ਸੀਨੇ ਠੰਡ ਪਵੇ।" ਫਿਰ ਭੂਆ ਨੇ ਕਿਹਾ, "ਚਾਚਾ ਲਾ ਸੀਨੇ ਨਾਲ ਆਪਣੇ ਬੂਟੇ ਨੂੰ। ਕਿਸੇ ਨਹੀਂ ਵੱਢਣੀ ਵਢਾਉਣੀ ਟਾਹਲੀ।"

ਬੂਟੇ ਨੇ ਬਾਬੇ ਦੇ ਪਰਨੇ ਨਾਲ ਉਸ ਦੀਆਂ ਅੱਖਾਂ ਪੂੰਜੀਆਂ। ਹੱਥ ਜੋੜ ਕੇ ਮੁਆਫੀ ਮੰਗੀ।

"ਹਾਂ, ਪੁੱਤਰਾ ਬਾਬੇ ਨੇ ਮਾਫ ਕਰ ਦਿੱਤਾ। ਪਾਣੀ ਪਿਆ।" ਭੂਆ ਨੇ ਕਿਹਾ। ਬੂਟੇ ਨੇ ਕੋਲ ਪਈ ਗੜਵੀ ਵਿਚੋਂ ਪਾਣੀ ਪਿਆ ਕੇ, ਹੋਰ ਮੰਜਾ ਡਾਹ ਕੇ ਕਿਹਾ, "ਭੂਆ ਜੀ ਇਥੇ ਆਰਾਮ ਨਾਲ ਬੈਠੋ।"

ਮੈਨੂੰ ਵੀ ਮੰਜੇ 'ਤੇ ਬਿਠਾ ਦਿੱਤਾ। ਮੈਂ ਮੰਜੇ 'ਤੇ ਬੈਠ ਕੇ ਬੋਲੀ, "ਲੜਾਈ ਲੜਾਈ ਮੁਆਫ, ਝਗੜਾ ਸਾਰਾ ਸਾਫ।"

"ਲਓ, ਹੁਣ ਤੇ ਸਿਆਣੀ ਦਾਨੀ ਦਾ ਫੈਸਲਾ ਵੀ ਆ ਗਿਆ। ਸਭ ਠੀਕ ਹੈ। ਅਸੀਂ ਚਲਦੀਆਂ ਹੁਣ।" ਭੂਆ ਨੇ ਕਿਹਾ। ਮੈਨੂੰ ਵੀ ਇਸ਼ਾਰਾ ਕੀਤਾ। ਬਾਬਾ ਜੀ ਨੇ ਕਿਹਾ, "ਨਹੀਂ ਅਜੇ ਬਹੁ ਬੀਬੀ ਮੈਨੂੰ ਥੋੜਾ ਟਿਕਾ ਕਰ ਲੈਣ ਦੇ।" ਬੂਟੇ ਨੇ ਭੂਆ ਅੱਗੇ ਹੱਥ ਜੋੜ ਦਿੱਤੇ। ਭੂਆ ਬੈਠ ਗਈ। ਕੁਝ ਚਿਰ ਕੋਈ ਨਹੀਂ ਬੋਲਿਆ।

ਬਾਬਾ ਜੀ ਬੋਲੇ, "ਬੀਬੀ ਤੈਨੂੰ ਪਤਾ ਇਹ ਟਾਹਲੀ ਬਹੁਤ ਪੁਰਾਣੀ ਹੈ। ਇਹ ਟਾਹਲੀਆਂ ਵਾਲੇ ਖੂਹ ਦੀਆਂ ਟਾਹਲੀਆਂ ਨਾਲੋਂ ਵੀ ਪੁਰਾਣੀ ਹੈ। ਉਹ ਖੂਹ ਇਸ ਖੂਹ ਤੋਂ ਪਿਛੋਂ ਲੱਗਾ ਸੀ। ਮੇਰੇ ਤਿੰਨ ਬਾਬੇ ਸਨ। ਇਕ ਦੀ ਔਲਾਦ ਅਸੀਂ। ਤਿੰਨਾਂ ਵਿਚੋਂ ਦੋ ਛੜੇ ਸਨ। ਉਨ੍ਹਾਂ ਖੂਹ ਲੁਆਇਆ ਸੀ। ਤਿੰਨੇ ਬਜੁਰਗ ਸਨ। ਇਸ ਲਈ ਖੂਹ ਦਾ ਨਾਂ ਬਾਬਿਆਂ ਦਾ ਜਾਂ ਬਾਬੇ ਦਾ ਖੂਹ ਪੈ ਗਿਆ। ਟਾਹਲੀ ਛੋਟੀ ਜਿਹੀ ਖੂਹ ਲੱਗਣ ਤੋਂ ਪਹਿਲਾਂ ਇਥੇ ਸੀ। ਮੇਰੀ ਮਾਂ ਦਸਦੀ ਹੁੰਦੀ ਸੀ ਕਿ ਜਦ ਉਸ ਦਾ ਵਿਆਹ ਹੋਇਆ ਤਾਂ ਟਾਹਲੀ ਕੋਠੇ ਜਿੰਨੀ ਉਚੀ ਸੀ। ਮੇਰਾ ਬਾਪ ਇਸ ਟਾਹਲੀ ਹੇਠਾਂ ਪਲਿਆ। ਮੈਂ ਵੀ ਮੇਰਾ ਜੋਗਾ ਵੀ। ਬੂਟਾ ਵੀ ਇਸ ਦੀ ਛਾਂ ਹੇਠ ਵੱਡਾ ਹੋਇਆ। ਹੁਣ ਇਸ ਦੀ ਛਾਂ ਤੇ ਇਸ ਉਤੇ ਵਸਦੇ ਰੰਗ ਬਰੰਗੇ ਪੰਛੀਆਂ ਦੇ ਸਾਥ ਨੂੰ ਮਾਣ ਕੇ ਖੁਸ਼ ਹੁੰਦੇ ਹਨ, ਇਸ ਦੇ ਬੱਚੇ।" ਬਾਬਾ ਜੀ ਫਿਰ ਚੁੱਪ ਹੋ ਗਏ। ਥੋੜਾ ਆਰਾਮ ਕਰ ਕੇ ਬੋਲੇ, "ਬੀਬੀ ਇਸ ਟਾਹਲੀ ਉਪਰ ਪੂਰਾ ਨਗਰ ਵੱਸਿਆ ਹੋਇਆ ਹੈ। ਕਿੰਨੀਆਂ ਕਿਸਮਾਂ ਦੇ ਕਿੰਨੇ ਰੰਗਾਂ ਦੇ ਵੱਖ-ਵੱਖ ਬੋਲਾਂ ਵਾਲੇ ਪੰਛੀ ਰਹਿੰਦੇ ਹਨ। ਸਵੇਰੇ ਹੀ ਰੱਬ ਦੇ ਪਿਆਰੇ ਭਗਤਾਂ ਵਾਂਗ ਇਹ ਆਪਣਾ ਨਿਤਨੇਮ ਸ਼ੁਰੂ ਕਰ ਦਿੰਦੇ ਹਨ। ਕਈ ਤਾਂ ਬਹੁਤ ਸਵੇਰੇ ਹੀ ਰੱਬ ਨੂੰ ਪੁਕਾਰਦੇ ਹਨ। ਇਨ੍ਹਾਂ ਦੀ ਮਿੱਠੀ ਪਿਆਰੀ ਆਵਾਜ਼ ਮੇਰੇ ਮਨ ਨੂੰ ਧੂਹ ਪਾਉਂਦੀ ਹੈ। ਮੇਰਾ ਮਨ ਇਲਾਹੀ ਲੈਅ ਨਾਲ ਜੁੜ ਜਾਂਦਾ ਹੈ। ਮੈਂ ਮੰਜੇ 'ਤੇ ਮਸਤ ਬੈਠਾ ਰਹਿੰਦਾ ਹਾਂ।"

ਬਾਬੇ ਨੇ ਆਪਣੀ ਗੱਲ ਜਾਰੀ ਰੱਖੀ, "ਸੰਝ ਵੇਲੇ ਜਿਵੇਂ ਇਹ ਸਾਰਾ ਪੰਛੀ ਇਕੋ ਸੁਰ ਲੈਅ ਵਿਚ ਉਸ ਅਗਮ ਅਗੋਚਰ ਸ਼ਕਤੀ ਦੀ ਆਰਤੀ ਕਰਦੇ ਹਨ, ਜਿਸ ਨੂੰ ਸੁਣ ਮੈਨੂੰ ਇੰਨਾ ਅਨੰਦ ਆਉਂਦਾ ਹੈ, ਮੈਂ ਸੱਚ ਕਹਾਂ ਐਨਾ ਮੈਨੂੰ ਗੁਰਦੁਆਰੇ ਵੀ ਨਹੀਂ ਆਉਂਦਾ।"


ਬੂਟਾ ਤਾਂ ਬੈਠਾ ਆਪਣੀਆਂ ਅੱਖਾਂ ਪੂਝੀ ਗਿਆ। ਮੈਂ ਕਹੀ ਗਈ, "ਵੀਰਾ ਚੁੱਪ ਕਰ।"

ਭੂਆ ਨੇ ਕਿਹਾ, "ਚਾਚਾ ਜੀ ਐਵੇਂ ਤਾਂ ਲੋਕ ਨਹੀਂ ਕਹਿੰਦੇ, ਪੰਛੀਆਂ ਦੀ ਚਹਿਚਹਾਟ ਰੱਬ ਦੀ ਬਾਣੀ ਹੁੰਦੀ ਹੈ।"

"ਹਾਂ ਬੀਬੀ।" ਬਾਬਾ ਜੀ ਜਿਵੇਂ ਕਿਸੇ ਡੂੰਘੇ ਵਿਚਾਰ ਵਿਚੋਂ ਨਿਕਲ ਕੇ ਆਏ ਹੋਣ, ਬੋਲੇ, "ਜਦ ਜੋਗਾ ਚਲਾ ਗਿਆ, ਕੀ ਹਾਲ ਸੀ ਸਾਡਾ? ਕੁਝ ਦਿਨਾਂ ਮਗਰੋਂ ਇਹ ਖਬਰ ਮਿਲੀ ਕਿ ਉਹ ਆਪਣੀ ਨਿਸ਼ਾਨੀ ਦਾ ਬੀਜ ਬੀਜ ਗਿਆ ਹੈ। ਲੋਕਾਂ ਸਾਨੂੰ ਦਿਲਾਸਾ ਦੇਣਾ ਸ਼ੁਰੂ ਕਰ ਕੀਤਾ। ਕੋਈ ਕਹਿੰਦਾ, ਲੈ ਪੰਜ ਮਹੀਨੇ ਬੀਤੇ ਗੁਰੂ ਨੇ ਤੁਹਾਡੇ ਬੁਝ ਚੁਕੇ ਦੀਵੇ ਜਲਾ ਦੇਣੇ। ਕੋਈ ਕਹਿੰਦਾ, ਗੁਰੂ ਮੁੜ ਤੁਹਾਡੇ ਘਰ ਰੌਣਕਾਂ ਲਾਵੇਗਾ। ਸਭ ਕੁਝ ਠੀਕ ਸੀ। ਕਹਿੰਦੇ ਹਨ, ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਪਰ ਸੱਟ ਬਹੁਤ ਵੱਡੀ ਖਾਧੀ ਸੀ। ਕਿਸੇ ਵੀ ਸਹਾਰੇ ਦੀ ਆਸ ਨਹੀਂ ਸੀ ਬੱਝਦੀ। ਮਨ ਡੋਲਦਾ ਸੀ। ਕਦੇ ਭਰੋਸਾ ਬਣਦਾ, ਕਦੇ ਟੁੱਟਦਾ।"

ਬਾਬਾ ਅੱਖਾਂ 'ਚ ਹੰਝੂ ਭਰਦਾ ਬੋਲਿਆ, "ਇਕ ਦਿਨ ਮੈਂ ਮੰਜੇ 'ਤੇ ਇਸੇ ਟਾਹਲੀ ਹੇਠਾਂ ਪਿਆ ਸਾਂ। ਦਿਨ ਢਲਦਾ ਪਿਆ ਸੀ। ਮੈਂ ਵੀ ਗਮ ਦੇ ਸਾਗਰ ਵਿਚ ਕਦੇ ਡੁੱਬਦਾ ਤੇ ਕਦੇ ਮਰਦਾ ਪਿਆ ਸੀ। ਮੈਂ ਟਾਹਲੀ ਦੇ ਡਾਲ ਦੇਖਦਾ ਸੀ। ਕਿਸ ਨਾਲ ਰੱਸਾ ਪਾ ਕੇ ਆਪਣੇ ਗਮਾਂ ਤੋਂ ਮੁਕਤੀ ਪਾ ਲਵਾਂ। ਅੱਜ ਸੱਚ ਦਸਦਾ ਹਾਂ। ਮੈਂ ਮਰਨ ਦਾ ਫੈਸਲਾ ਕਰ ਲਿਆ ਸੀ। ਉਸ ਵੇਲੇ ਚਿੜੀ ਦਾ ਬੱਚਾ ਉਪਰੋਂ ਡਿੱਗ ਪਿਆ। ਉਸ ਦੇ ਅਜੇ ਉਡਣ ਜੋਗੇ ਫੰਗ ਨਹੀਂ ਸਨ ਹੋਏ। ਚਿੜੀ ਚੀਂ ਚੀਂ ਕਰਦੀ ਉਸ ਕੋਲ ਆ ਬੈਠੀ। ਚਿੜਾ ਵੀ ਆ ਗਿਆ। ਉਹ ਦੋਵੇਂ ਆਪਣੀ ਚੀਂ ਚੀਂ ਵਿਚ ਕੁਰਲਾਉਂਦੇ ਜਾਪੇ। ਉਨ੍ਹਾਂ ਦੀ ਹਮਦਰਦੀ ਲਈ ਸਾਰੇ ਰੁੱਖਾਂ ਤੋਂ ਚਿੜੀਆਂ ਆ ਗਈਆਂ। ਬਹੁਤ ਰੌਲਾ ਪਾਇਆ। ਇਹ ਬੋਟ ਤੇ ਇਸ ਤਰ੍ਹਾਂ ਪਿਆ ਸੀ ਜਿਵੇਂ ਇਸ ਵਿਚ ਜਾਨ ਨਾ ਹੋਵੇ। ਮੈਂ ਵੀ ਰੋਣ ਲੱਗ ਪਿਆ। ਚਿੜੀਆਂ ਬੈਠਦੀਆਂ ਉਡਦੀਆਂ, ਵਿਰਲਾਪ ਕਰਦੀਆਂ ਜਾਂ ਰੱਬ ਅੱਗੇ ਅਰਦਾਸ। ਹਨੇਰਾ ਹੋ ਗਿਆ। ਹੌਲੀ ਹੌਲੀ ਬਾਕੀ ਚਿੜੀਆਂ ਉਡ ਗਈਆਂ। ਚਿੜਾ-ਚਿੜੀ ਉਸ ਕੋਲ ਹੀ ਰਹੇ। ਮੈਂ ਦੇਖੀ ਗਿਆ। ਡਰ ਸੀ ਕਿ ਕੋਈ ਕੁੱਤਾ, ਬਿੱਲਾ ਆ ਕੇ ਦੋਹਾਂ ਨੂੰ ਹੀ ਨਾ ਖਾ ਜਾਵੇ। ਮੈਂ ਹੌਲੀ ਹੌਲੀ ਜਾ ਕੇ ਚਿੜੀ ਤੇ ਬੱਚੇ ਨੂੰ ਟੋਕਰੇ ਥੱਲੇ ਦੇ ਦਿੱਤਾ। ਚਿੜਾ ਉਡ ਗਿਆ ਸੀ। ਟੋਕਰੇ ਦੇ ਉਪਰ ਮੈਂ ਮੰਜਾ ਡਾਹ ਲਿਆ। ਕੁੱਤਾ ਟੋਕਰਾ ਉਲਟਾ ਸਕਦਾ ਸੀ।

ਰਾਤ ਭਰ ਮੈਂ ਮੰਜੇ 'ਤੇ ਪਿਆ ਰਿਹਾ। ਨਾ ਮੈਂ ਸੁੱਤਾ, ਨਾ ਚਿੜੀ। ਚਿੜੀ ਦੀ ਟੋਕਰੇ ਵਿਚ



ਉਡਦੀ ਦੀ ਹਿੱਲਜੁਲ ਮੈਨੂੰ ਸੁਣਦੀ ਰਹੀ। ਨਿੱਕੀ ਜਿਹੀ ਜਾਨ, ਮਮਤਾ ਦੇ ਜਾਲ ਵਿਚ ਫਸੀ ਤੜਪ ਰਹੀ ਸੀ। ਮੈਂ ਵੀ ਉਸ ਰਾਤ ਬਹੁਤ ਰੋਇਆ। ਚਿੜੀ ਦੇ ਦੁੱਖ ਵਿਚ ਨਹੀਂ, ਹਾਂ ਪਰ ਦੁੱਖ ਇਕੋ ਜਿਹਾ ਸੀ। ਮੈਂ ਆਪਣੇ ਮਰ ਚੁੱਕੇ ਪੁੱਤ ਨੂੰ। ਮੌਤ ਦੇ ਮੂੰਹ ਜਾ ਰਹੇ ਨੂੰ।

ਸਵੇਰ ਦਾ ਚਾਨਣ ਹੋਣ ਤੋਂ ਪਹਿਲਾਂ ਕਈ ਪੰਛੀ ਭਜਨ ਛੇੜ ਦਿੰਦੇ ਹਨ। ਮੈਨੂੰ ਉਨ੍ਹਾਂ ਦੀ ਮਿੱਠੀ ਆਵਾਜ਼ ਆਈ। ਮੈਂ ਉਠ ਕੇ ਬੈਠ ਗਿਆ। ਰੁੱਖ 'ਤੇ ਹੁਣ ਸਭ ਜਾਗ ਪਏ ਸਨ। ਚਿੜਾ ਮੰਜੇ ਦੇ ਨੇੜੇ ਆ ਬੈਠਾ ਸੀ। ਟੋਕਰੇ ਦੇ ਅੰਦਰ ਚਿੜੀ ਬੋਲਦੀ ਤੇ ਉਡਦੀ ਦੀ ਬਿੜਕ ਆ ਰਹੀ ਸੀ। ਮੈਂ ਉਠ ਕੇ ਮੰਜਾ ਖੜ੍ਹਾ ਕੀਤਾ, ਟੋਕਰਾ ਚੱਕ ਦਿੱਤਾ। ਚਿੜਾ ਵੀ ਆਪਣੇ ਬੱਚੇ ਕੋਲ ਚਲਾ ਗਿਆ। ਮੈਂ ਹੈਰਾਨ ਦੇਖ ਕੇ ਕਿ ਉਹ ਬੋਟ ਜੋ ਕੱਲ ਤੇ ਬੇਜਾਨ ਹੋਇਆ ਲੱਗਾ ਸੀ। ਚਿੜੀ ਦੇ ਨਾਲ ਇਧਰ ਉਧਰ ਤੁਰਦਾ ਪਿਆ ਸੀ। ਚਿੜੀ ਉਸ ਦੀ ਗਰਦਨ ਥੱਲੇ ਚੁੰਝ ਨਾਲ ਪਿਆਰ ਕਰਦੀ ਲੱਗੀ। ਫਿਰ ਧਰਤੀ ਤੋਂ ਗਿੱਠ ਦੋ ਗਿੱਠ ਉਚੀ ਉਡਦੀ ਮੁੜ ਬੱਚੇ ਕੋਲ ਬਹਿ ਜਾਂਦੀ, ਇਸੇ ਤਰ੍ਹਾਂ ਚਿੜਾ ਕਰਦਾ।

ਮੈਂ ਬਾਜਰੇ ਦੀ ਮੁਠ ਲੈਣ ਕੋਠੇ ਅੰਦਰ ਗਿਆ, ਮੁੜ ਆ ਕੇ ਮੈਂ ਹੈਰਾਨ ਵੀ ਹੋਇਆ ਤੇ ਖੁਸ਼ ਐਨਾ ਕਿ ਦੱਸ ਨਹੀਂ ਸਕਦਾ। ਉਹ ਬੋਟ ਛੋਟੇ ਫੰਗਾਂ ਨਾਲ ਉਡ ਕੇ ਟੋਕਰੇ ਵਾਲੀ ਥਾਂ ਤੋਂ ਦੂਰ ਗਿਆ ਸੀ। ਮੈਂ ਬਾਜਰਾ ਖਿਲਾਰ ਦਿੱਤਾ। ਉਨ੍ਹਾਂ ਬਾਜਰੇ ਵਲ ਧਿਆਨ ਨਹੀਂ ਦਿੱਤਾ। ਉਸ ਨੂੰ ਉਡਣ ਦੇ ਗੁਰ ਸਿਖਾਉਂਦੇ ਰਹੇ। ਮੈਨੂੰ ਪਤਾ ਨਹੀਂ ਮੇਰਾ ਧਿਆਨ ਤੇ ਮੇਰੀ ਨਜ਼ਰ ਕਿਥੇ ਗਈ ਹੋਵੇਗੀ, ਜਦ ਮੁੜ ਤੱਕਿਆ, ਉਨ੍ਹਾਂ ਤਿੰਨਾਂ ਵਿਚੋਂ ਧਰਤੀ 'ਤੇ ਕੋਈ ਨਜ਼ਰ ਨਾ ਆਇਆ। ਮੈਂ ਡਰ ਗਿਆ। ਅਚਾਨਕ ਨਜ਼ਰ ਉਪਰ ਚੁੱਕੀ, ਉਹ ਟਾਹਲੀ 'ਤੇ ਬੈਠੇ ਸਨ। ਦੋ ਮਿੰਟ ਪਿਛੋਂ ਫਿਰ ਉਨ੍ਹਾਂ ਤਿੰਨਾਂ ਨੇ ਉਡਾਰੀ ਭਰੀ। ਆਪਣੇ ਆਲ੍ਹਣੇ ਵਿਚ ਪਹੁੰਚ ਗਏ। ਮੈਂ ਤੇ ਉਥੇ ਧਰਤੀ 'ਤੇ ਹੀ ਹੱਥ ਜੋੜ ਮੱਥਾ ਟੇਕਿਆ। ਜੋਗੇ ਦੀ ਮੌਤ ਤੋਂ ਪਿਛੋਂ ਮੈਂ ਸੋਚਦਾ ਸੀ ਰੱਬ ਕੋਈ ਨਹੀਂ। ਪਰ ਉਸ ਦਿਨ ਮੁੜ ਮੈਂ ਰੱਬ ਨੂੰ ਦੇਖ ਲਿਆ।

ਕਹਿੰਦੇ ਹਨ, ਰੱਖਣ ਵਾਲਾ ਬਿਨਾ ਸਾਹ ਤੋਂ ਵੀ ਰੱਖ ਲੈਂਦਾ ਹੈ। ਦੂਸਰੀ ਗੱਲ ਜੋ ਮੈਂ ਸਿੱਖੀ, ਉਹ ਸੀ ਕਿ ਹਿੰਮਤ ਨਹੀਂ ਹਾਰਨੀ ਚਾਹੀਦੀ। ਆਪਣੇ ਵੱਸ ਦਾ ਕਰਮ ਕਰੀ ਜਾਣਾ ਚਾਹੀਦਾ ਹੈ। ਚਿੜੀ-ਚਿੜੇ ਦੀ ਹਿੰਮਤ ਨੇ ਉਨ੍ਹਾਂ ਦਾ ਬੱਚਾ ਬਚਾ ਲਿਆ।

ਹੋਰ ਬੀਬੀ ਦੇਖ ਆਪਾਂ ਕਹਿੰਦੇ ਹਾਂ ਕਿ ਮਨੁੱਖ 'ਕੱਲਾ ਨਹੀਂ ਰਹਿ ਸਕਦਾ। ਮੈਂ ਕਹਿਨਾਂ, ਇਨ੍ਹਾਂ ਪੰਛੀਆਂ ਦਾ ਵੀ ਸਮਾਜ ਭਾਈਚਾਰਾ ਹੈ। ਸਾਰੇ ਇਕੱਠੇ ਹੋ ਕੇ ਜਦ ਪੰਛੀ ਬੋਲਣ ਲਗ ਜਾਂਦੇ ਹਨ, ਕਿਸੇ ਦਾ ਬੱਚਾ ਡਿੱਗੇ। ਇਹ ਕੀ ਦਰਸਾਉਂਦੇ।"

ਭੂਆ ਬੋਲੀ, "ਚਾਚਾ ਜੀ ਇਨ੍ਹਾਂ ਵਿਚ ਵੀ ਪਿਆਰ ਹੈ, ਸਾਂਝ ਹੈ।"

"ਬੀਬੀ ਜਦ ਮਨੁੱਖ ਰੁੱਖ ਵੱਢਦਾ, ਉਹ ਕਿੰਨੇ ਪਰਿਵਾਰਾਂ ਦੇ ਵਸਦੇ ਰਸਦੇ ਸਮਾਜ ਨੂੰ ਉਜਾੜਦਾ।" ਬਾਬੇ ਨੇ ਕਿਹਾ। ਬਾਬਾ ਫਿਰ ਥੋੜ੍ਹਾ ਚੁੱਪ ਕਰਕੇ ਬੈਠ ਗਿਆ। ਬੂਟੇ ਨੇ ਗੜਵੀ ਵਿਚੋਂ ਥੋੜ੍ਹਾ ਪਾਣੀ ਗਲਾਸ ਵਿਚ ਪਾ ਕੇ ਦਿੱਤਾ। ਪਾਣੀ ਪੀ ਕੇ ਬਾਬਾ ਮੁੜ ਬੋਲਿਆ, "ਇਹ ਰੁੱਖ ਤਾਂ ਸਾਡੇ ਸਾਹ ਹਨ। ਜੇ ਸਾਨੂੰ ਰੁੱਖਾਂ ਦੀ ਹਵਾ ਨਾ ਮਿਲੇ, ਅਸੀਂ ਜੀ ਨਹੀਂ ਸਕਦੇ।"

"ਚਾਚਾ ਹੁਣ ਥੋੜ੍ਹਾ ਆਰਾਮ ਕਰ ਲੈ।" ਭੂਆ ਨੇ ਕਿਹਾ ਪਰ ਬਾਬਾ ਜੀ ਨੂੰ ਭੂਆ ਦੀ ਗੱਲ ਜਿਵੇਂ ਸੁਣੀ ਹੀ ਨਾ ਹੋਵੇ। ਆਪਣਾ ਗਲਾ ਸਾਫ ਕਰਕੇ ਫਿਰ ਬੋਲੇ, "ਆਹ ਸਾਡੇ ਘਰ ਸਾਡੇ ਮੰਜੇ, ਪੀੜੇ ਰੁੱਖਾਂ ਤੋਂ ਬਿਨਾ ਕਿਥੋਂ ਆਉਣਗੇ?" ਬਾਬਾ ਇਕਦਮ ਚੁੱਪ ਕਰ ਗਿਆ।

ਆਪਣਾ ਸੱਜਾ ਹੱਥ ਥੋੜ੍ਹਾ ਉਚਾ ਕਰਕੇ ਬੋਲਿਆ, "ਔਹ ਬੀਬੀ ਤੂੰ ਦੇਖਿਆ ਹੋਣਾ ਜੋਗੇ ਦਾ ਗਡੀਰਨਾ, ਮੇਰੀ ਮਾਂ ਨੇ ਹੁਸ਼ਿਆਰਪੁਰ ਤੋਂ ਮੰਗਵਾਇਆ ਸੀ। ਉਥੇ ਅੰਬ ਦੀ ਲੱਕੜ ਦੇ ਬਣਦੇ ਹਨ। ਅੰਬ ਦੀ ਲੱਕੜ ਹਲਕੀ ਹੁੰਦੀ ਆ। ਇਸ ਉਪਰ ਰੰਗ ਬਹੁਤ ਸੋਹਣਾ ਹੁੰਦਾ।"

ਇਸ ਵੇਲੇ ਬਾਬਾ ਆਪਣੇ ਅੰਦਰ ਦੀ ਦੁਨੀਆਂ ਵਿਚ ਪਹੁੰਚਿਆ ਹੋਇਆ ਸੀ। ਉਸ ਨੂੰ ਪਤਾ ਨਹੀਂ ਸੀ ਕਿ ਕੋਈ ਉਸ ਦੀਆਂ ਗੱਲਾਂ ਸੁਣਦਾ ਕਿ ਨਹੀਂ।

"ਭਾਈ! ਧੀਆਂ ਤੋਰੀਦੀਆਂ, ਰੁੱਖਾਂ ਦੀ ਬਣੀ ਡੋਲੀ ਵਿਚ, ਸ਼ਗਨਾਂ ਦੇ ਨਾਲ। ਜਦ ਕੋਈ ਜੀ ਸਦਾ ਲਈ ਜਾਂਦਾ, ਉਸ ਲਈ ਅਰਥੀ ਵੀ ਬੇਰੀ ਦੀਆਂ ਲਗਰਾਂ ਦੀ ਬਣਾਈਦੀ ਆ। ਮੁੜ ਪੰਜ ਤੱਤਾਂ ਵਿਚ ਰੁਲਣ ਲਈ ਬਾਲਣ ਲੱਕੜਾਂ ਦਾ ਹੁੰਦਾ ਹੈ। ਬੀਬੀ ਠੀਕ ਹੈ ਨਾ!"

"ਹਾਂ ਚਾਚਾ ਜੀ ਠੀਕ ਹੈ।" ਭੂਆ ਨੇ ਕਿਹਾ।

"ਹੋਰ ਸੁਣ, ਸਾਡੀ ਧਰਤੀ ਦਾ ਸ਼ਿੰਗਾਰ ਇਹ ਰੁੱਖ ਹਨ। ਧਰਤੀ ਸਾਡੇ ਖਾਣ ਪੀਣ ਤੇ ਪਹਿਨਣ ਲਈ ਸਾਡੀ ਹਰ ਲੋੜ ਪੂਰੀ ਕਰਦੀ ਹੈ। ਗੁੱਲੀ, ਕੁੱਲੀ ਤੇ ਜੁੱਲੀ। ਧਰਤੀ ਦੇ ਰੁੱਖ ਤੇ ਮਾਂ ਦੀ ਕੁੱਖ ਉਜਾੜਨ ਵਾਲੇ ਮਹਾਂ ਪਾਪੀ ਹੁੰਦੇ ਹਨ। ਗੁਰੂ, ਪੀਰ, ਸੰਤ, ਫਕੀਰ ਮਾਂ ਦੀ ਕੁੱਖ ਤੋਂ ਹੀ ਜੰਮਦੇ ਨੇ।"

"ਚਾਚਾ ਜੀ ਤੁਹਾਡੀਆਂ ਸਾਰੀਆਂ ਗੱਲਾਂ ਸੱਚ ਹਨ। ਅਸੀਂ ਮੰਨਦੇ ਹਾਂ। ਤੁਸੀਂ ਮੇਰੀ ਇਕ ਗੱਲ ਮੰਨ ਲਵੋ, ਥੋੜ੍ਹਾ ਆਰਾਮ ਕਰ ਲਵੋ। ਮੈਨੂੰ ਵੀ ਘਰੋਂ ਆਈ ਨੂੰ ਦੇਰ ਹੋ ਗਈ ਹੈ। ਘਰ ਫਿਕਰ ਕਰਦੀਆਂ ਹੋਣਗੀਆਂ।" ਭੂਆ ਨੇ ਬਾਬਾ ਜੀ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ, ਮੈਨੂੰ ਵੀ ਤੁਰਨ ਲਈ ਇਸ਼ਾਰਾ ਕੀਤਾ।

ਬਾਬਾ ਜੀ ਫਿਰ ਬੋਲੇ, "ਬੂਟੇ ਨੂੰ ਸਮਝਾ ਦਿੱਤਾ?"

ਭੂਆ ਜਾਂਦੀ ਜਾਂਦੀ ਬੋਲੀ, "ਬਹੁਤ ਚੰਗੀ ਤਰ੍ਹਾਂ। ਟਾਹਲੀ ਤੇ ਕੀ, ਉਹ ਕਦੇ ਕੋਈ ਰੁੱਖ ਵੀ ਨਹੀਂ ਵਢੂਗਾ।"

ਬਾਬਾ ਜੀ ਬੋਲਦੇ ਸੁਣ ਰਹੇ ਸਨ, "ਮੇਰੀ ਮਾਂ ਕਹਿੰਦੀ ਹੁੰਦੀ ਸੀ, ਰੁੱਖ ਵੱਡੇ ਤਾਂ ਪਰਲੋ ਆ ਜਾਂਦੀ ਹੈ।"

# ਸਰਕਾਰੀ ਰੁਤਬੇ ਦੀ ਗੱਲ ਕਰਦੀ ਪਰਿਵਾਰਕ ਤੇ ਕਾਮੇਡੀ ਫਿਲਮ 'ਅਫਸਰ'

## ਫਿਲਮੀ ਦੁਨੀਆਂ



ਸੁਰਜੀਤ ਜੱਸਲ
ਫੋਨ: 91-98146-07737

ਪੰਜਾਬੀ ਗੀਤਕਾਰੀ, ਗਾਇਕੀ ਤੇ ਫਿਰ ਫਿਲਮਾਂ ਵਿਚ ਵਿਲੱਖਣ ਪੈੜਾਂ ਪਾਉਣ ਵਾਲੇ ਪ੍ਰਤਿਭਾਸ਼ੀਲ ਸ਼ਖਸੀਅਤ ਦੇ ਮਾਲਕ ਤਰਸੇਮ ਜੱਸੜ ਦੀ ਸਿਫਤ ਲਿਖਣ ਦੀ ਕੋਈ ਲੋੜ ਨਹੀਂ ਪੈਂਦੀ ਕਿਉਂਕਿ ਉਹ ਚੌਵੀ ਕੈਰੇਟ ਸੋਨੇ ਵਾਂਗ ਆਪਣੀਆਂ ਸੋਚਾਂ ਤੇ ਅਸੂਲਾਂ 'ਤੇ ਖਰਾ ਹੈ। ਭਾਵੇਂ ਗਾਇਕੀ ਹੋਵੇ ਜਾਂ ਅਦਾਕਾਰੀ, ਹਰ ਵਰਗ ਉਸ ਦਾ ਪ੍ਰਸ਼ੰਸਕ ਹੈ। ਸਕੂਲ-ਕਾਲਜ ਪੜ੍ਹਦਿਆਂ ਸਾਹਿਤ ਪੜ੍ਹਨ ਦੀ ਚੇਟਕ ਨੇ ਤਰਸੇਮ ਨੂੰ ਲਿਖਣ ਲਈ ਪ੍ਰੇਰਿਤ ਕੀਤਾ। ਅਹਿਮ ਸਮਾਜਕ ਮੁੱਦੇ ਉਹਦੀਆਂ ਮੁਢਲੀਆਂ ਲਿਖਤਾਂ ਦੇ ਮਜ਼ਮੂਨ ਬਣੇ।

ਤਰਸੇਮ ਦੀ ਜ਼ਿੰਦਗੀ ਦੀ ਇੱਕ ਸੱਚਾਈ ਹੈ ਕਿ ਚੰਗੇ ਯਾਰਾਂ ਦੋਸਤਾਂ ਦਾ ਸਾਥ ਹੀ ਉਸ ਦੇ ਅੱਗੇ ਵਧਣ ਵਿਚ ਮਦਦਗਾਰ ਰਿਹਾ, ਸ਼ਾਇਦ ਇਸੇ ਲਈ ਤਰਸੇਮ ਦੇ ਬਹੁਤੇ ਗੀਤਾਂ ਵਿਚ ਉਸ ਦੇ ਮਿੱਤਰਾਂ ਦੀ ਸ਼ਮੂਲੀਅਤ ਝਲਕਦੀ ਹੈ। ਸ੍ਰੀ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਨੂੰ ਨਤਮਸਤਕ ਹੁੰਦਿਆਂ ਕਲਾ ਦੇ ਖੇਤਰ ਵਿਚ ਬੁਲੰਦੀਆਂ ਛੋਹਣ ਵਾਲਾ ਤਰਸੇਮ ਜੱਸੜ ਅੱਜ ਵੀ ਆਪਣੇ ਪਿੰਡ ਦੀ ਧਰਤੀ ਨਾਲ ਜੁੜਿਆ ਇੱਕ ਆਮ ਬੰਦਾ ਪਹਿਲਾਂ ਹੈ ਤੇ ਗਾਇਕ ਕਲਾਕਾਰ ਬਾਅਦ ਵਿਚ।

ਗੀਤਕਾਰੀ ਤੇ ਗਾਇਕੀ ਵਿਚ ਇੱਕ ਵੱਖਰਾ ਮੁਕਾਮ ਹਾਸਲ ਕਰਨ ਤੋਂ ਬਾਅਦ ਜਦ ਤਰਸੇਮ ਨੇ ਫਿਲਮਾਂ ਵੱਲ ਕਦਮ ਵਧਾਇਆ ਤਾਂ ਇੱਥੇ ਵੀ ਉਹ ਆਪ ਨਹੀਂ, ਬਲਕਿ ਉਸ ਦਾ ਕੰਮ ਹੀ ਬੋਲਿਆ। ਜਦੋਂ ਪੰਜਾਬੀ ਸਿਨੇਮਿਆਂ 'ਚ ਲਤੀਫੇਬਾਜ਼ੀ ਫਿਲਮਾਂ ਦੀ ਭਰਮਾਰ ਸੀ ਤਾਂ ਉਹ ਪਰਿਵਾਰਕ ਰਿਸ਼ਤਿਆਂ ਦੀ ਕਹਾਣੀ 'ਤੇ ਆਧਾਰਤ ਇੱਕ ਨਿਵੇਕਲੇ ਵਿਸ਼ੇ ਦੀ ਫਿਲਮ 'ਰੱਬ ਦਾ ਰੇਡੀਓ' ਲੈ ਕੇ ਹਾਜ਼ਰ ਹੋਇਆ। ਅਜੀਬ ਜਿਹੇ ਟਾਈਟਲ ਵਾਲੀ ਇਸ ਫਿਲਮ ਬਾਰੇ ਬਹੁਤੇ ਫਿਲਮੀ ਆਲੋਚਕਾਂ ਨੇ ਪਹਿਲਾਂ ਹਾਸੋਹੀਣੇ ਵਿਚਾਰ ਪ੍ਰਗਟਾਏ ਪਰ ਜਦ ਫਿਲਮ ਪਰਦੇ 'ਤੇ ਆਈ ਤਾਂ ਉਹੀ ਸੁਰਾਂ 'ਵਾਹ ਵਾਹ' ਕਰਨ ਲੱਗੀਆਂ।




ਆਪਣੀ ਪਹਿਲੀ ਹੀ ਫਿਲਮ ਨਾਲ ਤਰਸੇਮ ਜੱਸੜ ਆਪਣੇ ਪ੍ਰਸ਼ੰਸਕਾਂ ਦੇ ਦਿਲ ਵਿਚ ਉਤਰ ਗਿਆ। ਇੱਕ ਗੱਲ ਹੋਰ, ਉਸ ਵਲੋਂ ਯਾਰਾਂ ਦੋਸਤਾਂ ਨਾਲ ਮਿਲ ਕੇ ਬਣਾਈ ਟੀਮ ਦਾ ਨਾਂ ਭਾਵੇਂ 'ਵਿਹਲੀ ਜਨਤਾ' ਰੱਖਿਆ ਗਿਆ ਹੈ ਪਰ ਇਸ ਜਨਤਾ ਨੇ ਫਿਲਮਸਾਜ਼ੀ ਨਾਲ ਚਿਰਾਂ ਤੋਂ ਜੁੜੇ ਕਹਿੰਦੇ ਕਹਾਉਂਦੇ ਲੋਕਾਂ ਨੂੰ ਵੀ ਮਾਤ ਪਾ ਦਿੱਤੀ। 'ਰੱਬ ਦਾ ਰੇਡੀਓ' ਦੀ ਸਫਲਤਾ ਤੋਂ ਬਾਅਦ ਆਈ 'ਸਰਦਾਰ ਮੁਹੰਮਦ' ਨੇ ਤਰਸੇਮ ਦੇ ਹਿੱਸੇ ਇੱਕ ਹੋਰ ਪ੍ਰਾਪਤੀ ਦਰਜ ਕਰਵਾਈ। ਇਹ ਫਿਲਮ ਪਹਿਲੀ ਫਿਲਮ ਤੋਂ ਬਹੁਤ ਹੀ ਅਲੱਗ ਤੇ ਜਜ਼ਬਾਤੀ ਫਿਲਮ ਸੀ, ਜਿਸ ਦੇ ਕਲਾਈਮੈਕਸ ਨੇ ਤਾਂ ਦਰਸ਼ਕਾਂ ਨੂੰ ਰੋਣ ਹੀ ਲਾ ਦਿੱਤਾ ਸੀ।

ਆਪਣੀਆਂ ਮੁਢਲੀਆਂ ਦੋ ਫਿਲਮਾਂ ਨਾਲ ਹੀ ਸਟਾਰ ਬਣਿਆ ਤਰਸੇਮ ਜੱਸੜ ਇਨ੍ਹੀਂ ਦਿਨੀਂ ਆਪਣੀ ਨਵੀਂ ਫਿਲਮ 'ਅਫਸਰ' ਨਾਲ ਮੁੜ ਚਰਚਾ ਵਿਚ ਹੈ। ਜਿਸ ਬਾਰੇ ਤਰਸੇਮ ਜੱਸੜ ਦਾ ਕਹਿਣਾ ਹੈ ਕਿ ਇਹ ਫਿਲਮ ਪਹਿਲੀਆਂ ਫਿਲਮਾਂ ਤੋਂ ਵੱਖਰੇ ਵਿਸ਼ੇ ਦੀ ਇੱਕ ਦਿਲਚਸਪ ਕਹਾਣੀ 'ਤੇ ਆਧਾਰਤ ਹੈ, ਜਿਸ ਵਿਚ ਕਾਮੇਡੀ ਵੀ ਹੈ, ਰੁਮਾਂਸ ਵੀ ਤੇ ਚੰਗਾ ਸੰਗੀਤਕ ਮਨੋਰੰਜਨ ਵੀ। ਵੱਡੀ ਗੱਲ, ਇਹ ਆਮ ਲੋਕਾਂ ਦੀ ਜ਼ਿੰਦਗੀ 'ਤੇ ਆਧਾਰਤ ਅੱਜ ਤੋਂ ਵੀਹ ਸਾਲ ਪੁਰਾਣੇ ਪੰਜਾਬ ਦੇ ਮਾਹੌਲ ਦੀ ਕਹਾਣੀ ਹੈ। ਸਾਡੀਆਂ ਲੋਕ ਬੋਲੀਆਂ, ਗੀਤਾਂ ਵਿਚ 'ਪਟਵਾਰੀ' ਦੇ ਰੁਤਬੇ ਨੂੰ ਬਹੁਤ ਸਲਾਹਿਆ ਗਿਆ ਹੈ। ਇੱਕ ਵੇਲਾ ਸੀ ਜਦ ਪਿੰਡਾਂ ਦੇ ਲੋਕ ਪਟਵਾਰੀ ਨੂੰ ਰੱਬ ਵਾਂਗੂੰ ਪੂਜਦੇ ਸਨ।

ਫਿਲਮ ਦਾ ਨਾਇਕ ਜਸਪਾਲ ਸਿੰਘ (ਤਰਸੇਮ ਜੱਸੜ) ਇੱਕ ਜਿਮੀਂਦਾਰ ਪਰਿਵਾਰ 'ਚੋਂ ਹੈ ਜੋ ਪੜ੍ਹ ਲਿਖ ਕੇ ਕਾਨੂੰਗੋ ਲੱਗ ਜਾਂਦਾ ਹੈ ਪਰ ਪਿੰਡਾਂ ਦੇ ਲੋਕ ਉਸ ਤੋਂ ਵੱਡਾ ਅਫਸਰ ਪਟਵਾਰੀ ਨੂੰ ਹੀ ਮੰਨਦੇ ਹਨ। ਸਾਰੀ ਫਿਲਮ ਵਿਚ ਕਾਨੂੰਗੋ ਜਸਪਾਲ ਸਿੰਘ ਆਪਣੇ ਆਪ ਨੂੰ ਪਟਵਾਰੀ ਤੋਂ ਵੱਡਾ ਅਫਸਰ ਸਾਬਤ ਕਰਨ 'ਚ ਰਹਿੰਦਾ ਹੈ। ਇਸ ਤਰ੍ਹਾਂ ਫਿਲਮ ਵਿਚ ਹਲਕੀ-ਫੁਲਕੀ ਕਾਮੇਡੀ ਦੀ ਰੰਗਤ ਵੀ ਨਜ਼ਰ ਆਵੇਗੀ। ਤਰਸੇਮ ਜੱਸੜ ਨੇ ਦੱਸਿਆ ਕਿ ਫਿਲਮ ਵਿਚ ਉਸ ਦਾ ਅਦਾਕਾਰਾ ਨਿਮਰਤ ਖਹਿਰਾ ਨਾਲ ਪਿਆਰ ਮੁਹੱਬਤ ਦਾ ਇੱਕ ਰੁਮਾਂਟਿਕ ਟਰੈਕ ਵੀ ਹੈ, ਜੋ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਵੇਗਾ। ਫਿਲਮ ਵਿਚ ਨਿਮਰਤ ਖਹਿਰਾ ਇੱਕ ਸਕੂਲ ਅਧਿਆਪਕਾ ਹੈ।

ਨਦਰ ਫਿਲਮਜ਼ ਅਤੇ ਵਿਹਲੀ ਜਨਤਾ ਫਿਲਮਜ਼ ਦੀ ਪੇਸ਼ਕਸ਼ ਫਿਲਮ 'ਅਫਸਰ' ਦਾ ਨਿਰਮਾਣ ਨਿਰਮਾਤਾ ਅਮੀਕ ਵਿਰਕ ਅਤੇ ਮਨਪ੍ਰੀਤ ਜੌਹਲ ਨੇ ਕੀਤਾ ਹੈ। ਫਿਲਮ ਦੇ ਨਿਰਦੇਸ਼ਕ ਗੁਲਸ਼ਨ ਸਿੰਘ ਹਨ। ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਜਸ ਗਰੇਵਾਲ ਦੇ ਲਿਖੇ ਹਨ, ਜਦਕਿ ਡਾਇਲਾਗ ਜਤਿੰਦਰ ਲੱਲ ਨੇ ਲਿਖੇ ਹਨ। 5 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਇਸ ਫਿਲਮ ਵਿਚ ਤਰਸੇਮ ਜੱਸੜ ਤੇ ਨਿਮਰਤ ਖਹਿਰਾ ਤੋਂ ਇਲਾਵਾ ਕਰਮਜੀਤ ਅਨਮੋਲ, ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਪੁਖਰਾਜ ਭੱਲਾ, ਸੀਮਾ ਕੌਸ਼ਲ, ਹਰਦੀਪ ਗਿੱਲ, ਗੁਰਪ੍ਰੀਤ ਕੌਰ ਭੰਗੂ, ਮਲਕੀਤ ਰੌਣੀ, ਸੁਖਦੇਵ ਬਰਨਾਲਾ, ਰਵਿੰਦਰ ਮੰਡ, ਪ੍ਰਕਾਸ਼ ਗਾਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸੰਗੀਤ ਜੈ ਦੇਵ ਕੁਮਾਰ, ਪ੍ਰੀਤ ਹੁੰਦਲ ਤੇ ਆਰ. ਗੁਰੂ ਨੇ ਤਿਆਰ ਕੀਤਾ ਹੈ।

ਤਰਸੇਮ ਜੱਸੜ ਨੇ ਕਿਹਾ ਕਿ ਫਿਲਮਾਂ ਦੇ ਨਾਲ ਨਾਲ ਉਹ ਲਿਖਣ ਤੇ ਗਾਉਣ ਵੱਲ ਵੀ ਧਿਆਨ ਦੇ ਰਿਹਾ ਹੈ। ਹੁਣੇ ਪਿਛੇ ਜਿਹੇ ਆਏ ਗੀਤ 'ਟਰਬੀਨੇਟਰ' ਨੂੰ ਸਰੋਤਿਆਂ ਦਰਸ਼ਕਾਂ ਦਾ ਬਹੁਤ ਪਿਆਰ ਮਿਲਿਆ। ਭਵਿੱਖ ਵਿਚ ਵੀ ਗਾਇਕੀ ਦਾ ਸਫਰ ਜਾਰੀ ਰਹੇਗਾ।

# ਵਿਗੜੇ ਪ੍ਰਾਹੁਣਿਆਂ ਦੀ ਦਿਲਚਸਪ ਕਹਾਣੀ ਫਿਲਮ 'ਪ੍ਰਾਹੁਣਾ'

'ਅੰਗਰੇਜ਼' ਫਿਲਮ ਤੋਂ ਬਾਅਦ ਪੰਜਾਬੀ ਸਿਨੇਮਾ ਨੇ ਐਸਾ ਵਿਰਾਸਤੀ ਮੋੜ ਕੱਟਿਆ ਕਿ ਹਰ ਦੂਜੀ-ਤੀਜੀ ਫਿਲਮ ਦਾ ਵਿਸ਼ਾ ਵਸਤੂ ਪੁਰਾਣੇ ਕਲਚਰ ਅਤੇ ਵਿਆਹਾਂ ਨਾਲ ਸਬੰਧਤ ਹੁੰਦਾ ਹੈ। 'ਮੰਜੇ ਬਿਸਤਰੇ', 'ਲਾਵਾਂ ਫੇਰੇ', 'ਵੇਖ ਬਰਾਤਾਂ ਚੱਲੀਆਂ', 'ਕੁੜਮਾਈਆਂ', 'ਮੁਕਲਾਵਾ', 'ਸੱਗੀ ਫੁੱਲ', 'ਸਰਵਾਲਾ', 'ਕਾਰ ਰੀਬਨਾਂ ਵਾਲੀ' ਵਗੈਰਾ ਕਿੰਨੀਆਂ ਹੀ ਪੰਜਾਬੀ ਫਿਲਮਾਂ ਦੇ ਨਾਂ ਲੈ ਸਕਦੇ ਹਾਂ।

ਨਿਰਮਾਤਾ-ਨਿਰਦੇਸ਼ਕ ਮੋਹਿਤ ਬਨਵੈਤ ਤੇ ਅਮਿਤਰਾਜ ਚੱਢਾ ਦੀ ਨਵੀਂ ਫਿਲਮ 'ਪ੍ਰਾਹੁਣਾ' ਦੀ ਗੱਲ ਕਰੀਏ ਤਾਂ ਇਹ 1970ਵਿਆਂ ਵਿਚ ਸਹੁਰੇ ਘਰ ਹੁੰਦੀ ਜਵਾਈਆਂ ਦੀ ਪੁੱਛ-ਗਿੱਛ, ਰੋਹਬ, ਮਾਣ-ਇੱਜਤ ਦੇ ਰੁਤਬੇ ਨੂੰ ਪੇਸ਼ ਕਰਦੀ ਫਿਲਮ ਹੈ। ਪਹਿਲੇ ਸਮਿਆਂ 'ਚ ਵੱਡੇ ਪਰਿਵਾਰ ਹੁੰਦੇ ਸਨ। ਘਰ ਦੇ ਵੱਡੇ ਪ੍ਰਾਹੁਣਿਆਂ (ਜਵਾਈਆਂ) ਨੂੰ ਛੋਟੀ ਸਾਲੀ ਦਾ ਰਿਸ਼ਤਾ ਆਪਣੀ ਸਾਕ ਸਕੀਰੀ ਵਿਚ ਲੈ ਜਾਣ ਦੀ ਪਹਿਲ ਹੁੰਦੀ ਸੀ। ਫਿਲਮ ਵਿਚ ਛੋਟੀ ਸਾਲੀ ਮਾਣੋ ਦਾ ਰਿਸ਼ਤਾ ਜਦ ਪ੍ਰਾਹੁਣਿਆਂ ਦੀ ਮਰਜ਼ੀ ਦੇ ਉਲਟ ਹੁੰਦਾ ਹੈ ਤਾਂ ਉਹ ਰੁੱਸ ਰੁੱਸ ਬਹਿੰਦੇ ਹਨ। ਇਸੇ ਰੋਸੇ ਭਰੇ ਮਾਹੌਲ 'ਚ ਅਨੇਕਾਂ ਦਿਲਚਸਪ ਘਟਨਾਵਾਂ ਵਾਪਰਦੀਆਂ ਹਨ ਜੋ ਦਰਸ਼ਕਾਂ ਨੂੰ ਹਸਾ ਕੇ ਦੂਹਰੇ ਕਰਦੀਆਂ ਹਨ। ਫਿਲਮ 'ਚ ਪੁਰਾਣੇ ਕਲਚਰ ਦੀਆਂ ਸੰਗੀਤਕ ਵੰਨਗੀਆਂ ਬੀਨ ਵਾਜੇ 'ਤੇ ਨਚਾਰ, ਗਿੱਧਾ, ਜਾਗੋ ਦਾ ਚੰਗਾ ਪ੍ਰਦਰਸ਼ਨ ਹੈ।





ਫਿਲਮ ਦਾ ਹੀਰੋ ਕੁਲਵਿੰਦਰ ਬਿੱਲਾ ਹੈ, ਜਿਸ ਨੇ ਗਾਇਕੀ 'ਚ ਸਥਾਪਤੀ ਤੋਂ ਬਾਅਦ ਹੁਣ ਫਿਲਮਾਂ ਵੱਲ ਕਦਮ ਵਧਾਇਆ ਹੈ। ਖੂਬਸੂਰਤ ਤੇ ਚੁਲਬੁਲੀਆਂ ਅਦਾਵਾਂ ਵਾਲੀ ਵਾਮਿਕਾ ਗੱਬੀ ਫਿਲਮ ਦੀ ਹੀਰੋਇਨ ਹੈ। ਇਸ ਤੋਂ ਇਲਾਵਾ ਨਿਰਮਲ ਰਿਸ਼ੀ, ਸਰਦਾਰ ਸੋਹੀ, ਕਰਮਜੀਤ ਅਨਮੋਲ, ਹਾਰਬੀ ਸੰਘਾ, ਗੁਰਪ੍ਰੀਤ ਕੌਰ ਭੰਗੂ, ਅਨੀਤਾ ਮੀਤ, ਰੁਪਿੰਦਰ ਰੂਪੀ, ਰਾਜ ਧਾਲੀਵਾਲ, ਮਲਕੀਤ ਰੌਣੀ, ਪ੍ਰਕਾਸ਼ ਗਾਧੂ, ਦਿਲਾਵਰ ਸਿੱਧੂ, ਅਕਸ਼ਿਤਾ, ਨਵਦੀਪ ਕਲੇਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫਿਲਮ ਦਾ ਨਿਰਮਾਣ ਮੋਹਿਤ ਬਨਵੈਤ, ਮਨੀ ਧਾਲੀਵਾਲ ਤੇ ਸੁਮੀਤ ਸਿੰਘ ਨੇ ਦਾਰਾ ਫਿਲਮਜ਼ ਐਂਟਰਟੇਨਮੈਂਟ, ਸੈਵਨ ਕਲਰ ਮੋਸ਼ਨ ਪਿਕਚਰਜ਼ ਤੇ ਬਨਵੈਤ ਫਿਲਮਜ਼ ਦੇ ਬੈਨਰ ਹੇਠ ਕੀਤਾ ਹੈ। ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਸੁਖਰਾਜ ਸਿੰਘ ਨੇ ਲਿਖੇ ਹਨ। ਡਾਇਲਾਗ ਅਮਨ ਸਿੱਧੂ ਤੇ ਟਾਟਾ ਬੈਨੀਪਾਲ ਨੇ ਲਿਖੇ ਹਨ। ਸੰਗੀਤ ਮਿਸਟਰ ਵਾਓ, ਮਿਊਜ਼ਿਕ ਨਸ਼ਾ ਅਤੇ 'ਦਾ ਬੋਸ' ਨੇ ਦਿੱਤਾ ਹੈ। ਗੀਤ ਧਰਮਵੀਰ ਭੰਗੂ, ਦੀਪ ਕੰਡਿਆਰਾ ਤੇ ਰਿੱਕੀ ਖਾਨ ਨੇ ਲਿਖੇ ਹਨ। ਫਿਲਮ ਦਾ ਟਾਈਟਲ ਗੀਤ ਗੁਰਨਾਮ ਭੁੱਲਰ ਨੇ ਗਾਇਆ ਹੈ।

# ਪੁਰਾਣੀ ਦਿੱਲੀ ਦੇ ਦਰਸ਼ਨ: ਗਲੀ ਗੁਲੀਆਂ

ਭਾਰਤੀ ਮੂਲ ਦੇ ਦੀਪੇਸ਼ ਜੈਨ ਜੋ ਕਾਫੀ ਸਮੇਂ ਤੋਂ ਲਾਸ ਏਂਜਲਸ (ਅਮਰੀਕਾ) ਵਿਚ ਰਹਿ ਰਹੇ ਹਨ, ਨੇ ਕੁਝ ਲਘੂ ਫਿਲਮਾਂ ਬਣਾਈਆਂ ਹਨ। ਹੁਣ 'ਗਲੀ ਗੁਲੀਆਂ' ਦੇ ਰੂਪ ਵਿਚ ਉਨ੍ਹਾਂ ਨੇ ਆਪਣੀ ਪਹਿਲੀ ਫੀਚਰ ਫਿਲਮ ਬਣਾਈ ਹੈ ਅਤੇ ਇਸ ਵਿਚ ਮਨੋਜ ਵਾਜਪਾਈ, ਰਣਵੀਰ ਸ਼ੌਰੀ, ਨੀਰਜ ਕਬੀ, ਸਾਹਾਨਾ ਗੋਸਵਾਮੀ ਤੇ ਬਾਲ ਕਲਾਕਾਰ ਓਮ ਸਿੰਘ ਨੇ ਅਭਿਨੈ ਕੀਤਾ ਹੈ। ਜਦੋਂ ਇਹ ਫਿਲਮ ਬਣ ਰਹੀ ਸੀ, ਉਦੋਂ ਇਸ ਦਾ ਨਾਂ 'ਇਨ ਦਿ ਸ਼ੇਡੇਸ' ਰੱਖਿਆ ਗਿਆ ਸੀ। ਇਸੇ ਨਾਂ ਤੋਂ ਹੀ ਇਹ ਕਈ ਕੌਮਾਂਤਰੀ ਫਿਲਮ ਸਮਾਰੋਹਾਂ ਵਿਚ ਦਿਖਾਈ ਗਈ। ਹੁਣ ਜਦੋਂ ਇਹ 7 ਸਤੰਬਰ ਨੂੰ ਭਾਰਤ ਦੇ ਸਿਨੇਮਿਆਂ ਵਿਚ ਰਿਲੀਜ਼ ਕੀਤੀ ਗਈ ਤਾਂ ਭਾਰਤੀ ਦਰਸ਼ਕਾਂ ਨੂੰ ਧਿਆਨ ਵਿਚ ਰੱਖ ਕੇ ਇਸ ਦਾ ਨਾਂ 'ਗਲੀ ਗੁਲੀਆਂ' ਰੱਖਿਆ ਗਿਆ ਜੋ ਪੁਰਾਣੀ ਦਿੱਲੀ ਦੇ ਇਲਾਕੇ ਤੋਂ ਲਿਆ ਗਿਆ ਹੈ। ਫਿਲਮ ਦੀ ਜ਼ਿਆਦਾਤਰ ਸ਼ੂਟਿੰਗ ਇਸੇ ਇਲਾਕੇ ਵਿਚ ਕੀਤੀ ਗਈ ਹੈ ਅਤੇ ਇਸੇ ਵਜ੍ਹਾ ਕਰਕੇ ਇਹ ਨਾਂ ਰੱਖਿਆ ਗਿਆ ਹੈ।

ਫਿਲਮ ਵਿਚ ਖੁਡੂਸ (ਮਨੋਜ ਵਾਜਪਈ) ਨਾਮੀ ਸ਼ਖ਼ਸ ਦੀ ਕਹਾਣੀ ਹੈ। 'ਗਲੀ ਗੁਲੀਆਂ' ਵਿਚ ਛੋਟੇ ਜਿਹੇ ਘਰ ਵਿਚ ਰਹਿ ਰਿਹਾ ਖੁਡੂਸ ਪੇਸ਼ੇ ਤੋਂ ਇਲੈਕਟ੍ਰੀਸ਼ਨ ਹੈ ਅਤੇ ਉਸ ਨੂੰ ਦੂਜਿਆਂ ਦੀ ਜ਼ਿੰਦਗੀ ਵਿਚ ਝਾਕਣ ਦੀ ਆਦਤ ਹੈ। ਦੂਜਿਆਂ ਨੂੰ ਦੁਖੀ ਦੇਖ ਕੇ ਉਹ ਖ਼ੁਦ ਦੁਖੀ ਹੋਣ ਦਾ ਭੁਲੇਖਾ ਪਾਲਦਾ ਰਹਿੰਦਾ ਹੈ। ਖੁਡੂਸ ਦਾ ਦੋਸਤ ਗਣੇਸ਼ੀ (ਰਣਵੀਰ ਸ਼ੌਰੀ) ਹੈ ਅਤੇ ਉਹੀ ਖੁਡੂਸ ਦੇ ਸੁਖ-ਦੁੱਖ ਦਾ ਸਾਥੀ ਹੈ। ਇਕ ਦਿਨ ਖੁਡੂਸ ਨੂੰ ਮਾਰ-ਕੁੱਟ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ ਅਤੇ ਜਦੋਂ ਉਹ ਦੀਵਾਰ ਨਾਲ ਕੰਨ ਲਾ ਕੇ ਸੁਣਦਾ ਹੈ ਤਾਂ ਉਸ ਨੂੰ ਲਗਦਾ ਹੈ ਕਿ ਬੱਚੇ ਨੂੰ ਕੁੱਟਿਆ ਜਾ ਰਿਹਾ ਹੈ। ਇਹ ਬੱਚਾ ਇਦਰਿਸ (ਓਮ ਸਿੰਘ) ਆਪਣੀ ਮਾਤਾ ਸਾਇਰਾ (ਸਾਹਾਨਾ ਗੋਸਵਾਮੀ) ਅਤੇ ਪਿਤਾ ਲਿਆਕਤ (ਨੀਰਜ ਕਬੀ) ਦੇ ਨਾਲ ਰਹਿ ਰਿਹਾ ਹੈ ਅਤੇ ਲਿਆਕਤ ਗੱਲ-ਗੱਲ 'ਤੇ ਇਦਰਿਸ ਨੂੰ ਕੁੱਟਦਾ ਰਹਿੰਦਾ ਹੈ। ਇਦਰਿਸ ਦਾ ਦੁੱਖ ਸੁਣ ਕੇ ਖੁਡੂਸ ਨੂੰ ਉਸ ਨਾਲ ਹਮਦਰਦੀ ਹੋ ਜਾਂਦੀ ਹੈ ਅਤੇ ਉਹ ਉਸ ਦੀ ਮਦਦ ਕਰਨਾ ਚਾਹੁੰਦਾ ਹੈ। ਖੁਡੂਸ ਦੇ ਇਸ ਨੇਕ ਇਰਾਦੇ ਦੇ ਚਲਦਿਆਂ ਕਿਸ ਤਰ੍ਹਾਂ ਉਹ ਖ਼ੁਦ ਗ਼ਲਤ-ਫਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਅੱਗੇ ਚੱਲ ਕੇ ਉਸ 'ਤੇ ਕੀ ਬੀਤ ਦੀ ਹੈ, ਇਹ ਇਸ ਦੀ ਕਹਾਣੀ ਹੈ।

ਨਿਰਦੇਸ਼ਕ ਦੀਪੇਸ਼ ਜੈਨ ਅਨੁਸਾਰ ਫਿਲਮ ਦੀ ਕਹਾਣੀ ਕਈ ਸੱਚੀਆਂ ਘਟਨਾਵਾਂ ਤੋਂ ਪ੍ਰੇਰਿਤ ਹੈ ਅਤੇ ਇਸ ਦੀ ਪੂਰੀ ਸ਼ੂਟਿੰਗ ਅਸਲ ਥਾਵਾਂ 'ਤੇ ਕੀਤੀ ਗਈ ਹੈ। ਫਿਲਮ ਨੂੰ ਬਣਾਉਣ ਵਿਚ ਵਿਦੇਸ਼ੀ ਤਕਨੀਸ਼ੀਅਨਾਂ ਦਾ ਸਾਥ ਲਿਆ ਗਿਆ ਹੈ ਅਤੇ ਸਾਊਂਡ ਤੇ ਐਡੀਟਿੰਗ ਵਿਭਾਗ ਵਿਚ ਇਨ੍ਹਾਂ ਤਕਨੀਸ਼ੀਅਨਾਂ ਨੇ ਆਪਣਾ ਕਮਾਲ ਦਿਖਾਇਆ ਹੈ।



ਫਿਲਮ ਵਿਚ ਕਿਤੇ ਵੀ ਸਟਾਕ ਸਾਊਂਡ ਦੀ ਵਰਤੋਂ ਨਹੀਂ ਕੀਤੀ ਗਈ ਹੈ। ਫਿਲਮ ਦੇ ਬਾਲ ਕਲਾਕਾਰ ਓਮ ਸਿੰਘ ਦੀ ਇਹ ਪਹਿਲੀ ਫਿਲਮ ਹੈ। ਇਦਰਿਸ ਦੇ ਕਿਰਦਾਰ ਲਈ ਕਈ ਸੌ ਬੱਚਿਆਂ ਦਾ ਆਡੀਸ਼ਨ ਲੈਣ ਤੋਂ ਬਾਅਦ ਉਸ ਨੂੰ ਫਾਈਨਲ ਕੀਤਾ ਗਿਆ ਸੀ। ਓਮ ਅਨਾਥ ਹੈ ਤੇ ਅਨਾਥ ਆਸ਼ਰਮ ਵਿਚ ਰਹਿੰਦਾ ਹੈ। ਉਹ ਖ਼ੁਦ ਬਚਪਨ ਵਿਚ ਕਸ਼ਟਾਂ ਵਿਚੋਂ ਲੰਘਿਆ ਹੈ ਅਤੇ ਇਨ੍ਹਾਂ ਕਸ਼ਟਾਂ ਦੇ ਨਿਸ਼ਾਨ ਉਸ ਦੇ ਹੱਥਾਂ ਅਤੇ ਪੈਰਾਂ 'ਤੇ ਮੌਜੂਦ ਹਨ। ਇਨ੍ਹਾਂ ਨਿਸ਼ਾਨਾਂ ਨੂੰ ਦਿਖਾ ਕੇ ਇਦਰਿਸ ਦੇ ਕਿਰਦਾਰ ਪ੍ਰਤੀ ਦਰਸ਼ਕਾਂ ਦੀ ਹਮਦਰਦੀ ਲੈਣ ਦੀ ਕੋਸ਼ਿਸ਼ ਵੀ ਇਥੇ ਕੀਤੀ ਗਈ ਹੈ।

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ ॥ ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ॥




# INDY SIKH DAY PRADE

## ਚੌਥਾ ਸਾਲਾਨਾ ਨਗਰ ਕੀਰਤਨ (ਸਿੱਖ ਡੇ ਪਰੇਡ)

### 6 ਅਕਤੂਬਰ 2018, ਸ਼ਨਿਚਰਵਾਰ

ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ (ਸਿੱਖ ਡੇ ਪਰੇਡ) ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋਂ ਮਿਡਵੈਸਟ ਦੀਆਂ ਸਮੂਹ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਵੈਟਰਨ ਪਾਰਕ ਡਾਊਨ, ਟਾਊਨ, ਇੰਡੀਅਨਐਪੋਲਿਸ ਵਿਖੇ ਸਜਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਗਰ ਕੀਰਤਨ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

## ਗੁਰੂ ਕਾ ਲੰਗਰ ਅਤੁਟ ਵਰਤੇਗਾ

www.sikhsocietyofindiana.com
(855) 921 6660 X 2

Please give all your suggestions
**Bhai Tarlok Singh**
**Ph: 317-650-4420**
**Email:** sikhsocietyofindiana@gmail.com